ਗਾਥਾ ਗ਼ਦਰ 1915



ਡਿਤ ਕਾਂਸ਼ੀ ਰਾਮ ਮੜੌਲੀ

ਰਹਿਮਤ ਅਲੀ ਵਜੀਦਕੇ

ਵਿਸ਼ਨੂੰ ਗਣੇਸ਼ ਪਿੰਗਲੇ

ਬੰਤਾ ਸਿੰਘ ਸਘਵਾਲ

ਕਰਤਾਰ ਸਿੰਘ ਸਰਾਭਾ

ਦਫੇਦਾਰ ਲਛਮਣ ਸਿੰਘ

ਭਾਈ ਮੇਵਾ ਸਿੰਘ ਲੋਪੋਕੇ

ਜਤਿਨ ਮੁਖਰਜੀ

ਸੂਫੀ ਅੰਬਾ ਪ੍ਰਸ਼ਾਦ

ਸੰਪਾਦਕ: ਬੂਟਾ ਸਿੰਘ

ਗਾਥਾ ਗ਼ਦਰ 1915

ਸੰਪਾਦਕ: ਬੂਟਾ ਸਿੰਘ

5 ਆਬ
ਪ੍ਰਕਾਸ਼ਨ, ਜਲੰਧਰ

2

ਗਾਥਾ ਗ਼ਦਰ 1915

ਸੰਪਾਦਕ: ਬੂਟਾ ਸਿੰਘ
ਪਿੰਡ ਤੇ ਡਾਕ. ਮਹਿਮੂਦਪੁਰ
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਮੋਬਾਇਲ: 94634-74342

ISBN : 978-93-84306-70-0

ਮੁੱਲ: 130 ਰੁਪਏ

ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ
1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ, ਫ਼ੋਨ: 98140-87063
5aabparkashan@gmail.com www. 5aabparkashan.com

ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ
5ਆਬ ਪ੍ਰਿੰਟਰਜ਼, ਜਲੰਧਰ

ਪੰਜ ਆਬ ਪ੍ਰਕਾਸ਼ਨ ਦੀਆਂ ਕਿਤਾਬਾਂ ਹੇਠ ਲਿਖੇ ਪਤੇ ਤੋਂ
ਵੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

ਪ੍ਰੀਤਮ ਸਿੰਘ ਦਰਦੀ
ਲੈਨਿਨ ਕਿਤਾਬ ਘਰ ਮਹਿਲ ਕਲਾਂ (ਬਰਨਾਲਾ) ਮੋਬਾਇਲ: 95173-19532

ਦੀਪ ਦਿਲਬਰ
ਦਿਲਦੀਪ ਪ੍ਰਕਾਸ਼ਨ, ਸਮਰਾਲਾ (ਲੁਧਿਆਣਾ) ਮੋਬਾਇਲ: 98557-21844

ਹਰੀਸ਼ ਮੋਦਗਿਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਸ਼ਾਪ ਨੰਬਰ 7 ਪੰਜਾਬੀ ਭਵਨ,
ਲੁਧਿਆਣਾ ਮੋਬਾਇਲ: 97819-43772

1915 ਦੇ ਸਮੂਹ
ਇਨਕਲਾਬੀਆਂ
ਨੂੰ
ਸਮਰਪਿਤ

ਤਤਕਰਾ

ਕਿੰਝ ਬਣੀ ਇਹ ਪੁਸਤਕ

ਕਿਸੇ ਸਮੇਂ ਕੋਈ ਘਟਨਾ, ਸਥਾਨ ਜਾਂ ਕਿਸੇ ਦੇ ਕਹੇ-ਸੁਣੇ ਬੋਲ ਹੀ ਵੱਡੇ ਕਾਰਜ ਦਾ ਸਬੱਬ ਬਣ ਜਾਂਦੇ ਹਨ।

ਇਸ ਸਾਲ ਵੀ ਗ਼ਦਰ ਲਹਿਰ ਦੀਆਂ ਪ੍ਰਮੁੱਖ ਘਟਨਾਵਾਂ ਨਾਲ ਸੰਬੰਧਿਤ ਗ਼ਦਰੀਆਂ ਦੀਆਂ ਸ਼ਹਾਦਤ ਸ਼ਤਾਬਦੀਆਂ ਮਨਾਈਆਂ ਗਈਆਂ। ਇਹ ਸ਼ਹਾਦਤ ਸ਼ਤਾਬਦੀਆਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਤੋਂ ਇਲਾਵਾ ਪੰਜਾਬ ਭਰ ਵਿਚ ਸ਼ਹੀਦਾਂ ਦੇ ਵੱਖ-ਵੱਖ ਪਿੰਡਾਂ ਤੇ ਕਸਬਿਆਂ ਅਤੇ ਦੇਸ਼-ਵਿਦੇਸ਼ ਵਿਚ ਉਥੋਂ ਦੀਆਂ ਸਥਾਨਕ ਕਮੇਟੀਆਂ ਅਤੇ ਪਰਿਵਾਰਾਂ ਵੱਲੋਂ ਸਾਂਝੇ ਤੌਰ 'ਤੇ ਵੀ ਮਨਾਈਆਂ ਗਈਆਂ।

ਫੇਰੂ ਸ਼ਹਿਰ ਦਾ ਸਾਕਾ ਅਤੇ 23 ਨੰਬਰ ਰਸਾਲਾ, ਮੀਆਂਮੀਰ ਫੌਜੀ ਛਾਉਣੀ ਦੇ ਸ਼ਹੀਦਾਂ ਦੀਆਂ ਸ਼ਹਾਦਤ ਸ਼ਤਾਬਦੀਆਂ 'ਚ ਸ਼ਾਮਲ ਹੋਣ ਲਈ ਕਮੇਟੀ ਦੇ ਪ੍ਰਤੀਨਿਧ ਵੱਖ-ਵੱਖ ਪਿੰਡਾਂ ਸਾਹਾਬਾਣਾ, ਖਾਨਪੁਰ, ਬਿੰਝਲ, ਵਜ਼ੀਦਕੇ, ਮੜੌਲੀ, ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ ਭਾਗੂ ਮਾਜਰਾ (ਖਰੜ) ਅਤੇ ਪਿੰਡ ਰੂੜੀਵਾਲ (ਤਰਨਤਾਰਨ) ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕਰਨ ਲਈ ਪੁੱਜੇ।

ਇਹਨਾਂ ਸ਼ਹੀਦੀ ਸਮਾਗਮਾਂ ਵਿਚ ਕਮੇਟੀ ਦੇ ਬੁਲਾਰਿਆਂ ਦੇ ਸਹਿਯੋਗੀਆਂ ਸੀਤਾ ਰਾਮ ਬਾਂਸਲ, ਬਲਵਿੰਦਰ ਕੌਰ ਬਾਂਸਲ ਅਤੇ ਮਨਜੀਤ ਕੇਸਰ, ਬੂਬਨ, ਮਹਿਰਾਜ ਹੋਰਾਂ ਆਮ ਲੋਕਾਂ ਨੂੰ ਗ਼ਦਰੀ ਵਿਰਸੇ ਤੋਂ ਜਾਣੂੰ ਕਰਵਾਉਣ ਲਈ ਕਮੇਟੀ ਦੀਆਂ ਪ੍ਰਕਾਸ਼ਨਾਵਾਂ ਅਤੇ ਗ਼ਦਰੀ ਬਾਬਿਆਂ ਦੀਆਂ ਉਪਲੱਬਧ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲਗਾਈ।

ਇਸ ਸਾਲ ਦੇ ਗ਼ਦਰੀ ਸ਼ਹੀਦਾਂ ਦੀ ਯਾਦ ਵਿਚ ਪਿੰਡ ਖਾਨਪੁਰ (ਲੁਧਿਆਣਾ) ਅਤੇ ਰੂੜੀਵਾਲ (ਤਰਨਤਾਰਨ) ਵਿਖੇ ਸਥਾਨਕ ਕਮੇਟੀਆਂ ਅਤੇ ਪਰਿਵਾਰਾਂ ਵੱਲੋਂ ਇਹ ਸਮਾਗਮ ਪਹਿਲੀ ਵਾਰ ਮਨਾਏ ਗਏ। ਪਿੰਡ ਰੂੜੀਵਾਲ ਵਿਖੇ ਵੱਖ-ਵੱਖ ਪਿੰਡਾਂ 'ਚੋਂ ਆਏ ਸ਼ਹੀਦਾਂ ਦੇ ਪਰਿਵਾਰਾਂ ਅਤੇ ਇਲਾਕਾ ਨਿਵਾਸੀ ਕਿਸੇ ਅਜਿਹੀ ਪੁਸਤਕ ਦੀ ਮੰਗ ਕਰਦੇ ਰਹੇ ਜਿਸ ਵਿਚ ੳੁਨ੍ਹਾਂ ਦੇ ਵਡੇਰਿਆਂ ਦੀਆਂ ਫੋਟੋਆਂ ਅਤੇ ਕੁਰਬਾਨੀਆਂ ਦੀ ਗਾਥਾ ਹੋਵੇ। ਪਰੰਤੂ ਉਸ ਸਮੇਂ ਪ੍ਰਦਰਸ਼ਨੀ ਵਿਚ ਕੋਈ ਵੀ ਅਜਿਹੀ ਪੁਸਤਕ ਉਪਲੱਬਧ ਨਹੀਂ ਸੀ।

ਸਮਾਗਮ ਤੋਂ ਆ ਕੇ ਮੇਰੀ ਜੀਵਣ ਸਾਥਣ ਮਨਜੀਤ ਨੇ ਮੈਨੂੰ ਪੁੱਛਿਆ ਕਿ ਤੁਸੀਂ ਕੋਈ ਅਜਿਹੀ ਪੁਸਤਕ ਵੀ ਛਾਪੀ ਹੈ ਜਿਸ ਵਿਚੋਂ 1915 ਦੇ ਗ਼ਦਰੀ ਸ਼ਹੀਦਾਂ ਬਾਰੇ ਜਾਣਕਾਰੀ ਮਿਲਦੀ ਹੋਵੇ। ਮੈਂ ਨਾਂਹ ਵਿਚ ਜੁਆਬ ਦੇ ਦਿੱਤਾ। ਗੱਲ ਆਈ ਗਈ ਹੋ ਗਈ।

ਕੁਝ ਦਿਨਾਂ ਪਿੱਛੋਂ ਦੇਸ਼ ਭਗਤ ਯਾਦਗਾਰ ਹਾਲ ਦੇ ਦਫਤਰ ਵਿਚ ਚਾਹ ਦੀਆਂ ਚੁਸਕੀਆਂ ਲੈਂਦਿਆਂ ਮਨਜੀਤ ਤੇ ਬਲਵਿੰਦਰ ਕੌਰ ਬਾਂਸਲ ਨੇ ਮੁੜ ਚਰਚਾ ਛੇੜ ਲਈ ਕਿ ਅਸੀਂ ਤਾਂ

ਸ਼ਹੀਦਾਂ ਦੇ ਪਰਿਵਾਰਾਂ ਅਤੇ ਆਮ ਲੋਕਾਂ ਨੂੰ ਵਿਸ਼ਵਾਸ ਦੁਆ ਕੇ ਆਏ ਸੀ ਕਿ ਤੁਹਾਨੂੰ 'ਮੇਲਾ ਗ਼ਦਰੀ ਬਾਬਿਆਂ ਦਾ' ਮੌਕੇ ਅਜਿਹੀ ਪੁਸਤਕ ਜ਼ਰੂਰ ਮਿਲ ਜਾਵੇਗੀ।

ਮੈਂ ਉਨ੍ਹਾਂ ਨੂੰ ਕਮੇਟੀ ਵੱਲੋਂ ਛਾਪੀ ਪੁਸਤਕ 'ਗ਼ਦਰ ਪਾਰਟੀ ਦਾ ਇਤਿਹਾਸ' ਦਾ ਜ਼ਿਕਰ ਕਰ ਦਿੱਤਾ। ਇਸ ਨਾਲ ਉਨ੍ਹਾਂ ਦੀ ਕੁੱਝ ਹੱਦ ਤਕ ਤਸੱਲੀ ਹੋ ਗਈ। ਪਰੰਤੂ ਜਦੋਂ ਮੈਂ 1915 ਦੇ ਗ਼ਦਰੀ ਸ਼ਹੀਦਾਂ 'ਤੇ ਝਾਤ ਮਾਰੀ ਤਾਂ ਸੱਚਮੁੱਚ ਮੇਰੀ ਨਜ਼ਰ ਵਿਚ ਅਜਿਹੀ ਕੋਈ ਪੁਸਤਕ ਨਹੀਂ ਸੀ। ਤੇ ਮੇਰਾ ਮਨ ਬੇਚੈਨ ਹੋ ਗਿਆ।

....ਤੇ 1915 ਦੀਆਂ ਘਟਨਾਵਾਂ ਤੇ ਗ਼ਦਰੀ ਬਾਬਿਆਂ ਦੀਆਂ ਸ਼ਹਾਦਤਾਂ 'ਤੇ ਇਕ ਪੁਸਤਕ ਤਿਆਰ ਕਰਨ ਦਾ ਮਨ ਵਿਚ ਖ਼ਿਆਲ ਉਤਪੰਨ ਹੋ ਗਿਆ।

ਮੈਂ ਇਹ ਵਿਚਾਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰਾਂ ਅਤੇ ਆਪਣੇ ਸੁਹਿਰਦ ਹੋਰ ਸਾਥੀਆਂ ਨਾਲ ਸਾਂਝੇ ਕੀਤੇ। ਸਭ ਸਾਥੀਆਂ ਨੇ ਉਤਸ਼ਾਹਪੂਰਵਕ ਹੁੰਗਾਰਾ ਭਰਿਆ ਤੇ ਮੇਰੇ ਦੋਸਤ ਕਾਮਰੇਡ ਬੂਟਾ ਸਿੰਘ ਨੇ ਇਸ ਕਾਰਜ ਨੂੰ ਆਪਣੇ ਜ਼ਿੰਮੇ ਲੈ ਲਿਆ।

... ਤੇ ਇਸ ਤਰ੍ਹਾਂ 'ਗ਼ਦਰ ਗਾਥਾ 1915' ਪੁਸਤਕ ਹੋਂਦ ਵਿਚ ਆ ਗਈ।

'ਗ਼ਦਰ ਗਾਥਾ 1915' ਵਿਚ ਦਰਜ 1915 ਦੀਆਂ ਅਹਿਮ ਘਟਨਾਵਾਂ ਨਾਲ ਸੰਬੰਧਿਤ ਗ਼ਦਰੀਆਂ ਦੀਆਂ ਕੁਰਬਾਨੀਆਂ ਨੂੰ ਕਲਮਬੱਧ ਕਰਨ ਵਾਲੇ ਵਿਦਵਾਨ ਲੇਖਕਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਨ ਨਾਲ ਇਸ ਵਡੇਰੇ ਕਾਰਜ ਦਾ ਕਰਜ਼ ਨਹੀਂ ਉਤਾਰਿਆ ਜਾ ਸਕਦਾ।

ਮੈਂ ਇਸ ਕਿਤਾਬ ਦਾ ਮੁੱਖਬੰਧ ਲਿਖਣ ਲਈ ਭੈਣ ਜੀ ਰਘਬੀਰ ਕੌਰ ਤੋਂ ਇਲਾਵਾ ਸ਼ਾਮਿਲ ਲੇਖਕਾਂ ਡਾ. ਵਰਿਆਮ ਸਿੰਘ ਸੰਧੂ, ਗੁਰਮੀਤ, ਪ੍ਰਿਥੀਪਾਲ ਮਾੜੀਮੇਘਾ, ਚਰੰਜੀ ਲਾਲ ਕੰਗਣੀਵਾਲ, ਸੀਤਾ ਰਾਮ ਬਾਂਸਲ, ਗੁਰਪ੍ਰੀਤ ਸਿੰਘ, ਡਾ. ਪੀ.ਆਰ. ਕਾਲੀਆ, ਹਰਪ੍ਰੀਤ ਕੌਰ, ਪ੍ਰਿੰਸੀਪਲ ਸਰਵਣ ਸਿੰਘ, ਡਾ. ਜਸਬੀਰ ਕੌਰ ਗਿੱਲ ਦਾ ਜਿੱਥੇ ਸਦਾ ਰਿਣੀ ਰਹਾਂਗਾ ਉੱਥੇ ਮੇਰੀ ਇਕ ਆਵਾਜ਼ 'ਤੇ ਸ਼ਹੀਦਾਂ ਸੰਬੰਧੀ ਸਮੱਗਰੀ ਅਤੇ ਫੋਟੋਆਂ ਭੇਜਣ ਲਈ ਬਲਵਿੰਦਰ ਕੌਰ ਬਾਂਸਲ ਅਤੇ ਗੁਰਦੀਪ ਸਿੰਘ ਸੰਧਰ ਦਾ ਸਦਾ ਕਰਜ਼ਾਈ ਰਹਾਂਗਾ।

-ਕੇਸਰ

5ਆਬ ਪ੍ਰਕਾਸ਼ਨ, ਜਲੰਧਰ

ਇਸ ਸੰਗ੍ਰਹਿ ਦਾ ਤੁਆਰਫ਼ ਕਰਾਉਂਦਿਆਂ

ਗ਼ਦਰ ਲਹਿਰ ਸਾਡੇ ਮੁਲਕ ਦੀ ਆਜ਼ਾਦੀ ਦੀ ਲੜਾਈ ਵਿਚ ਨਿਆਰੀਆਂ ਪਿਰਤਾਂ ਪਾਉਣ ਵਾਲੀ ਲਹਿਰ ਸੀ। ਇਸਨੇ ਨਿਰਾ ਸੂਰਮਗਤੀ, ਕੁਰਬਾਨੀਆਂ ਅਤੇ ਸ਼ਹਾਦਤਾਂ ਦਾ ਸ਼ਾਨਦਾਰ ਇਤਿਹਾਸ ਹੀ ਨਹੀਂ ਸਿਰਜਿਆ ਸਗੋਂ ਐਸਾ ਵਿਚਾਰਧਾਰਕ ਮੀਲ-ਪੱਥਰ ਵੀ ਬਣੀ ਜਿਸ ਨੇ ਭਵਿੱਖੀ ਕੌਮੀ ਮੁਕਤੀ ਲਹਿਰਾਂ ਦੀ ਦਿਸ਼ਾ ਉਪਰ ਡੂੰਘੀ ਛਾਪ ਛੱਡੀ ਅਤੇ ਅੱਜ ਵੀ ਬੁਨਿਆਦੀ ਬਦਲਾਅ ਲਿਆਉਣ ਲਈ ਜੂਝ ਰਹੇ ਇਨਕਲਾਬੀ ਕਾਫ਼ਲਿਆਂ ਲਈ ਇਕ ਵੱਡਾ ਪ੍ਰੇਰਣਾ-ਸਰੋਤ ਬਣੀ ਹੋਈ ਹੈ। ਗ਼ਦਰੀ ਜਿਥੇ 1915 ਦੇ ਗ਼ਦਰ ਤੋਂ ਬਾਦ ਦੀਆਂ ਇਨਕਲਾਬੀ ਲਹਿਰਾਂ ਲਈ ਕੁਰਬਾਨੀਆਂ ਦੀ ਮਿਸਾਲ ਅਤੇ ਪ੍ਰੇਰਣਾ ਬਣੇ ਉਥੇ ਖ਼ੁਦ ਅਗਲੀਆਂ ਲੋਕ ਲਹਿਰਾਂ ਵਿਚ ਧੜੱਲੇਦਾਰ ਹਰਮਨਪਿਆਰੇ ਆਗੂ ਬਣ ਕੇ ਵੀ ਉੱਭਰੇ।

ਗ਼ਦਰੀ ਇਨਕਲਾਬੀਆਂ ਦੀ ਗ਼ਦਰ ਦੀ ਧਾਰਨਾ ਮਹਿਜ਼ ਰਾਜ-ਪਲਟੇ ਰਾਹੀਂ ਅੰਗਰੇਜ਼ ਹੁਕਮਰਾਨਾਂ ਨੂੰ ਕੱਢਣ ਤਕ ਸੀਮਤ ਨਹੀਂ ਸੀ। ਉਨ੍ਹਾਂ ਦੀ ਸੋਚ ਭਾਵੇਂ ਅਜੇ ਇਨਕਲਾਬੀ ਬਦਲਾਅ ਬਾਰੇ ਸਮਝ ਦੇ ਮੁੱਢਲੇ ਪੜਾਅ 'ਚ ਸੀ ਪਰ ਉਹ ਗ਼ਦਰ ਰਾਹੀਂ ਅਮਰੀਕੀ ਰਾਜ ਤੇ ਸਮਾਜ ਦੀ ਤਰਜ਼ 'ਤੇ ਇਕ ਬਿਲਕੁਲ ਹੀ ਵੱਖਰੀ ਤਰ੍ਹਾਂ ਦਾ ਜਮਹੂਰੀ ਗਣਰਾਜ ਤਸੱਵਰ ਕਰਕੇ ਚਲ ਰਹੇ ਸਨ। ਉਹ ਸਮਾਜ ਨੂੰ ਜਕੜੀ ਬੈਠੀਆਂ ਪਿਛਾਂਹਖਿੱਚੂ ਰੂੜ੍ਹੀਵਾਦੀ ਧਾਰਨਾਵਾਂ, ਜਹਾਲਤ, ਜ਼ਿਹਨੀ ਗ਼ੁਲਾਮੀ ਅਤੇ ਬੌਧਿਕ ਕੰਗਾਲੀ ਨੂੰ ਖ਼ਤਮ ਕਰਕੇ ਇਸ ਨੂੰ ਰੌਸ਼ਨ ਖ਼ਿਆਲ, ਤਰੱਕੀਪਸੰਦ, ਨਿਆਂ ਅਧਾਰਤ, ਆਜ਼ਾਦ ਫ਼ਿਜ਼ਾ ਵਾਲਾ ਸਮਾਜ ਬਣਾਉਣਾ ਲੋਚਦੇ ਸਨ। ਇਹ ਹਿੰਦੁਸਤਾਨੀ ਵਤਨਪ੍ਰਸਤਾਂ ਦੀ ਐਸੀ ਪਹਿਲੀ ਲਹਿਰ ਸੀ ਜਿਸਨੇ ਬਸਤੀਵਾਦ ਤੋਂ ਮੁਕੰਮਲ ਆਜ਼ਾਦੀ ਦੇ ਸਪਸ਼ਟ ਪ੍ਰੋਗਰਾਮ ਤਹਿਤ ਬਰਤਾਨਵੀ ਸਲਤਨਤ ਵਿਰੁੱਧ ਸਮਝੌਤਾਰਹਿਤ ਲੜਾਈ ਦਾ ਹੋਕਾ ਦਿੱਤਾ ਅਤੇ ਇਸ ਦਾ ਅਧਾਰ ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਦੇ ਅਗਾਂਹਵਧੂ ਖ਼ਿਆਲਾਂ ਨੂੰ ਬਣਾਇਆ।

ਮੁਕੰਮਲ ਆਜ਼ਾਦੀ ਦੇ ਟੀਚੇ ਦੀ ਪ੍ਰਾਪਤੀ ਲਈ ਗ਼ਦਰ ਲਹਿਰ ਨੇ ਰਿਆਇਤਾਂ ਲਈ ਪਟੀਸ਼ਨਾਂ ਦਾ ਸੁਧਾਰਵਾਦੀ ਰਾਹ ਦੋ-ਟੁੱਕ ਤੌਰ 'ਤੇ ਖਾਰਜ ਕਰਕੇ ਇਸ ਦੀ ਥਾਂ ਬਸਤੀਵਾਦੀ ਗ਼ਲਬੇ ਨੂੰ ਜੜ੍ਹੋਂ ਖ਼ਤਮ ਕਰਨ ਲਈ ਹਥਿਆਰਬੰਦ ਸੰਘਰਸ਼ ਦੀ ਅਹਿਮੀਅਤ ਉਪਰ ਜ਼ੋਰ ਦਿੱਤਾ। ਗ਼ਦਰੀ ਲੀਡਰਸ਼ਿਪ ਨੇ ਆਜ਼ਾਦੀ ਦੀ ਲੜਾਈ ਨੂੰ ਕੌਮਵਾਦੀ ਵਲਗਣਾਂ ਤੋਂ ਪਾਰ ਲਿਜਾਕੇ ਕੌਮਾਂਤਰੀਵਾਦੀ ਪਹੁੰਚ ਅਖ਼ਤਿਆਰ ਕੀਤੀ ਅਤੇ ਜਿਥੇ ਕਿਤੇ ਵੀ ਦੁਨੀਆ ਵਿਚ ਆਜ਼ਾਦੀ ਦੀ ਲੜਾਈ ਲੜੀ ਜਾ ਰਹੀ ਸੀ ਆਪਣੇ ਮੈਂਬਰਾਂ ਅੰਦਰ ਉਸ ਲੜਾਈ ਵਿਚ ਸਰਗਰਮੀ ਨਾਲ ਹਿੱਸਾ ਲੈਣ ਦੀ ਦ੍ਰਿੜ ਸਾਮਰਾਜਵਾਦ ਵਿਰੋਧੀ ਵਚਨਬੱਧਤਾ ਪੈਦਾ ਕੀਤੀ। ਇਸ ਵਿਸ਼ਾਲ ਦ੍ਰਿਸ਼ਟੀ ਸਦਕਾ ਹੀ ਗ਼ਦਰ ਪਾਰਟੀ ਦੁਨੀਆ ਵਿਚ ਜਿਥੇ ਕਿਤੇ ਵੀ ਹਿੰਦੁਸਤਾਨੀ ਰਹਿ ਰਹੇ ਸਨ ਉਨ੍ਹਾਂ ਨਾਲ ਸਜਿੰਦ ਰਿਸ਼ਤਾ ਬਣਾਕੇ ਉਨ੍ਹਾਂ ਨੂੰ ਆਜ਼ਾਦੀ ਦੇ ਕਾਜ ਲਈ ਪੂਰੀ ਸਰਗਰਮੀ ਨਾਲ ਲਾਮਬੰਦ ਕਰਨ 'ਚ ਕਾਮਯਾਬ ਹੋਈ ਅਤੇ ਗ਼ਦਰੀ ਇਨਕਲਾਬੀਆਂ ਦੀ ਚੀਨ, ਆਇਰਲੈਂਡ, ਮਿਸਰ, ਮੈਕਸੀਕੋ ਆਦਿ ਮੁਲਕਾਂ ਦੇ ਇਨਕਲਾਬੀ ਕੌਮਪ੍ਰਸਤਾਂ ਅਤੇ ਉਤਰੀ ਅਮਰੀਕਾ ਦੇ ਸਮਾਜਵਾਦੀ ਹਲਕਿਆਂ ਨਾਲ ਗੂੜ੍ਹੀ ਸਾਂਝ ਉਸਰ ਚੁੱਕੀ ਸੀ।

ਗ਼ਦਰੀ ਗੁੱਲੀ ਨੇ ਵੱਖ-ਵੱਖ ਸੂਬਿਆਂ ਦੇ ਇਨਕਲਾਬੀਆਂ ਨੂੰ ਜੋੜਨ ਲਈ ਇਕ ਪੁਲ ਦੀ ਭੂਮਿਕਾ ਨਿਭਾਈ ਅਤੇ ਪਹਿਲੇ ਮੁੱਢਲੇ ਪੱਧਰ ਦੇ ਆਪਸੀ ਸੰਪਰਕਾਂ ਨੂੰ ਇਕ ਮਜ਼ਬੂਤ ਕੌਮੀ ਭਵਿੱਖ-ਨਕਸ਼ਾ ਮੁਹੱਈਆ ਕਰਦੇ ਹੋਏ ਭਵਿੱਖੀ ਲਹਿਰਾਂ ਲਈ ਬੁਨਿਆਦੀ ਕੰਮ ਕੀਤਾ ਜਿਨ੍ਹਾਂ ਨੇ ਫਿਰ ਮੁਲਕ ਦੇ ਵੱਡੇ ਹਿੱਸਿਆਂ ਨੂੰ ਆਪਣੀ ਸਾਂਝੀ ਕਰਮਭੂਮੀ ਬਣਾਇਆ ਅਤੇ ਆਜ਼ਾਦੀ ਲਈ ਸੰਗਰਾਮ ਉਪਰ ਡੂੰਘੀ ਛਾਪ ਛੱਡੀ। ਜਥੇਬੰਦੀ ਦਾ ਖ਼ਰਾ ਧਰਮਨਿਰਪੱਖ ਖ਼ਾਸਾ ਯਕੀਨੀ ਬਣਾਉਣ ਲਈ ਗ਼ਦਰ ਦੇ ਬਾਨੀਆਂ ਨੇ ਮਜ਼੍ਹਬੀ ਤਕਰਾਰਾਂ ਤੇ ਬਹਿਸਾਂ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਨ ਦਾ ਸੁਚੇਤ ਪੈਂਤੜਾ ਅਖ਼ਤਿਆਰ ਕੀਤਾ ਅਤੇ ਧਾਰਮਿਕ ਅਕੀਦੇ ਨੂੰ ਵਿਅਕਤੀ ਦੀ ਨਿੱਜੀ ਜ਼ਿੰਦਗੀ ਤਕ ਸੀਮਤ ਕਰਦੇ ਹੋਏ ਸੱਚੀ ਫਿਰਕੂ ਸਦਭਾਵਨਾ ਦਾ ਮਾਹੌਲ ਸਿਰਜਿਆ। ਉਨ੍ਹਾਂ ਵਲੋਂ ਸਿਰਫ਼ ਕਥਨਾਂ ਵਿਚ ਹੀ ਛੂਆਛਾਤ ਅਤੇ ਜਾਤਪਾਤੀ ਭੇਦਭਾਵ ਨੂੰ ਰੱਦ ਨਹੀਂ ਕੀਤਾ ਗਿਆ ਸਗੋਂ ਯੁਗਾਂਤਰ ਆਸ਼ਰਮ ਵਿਚਰਦਿਆਂ ਗ਼ਦਰ ਦੇ ਕਾਜ ਨੂੰ ਸਮਰਪਿਤ ਗ਼ਦਰੀਆਂ ਦੀ ਵਿਹਾਰਕ ਜ਼ਿੰਦਗੀ ਇਨਸਾਨੀ ਬਰਾਬਰੀ ਅਤੇ ਮਨੁੱਖੀ ਮਾਣ-ਸਨਮਾਨ ਦਾ ਆਦਰਸ਼ਕ ਨਮੂਨਾ ਬਣਕੇ ਉਭਰੀ। ਹਿੰਦੁਸਤਾਨ ਦੀ ਨਸਲੀ-ਸਭਿਆਚਾਰਕ ਵੰਨ-ਸੁਵੰਨਤਾ ਦੀ ਅਹਿਮੀਅਤ ਦੀ ਸ਼ਨਾਖ਼ਤ ਕਰਦਿਆਂ ਆਜ਼ਾਦੀ ਤੋਂ ਪਿੱਛੋਂ ਗ਼ਦਰੀ ਆਗੂਆਂ ਨੇ ਜਿਸ ਤਰ੍ਹਾਂ ਦਾ ਯੂਨਾਈਟਿਡ ਸਟੇਟਸ ਆਫ ਇੰਡੀਆ ਬਣਾਉਣ ਦੀ ਕਲਪਨਾ ਕੀਤੀ ਸੀ ਉਸ ਦਾ ਰਾਜਕੀ ਢਾਂਚਾ ਜਮਹੂਰੀ ਅਧਾਰ 'ਤੇ ਫੈੱਡਰਲ ਰਾਜ ਦੀ ਧਾਰਨਾ 'ਤੇ ਅਧਾਰਤ ਸੀ ਜੋ ਸਾਰੇ ਨਸਲੀ-ਸਭਿਆਚਾਰਕ ਸਮੂਹਾਂ, ਕੌਮੀਅਤਾਂ ਤੇ ਘੱਟਗਿਣਤੀਆਂ ਦੇ ਵਿਗਸਣ ਲਈ ਸੁਖਾਵਾਂ ਤੇ ਸਾਜ਼ਗਰ ਮਾਹੌਲ ਮੁਹੱਈਆ ਕਰਦਾ ਸੀ।

ਗ਼ਦਰ ਲਹਿਰ ਦਾ ਇਹ ਅਸਲਾ ਹੀ ਸੀ ਜਿਸ ਦੀ ਬਦੌਲਤ ਹਰ ਧਾਰਮਿਕ ਫਿਰਕੇ ਨਾਲ ਸਬੰਧਤ ਗ਼ਦਰੀ ਮੁਲਕ ਦੀ ਆਜ਼ਾਦੀ ਦੇ ਕਾਜ ਲਈ ਤਹਿ-ਦਿਲੋਂ ਇਕਜੁੱਟ ਹੋਕੇ ਜਾਨ-ਹੂਲਵੀਂ ਲੜਾਈ ਲੜਦੇ ਰਹੇ। ਇਹ ਭਾਵਨਾ ਉਨ੍ਹਾਂ ਦੇ ਰੋਮ-ਰੋਮ ਵਿਚ ਇਸ ਕਦਰ ਸਮੋਈ ਹੋਈ ਸੀ ਕਿ ਗ਼ਦਰੀ ਆਪਣੇ ਸ਼ਾਤਰ ਦੁਸ਼ਮਣ, ਅੰਗਰੇਜ਼ ਹੁਕਮਰਾਨਾਂ ਦੀਆਂ ਫਿਰਕੂ ਅਧਾਰ 'ਤੇ ਪਾਟਕ ਪਾਉਣ ਦੀਆਂ ਚਾਲਾਂ ਦਾ ਮੂੰਹ ਚਿੜ੍ਹਾਉਂਦੇ ਹੋਏ ਫਾਂਸੀ ਚੜ੍ਹੇ। ਇਸ ਅਸਲੇ ਦੀ ਬਦੌਲਤ ਹੀ ਗ਼ਦਰੀ ਬਾਬੇ ਅਗਲੀ ਹਰ ਸਾਮਰਾਜਵਾਦ ਵਿਰੋਧੀ ਅਤੇ ਲੋਕ ਹਿੱਤਾਂ ਲਈ ਲੜੀ ਜਾ ਰਹੀ ਲਹਿਰ ਵਿਚ ਆਖ਼ਰੀ ਸਾਹਾਂ ਤਕ ਵੱਧ-ਚੜ੍ਹਕੇ ਸ਼ਾਮਲ ਹੁੰਦੇ ਰਹੇ। ਆਜ਼ਾਦੀ, ਬਰਾਬਰੀ ਤੇ ਸਮਾਜਵਾਦ ਨਾਲ ਉਨ੍ਹਾਂ ਦਾ ਡੂੰਘਾ ਲਗਾਓ ਹੀ 1920ਵਿਆਂ ਦੇ ਸ਼ੁਰੂ 'ਚ ਲਹਿਰ ਨੂੰ ਮੁੜ ਜਥੇਬੰਦ ਕੀਤੇ ਜਾਣ ਵਕਤ ਉਨ੍ਹਾਂ ਦੇ ਕਮਿਊਨਿਸਟ ਵਿਚਾਰਧਾਰਾ ਵੱਲ ਖਿੱਚੇ ਜਾਣ ਦੀ ਬੁਨਿਆਦ ਬਣਿਆ ਅਤੇ ਗ਼ਦਰੀ ਇਨਕਲਾਬੀ ਮੁਲਕ ਦੇ ਸਿਆਸੀ ਮੰਚ ਉਪਰ ਸਮਾਜਵਾਦੀ ਰੁਝਾਨ ਨੂੰ ਮਜ਼ਬੂਤ ਬਣਾਉਣ ਦਾ ਪ੍ਰਭਾਵਸ਼ਾਲੀ ਜ਼ਰੀਆ ਬਣੇ। ਕਾਂਗਰਸ ਦੇ ਅੰਦਰ ਵੀ ਇਹ ਗ਼ਦਰੀ ਪਿਛੋਕੜ ਵਾਲੇ ਕਿਰਤੀ ਹੀ ਸਨ ਜਿਨ੍ਹਾਂ ਨੇ ਰਾਮਗੜ੍ਹ ਸੈਸ਼ਨ ਵਿਚ ਗਾਂਧੀ-ਨਹਿਰੂ ਧਿਰ ਦੀ ਸਮਝੌਤਾਪ੍ਰਸਤ ਪਹੁੰਚ ਦੇ ਖ਼ਿਲਾਫ਼ ਨਾ ਸਿਰਫ਼ ਸੁਭਾਸ਼ ਚੰਦਰ ਬੋਸ ਧਿਰ ਦੇ ਹੱਕ 'ਚ ਡੱਟ ਕੇ ਸਟੈਂਡ ਲੈਕੇ ਉਸਦੇ ਹੱਥ ਮਜ਼ਬੂਤ ਕੀਤੇ ਸਗੋਂ ਉਸ ਨੂੰ ਸੋਵੀਅਤ ਯੂਨੀਅਨ ਜਾਣ ਲਈ ਕਾਇਲ ਕਰਨ ਅਤੇ ਉਸ ਨੂੰ ਉਥੇ ਭੇਜਣ ਦੀ ਯੋਜਨਾ ਨੂੰ ਅੰਜਾਮ ਦੇਣ ਲਈ ਉਨ੍ਹਾਂ ਨੇ ਪੂਰੀ ਤਾਕਤ ਲਗਾ ਦਿੱਤੀ।

ਅੱਜ ਇਕ ਸਦੀ ਬਾਦ, ਜਦੋਂ ਸਾਮਰਾਜਵਾਦ ਨੇ ਸਿੱਧੇ ਬਸਤੀਵਾਦ ਦੀ ਥਾਂ ਲੁੱਟਖਸੁੱਟ ਅਤੇ ਸਾਮਰਾਜਵਾਦੀ ਗ਼ਲਬੇ ਨੂੰ ਨਵੀਆਂ ਸ਼ਕਲਾਂ ਵਿਚ ਦੁਨੀਆ ਉਪਰ ਲੱਦਿਆ ਹੋਇਆ ਹੈ, ਗ਼ਦਰੀ ਸੂਰਮਿਆਂ ਦੇ ਸਪਸ਼ਟ ਪ੍ਰੋਗਰਾਮ ਅਧਾਰਤ ਸਮਝੌਤਾਰਹਿਤ ਸੰਗਰਾਮ ਦੀ ਸੱਚੀ ਭਾਵਨਾ ਨੂੰ ਆਤਮਸਾਤ ਕਰਨਾ ਬਹੁਤ ਜ਼ਰੂਰੀ ਹੈ।

ਗ਼ਦਰੀਆਂ ਨੇ ਸਾਡੇ ਮੁਲਕ ਨੂੰ ਬਰਤਾਨਵੀ ਸਾਮਰਾਜ ਦੀ ਗ਼ੁਲਾਮੀ ਹੇਠੋਂ ਕੱਢ ਕੇ ਇਸ ਨੂੰ

ਆਜ਼ਾਦੀ, ਬਰਾਬਰੀ ਅਤੇ ਭਰੱਪਣ 'ਤੇ ਅਧਾਰਤ ਇਕ ਆਜ਼ਾਦ, ਸਵੈ-ਨਿਰਭਰ ਤੇ ਤਰੱਕੀਪਸੰਦ ਮੁਲਕ ਬਣਾਉਣ ਲਈ ਲੜਾਈ ਲੜੀ ਸੀ। ਭਾਵੇਂ ਸਾਡੇ ਲੋਕਾਂ ਦੀ ਆਜ਼ਾਦੀ ਦੀ ਲੰਮੀ ਲੜਾਈ ਤੋਂ ਬਾਦ 1947 ਦੇ ਸੱਤਾ ਤਬਾਦਲੇ ਨਾਲ ਸਿੱਧਾ ਬਸਤੀਵਾਦੀ ਰਾਜ ਖ਼ਤਮ ਹੋ ਗਿਆ ਪਰ ਸਾਡੇ ਮੁਲਕ ਉੱਪਰ ਸਾਮਰਾਜਵਾਦ ਦਾ ਦਾਬਾ, ਦਖ਼ਲਅੰਦਾਜ਼ੀ ਅਤੇ ਵੱਖ-ਵੱਖ ਰੂਪਾਂ 'ਚ ਗ਼ਲਬਾ ਤੇ ਰਸੂਖ਼ ਬਰਕਰਾਰ ਹੈ। 1990ਵਿਆਂ ਦੇ ਸ਼ੁਰੂ 'ਚ ਜੋ ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦੀਆਂ ਨੀਤੀਆਂ ਅਪਣਾਈਆਂ ਗਈਆਂ ਉਨ੍ਹਾਂ ਜ਼ਰੀਏ ਮੁਲਕ ਦੇ ਆਰਥਕ, ਸਿਆਸੀ, ਫ਼ੌਜੀ ਤੇ ਸਮਾਜੀ-ਸਭਿਆਚਾਰਕ ਖੇਤਰਾਂ ਵਿਚ ਸਾਮਰਾਜਵਾਦੀ-ਕਾਰਪੋਰੇਟ ਦਾ ਪ੍ਰਭਾਵ ਅਤੇ ਦਖ਼ਲਅੰਦਾਜ਼ੀ ਹੋਰ ਵੀ ਤੇਜ਼ੀ ਨਾਲ ਵਧੇ ਹਨ। ਸਾਡੇ ਮੁਲਕ ਨੂੰ ਅਜਿਹੇ ਦਾਬੇ, ਗ਼ਲਬੇ/ਪ੍ਰਭਾਵ ਅਤੇ ਦਖ਼ਲਅੰਦਾਜ਼ੀ ਤੋਂ ਮੁਕਤ ਸੱਚੇ ਅਰਥਾਂ 'ਚ ਇਕ ਆਜ਼ਾਦ ਰਾਜ ਬਣਾਉਣ ਦਾ ਕਾਜ ਹਾਲੇ ਅਧੂਰਾ ਹੈ।

ਗ਼ਦਰੀ ਇਨਕਲਾਬੀਆਂ ਦੀ ਸੋਚ ਦੇ ਉਲਟ ਸੱਤਾ ਬਦਲੀ ਤੋਂ ਪਿੱਛੋ ਜਿਨ੍ਹਾਂ ਰਾਜਸੀ ਤਾਕਤਾਂ ਵਲੋਂ ਰਾਜ ਦੀ ਮੁੜ ਢਾਂਚਾਬੰਦੀ ਕੀਤੀ ਗਈ ਉਨ੍ਹਾਂ ਦਾ ਉਦੇਸ਼ ਬੁਨਿਆਦੀ ਬਦਲਾਅ ਲਿਆਂਦੇ ਬਗ਼ੈਰ ਰਾਜ ਤੇ ਸਮਾਜ ਦੇ ਮੂਲ ਪਿਛਾਖੜੀ ਸੁਭਾਅ ਨੂੰ ਬਰਕਰਾਰ ਰੱਖਣਾ ਅਤੇ ਰੱਦੋ-ਬਦਲ ਨੂੰ ਮੁੱਖ ਤੌਰ 'ਤੇ ਰਸਮੀ ਸੰਵਿਧਾਨਕ ਐਲਾਨਾਂ ਤਕ ਸੀਮਤ ਰੱਖਣਾ ਸੀ। ਇਹ ਸੀਮਤ ਬਦਲਾਅ ਵੀ ਲੰਮੀ ਜੰਗੇ-ਆਜ਼ਾਦੀ ਨਾਲ ਬਣੇ ਮਾਹੌਲ ਅਤੇ ਇਸ ਲੜਾਈ ਵਿਚ ਸ਼ਾਮਲ ਰਹੇ ਹਿੰਦੁਸਤਾਨੀ ਲੋਕਾਂ ਦੇ ਦੇਸ਼ਭਗਤ ਜਜ਼ਬੇ, ਜਮਹੂਰੀ ਤੇ ਤਰੱਕੀਪਸੰਦ ਰੀਝਾਂ ਦੇ ਦਬਾਅ ਦਾ ਸਿੱਟਾ ਸਨ। ਲਿਹਾਜ਼ਾ ਇਨ੍ਹਾਂ ਦੀ ਆਪਣੀ ਅਹਿਮੀਅਤ ਹੈ। ਪਰ ਰਾਜ ਕਰਦੀਆਂ ਜਮਾਤਾਂ ਮੁਕੰਮਲ ਰਾਜਸੀ, ਸਮਾਜੀ ਤੇ ਸਭਿਆਚਾਰਕ ਇਨਕਲਾਬ ਦੀਆਂ ਦੁਸ਼ਮਣ ਤਾਕਤਾਂ ਹੋਣ ਕਾਰਨ ਆਰਥਕ-ਸਮਾਜੀ ਪਾੜੇ ਤੇ ਵਿਤਕਰੇ, ਛੂਆਛਾਤ ਅਧਾਰਤ ਜਾਤਪਾਤੀ ਦਰਜੇਬੰਦੀ, ਮਜ਼੍ਹਬੀ ਫਿਰਕਾਪ੍ਰਸਤੀ ਤੇ ਨਫ਼ਰਤ ਅਤੇ ਹਰ ਤਰ੍ਹਾਂ ਦੀ ਪਿਛਾਖੜੀ ਵਿਚਾਰਧਾਰਾ ਦਾ ਗ਼ਲਬਾ ਨਾ ਸਿਰਫ਼ ਸਾਡੇ ਸਮਾਜ ਉਪਰ ਬਣਿਆ ਹੋਇਆ ਹੈ ਸਗੋਂ ਹੁਕਮਰਾਨ ਜਮਾਤਾਂ ਵਲੋਂ ਇਸ ਨੂੰ ਬਹੁਤ ਹੀ ਸੂਖ਼ਮ ਤੇ ਸ਼ਾਤਰ ਢੰਗਾਂ ਨਾਲ ਪੱਕਾ ਕੀਤਾ ਜਾ ਰਿਹਾ ਹੈ।

ਗ਼ਦਰੀਆਂ ਨੇ ਇਸ ਸਚਾਈ ਨੂੰ ਸਾਫ਼ ਸਾਫ਼ ਸਮਝਕੇ ਪੂਰੀ ਸ਼ਿੱਦਤ ਨਾਲ ਉਭਾਰਿਆ ਸੀ ਕਿ ਪਟੀਸ਼ਨਾਂ, ਅਪੀਲਾਂ ਤੇ ਅਰਜ਼ੋਈਆਂ ਨਾਲ ਕੁਝ ਵੀ ਹਾਸਲ ਨਹੀਂ ਹੋ ਸਕਦਾ। ਉਨ੍ਹਾਂ ਨੇ ਆਪਣਾ ਨਿਸ਼ਾਨਾ ਮੁਕੰਮਲ ਆਜ਼ਾਦੀ ਤੈਅ ਕੀਤਾ ਜਿਸ ਨੂੰ ਅੰਗਰੇਜ਼ੀ ਰਾਜ ਦੀ ਗ਼ੁਲਾਮੀ ਤੇ ਵਿਰੁੱਧ ਸਾਡੇ ਲੋਕਾਂ ਵਿਚ ਆਜ਼ਾਦੀ ਦਾ ਜਜ਼ਬਾ ਜਗਾਕੇ ਅਤੇ ਇਸ ਜਾਗਰਿਤੀ ਰਾਹੀਂ ਹਥਿਆਰਬੰਦ ਗ਼ਦਰ ਮਚਾ ਕੇ ਹੀ ਪੂਰਾ ਕੀਤਾ ਜਾ ਸਕਦਾ ਸੀ। ਸੱਤਾ ਬਦਲੀ ਤੋਂ ਪਿੱਛੋਂ ਸਾਡੇ ਮੁਲਕ ਦਾ ਇਤਿਹਾਸ ਗਵਾਹ ਹੈ ਕਿ ਸਿਰਫ਼ ਉਹ ਅੰਦੋਲਨ ਜਾਂ ਸੰਘਰਸ਼ ਹੀ ਦੱਬੇ-ਕੁਚਲੇ ਤੇ ਵਾਂਝੇਪਣ ਦਾ ਸੰਤਾਪ ਝੱਲ ਰਹੇ ਅਵਾਮ ਦੇ ਹੱਕ 'ਚ ਕੋਈ ਗਿਣਨਯੋਗ ਬਦਲਾਅ ਲਿਆਉਣ ਜਾਂ ਪ੍ਰਾਪਤੀ ਕਰਨ 'ਚ ਕਾਮਯਾਬ ਹੋਏ ਹਨ ਜਿਨ੍ਹਾਂ ਵਲੋਂ ਲੋਕਾਈ ਨੂੰ ਜਾਗਰੂਕ ਕਰਕੇ ਸਥਾਪਤੀ ਨੂੰ ਹਕੀਕੀ ਚੁਣੌਤੀ ਦੇਣ ਵਾਲੀ ਜੁਝਾਰੂ ਤੇ ਜਥੇਬੰਦ ਲੋਕ ਤਾਕਤ ਉਸਾਰੀ ਗਈ।

ਗ਼ਦਰੀ ਇਨਕਲਾਬੀਆਂ ਨੇ ਆਪਣੇ ਵਿਅਕਤੀਗਤ ਹਿੱਤਾਂ, ਆਪਣੀ ਤੇ ਆਪਣੇ ਪਰਿਵਾਰਾਂ ਦੀ ਬਿਹਤਰੀ ਦਾ ਨਿੱਜ ਤਿਆਗ ਕੇ ਮੁਲਕ ਦੀ ਆਜ਼ਾਦੀ ਦੇ ਸਾਂਝੇ ਕਾਜ ਨੂੰ ਆਪਣੀ ਜ਼ਿੰਦਗੀ ਦਾ ਇਕੋ ਇਕ ਮਨੋਰਥ ਬਣਾਇਆ ਸੀ। ਆਪਣੇ ਆਜ਼ਾਦੀ ਦੇ ਨਿਸ਼ਾਨੇ ਨੂੰ ਸਾਕਾਰ ਕਰਨ ਲਈ ਉਹ ਹਰ ਤਰ੍ਹਾਂ ਦੀ ਕੁਰਬਾਨੀ ਦਾ ਮੁਜੱਸਮਾ ਬਣੇ। ਚਾਹੇ ਸਭ ਕੁਝ ਛੱਡ ਛਡਾ ਕੇ ਮੁਲਕ ਵਾਪਸ ਜਾਣ ਦਾ ਸਵਾਲ ਸੀ ਜਾਂ ਭਾਰੀ ਮੁਸੀਬਤਾਂ ਝੱਲ ਕੇ ਹੋਰ ਵੱਖ-ਵੱਖ ਮੁਲਕਾਂ ਵਿਚ ਜਾ ਕੇ ਗ਼ਦਰ ਦੀਆਂ ਤਿਆਰੀਆਂ 'ਚ ਜੁੱਟਣ ਦਾ ਸਵਾਲ ਸੀ ਜਿਥੇ ਵੀ ਕਿਸੇ ਗ਼ਦਰੀ ਦੀ ਡਿਊਟੀ ਲੱਗੀ ਉਨ੍ਹਾਂ ਨੇ ਖਿੜੇ ਮੱਥੇ ਕਬੂਲ ਕੀਤੀ। ਗ੍ਰਿਫ਼ਤਾਰੀਆਂ ਤੋਂ ਬਾਦ ਮੁਕੱਦਮਿਆਂ, ਫਾਂਸੀਆਂ, ਕਾਲੇ ਪਾਣੀ ਜੇਲ੍ਹ ਜਾਂ ਅੰਗਰੇਜ਼ੀ ਰਾਜ ਦੀਆਂ ਹੋਰ

ਜੇਲ੍ਹਾਂ ਦੀਆਂ ਸਖ਼ਤ ਸਜ਼ਾਵਾਂ ਦਾ ਸਾਹਮਣਾ ਕਰਦੇ ਹੋਏ ਉਨ੍ਹਾਂ ਨੇ ਜਿਸ ਬੇਮਿਸਾਲ ਹੌਸਲੇ, ਦਲੇਰੀ ਅਤੇ ਕੁਰਬਾਨੀ ਦਾ ਜਜ਼ਬਾ ਦਿਖਾਇਆ, ਲੰਮੀਆਂ ਜੇਲ੍ਹਾਂ ਕੱਟ ਕੇ ਰਿਹਾਈ ਤੋਂ ਪਿੱਛੋਂ ਜਿਵੇਂ ਉਹ ਆਪਣੇ ਇਨਕਲਾਬੀ ਅਕੀਦਿਆਂ 'ਤੇ ਚਟਾਨ ਵਾਂਗ ਦ੍ਰਿੜ ਰਹਿ ਕੇ ਤਾਉਮਰ ਨਿਭੇ, ਰਾਜਸੀ ਅਕੀਦੇ ਦੀ ਅਜਿਹੀ ਦ੍ਰਿੜਤਾ ਅਤੇ ਇਖ਼ਲਾਕੀ ਬੁਲੰਦੀ ਇਨਕਲਾਬੀ ਲਹਿਰਾਂ ਦੀ ਕਾਮਯਾਬੀ ਲਈ ਅੱਜ ਵੀ ਜ਼ਰੂਰੀ ਹੈ। ਇਸ ਤੋਂ ਬਗ਼ੈਰ ਇਨਕਲਾਬੀ ਲਹਿਰਾਂ ਆਪਣੇ ਨਿਸ਼ਾਨੇ ਪੂਰੇ ਨਹੀਂ ਕਰ ਸਕਦੀਆਂ।

ਗ਼ਦਰੀਆਂ ਨੇ ਆਪਣੇ ਜਥੇਬੰਦੀ ਦੇ ਕੰਮਕਾਰ ਤੇ ਵਰਤੋਂ ਵਿਹਾਰ ਵਿਚ ਭਰੱਪਣ, ਵਿਚਾਰਾਂ ਦੀ ਸਾਂਝ ਅਤੇ ਜਮਹੂਰੀ ਤੌਰ-ਤਰੀਕਿਆਂ ਨੂੰ ਅਪਣਾਇਆ। ਯੁਗਾਂਤਰ ਆਸ਼ਰਮ ਵਿਚ ਰਹਿ ਕੇ ਕੰਮ ਕਰਦੇ ਗ਼ਦਰੀ - ਚਾਹੇ ਕੋਈ ਬੁੱਧੀਜੀਵੀ ਸੀ ਜਾਂ ਮਜ਼ਦੂਰ, ਪੜ੍ਹਿਆ ਲਿਖਿਆ ਸੀ ਜਾਂ ਅਣਪੜ੍ਹ - ਹਰ ਕੋਈ ਨਿਸ਼ਕਾਮ ਸੇਵਾ ਭਾਵਨਾ ਅਤੇ ਇਕ ਦੂਜੇ ਪ੍ਰਤੀ ਸਾਥੀਆਨਾ ਸਤਿਕਾਰ ਨਾਲ ਕੰਮ ਕਰਦਾ ਸੀ। ਸਾਰੇ ਫ਼ੈਸਲੇ ਜਮਹੂਰੀ ਢੰਗ ਨਾਲ ਲਏ ਜਾਂਦੇ ਸਨ। ਜਦੋਂ ਹਾਲਾਤ ਦੀਆਂ ਔਕੜਾਂ, ਪੂਰੀ ਤਿਆਰੀ ਨਾ ਹੋਣ ਅਤੇ ਹੋਰ ਘਾਟਾਂ-ਕਮੀਆਂ ਕਾਰਨ ਗ਼ਦਰ ਦਾ ਪਹਿਲਾ ਹੰਭਲਾ ਅਸਫ਼ਲ ਹੋ ਗਿਆ ਤਾਂ ਬਚੇ-ਖੁਚੇ ਗ਼ਦਰੀਆਂ ਨੇ ਹੌਸਲਾ ਨਹੀਂ ਹਾਰਿਆ। ਉਨ੍ਹਾਂ ਨੇ ਗ਼ਦਰ ਦੀ ਨਾਕਾਮਯਾਬੀ ਅਤੇ ਪਛਾੜ ਦੇ ਸਬਕਾਂ ਦਾ ਪੂਰੀ ਸੰਜੀਦਗੀ ਨਾਲ ਤੇ ਸਵੈ-ਪੜਚੋਲੀਆ ਪਹੁੰਚ ਅਪਣਾ ਕੇ ਵਿਸ਼ਲੇਸ਼ਣ ਕੀਤਾ ਅਤੇ ਗ਼ਦਰ ਨੂੰ ਨਵੇਂ ਸਿਰਿਓਂ ਨਵੀਂ ਯੁੱਧਨੀਤੀ ਅਨੁਸਾਰ ਜਥੇਬੰਦ ਕਰਨ ਦੇ ਕੰਮ 'ਚ ਸੱਜਰੇ ਉਤਸ਼ਾਹ ਨਾਲ ਜੁੱਟ ਗਏ। ਇਹ ਉਨ੍ਹਾਂ ਦੀ ਹਸਤੀ ਵਿਚ ਸਮੋਈਆਂ ਉਪਰੋਕਤ ਖ਼ੂਬੀਆਂ ਦੀ ਬਦੌਲਤ ਹੀ ਹੋਇਆ ਸੀ।

ਗ਼ਦਰ ਸੰਗਰਾਮ ਦੇ ਇਨ੍ਹਾਂ ਨਿਆਰੇ ਪੱਖਾਂ ਨੂੰ ਵਾਰ-ਵਾਰ ਸਾਂਝੇ ਕਰਨ ਦੀ ਲੋੜ ਹੈ। ਇਸ ਜ਼ਰੂਰਤ ਦੇ ਮੱਦੇਨਜ਼ਰ ਇਹ ਸੰਗ੍ਰਹਿ ਤਿਆਰ ਕੀਤਾ ਗਿਆ ਹੈ। ਸੰਨ 1915, ਗ਼ਦਰ ਦੇ ਹੰਭਲਿਆਂ, ਸ਼ਹਾਦਤਾਂ ਅਤੇ ਹਰ ਤਰ੍ਹਾਂ ਦੀਆਂ ਕੁਰਬਾਨੀਆਂ ਦਾ ਇਕ ਅਹਿਮ ਵਰ੍ਹਾ ਹੋਣ ਕਾਰਨ ਉਸ ਸਾਲ ਭਰ ਦੇ ਅਰਸੇ ਵਿਚ ਵਾਪਰੀਆਂ ਅਹਿਮ ਘਟਨਾਵਾਂ ਨੂੰ ਬਿਆਨ ਕਰਦੀਆਂ ਕੁਝ ਲਿਖਤਾਂ ਇਸ ਸੰਗ੍ਰਹਿ ਜ਼ਰੀਏ ਉਨ੍ਹਾਂ ਮਹਾਨ ਗ਼ਦਰੀਆਂ ਨੂੰ ਸ਼ਰਧਾਂਜਲੀ ਵਜੋਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ। ਇਹ ਉਸ ਅਰਸੇ ਦੀਆਂ ਸਮੁੱਚੀਆਂ ਘਟਨਾਵਾਂ ਅਤੇ ਸਮੁੱਚੇ ਇਨਕਲਾਬੀਆਂ ਦੇ ਮੁਕੰਮਲ ਵੇਰਵੇ ਨਹੀਂ ਹਨ ਸਗੋਂ ਉਨ੍ਹਾਂ ਦਿਨਾਂ ਵਿਚ ਲੜੇ ਗਏ ਲਹੂ ਡੋਲ੍ਹਵੇਂ ਸੰਗਰਾਮ ਦੀ ਮਹਿਜ਼ ਇਕ ਝਲਕ ਮਾਤਰ ਤਸਵੀਰ ਹੀ ਹਨ। ਇਹ ਸੰਗ੍ਰਹਿ ਦੇਸ਼ਭਗਤ ਯਾਦਗਾਰ ਕਮੇਟੀ ਅਤੇ 5ਆਬ ਪ੍ਰਕਾਸ਼ਨ ਦੇ ਸਹਿਯੋਗ ਤੇ ਮਦਦ ਨਾਲ ਹੀ ਸੰਭਵ ਹੋ ਸਕਿਆ ਹੈ। ਉਮੀਦ ਹੈ ਕਿ ਇਹ ਨਿੱਕਾ ਜਿਹਾ ਉਪਰਾਲਾ ਪਾਠਕਾਂ ਨੂੰ 1915 ਦੇ ਮਹਾਨ ਇਤਿਹਾਸ ਨਾਲ ਜੁੜਨ 'ਚ ਤਿਲ-ਫੁਲ ਸਹਾਇਤਾ ਜ਼ਰੂਰ ਕਰੇਗਾ।

-ਬੂਟਾ ਸਿੰਘ

20 ਅਕਤੂਬਰ 2015

.ਗਦਰੀਆਂ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ ਦਾ ਵਰ੍ਹਾ

(1915-2015)

2015 ਦਾ ਸਾਲ ਹਿੰਦੋਸਤਾਨ ਦੇ ਸੁਤੰਤਰਤਾ ਸੰਗਰਾਮ ਲਈ ਸ਼ਹੀਦੀ ਦਾ ਜਾਮ ਪੀਣ ਵਾਲੇ ਸੌ ਤੋਂ ਵੀ ਵੱਧ .ਗਦਰੀ ਸ਼ਹੀਦਾਂ ਦੀ ਸ਼ਤਾਬਦੀ ਦਾ ਵਰ੍ਹਾ ਹੈ। ਭਾਰਤ ਦੇ ਆਜ਼ਾਦੀ ਸੰਗਰਾਮ ਲਈ ਵੱਖ-ਵੱਖ ਇਨਕਲਾਬੀ ਲਹਿਰਾਂ ਵਲੋਂ ਨਿਭਾਈ ਭੂਮਿਕਾ ਬਾਰੇ ਇਤਿਹਾਸ ਵਿਚੋਂ ਵਿਸਥਾਰਪੂਰਕ ਜਾਣਕਾਰੀ ਨਹੀਂ ਮਿਲਦੀ। ਇਹੋ ਕਾਰਨ ਹੈ ਕਿ ਆਮ ਲੋਕ ਅਤੇ ਖਾਸ ਕਰਕੇ ਨੌਜਵਾਨ ਪੀੜ੍ਹੀ ਆਪਣੇ ਗੌਰਵਮਈ .ਗਦਰੀ ਵਿਰਸੇ ਤੋਂ ਅਨਜਾਣ ਹੈ। ਆਜ਼ਾਦੀ ਸੰਗਰਾਮ 'ਚ ਕੁਰਬਾਨੀਆਂ ਭਰਪੂਰ .ਗਦਰ ਲਹਿਰ ਵਲੋਂ ਜੋ ਸਾਰੇ ਸੰਸਾਰ ਵਿਚ ਕੀਤੀਆਂ ਗਈਆਂ ਕ੍ਰਾਂਤੀਕਾਰੀ ਸਰਗਰਮੀਆਂ 'ਤੇ ਝਾਤ ਮਾਰੀਏ ਤਾਂ ਸੈਂਕੜੇ ਫ਼ਾਂਸੀਆਂ ਤੇ ਚੜ੍ਹਨ ਵਾਲੇ, ਕਤਾਰਾਂ 'ਚ ਖੜ੍ਹੇ ਕਰਕੇ ਗੋਲੀਆਂ ਮਾਰ ਕੇ ਸ਼ਹੀਦ ਹੋਣ ਵਾਲੇ, ਪੁਲਿਸ ਮੁਕਾਬਲਿਆਂ 'ਚ ਗੋਲੀਆਂ ਨਾਲ ਸੀਨੇ ਛਲਨੀ ਕਰਾਉਣ ਵਾਲੇ ਅਤੇ ਕਾਲੇ ਪਾਣੀਆਂ ਦੀਆਂ ਜੇਲ੍ਹਾਂ ਵਿਚ ਕੁੰਭੀ ਨਰਕ ਭੋਗ ਕੇ ਤਿਲ ਤਿਲ ਸੜਨ ਵਾਲੇ ਆਜ਼ਾਦੀ ਪਰਵਾਨਿਆਂ ਦੀਆਂ ਕੁਰਬਾਨੀਆਂ ਬਾਰੇ ਪਤਾ ਲੱਗਦਾ ਹੈ। ਆਜ਼ਾਦੀ ਪ੍ਰਾਪਤੀ ਤੋਂ ਬਾਅਦ ਵੀ ਸਾਡੀ ਆਪਣੀ ਹਕੂਮਤ ਨੇ ਇਸ ਇਤਿਹਾਸ ਨੂੰ ਦਬਾਅ ਕੇ ਰੱਖਿਆ ਤੇ ਇਸਨੂੰ ਲੋਕ ਚੇਤਨਾ ਦਾ ਹਿੱਸਾ ਨਾ ਬਣਨ ਦਿੱਤਾ। .ਗਦਰੀ ਬਾਬਿਆਂ ਨੇ ਖੁਦ ਹਿੰਮਤ ਕਰਕੇ ਇਸ ਇਨਕਲਾਬੀ ਲਹਿਰ ਦੇ ਇਤਿਹਾਸ ਅਤੇ ਅਣਗੌਲੇ ਸੂਰਬੀਰ ਯੋਧਿਆਂ ਦੀ ਕੁਰਬਾਨੀ ਦੀ ਗਾਥਾ ਨੂੰ ਕਲਮਬੱਧ ਕੀਤਾ। ਅੱਜ ਵੀ ਇਨਕਲਾਬੀ ਵਿਰਸੇ ਨਾਲ ਜੁੜੇ ਕੁਝ ਵਿਰਸਾ ਪ੍ਰੇਮੀ ਆਪਣੀ ਸਮਰੱਥਾ ਅਨੁਸਾਰ ਇਸ ਸ਼ਾਨਾਮੱਤੇ ਇਤਿਹਾਸ ਨੂੰ ਕਲਮਬੱਧ ਕਰਕੇ ਪਰਚਾਰਨ ਦਾ ਉੱਦਮ ਕਰ ਰਹੇ ਹਨ।

ਹੱਥਲੀ ਪੁਸਤਕ 'ਗਾਥਾ .ਗਦਰ 1915' ਸੰਪਾਦਕ ਬੂਟਾ ਸਿੰਘ, ਪ੍ਰਕਾਸ਼ਕ ਪੰਜ ਆਬ ਪ੍ਰਕਾਸ਼ਨ ਨੇ .ਗਦਰ ਲਹਿਰ ਦੇ ਗੌਰਵਮਈ ਇਤਿਹਾਸ ਦੇ ਸਾਲ 1915 ਦੇ ਸ਼ਹੀਦਾਂ ਦੀ ਗਾਥਾ ਨੂੰ ਬਿਆਨ ਕਰਦੀ ਪੁਸਤਕ ਪ੍ਰਕਾਸ਼ਿਤ ਕਰਕੇ ਬਹੁਤ ਹੀ ਸ਼ਲਾਘਾਯੋਗ ਕਾਰਜ ਕੀਤਾ ਹੈ। ਮੇਰੇ ਖਿਆਲ ਮੁਤਾਬਕ ਅਜੇ ਤੱਕ ਇਹ ਪਹਿਲੀ ਪੁਸਤਕ ਹੈ ਜੋ 1915 ਦੇ ਸਾਲ ਵਿਚ ਸੁਤੰਤਰਤਾ ਸੰਗਰਾਮ ਲਈ .ਗਦਰੀਆਂ ਵਲੋਂ ਕੀਤੀਆਂ ਗਈਆਂ ਸਰਗਰਮੀਆਂ ਨਾਲ ਸਬੰਧਿਤ ਘਟਨਾਵਾਂ ਅਤੇ ਫਲਸਰੂਪ ਉਸਦੇ ਨਤੀਜੇ ਵਜੋਂ .ਗਦਰੀਆਂ ਦੀਆਂ ਸ਼ਹਾਦਤਾਂ ਨੂੰ ਬਿਆਨਦੀ ਪੁਸਤਕ ਹੈ। ਇਸ ਪੁਸਤਕ ਵਿਚ ਦਰਜ ਇਤਿਹਾਸਕ ਘਟਨਾਵਾਂ ਦੇ ਬਿਰਤਾਂਤ ਨੂੰ ਸਮਝਣ ਲਈ ਇਸ ਸੰਦਰਭ ਦੇ ਪਿਛੋਕੜ 'ਤੇ ਪਿਛਲ ਝਾਤ ਮਾਰਨੀ ਜ਼ਰੂਰੀ ਹੈ।

.ਗੁਲਾਮ ਹਿੰਦੁਸਤਾਨੀਆਂ ਨੇ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨ ਤੇ ਆਜ਼ਾਦੀ ਵਾਲਾ ਜੀਵਨ ਜਿਊਣ ਲਈ ਵੀਹਵੀਂ ਸਦੀ ਦੇ ਮੁੱਢ ਵਿਚ ਹੀ ਬਦੇਸ਼ਾਂ ਨੂੰ ਚਾਲੇ ਪਾ ਦਿੱਤੇ ਸਨ। ਉਥੇ ਜਾ ਕੇ ਮਿਹਨਤ-ਮੁਸ਼ੱਕਤ ਕਰਕੇ ਜੀਵਨ ਨਿਰਬਾਹ ਲਈ ਪੈਸੇ ਤਾਂ ਚੰਗੇ ਕਮਾ ਲੈਂਦੇ ਪਰ

ਸਮਾਜਕ ਤੌਰ 'ਤੇ ਤ੍ਰਿਸਕਾਰੇ ਜਾਂਦੇ ਰਹੇ। ਅਜਿਹੇ ਅਪਮਾਨਜਨਕ ਵਤੀਰੇ ਨੇ ਭਾਰਤੀਆਂ ਦੀ ਅਣਖ ਨੂੰ ਟੁੰਬਿਆ। ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਥਾਂ-ਥਾਂ 'ਤੇ ਸਾਡੇ ਨਿਰਾਦਰ ਦਾ ਮੂਲ ਕਾਰਨ ਸਾਡੀ ਗ਼ੁਲਾਮੀ ਹੈ। ਉਨ੍ਹਾਂ ਦੇ ਮਨਾਂ ਵਿਚ ਗ਼ੁਲਾਮੀ ਦਾ ਜੂਲ਼ਾ ਗੱਲੋਂ ਲਾਹ ਕੇ ਆਜ਼ਾਦੀ ਵਾਲਾ ਜੀਵਨ ਜਿਊਣ ਦੀ ਤਾਂਘ ਪੈਦਾ ਹੋ ਗਈ। ਇਸ ਤਾਂਘ ਦੀ ਤੀਬਰਤਾ ਦੇ ਪਿਛੋਕੜ ਵਿਚ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਹੋਈ ਪਹਿਲੀ ਬਗ਼ਾਵਤ 1857 ਦਾ ਗ਼ਦਰ, ਰਾਣੀ ਝਾਂਸੀ ਤੇ ਤਾਂਤਿਆ ਟੋਪੇ ਵਰਗੇ ਸੂਰਮਿਆਂ ਦੀ ਲਲਕਾਰ ਦੇ ਬੀਜ ਵੀਹਵੀਂ ਸਦੀ ਦੇ ਆਰੰਭ ਵਿਚ ਬਦੇਸ਼ਾਂ 'ਚ ਵਸਦੇ ਹਿੰਦੋਸਤਾਨੀਆਂ ਦੇ ਮਨਾਂ 'ਚ ਪੁੰਗਰ ਪਏ, ਜੋ ਆਜ਼ਾਦੀ ਦੀ ਲਲਕਾਰ ਬਣਕੇ ਗੂੰਜ ਉਠੇ।

ਵਿਸ਼ਵ ਦੇ ਇਤਿਹਾਸ ਵਿਚ ਗ਼ਦਰ ਲਹਿਰ ਇਕ ਅਭੁੱਲ ਅਧਿਆਇ ਹੈ। ਇਸ ਅਭੁੱਲ ਅਧਿਆਇ ਦੇ ਸਿਰਜਣਹਾਰੇ ਉਹ ਗ਼ਦਰੀ ਬਾਬੇ ਸਨ, ਜਿਨ੍ਹਾਂ ਨੇ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਹਥਿਆਰਬੰਦ ਇਨਕਲਾਬ ਰਾਹੀਂ ਸਾਮਰਾਜ ਦੇ ਖ਼ਾਤਮੇ ਲਈ 1913 'ਚ ਹਿੰਦੀ ਐਸੋਸੀਏਸ਼ਨ ਆਫ਼ ਪੈਸਫਿਕ ਕੋਸਟ ਨਾਂ ਦੀ ਜਥੇਬੰਦੀ ਦਾ ਗਠਨ ਅਮਰੀਕਾ ਵਿਚ ਕੀਤਾ ਸੀ। ਇਹੋ ਜਥੇਬੰਦੀ ਬਾਅਦ ਵਿਚ ਗ਼ਦਰ ਪਾਰਟੀ ਦੇ ਨਾਂ ਨਾਲ ਜਾਣੀ ਜਾਣ ਲੱਗ ਪਈ ਤੇ ਇਸ ਦੀਆਂ ਸ਼ਾਖਾਵਾਂ ਵਿਸ਼ਵ ਪੱਧਰ 'ਤੇ ਫੈਲ ਗਈਆਂ।

ਹਿੰਦੁਸਤਾਨੀਆਂ ਨੇ ਬਦੇਸ਼ੀ ਨਾਗਰਿਕਾਂ ਦੇ ਆਜ਼ਾਦੀ ਭਰਪੂਰ ਜੀਵਨ ਤੋਂ ਪ੍ਰਭਾਵਿਤ ਹੋ ਕੇ ਆਜ਼ਾਦੀ ਸੰਗਰਾਮ ਵਿੱਢਣ ਲਈ ਸਮੂਹ ਦੇਸ਼ ਭਗਤਾਂ ਨੇ ਮਹਿਸੂਸ ਕੀਤਾ ਕਿ ਉਹ ਬਦੇਸ਼ ਵਿੱਚ ਬੰਗਾਲੀ, ਗੁਜਰਾਤੀ ਜਾਂ ਪੰਜਾਬੀ ਨਹੀਂ, ਹਿੰਦੂ, ਸਿੱਖ ਜਾਂ ਮੁਸਲਮਾਨ ਨਹੀਂ ਸਗੋਂ ਉਹ ਤਾਂ ਗੁਲਾਮ ਹਿੰਦੋਸਤਾਨ ਦੇ ਜ਼ਲੀਲ ਕੀਤੇ ਹੋਏ ਹਿੰਦੀ ਭਰਾ ਹਨ। ਇਸ ਸਰਬ ਸਾਂਝੇ ਉਦੇਸ਼ ਲਈ ਗ਼ਦਰੀਆਂ ਨੇ ਆਪਣੇ ਨਿੱਜੀ ਸੁੱਖਾਂ-ਆਰਾਮਾਂ ਨੂੰ ਤਿਆਗ ਕੇ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਸੰਪੂਰਨ ਅਜ਼ਾਦੀ ਦਾ ਨਾਹਰਾ ਬੁਲੰਦ ਕਰਕੇ ਜ਼ੋਖ਼ਮ ਭਰਿਆ ਰਸਤਾ ਚੁਣਿਆ। ਗ਼ਦਰ ਪਾਰਟੀ ਨੇ 21 ਫਰਵਰੀ 1915 ਨੂੰ ਗ਼ਦਰ ਕਰਨ ਦਾ ਦਿਨ ਮਿੱਥ ਲਿਆ ਪਰ ਮੁਖ਼ਬਰੀ ਕਾਰਨ ਇਹ ਦਿਨ ਬਦਲ ਕੇ 19 ਫਰਵਰੀ ਕਰ ਦਿੱਤਾ ਗਿਆ। ਇਹ ਉਹ ਸਮਾਂ ਸੀ ਜਦੋਂ ਇਕ ਪਾਸੇ ਜਰਮਨ ਤੇ ਇੰਗਲੈਂਡ ਵਿਚਕਾਰ ਯੁੱਧ ਚਲ ਰਿਹਾ ਸੀ, ਕਾਮਾਗਾਟਾ ਮਾਰੂ ਜਹਾਜ਼ ਵਾਪਸ ਕਲਕੱਤੇ ਵੱਲ ਨੂੰ ਆ ਰਿਹਾ ਸੀ। ਦੂਜੇ ਪਾਸੇ ਅਮਰੀਕਾ, ਕਨੇਡਾ, ਮਲਾਇਆ ਆਦਿ ਦੇਸ਼ਾਂ ਤੋਂ ਗ਼ਦਰੀ 'ਗ਼ਦਰ' 'ਚ ਸ਼ਾਮਲ ਹੋਣ ਲਈ ਜਹਾਜ਼ਾਂ ਰਾਹੀਂ ਵਾਪਸ ਭਾਰਤ ਪਰਤ ਰਹੇ ਸਨ। ਹਕੂਮਤ ਵੀ ਇਸ ਤੋਂ ਬੇਖ਼ਬਰ ਨਹੀਂ ਸੀ। ਉਸ ਨੇ ਪੰਜਾਬ ਵਿਚ ਥਾਂ-ਥਾਂ ਸੂਹੀਆਂ ਦਾ ਜਾਲ਼ ਵਿਛਾਇਆ ਹੋਇਆ ਸੀ, ਜਿਹੜਾ ਗ਼ਦਰੀਆਂ ਦੀਆਂ ਸਮੂਹ ਗਤੀਵਿਧੀਆਂ ਬਾਰੇ ਉਨ੍ਹਾਂ ਨੂੰ ਅਗਾਊਂ ਸੂਚਿਤ ਕਰ ਦਿੰਦਾ ਸੀ।

ਭਾਰਤ ਦੇ ਸੁਤੰਤਰਤਾ ਸੰਗਰਾਮ ਲਈ ਪਹਿਲਕਦਮੀ ਕਰਨ ਵਾਲੇ ਗ਼ਦਰੀ ਦੇਸ਼ ਭਗਤ, ਜਿਹੜੇ ਬਦੇਸ਼ਾਂ ਤੋਂ ਆਪਣੀ ਖੱਟੀ ਕਮਾਈ ਤੇ ਪੜ੍ਹਾਈ ਨੂੰ ਛੱਡ ਕੇ ਗ਼ਦਰ ਵਿੱਚ ਹਿੱਸਾ ਲੈਣ ਲਈ ਦੇਸ਼ ਪਰਤੇ, ਉਨ੍ਹਾਂ ਵਿਚੋਂ ਸੈਂਕੜੇ ਦੇਸ਼ ਭਗਤ ਫਾਂਸੀਆਂ 'ਤੇ ਚੜ੍ਹਾਏ ਗਏ, ਸੈਂਕੜਿਆਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ ਤੇ ਸੈਂਕੜਿਆਂ ਨੂੰ ਜਲਾਵਤਨ ਕਰਕੇ ਕਾਲ਼ੇ ਪਾਣੀ ਦੀਆਂ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਜੇਲ੍ਹਾਂ ਦੀਆਂ ਸਜ਼ਾਵਾਂ ਭੁਗਤਣ ਉਪਰੰਤ ਰਿਹਾਅ ਹੋ ਕੇ ਆਪਣੇ ਪਿੰਡਾਂ ਨੂੰ ਪਰਤੇ ਤਾਂ ਜੂਹਬੰਦ ਕਰ ਦਿੱਤੇ ਗਏ। ਗੋਰੀ ਹਕੂਮਤ ਇਨ੍ਹਾਂ ਸੰਗਰਾਮੀਆਂ ਨੂੰ ਦੇਸ਼ ਧਰੋਹੀ, ਡਾਕੂ ਤੇ ਲੁਟੇਰੇ ਕਹਿ ਕੇ ਆਮ ਜਨਤਾ 'ਤੇ ਪ੍ਰਭਾਵ ਪਾਉਣ 'ਚ

ਸਫ਼ਲ ਸਿੱਧ ਹੋਈ। ਆਮ ਜਨਤਾ ਤਾਂ ਇਨ੍ਹਾਂ ਸੰਗਰਾਮੀਆਂ ਨੂੰ ਬੁਲਾਉਣ ਤੋਂ ਵੀ ਤ੍ਰਹਿੰਦੀ ਸੀ। ਹਕੂਮਤ ਦਾ ਦਬਾਅ ਏਨਾ ਸੀ ਕਿ ਗ਼ਦਰ ਲਹਿਰ ਦੇ ਸੰਗਰਾਮੀਆਂ ਨੂੰ ਰੋਲ ਦਿੱਤਾ ਗਿਆ। ਅਫ਼ਸੋਸ! ਅੰਗਰੇਜ਼ੀ ਹਕੂਮਤ ਤਾਂ ਭਾਰਤੀ ਸੰਗਰਾਮੀਆਂ ਨੂੰ ਆਪਣੇ ਦੁਸ਼ਮਣ ਸਮਝਦੀ ਹੀ ਸੀ ਪਰ ਆਜ਼ਾਦ ਭਾਰਤ ਦੀ ਸਰਕਾਰ ਨੇ ਵੀ ਇਨ੍ਹਾਂ ਨੂੰ ਅਣਗੌਲ਼ੇ ਕਰੀ ਰਖਿਆ ਹੈ।

ਇਨ੍ਹਾਂ ਅਣਗੌਲੇ ਗ਼ਦਰੀ ਸੂਰਬੀਰਾਂ ਵਲੋਂ ਹਿੰਦੋਸਤਾਨ ਦੀ ਆਜ਼ਾਦੀ ਤੇ ਬਰਾਬਰੀ ਲਈ ਵਿੱਢੇ ਇਨਕਲਾਬੀ ਇਤਿਹਾਸ ਵਿਚ 1915 ਦਾ ਸਾਲ ਵਿਸ਼ੇਸ਼ ਘਟਨਾਵਾਂ ਭਰਪੂਰ ਹੈ। ਇਸੇ ਸਾਲ ਗ਼ਦਰੀਆਂ ਨੇ ਭਾਰਤ ਵਿੱਚ ਗ਼ਦਰ ਕਰਨ ਦੇ ਯਤਨ ਕੀਤੇ, ਪ੍ਰੰਤੂ ਸਫ਼ਲਤਾ ਪ੍ਰਾਪਤ ਨਾ ਹੋਈ। ਇਹੋ ਸਾਲ ਸੰਸਾਰ ਪੱਧਰ 'ਤੇ ਗ਼ਦਰ ਲਹਿਰ ਦੀਆਂ ਸਰਗਰਮੀਆਂ ਦਾ ਸਿਖ਼ਰ ਹੈ, ਜਿਸ ਦੀ ਕਾਰਜ ਭੂਮੀ ਹਿੰਦੋਸਤਾਨ ਦੀ ਧਰਤੀ ਹੈ।

ਗਾਥਾ ਗ਼ਦਰ 1915 ਪੁਸਤਕ ਵਿਚੋਂ ਮੁੱਖ ਰੂਪ ਵਿੱਚ ਉੱਭਰਦਾ ਗ਼ਦਰੀਆਂ ਦਾ ਉਦੇਸ਼, ਹਥਿਆਰਬੰਦ ਇਨਕਲਾਬ ਰਾਹੀਂ ਹਿੰਦੋਸਤਾਨ ਵਿਚੋਂ ਸਾਮਰਾਜ ਦਾ ਖਾਤਮਾ ਕਰਕੇ ਸੰਪੂਰਨ ਆਜ਼ਾਦੀ ਅਤੇ ਸਾਂਝੀਵਾਲਤਾ ਵਾਲੇ ਸਮਾਜ ਦੀ ਸਿਰਜਣਾ ਕਰਨਾ ਸੀ। ਅਜਿਹੇ ਕਾਰਜ ਨੂੰ ਅੰਜ਼ਾਮ ਦੇਣ ਲਈ ਉਨ੍ਹਾਂ ਦੀਆਂ ਮੁੱਖ ਲੋੜਾਂ: ਹਥਿਆਰ, ਅਸਲਾ ਅਤੇ ਪੈਸਾ ਸੀ। ਇਸ ਉਦੇਸ਼ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਬਦੇਸ਼ਾਂ ਤੋਂ ਪਰਤਦਿਆਂ ਜਿਥੇ ਕਿਤੇ ਕਿਸੇ ਵੀ ਬੰਦਰਗਾਹ ਸਿੰਘਾਪੁਰ, ਹਾਂਗਕਾਂਗ, ਸ਼ੰਘਾਈ, ਫਿਲਪਾਇਨ ਆਦਿ 'ਤੇ ਮੌਕਾ ਮਿਲਿਆ, ਉਥੇ ਤਾਇਨਾਤ ਫੌਜਾ ਨੂੰ ਗ਼ਦਰ ਕਰਨ ਲਈ ਪ੍ਰੇਰਿਆ। ਭਾਰਤ ਆ ਕੇ ਵੀ ਗ਼ਦਰੀਆਂ ਨੇ ਵੱਖ ਵੱਖ ਫੌਜੀ ਛਾਉਣੀਆਂ ਵਿੱਚ ਜਾ ਕੇ ਫੌਜੀਆਂ ਤੋਂ ਹਥਿਆਰ ਪ੍ਰਾਪਤ ਕਰਨ ਅਤੇ ਬਗ਼ਾਵਤਾਂ ਕਰਨ ਲਈ ਪ੍ਰੇਰਿਆ।

ਇਸ ਪੁਸਤਕ ਵਿਚ ਦਰਜ ਵੱਖ-ਵੱਖ ਘਟਨਾਵਾਂ ਦੇ ਲੇਖਕਾਂ ਵਿਚੋਂ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਅਤੇ ਸ਼ਹੀਦ ਭਗਤ ਸਿੰਘ ਦੀ ਕਲਮ ਤੇ ਕੁਰਬਾਨੀ ਨੂੰ ਕੋਟ ਕੋਟ ਸਲਾਮ ਹੈ। ਗੁਰਚਰਨ ਸਿੰਘ ਸਹਿਸਰਾ ਦੀ ਕਲਮ ਤੋਂ ਲਿਖੀ ਗਈ ਪੁਸਤਕ 'ਗ਼ਦਰ ਪਾਰਟੀ ਦਾ ਇਤਿਹਾਸ' ਸਾਡੇ ਇਨਕਲਾਬੀ ਇਤਿਹਾਸ ਦਾ ਮੂਲ ਸੋਮਾ ਹੈ। ਡਾ. ਵਰਿਆਮ ਸਿੰਘ ਸੰਧੂ, ਡਾ. ਪ੍ਰਿਥਵੀਰਾਜ ਕਾਲੀਆ, ਚਰੰਜੀਲਾਲ ਕੰਗਣੀਵਾਲ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਕਾਮਰੇਡ ਗੁਰਮੀਤ, ਬੂਟਾ ਸਿੰਘ, ਸੀਤਾ ਰਾਮ ਬਾਂਸਲ, ਗੁਰਪ੍ਰੀਤ ਸਿੰਘ, ਡਾ. ਜਸਬੀਰ ਕੌਰ ਗਿੱਲ, ਪ੍ਰਿੰਸੀਪਲ ਸਰਵਣ ਸਿੰਘ, ਬਲਵਿੰਦਰ ਕੌਰ ਅਤੇ ਮਨਜੀਤ ਕੇਸਰ ਦੀਆਂ ਲਿਖਤਾਂ ਬਾਰੇ ਕੋਈ ਟਿੱਪਣੀ ਨਹੀਂ ਸਗੋਂ ਉਨ੍ਹਾਂ ਦੀਆਂ ਲਿਖਤਾਂ 'ਚੋਂ ਉਭਰਦੇ ਪ੍ਰਭਾਵ ਸੰਖੇਪ 'ਚ ਹੀ ਸਾਂਝੇ ਕੀਤੇ ਜਾ ਰਹੇ ਹਨ।

ਗ਼ਦਰ ਨੂੰ ਸਫ਼ਲ ਬਣਾਉਣ ਦੀ ਵਿਉਂਤਬੰਦੀ ਲਈ 12 ਫਰਵਰੀ 1915 ਨੂੰ ਬੰਗਾਲੀ ਕ੍ਰਾਂਤੀਕਾਰੀ ਰਾਸ ਬਿਹਾਰੀ ਬੋਸ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ 21 ਫਰਵਰੀ 1915 ਨੂੰ ਲਾਹੌਰ ਦੀਆਂ ਛਾਉਣੀਆਂ (ਮੀਆਂ ਮੀਰ ਛਾਉਣੀ) ਅਤੇ ਦੂਜੀ ਫ਼ਿਰੋਜ਼ਪੁਰ ਦੀ ਛਾਉਣੀ ਉਤੇ ਹਮਲਾ ਕੀਤਾ ਜਾਵੇ। ਇਨ੍ਹਾਂ ਮੀਟਿੰਗਾਂ ਵਿਚ ਗ਼ਦਰ ਪਾਰਟੀ ਦੀ ਰੂਹ-ਏ-ਰਵਾਂ ਅਤੇ ਬਾਬਿਆਂ ਵਲੋਂ 'ਬਾਲਾ ਜਰਨੈਲ' ਦਾ ਰੁਤਬਾ ਹਾਸਲ ਕਰਨ ਵਾਲੇ ਕਰਤਾਰ ਸਿੰਘ ਸਰਾਭਾ, ਨਿਧਾਨ ਸਿੰਘ ਚੁੱਘਾ, ਡਾ. ਮਥਰਾ ਸਿੰਘ, ਭਾਈ ਜਗਤ ਸਿੰਘ ਸੁਰ ਸਿੰਘ, ਭਾਈ ਪਰਮਾਨੰਦ ਝਾਂਸੀ, ਭਾਈ ਅਰਜਣ ਸਿੰਘ ਖੁਖਰਾਣਾ, ਭਾਈ ਗੁਰਮੁਖ ਸਿੰਘ ਲਲਤੋਂ, ਬਾਬਾ ਹਰਨਾਮ ਸਿੰਘ ਟੁੰਡੀਲਾਟ ਤੇ ਅਨੇਕਾਂ ਹੋਰ ਦੇਸ਼ ਭਗਤ ਸ਼ਾਮਲ ਹੋਏ।

ਅੱਜ ਤੋਂ ਸੌ ਵਰ੍ਹੇ ਪਹਿਲਾ ਜਿਥੇ ਬਦੇਸ਼ੀ ਧਰਤੀ 'ਤੇ ਹਿੰਦੋਸਤਾਨੀਆਂ ਨੇ ਗ਼ਦਰ ਲਹਿਰ ਦਾ ਮੁੱਢ ਬੰਨਿਆ ਸੀ, ਉਥੇ ਕਨੇਡਾ ਦੀ ਧਰਤੀ 'ਤੇ 11 ਜਨਵਰੀ 1915 ਨੂੰ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦਾਂ ਦੀ ਪਹਿਲੀ ਕਤਾਰ 'ਚ ਖੜ੍ਹਨ ਵਾਲਾ ਭਾਈ ਮੇਵਾ ਸਿੰਘ ਲੋਪੋਕੇ ਹੈ। ਜਿਸ ਨੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦੇ ਨਾਲ ਵਧੀਕੀ ਕਰਨ ਵਾਲੇ ਸੀ.ਆਈ.ਡੀ. ਦੇ ਅਫ਼ਸਰ ਹਾਪਕਿਨਸਨ ਨੂੰ ਗੱਦਾਰ ਬੇਲਾ ਸਿੰਘ ਨੂੰ ਬਚਾਉਣ ਲਈ ਗਵਾਹ ਬਣ ਕੇ ਭੁਗਤਣ ਸਮੇਂ ਕਚਿਹਰੀ 'ਚ ਦਿਨ-ਦਿਹਾੜੇ ਆਪਣੀ ਗੋਲੀ ਦਾ ਨਿਸ਼ਾਨਾ ਬਣਾਇਆ ਸੀ।

ਇਸੇ ਸਾਲ ਬਦੇਸ਼ਾਂ ਤੋਂ ਪਰਤੇ ਦੇਸ਼ ਭਗਤਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਵੱਖ-ਵੱਖ ਮੁਕੱਦਮੇ ਚਲਾਏ। ਇਨ੍ਹਾਂ ਮੁਕੱਦਮਿਆਂ ਵਿਚੋਂ ਪਹਿਲਾ ਲਾਹੌਰ ਸਾਜ਼ਿਸ਼ ਕੇਸ 26 ਅਪ੍ਰੈਲ 1915 ਨੂੰ 65 ਗ਼ਦਰੀਆਂ 'ਤੇ ਬਾਦਸ਼ਾਹ ਦੇ ਵਿਰੁੱਧ ਬਗ਼ਾਵਤ ਕਰਨ ਦੇ ਦੋਸ਼ ਤਹਿਤ ਚਲਾਇਆ ਗਿਆ। ਇਨ੍ਹਾਂ ਵਿਚੋਂ 24 ਨੂੰ ਫਾਂਸੀ ਦਾ ਹੁਕਮ ਅਤੇ ਬਾਕੀਆਂ ਨੂੰ ਉਮਰ ਕੈਦ ਅਤੇ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਫਾਂਸੀ ਲੱਗਣ ਵਾਲੇ ਦਿਨ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਸੋਹਣ ਸਿੰਘ ਭਕਨਾ ਸਮੇਤ 17 ਦੀ ਫਾਂਸੀ ਉਮਰ ਕੈਦ ਵਿੱਚ ਬਦਲ ਦਿੱਤੀ ਅਤੇ ਬਾਕੀ 7 ਨੂੰ ਫਾਂਸੀ ਦੇ ਦਿੱਤੀ। ਬਾਬਾ ਸੋਹਣ ਸਿੰਘ ਭਕਨਾ ਲਿਖਦੇ ਹਨ:

ਅੱਜ ਮੇਰੀਆਂ ਅੱਖਾਂ ਸਾਹਮਣੇ 16 ਨਵੰਬਰ, 1915 ਦਾ ਉਹ ਦਿਨ ਆ ਰਿਹਾ ਹੈ, ਜਿਸ ਦਿਨ ਮੇਰੇ ਸੱਤ ਸਾਥੀਆਂ (ਸਰਦਾਰ ਕਰਤਾਰ ਸਿੰਘ ਸਰਾਭਾ, ਭਾਈ ਬਖਸ਼ੀਸ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ, ਭਾਈ ਹਰਨਾਮ ਸਿੰਘ, ਸ੍ਰੀ ਵਿਸ਼ਣੂ ਗਣੇਸ਼ ਪਿੰਗਲੇ ਅਤੇ ਭਾਈ ਜਗਤ ਸਿੰਘ) ਨੇ ਹੱਸਦਿਆਂ ਹੱਸਦਿਆਂ ਫਾਂਸੀ ਦੇ ਰੱਸੇ ਗਲ਼ਾਂ ਵਿਚ ਪਾਏ। ਆਖ਼ਰੀ ਸਮੇਂ ਫਾਂਸੀ ਦੇ ਤਖ਼ਤੇ ਉੱਤੇ ਖੜ੍ਹੇ ਹੋ ਕੇ ਆਪਣੀ ਮਾਤ ਭੂਮੀ ਨੂੰ ਸੁਨੇਹਾ ਦਿੱਤਾ,"ਐ ਭਾਰਤ ਮਾਤਾ ਅਸੀਂ ਤੇਰੀਆਂ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜ ਨਹੀਂ ਸਕੇ। ਜੇ ਸਾਡੇ ਵਿਚੋਂ ਇਕ ਵੀ ਸਾਥੀ ਜੀਉਂਦਾ ਰਿਹਾ ਤਾਂ ਆਖਰੀ ਦਮ ਤੱਕ ਆਪਣੀ ਮਾਤਰ ਭੂਮੀ ਅਤੇ ਜਨਤਾ ਦੀ ਆਜ਼ਾਦੀ ਅਤੇ ਬਰਾਬਰੀ ਲਈ ਲੜਦਾ ਰਹੇਗਾ। ਹਰ ਤਰ੍ਹਾਂ ਦੀ ਗੁਲਾਮੀ, ਕੀ ਆਰਥਿਕ ਕੀ ਰਾਜਨੀਤਕ ਅਤੇ ਕੀ ਸਮਾਜਿਕ, ਨੂੰ ਦੇਸ਼ ਅਤੇ ਮਨੁੱਖੀ ਸਮਾਜ ਤੋਂ ਮਿਟਾਉਣ ਦੀ ਕੋਸ਼ਿਸ਼ ਕਰੇਗਾ।"

ਸੂਫੀ ਅੰਬਾ ਪ੍ਰਸਾਦ ਮਹਾਨ ਦੇਸ਼ ਭਗਤ, ਸੂਫ਼ੀ ਸ਼ਾਇਰ, ਲੇਖਕ, ਅਲੋਚਕ ਤੇ ਪੱਤਰਕਾਰ ਵਜੋਂ ਜਾਣੇ ਜਾਂਦੇ ਹਨ। ਇਨ੍ਹਾਂ ਦੀ ਜੰਮਣ ਭੋਇ ਮੁਰਾਦਾਬਾਦ ਹੈ, ਵਿੱਦਿਆ ਮੁਰਾਦਾਬਾਦ, ਬਰੇਲੀ ਤੇ ਜਲੰਧਰ ਤੋਂ ਪ੍ਰਾਪਤ ਕੀਤੀ। ਇਨ੍ਹਾਂ ਦੀਆਂ ਕ੍ਰਾਂਤੀਕਾਰ ਸਰਗਰਮੀਆਂ ਦਾ ਕਾਰਜ ਖੇਤਰ ਸਮੁੱਚਾ ਭਾਰਤ ਹੈ। ਮੁੱਢਲੇ ਪੜਾਅ ਤੇ ਇਨ੍ਹਾਂ ਨੇ ਬਿਪਨ ਚੰਦਰ ਤੇ ਲਾਲਾ ਹਰਦਿਆਲ ਨਾਲ ਰਲਕੇ ਕ੍ਰਾਂਤੀਕਾਰੀ ਸਰਗਰਮੀਆਂ ਵਿਚ ਹਿਸਾ ਲਿਆ। 1890 ਵਿਚ ਮੁਰਾਦਾਬਾਦ ਵਿਚ ਜਾਮਉਲ ਇਲੂਕ ਨਾਮਕ ਉਰਦੂ ਰਸਾਲਾ, 1909 ਵਿਚ ਪੇਸ਼ਵਾ ਅਖ਼ਬਾਰ, ਆਬੇ ਹਾਯਾਤ ਨਾਮਕ ਅਖ਼ਬਾਰ ਅਤੇ 'ਬਾਗ਼ੀ ਮਸੀਹ' ਨਾਮਕ ਪੁਸਤਕ ਛਪਵਾਈ। ਇਹਨਾਂ ਦੀਆਂ ਲਿਖਤਾਂ 'ਚੋਂ ਜੋਸ਼ੀਲੇ, ਭੜਕਾਊ ਅਤੇ ਕ੍ਰਾਂਤੀਕਾਰੀ ਭਾਵਨਾਵਾਂ ਦਾ ਪ੍ਰਗਟਾਵਾ ਹੋਣ ਕਾਰਨ ਪੁਸਤਕ ਜ਼ਬਤ ਕਰ ਲਈ ਗਈ। ਵੱਖ-ਵੱਖ ਦੋਸ਼ਾਂ ਤਹਿਤ 1897 ਵਿਚ ਡੇਢ ਸਾਲ ਸਜ਼ਾ, 1901 ਤੋਂ 1906 ਤੱਕ, 3 ਸਾਲ, 2 ਸਾਲ, 6 ਮਹੀਨੇ ਦੀ ਸਜ਼ਾ ਤੇ 10000/- ਦਾ ਜੁਰਮਾਨਾ ਵੀ ਹੋਇਆ। ਰਿਹਾਅ ਹੁੰਦਿਆਂ ਹੀ ਸਰਦਾਰ ਅਜੀਤ ਸਿੰਘ ਵਲੋਂ ਚਲਾਏ ਪੱਗੜੀ ਸੰਭਾਲ ਜੱਟਾ (ਕਿਸਾਨ ਅੰਦੋਲਨ) ਅੰਦੋਲਨ ਵਿਚ ਕੁੱਦ ਪਏ। ਪੰਜਾਬ 'ਚ ਪੁਲਿਸ ਇਨ੍ਹਾਂ ਦਾ ਪਿੱਛਾ ਕਰ ਰਹੀ ਸੀ ਤੇ ਈਰਾਨ ਚਲੇ ਗਏ। ਉਥੇ ਨੈਸ਼ਨਲ ਮੂਵਮੈਂਟ ਵਿਚ ਹਿਸਾ ਲੈਣ ਦੇ ਦੋਸ਼ ਵਿਚ ਗ੍ਰਿਫ਼ਤਾਰ

ਕਰਕੇ ਸੀਰਾਜ਼ ਜੇਲ੍ਹ ਵਿਚ ਕੈਦ ਕਰ ਦਿੱਤਾ ਗਿਆ। ਇਸੇ ਦੋਸ਼ 'ਚ ਜ਼ਾਇਦਾਦ ਜ਼ਬਤ ਕਰਨ ਤੇ ਮੌਤ ਦੀ ਸਜ਼ਾ ਹੋਈ। ਫਰਵਰੀ 1915 ਨੂੰ ਫਾਂਸੀ ਦੇ ਤਖ਼ਤੇ 'ਤੇ ਲਟਕਾਏ ਜਾਣ ਤੋਂ ਪਹਿਲਾ ਹੀ ਜੇਲ੍ਹ ਦੀ ਬੈਰਕ ਵਿਚ ਸਮਾਧੀ ਲਾ ਕੇ ਪ੍ਰਾਣ ਤਿਆਗ ਦਿੱਤੇ।

ਹਿੰਦੋਸਤਾਨ ਦੀ ਧਰਤੀ 'ਤੇ ਫ਼ਾਂਸੀ ਦੇ ਤਖ਼ਤੇ 'ਤੇ ਚੜ੍ਹਣ ਦੀ ਪਹਿਲਕਦਮੀ ਕਰਨ ਵਾਲੇ 7 ਸ਼ਹੀਦਾਂ ਦੀ ਸ਼ਤਾਬਦੀ ਦਾ ਵਰ੍ਹਾ ਹੈ। ਗ਼ਦਰੀਆਂ ਦਾ ਇਕ ਟੋਲਾ ਮਿਥੀ ਤਾਰੀਕ 'ਤੇ ਫਿਰੋਜ਼ਪੁਰ ਛਾਉਣੀ ਉਤੇ ਹਮਲਾ ਕਰਨ ਚਲੇ ਗਏ ਪਰ ਮੁਖ਼ਬਰ ਦੇ ਇਤਲਾਹ ਦੇਣ ਕਾਰਨ ਹਕੂਮਤ ਚੌਕਸ ਹੋ ਗਈ ਸੀ ਤੇ ਹਮਲਾ ਮੁਲਤਵੀ ਕਰਕੇ ਗ਼ਦਰੀ ਵਾਪਸ ਆਪਣੇ ਟਿਕਾਣਿਆਂ ਨੂੰ ਚਲੇ ਗਏ। ਗ਼ਦਰੀਆਂ ਦੇ ਇਕ ਗਰੁੱਪ ਨੂੰ ਫੇਰੂ ਸ਼ਹਿਰ ਦੇ ਲਾਗੇ ਮਿਸ਼ਰੀਵਾਲੇ ਪੁੱਲ ਨੇੜੇ ਖ਼ੁਲਸ ਨੇ ਰੋਕ ਲਿਆ। ਤਲਾਸ਼ੀ ਲੈਣ ਵੇਲੇ ਆਪਸੀ ਤਕਰਾਰ ਹੋਇਆ ਤੇ ਮੁਕਾਬਲਾ ਹੋ ਗਿਆ। ਮੁਕਾਬਲੇ ਵਿਚ ਭਾਈ ਚੰਦਾ ਸਿੰਘ ਵੜੈਚ ਅਤੇ ਭਾਈ ਧਿਆਨ ਸਿੰਘ ਬੰਗਸੀਪੁਰਾ ਮੌਕੇ 'ਤੇ ਸ਼ਹੀਦ ਹੋ ਗਏ। ਸੱਤਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਜਿਸ ਵਿੱਚ ਰਹਿਮਤ ਅਲੀ ਵਜ਼ੀਦਕੇ, ਲਾਲ ਸਿੰਘ ਸਾਹਿਬਆਣਾ, ਜੀਵਨ ਸਿੰਘ ਦੌਲੇਵਾਲਾ, ਜਗਤ ਸਿੰਘ ਬਿੰਝਲ, ਪੰਡਿਤ ਕਾਂਸ਼ੀ ਰਾਮ ਮੜੌਲੀ, ਬਖ਼ਸ਼ੀਸ ਸਿੰਘ ਖਾਨਪੁਰ, ਧਿਆਨ ਸਿੰਘ ਉਮਰਪੁਰਾ ਸ਼ਾਮਿਲ ਹਨ।

ਇਸੇ ਸਾਲ 12 ਨੰਬਰ ਰਸਾਲੇ ਦੀ ਮੇਰਠ ਛਾਉਣੀ ਵਿੱਚ ਫੌਜੀ ਬਗ਼ਾਵਤ ਹੋਈ। ਇਨ੍ਹਾਂ ਫੌਜੀ ਛਾਉਣੀਆਂ ਵਿੱਚ ਕਰਤਾਰ ਸਿੰਘ ਸਰਾਭਾ ਦਿਨ-ਦਿਹਾੜੇ ਖ਼ੁਦ ਜਾ ਕੇ ਫੌਜਾਂ ਨੂੰ ਗ਼ਦਰ ਕਰਨ ਲਈ ਤਿਆਰ ਕਰਦਾ ਸੀ ਅਤੇ ਬਾਅਦ ਵਿੱਚ ਇਹ ਜ਼ਿੰਮੇਵਾਰੀ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਸੌਂਪ ਦਿੱਤੀ ਗਈ। ਅਫ਼ਸੋਸ! ਇਹ ਫੌਜੀ ਤਾਂ ਦੇਸ਼ ਦੀ ਖਾਤਰ ਸ਼ਹੀਦ ਹੋ ਗਏ ਪਰ ਅਜੇ ਤੱਕ ਇਨ੍ਹਾਂ ਫੌਜੀ ਸ਼ਹੀਦਾਂ ਦੇ ਸਰਨਾਵੇਂ ਉਪਲੱਬਧ ਨਹੀਂ ਹਨ।

ਗ਼ਦਰੀਆਂ ਵਲੋਂ ਮੀਆਂ ਮੀਰ ਛਾਉਣੀ 'ਤੇ ਹਮਲਾ ਕਰਨ ਦੀ ਸੂਹ ਅੰਗਰੇਜ਼ੀ ਹਕੂਮਤ ਨੂੰ ਪਹਿਲਾ ਹੀ ਮਿਲ ਗਈ ਸੀ। ਫੌਜੀਆਂ ਨੂੰ ਬੇਹਥਿਆਰੇ ਕਰਕੇ ਲਾਈਨ ਹਾਜ਼ਰ ਕਰ ਲਿਆ ਗਿਆ ਪਰ ਭੇਦ ਨਾ ਖੁਲ੍ਹਿਆ ਤੇ ਰਸਾਲੇ ਨੂੰ ਵਿਸ਼ਵ ਜੰਗ 'ਚ ਹਿੱਸਾ ਲੈਣ ਲਈ ਭੇਜ ਦਿੱਤਾ ਗਿਆ। ਭੇਦ ਉਦੋਂ ਖੁੱਲਿਆ ਜਦੋਂ ਸਿਪਾਹੀ ਵਿਸਾਵਾ ਸਿੰਘ ਦਾ ਬਕਸਾ ਡਿੱਗਣ ਨਾਲ ਬੰਬ ਚੱਲ ਗਿਆ। ਇਸ ਸਾਜ਼ਿਸ਼ ਵਿਚ ਅੰਗਰੇਜ਼ ਹਕੂਮਤ ਨੇ 18 ਫੌਜੀਆਂ ਨੂੰ ਗ੍ਰਿਫ਼ਤਾਰ ਕਰਕੇ ਡਿਗਸ਼ਈ ਜੇਲ੍ਹ ਭੇਜ ਦਿੱਤਾ, ਜਿਥੇ ਉਨ੍ਹਾਂ ਦਾ ਕੋਰਟ ਮਾਰਸ਼ਲ ਕਰਕੇ 12 ਫੌਜੀਆਂ ਨੂੰ 3 ਸਤੰਬਰ 1915 ਨੂੰ ਅੰਬਾਲਾ ਜੇਲ੍ਹ ਵਿਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ।

ਸਾਂਨਫਰਾਂਸਿਸਕੋ ਤੋਂ ਭਾਰਤ ਲਈ ਰਵਾਨਾ ਹੋਣ ਵਾਲੇ ਕ੍ਰਾਂਤੀਕਾਰੀਆਂ ਦੇ ਪਹਿਲੇ ਗਰੁੱਪ ਵਿਚ ਅਰਜਣ ਸਿੰਘ ਖੁਖਰਾਣਾ ਵੀ ਸ਼ਾਮਲ ਸੀ। ਇਹ ਉਨ੍ਹਾਂ ਚੋਣਵੇਂ ਗ਼ਦਰੀਆਂ ਵਿਚੋਂ ਸੀ ਜੋ ਪ੍ਰਣ ਕਰਕੇ ਆਏ ਸਨ ਕਿ ਅਸੀਂ ਉਨੀ ਦੇਰ ਆਪਣੇ ਪਿੰਡ ਵਾਪਸ ਨਹੀਂ ਜਾਵਾਂਗੇ ਜਿੰਨੀ ਦੇਰ ਦੇਸ਼ ਆਜ਼ਾਦ ਨਹੀਂ ਹੋ ਜਾਂਦਾ। ਉਹ ਪੈਸੇ ਤੇ ਹਥਿਆਰ ਇਕੱਠੇ ਕਰਨ ਲਈ ਡਾਕੇ ਮਾਰਨ ਵਾਲੀ ਟੋਲੀ ਅਤੇ ਬੰਬ ਬਣਾਉਣ ਵਾਲੇ ਗਰੁੱਪ ਵਿਚ ਸ਼ਾਮਲ ਸੀ। 20 ਫਰਵਰੀ 1915 ਨੂੰ ਭਾਈ ਅਰਜਣ ਸਿੰਘ ਖੁਖਰਾਣਾ, ਭਾਈ ਹਰਨਾਮ ਸਿੰਘ ਸਿਆਲਕੋਟੀ ਤੇ ਭਾਈ ਬੰਤਾ ਸਿੰਘ ਸੰਘਵਾਲ ਅਨਾਰਕਲੀ ਬਾਜ਼ਾਰ (ਲਾਹੌਰ) ਵਿਚੋਂ ਦੀ ਜਾ ਰਹੇ ਸਨ ਤਾਂ ਪੁਲਿਸ ਨੇ ਤਲਾਸ਼ੀ ਲੈਣ ਲਈ ਰੋਕ ਲਿਆ ਤਾਂ ਅਰਜਣ ਸਿੰਘ ਖੁਖਰਾਣਾ ਨੇ ਆਪਣੇ ਕੰਬਲ ਦੀ ਬੁੱਕਲ ਵਿਚੋਂ ਪਿਸਤੌਲ ਕੱਢ ਕੇ ਗੋਲੀ ਚਲਾ ਦਿੱਤੀ ਤੇ ਉਹ ਜ਼ਖਮੀ ਹੋ ਗਿਆ। ਦੂਜੀ ਗੋਲੀ ਹਵਾਲਦਾਰ ਮੁਹਸਮ ਅਲੀ ਸ਼ਾਹ

ਨੂੰ ਮਾਰੀ ਤੇ ਉਹ ਮਰ ਗਿਆ। ਤਿੰਨੇ ਕ੍ਰਾਂਤੀਕਾਰੀ ਉਥੋਂ ਤਾਂ ਬਚ ਨਿਕਲੇ ਪਰ ਭਾਈ ਅਰਜਣ ਸਿੰਘ ਖੁਖਰਾਣਾ ਫੜਿਆ ਗਿਆ ਤੇ ਬਾਅਦ ਵਿਚ 'ਅਨਾਰਕਲੀ ਕੇਸ' ਵਿਚ 20 ਅਪ੍ਰੈਲ 1915 ਨੂੰ ਲਾਹੌਰ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਭਾਰਤ ਦੇ ਪੰਜਾਬੀ ਕ੍ਰਾਂਤੀਕਾਰੀ ਲਾਲਾ ਹਰਦਿਆਲ ਤੇ ਬੰਗਾਲੀ ਕ੍ਰਾਂਤੀਕਾਰੀ ਰਾਸ ਬਿਹਾਰੀ ਬੋਸ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਦਿੱਲੀ 'ਚ ਕੁਝ ਹੋਰ ਸਾਥੀਆਂ ਨੂੰ ਬੁਲਾ ਕੇ ਮੀਟਿੰਗ ਵਿਚ ਫੈਸਲਾ ਕੀਤਾ ਕਿ ਬ੍ਰਿਟਿਸ਼ ਹਕੂਮਤ ਦੇ ਵਿਰੋਧ 'ਚ ਆਵਾਜ਼ ਬੁਲੰਦ ਕਰਕੇ ਸਾਰੇ ਰਾਸ਼ਟਰ ਦਾ ਧਿਆਨ ਇਸ ਪਾਸੇ ਦੁਆਇਆ ਜਾਵੇ। 23 ਦਸੰਬਰ 1912 ਨੂੰ ਬ੍ਰਿਟਿਸ਼ ਹਕੂਮਤ ਦੇ ਪ੍ਰਤੀਨਿਧ ਵਾਇਸਰਾਏ ਲਾਰਡ ਹਾਰਡਿੰਗ ਤੇ ਲੇਡੀ ਹਾਰਡਿੰਗ ਆਪਣੀ ਰਾਜਸੱਤਾ ਦਾ ਲੋਕਾਂ 'ਤੇ ਪ੍ਰਭਾਵ ਪਾਉਣ ਲਈ ਪੂਰੀ ਸ਼ਾਨੋ-ਸ਼ੌਕਤ ਨਾਲ ਹਾਥੀ 'ਤੇ ਬੈਠ ਕੇ ਭਾਰਤ ਦੀ ਰਾਜਧਾਨੀ ਦਿੱਲੀ ਦੇ ਚਾਂਦਨੀ ਚੌਂਕ ਵਿਚੋਂ ਲੰਘ ਰਹੇ ਸਨ ਤਾਂ ਮਿਥੀ ਯੋਜਨਾ ਅਨੁਸਾਰ ਬਸੰਤ ਕੁਮਾਰ ਵਿਸਵਾਸ ਨੇ ਔਰਤਾਂ ਵਾਲਾ ਪਹਿਰਾਵਾ ਪਾ ਕੇ ਫੁੱਲਾਂ ਦੀ ਟੋਕਰੀ ਹੇਠ ਬੰਬ ਲੁਕਾ ਕੇ ਖੜਾ ਸੀ, ਨੇੜੇ ਆਉਣ 'ਤੇ ਬੰਬ ਸੁੱਟ ਦਿੱਤਾ। ਮੁਹਾਵਤ ਮੌਕੇ 'ਤੇ ਮਾਰਿਆ ਗਿਆ ਤੇ ਵਾਇਸਰਾਏ ਜ਼ਖ਼ਮੀ ਹੋ ਗਿਆ। ਮੌਕੇ 'ਤੇ ਕੋਈ ਵੀ ਫੜਿਆ ਨਾ ਗਿਆ। ਬਾਅਦ ਵਿਚ ਬਦੇਸ਼ਾਂ ਤੋਂ ਆਉਂਦੀ ਡਾਕ ਦੀ ਪੁੱਣ-ਛਾਣ ਤੋਂ ਮਿਲੇ ਕੁਝ ਸਬੂਤਾਂ ਦੇ ਆਧਾਰ 'ਤੇ ਕੁਝ ਕ੍ਰਾਂਤੀਕਾਰੀਆਂ ਨੂੰ ਗ੍ਰਿਫ਼ਤਾਰ ਕਰਕੇ ਕੇਸ ਚਲਾ ਦਿੱਤਾ ਗਿਆ। ਕੇਸ ਦੇ ਫੈਸਲੇ ਮੁਤਾਬਕ 3 ਨੂੰ ਫ਼ਾਂਸੀ ਅਤੇ 2 ਨੂੰ ਉਮਰ ਕੈਦ ਦੀ ਸਜ਼ਾ ਹੋਈ। ਇਸ ਫੈਸਲੇ ਵਿਰੁੱਧ ਭਾਰਤ ਸਰਕਾਰ ਨੇ ਹਾਈ ਕੋਰਟ ਵਿਚ ਅਪੀਲ ਕਰ ਦਿੱਤੀ ਕਿ ਇਨ੍ਹਾਂ ਦੋਵਾਂ ਨੂੰ ਵੀ ਫਾਂਸੀ ਹੋਣੀ ਚਾਹੀਦੀ ਹੈ। ਫੈਸਲੇ ਦੀ ਪੁਸ਼ਟੀ ਹੋਣ 'ਤੇ ਮਾਸਟਰ ਅਮੀਰ ਚੰਦ, ਭਾਈ ਲਾਲ ਮੁਕੰਦ ਅਤੇ ਅਵਧ ਬਿਹਾਰੀ ਨੂੰ 8 ਮਈ 1915 ਨੂੰ ਦਿੱਲੀ ਜੇਲ੍ਹ 'ਚ ਅਤੇ ਬਸੰਤ ਕੁਮਾਰ ਨੂੰ ਅੰਬਾਲਾ ਜੇਲ੍ਹ 'ਚ 10 ਮਈ 1915 ਨੂੰ ਫ਼ਾਂਸੀ ਦੇ ਦਿੱਤੀ ਗਈ।

ਭਾਈ ਬੰਤਾ ਸਿੰਘ ਸੰਘਵਾਲ 1913 ਦੇ ਅਖੀਰ ਵਿਚ ਹੀ ਦੇਸ਼ ਨੂੰ ਵਾਪਸ ਆ ਗਏ। ਸੰਘਵਾਲ ਵਿਖੇ ਇਨ੍ਹਾਂ ਦਾ ਘਰ ਗ਼ਦਰੀਆਂ ਦਾ ਅੱਡਾ ਸੀ। ਇਨ੍ਹਾਂ ਨੇ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਗ਼ਦਰ ਕਰਨ ਲਈ ਪ੍ਰੇਰਿਆ ਅਤੇ ਡਾਕੇ ਮਾਰ ਕੇ ਪੈਸਾ ਤੇ ਹਥਿਆਰ ਇਕੱਠੇ ਕਰਨ ਲਈ ਮੋਹਰੀ ਵਾਲੀ ਭੂਮਿਕਾ ਨਿਭਾਈ। ਚੱਬੇ ਦੇ ਡਾਕੇ ਤੋਂ ਪੈਦਲ ਟੋਇਆਂ ਟਿੱਬਿਆਂ ਤੇ ਵਾਣਾ ਦਾ ਲੰਮਾ ਪੈਂਡਾ ਤਹਿ ਕਰਦਿਆਂ ਪੈਰਾਂ ਵਿਚ ਛਾਲੇ ਪੈ ਗਏ। ਇਲਾਜ ਕਰਾਉਣ ਦੇ ਬਹਾਨੇ ਰਿਸ਼ਤੇਦਾਰ ਪ੍ਰਤਾਪ ਸਿੰਘ ਆਪਣੇ ਪਿੰਡ ਜੌੜੇ ਲੈ ਗਿਆ। ਇਸ ਸੂਰਮੇ ਨੂੰ ਡਾਕੇ ਮਾਰਨ ਦੌਰਾਨ ਪੁਲਸ ਤਾਂ ਗ੍ਰਿਫ਼ਤਾਰ ਨਾ ਕਰ ਸਕੀ ਪਰ ਇਨ੍ਹਾਂ ਦੇ ਨੇੜਲੇ ਰਿਸ਼ਤੇਦਾਰ ਪ੍ਰਤਾਪ ਸਿੰਘ ਨੇ ਪੈਸਿਆਂ ਤੇ ਮੁਰੱਬਿਆਂ ਦੇ ਲਾਲਚ ਖਾਤਰ ਆਪਣੇ ਘਰੋਂ ਗ੍ਰਿਫ਼ਤਾਰ ਕਰਵਾ ਦਿੱਤਾ।

ਅੰਮ੍ਰਿਤਸਰ ਜ਼ਿਲੇ ਦੇ ਪਿੰਡ ਵੱਲਾ ਦੇ ਲਾਗੇ ਨਹਿਰ ਦੇ ਪੁੱਲ ਉੱਤੇ ਹਥਿਆਰ ਇਕੱਠੇ ਕੀਤੇ ਜਾਣ ਦੇ ਉਦੇਸ਼ ਨਾਲ ਪੁੱਲ ਉਤੇ ਲਗੀ ਫੌਜੀਆਂ ਦੀ ਗਾਰਦ ਉਤੇ ਗ਼ਦਰੀਆਂ ਦੇ ਟੋਲੇ ਨੇ ਹਮਲਾ ਕਰਕੇ ਹਥਿਆਰ ਖੋਹ ਲਏ ਗਏ ਪਰ ਪੁਲਿਸ ਨੇ ਗ਼ਦਰੀਆਂ ਨੂੰ ਘੇਰ ਲਿਆ ਅਤੇ ਘੇਰੇ ਹੋਏ ਗ਼ਦਰੀਆਂ ਨੂੰ ਵੱਲਾ ਪੁਲ ਦਾ ਕੇਸ ਬਣਾ ਕੇ 9 ਅਗਸਤ 1915 ਨੂੰ ਭਾਈ ਚੰਨਣ ਸਿੰਘ, ਭਾਈ ਕਾਲਾ ਸਿੰਘ, ਭਾਈ ਹਰਨਾਮ ਸਿੰਘ, ਭਾਈ ਆਤਮਾ ਸਿੰਘ ਅਤੇ 12 ਅਗਸਤ 1915 ਨੂੰ ਬੰਤਾ ਸਿੰਘ ਸੰਘਵਾਲ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਇਸੇ ਵਰ੍ਹੇ ਸਿੰਘਾਪੁਰ ਦੀ ਬਗ਼ਾਵਤ ਹੋਈ, ਜਿਸ ਵਿੱਚ 5ਵੀਂ ਲਾਇਟ ਪਲਟਨ ਤੇ ਮਲਾਇਆ ਰਿਆਸਤ ਗਾਈਡ ਦੇ ਫੌਜੀ ਸ਼ਾਮਿਲ ਸਨ, ਜਿਨ੍ਹਾਂ ਨੇ ਬਗ਼ਾਵਤ ਵਿੱਚ ਹਿਸਾ

ਲਿਆ ਸੀ। ਫੜੇ ਗਏ ਫੌਜੀਆਂ ਵਿੱਚੋਂ ਤਿੰਨਾਂ ਨੂੰ ਫਾਂਸੀ ਅਤੇ 41 ਨੂੰ ਇਕ ਲਾਈਨ ਵਿੱਚ ਖੜ੍ਹੇ ਕਰਕੇ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ ਗਿਆ। ਹਕੂਮਤ ਅਜਿਹਾ ਘਨੌਣਾ ਕਾਰਾ ਕਰਕੇ ਲੋਕਾਂ ਵਿੱਚ ਦਹਿਸ਼ਤ ਫੈਲਾਉਣਾ ਚਾਹੁੰਦੀ ਸੀ ਤਾਂਕਿ ਭਵਿੱਖ ਵਿੱਚ ਗ਼ਦਰੀ ਡਰ ਕੇ ਅਜਿਹੀਆਂ ਬਗ਼ਾਵਤਾਂ ਕਰਨ-ਕਰਾਉਣੋਂ ਹੱਟ ਜਾਣਗੇ। ਇਸੇ ਸਾਲ 12 ਨੰਬਰ ਰਸਾਲੇ ਦੀ ਮੇਰਠ ਛਾਉਣੀ ਵਿੱਚ ਫੌਜੀ ਬਗ਼ਾਵਤ ਹੋਈ। ਇਨ੍ਹਾਂ ਫੌਜੀ ਛਾਉਣੀਆਂ ਵਿੱਚ ਕਰਤਾਰ ਸਿੰਘ ਸਰਾਭਾ ਦਿਨ-ਦਿਹਾੜੇ ਖੁਦ ਜਾ ਕੇ ਫੌਜਾਂ ਨੂੰ ਗ਼ਦਰ ਕਰਨ ਲਈ ਤਿਆਰ ਕਰਦਾ ਸੀ ਅਤੇ ਬਾਅਦ ਵਿੱਚ ਇਹ ਜ਼ਿੰਮੇਵਾਰੀ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਸੌਂਪ ਦਿੱਤੀ ਗਈ। ਅਫ਼ਸੋਸ! ਇਹ ਫੌਜੀ ਤਾਂ ਦੇਸ਼ ਦੀ ਖਾਤਰ ਸ਼ਹੀਦ ਹੋ ਗਏ ਪਰ ਅਜੇ ਤੱਕ ਇਨ੍ਹਾਂ ਫੌਜੀ ਸ਼ਹੀਦਾਂ ਦੇ ਸਰਨਾਵੇਂ ਉਪਲੱਬਧ ਨਹੀਂ ਹਨ। ਜੋ ਇਤਿਹਾਸਕਾਰਾਂ ਤੋਂ ਖੋਜ਼ ਦੀ ਮੰਗ ਕਰਦੇ ਹਨ।

ਅਮਰੀਕਾ ਤੋਂ ਹਿੰਦੋਸਤਾਨ ਪਰਤੇ ਗ਼ਦਰੀਆਂ 'ਚੋਂ ਵਿਸ਼ਨੂੰ ਗਣੇਸ਼ ਪਿੰਗਲੇ ਨੇ ਬੰਗਾਲੀ ਅਤੇ ਪੰਜਾਬੀ ਕ੍ਰਾਂਤੀਕਾਰੀਆਂ ਦਾ ਆਪਸੀ ਤਾਲਮੇਲ ਕਰਵਾਇਆ ਅਤੇ ਗ਼ਦਰ ਦਾ ਪ੍ਰੋਗਰਾਮ ਉਲੀਕਿਆ ਸੀ। ਬੰਗਾਲ 'ਚ ਇਨਕਲਾਬੀ ਸਰਗਰਮੀਆਂ ਕਰਨ ਵਾਲੇ ਗਰੁੱਪ ਨੂੰ ਯੁਗਾਂਤਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਜਿਸ ਦਾ ਮੋਢੀ ਆਗੂ ਜਤਿੰਦਰ ਨਾਥ ਮੁਖਰਜੀ ਸੀ। ਉਸ ਨੇ ਹਿੰਮਤ ਤੇ ਦਲੇਰੀ ਕਰਕੇ ਯੁਗਾਂਤਰ ਅਖ਼ਬਾਰ ਅਤੇ ਇਕ ਬੰਬ ਫੈਕਟਰੀ ਵੀ ਸ਼ੁਰੂ ਕੀਤੀ। ਉਥੋਂ ਦੇ ਸ਼ਹਿਨਸ਼ਾਹ ਵਿਰੁੱਧ ਜੰਗ ਛੇੜਨ ਅਤੇ ਹਿੰਦੋਸਤਾਨੀ ਸਿਪਾਹੀਆਂ ਨੂੰ ਹਕੂਮਤ ਵਿਰੁੱਧ ਭੜਕਾਉਣ ਦਾ ਦੋਸ਼ ਲਾ ਕੇ 'ਹਾਵੜਾ ਸਾਜ਼ਿਸ਼ ਕੇਸ' ਅਧੀਨ ਮੁਖਰਜੀ ਨੂੰ ਸਾਥੀਆਂ ਸਮੇਤ ਗ੍ਰਿਫ਼ਤਾਰ ਕਰਕੇ ਇਕ ਮੁਕੱਦਮਾ ਚਲਾਇਆ ਤੇ ਇਕ ਸਾਲ ਦੀ ਸਜ਼ਾ ਹੋ ਗਈ। ਰਿਹਾਅ ਹੋਣ ਤੋਂ ਬਾਦ ਉਨ੍ਹਾਂ ਦੀਆਂ ਕ੍ਰਾਂਤੀਕਾਰੀ ਕਾਰਵਾਈਆਂ ਹੋਰ ਤੇਜ਼ ਹੋ ਗਈਆਂ।

ਪੁਲਿਸ ਦੀਆਂ ਗਤੀਵਿਧੀਆਂ ਨੂੰ ਭਾਂਪਦਿਆਂ ਬੰਗਾਲੀ ਕ੍ਰਾਂਤੀਕਾਰੀਆਂ ਨੇ ਸੂਚਨਾ ਦੇ ਅਦਾਨ ਪ੍ਰਦਾਨ ਲਈ ਕਲੱਕਤਾ ਦੀ ਹੈਰੀ ਐਂਡ ਸੰਨਜ਼ ਦੀ ਸ਼ਾਖਾ ਵਜੋਂ ਬਲਾਸੌਰ ਵਿੱਚ ਯੂਨੀਵਰਸਲ ਇੰਮਪੋਰੀਅਮ ਦੇ ਨਾਂਅ ਹੇਠ ਇਕ ਕਾਰੋਬਾਰ ਖੋਲ੍ਹ ਲਿਆ। ਯੂਨੀਵਰਸਲ ਇੰਮਪੋਰੀਅਮ ਦੇ ਪਤੇ ਦੀ ਤਾਰ ਦੀ ਪੁਲਿਸ ਨੇ ਜਾਂਚ ਕੀਤੀ। ਜਾਂਚ ਉਪਰੰਤ ਬੰਗਾਲੀਆਂ ਦੇ ਠਹਿਰਨ ਦੇ ਅੱਡੇ ਦਾ ਪਤਾ ਲੱਗ ਗਿਆ। ਪੁਲਿਸ ਨੇ ਪਿੰਡ ਦੇ ਲੋਕਾਂ ਦੀ ਮਦਦ ਨਾਲ ਕ੍ਰਾਂਤੀਕਾਰੀਆਂ ਨੂੰ ਫੜ੍ਹਨ ਦਾ ਯਤਨ ਕੀਤਾ। ਜਤਿੰਦਰ ਨਾਥ ਮੁਖਰਜੀ ਨੇ ਇਕੱਠ ਨੂੰ ਖਿੰਡਾਉਣ ਲਈ ਗੋਲੀ ਚਲਾ ਦਿੱਤੀ ਤੇ ਪੁਲਿਸ ਅਧਿਕਾਰੀ ਮੋਹੰਤੀ ਮਾਰਿਆ ਗਿਆ। ਕ੍ਰਾਂਤੀਕਾਰੀ ਤਾਂ ਪੁਲਿਸ ਦੇ ਹੱਥ ਨਾ ਆਏ ਪਰ ਗ਼ਦਰ ਦੀ ਯੋਜਨਾ ਦੇ ਕੁਝ ਸਬੂਤ ਜ਼ਰੂਰ ਹੱਥ ਲੱਗ ਗਏ। ਸੂਚਨਾ ਮਿਲਦੇ ਸਾਰ ਹੀ ਜ਼ਿਲਾ ਮਜਿਸਟਰੇਟ , ਪੁਲਸ ਤੇ ਫੌਜੀ ਪਲਟਨ ਸਮੇਤ ਉਥੇ ਪੁੱਜ ਗਏ। ਦੋਹਾਂ ਧਿਰਾਂ ਦਰਮਿਆਨ ਫਸਵਾਂ ਮੁਕਾਬਲਾ ਹੋਇਆ। ਜਤਿੰਦਰ ਨਾਥ ਮੁਖਰਜੀ ਅਤੇ ਚਿਤਪ੍ਰੀਆ ਰੇਅ ਚੌਧਰੀ ਮੁਕਾਬਲੇ ਵਿੱਚ ਗੋਲੀਆਂ ਨਾਲ ਸ਼ਹੀਦ ਹੋ ਗਏ ਤੇ ਕੁਝ ਕ੍ਰਾਂਤੀਕਾਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਜਿਨ੍ਹਾਂ ਵਿਚੋਂ ਮਨੋਰੰਜਨ ਸੇਨ ਗੁਪਤਾ ਤੇ ਨਿਰੇਨ ਦਾਸ ਗੁਪਤਾ ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

ਇਸ ਸਾਕੇ ਦੀ ਅਹਿਮਿਅਤ ਬਾਰੇ ਹਿਰੇਂਦਰ ਨਾਥ ਮੁਖਰਜੀ ਨੇ ਲਿਖਿਆ ਹੈ: "ਬਾਲਾਸੋਰ ਦੀ ਟੱਕਰ, ਜਿਥੇ ਜਤਿਨ ਨੇ ਆਪਣੇ ਕੁਛ ਸਾਥੀਆਂ ਨਾਲ ਜਾਨ ਦੀ ਅਹੂਤੀ ਦਿੱਤੀ, ਅੰਗਰੇਜ਼ ਸਾਮਰਾਜਵਾਦ ਦੀ ਗ਼ੁਲਾਮੀ ਤੋਂ ਹਿੰਦੁਸਤਾਨ ਦੇ ਆਜ਼ਾਦੀ ਸੰਗਰਾਮ ਵਿਚ ਇਕ ਸ਼ਾਨਦਾਰ ਮੀਲ-ਪੱਥਰ ਹੈ।"

ਹਿੰਦੋਸਤਾਨੀ ਸਰਕਾਰ ਨੂੰ ਪੂਰਬੀ ਅਫ਼ਰੀਕਾ 'ਚ ਗ਼ਦਰ ਲਹਿਰ ਦੇ ਸੰਗਠਨ ਬਾਰੇ ਕੋਈ ਪੁਖ਼ਤਾ ਜਾਣਕਾਰੀ ਹਾਸਲ ਨਹੀਂ ਸੀ। ਹਕੂਮਤ ਨੂੰ ਕੀਨੀਆ 'ਚ ਰਹਿੰਦੇ ਕੁਝ ਨਾਗਰਿਕਾਂ ਦਾ ਜਰਮਨਾਂ ਦੇ ਨੇੜੇ ਹੋਣ ਦਾ ਸ਼ੱਕ ਸੀ। ਇਹ ਸ਼ੱਕ ਯਕੀਨ ਵਿਚ ਉਦੋਂ ਬਦਲਿਆ ਜਦੋਂ ਮਾਰਚ 1914 'ਚ ਯੂਰਪ ਤੋਂ ਪੂਰਬੀ ਅਫ਼ਰੀਕਾ ਨੂੰ ਅਤੇ ਪੂਰਬੀ ਅਫ਼ਰੀਕਾ ਤੋਂ ਹਿੰਦੋਸਤਾਨ ਨੂੰ ਡਾਕ ਰਾਹੀਂ ਭੇਜੇ ਗਏ ਗ਼ਦਰ ਅਖ਼ਬਾਰ ਦੇ ਕੁਝ ਬੰਡਲ ਫੜ੍ਹੇ ਗਏ। ਖ਼ੁਫ਼ੀਆ ਵਿਭਾਗ ਨੂੰ ਡਾਕ ਸੈਂਸਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ। ਕੁਝ ਪੱਤਰ ਖ਼ੁਫ਼ੀਆ ਵਿਭਾਗ ਦੇ ਹੱਥ ਲੱਗ ਗਏ, ਜਿਨ੍ਹਾਂ ਤੋਂ ਗ਼ਦਰ ਲਹਿਰ ਦੇ ਉਦੇਸ਼ਾਂ, ਜਰਮਨੀ ਫੌਜਾਂ ਨਾਲ ਨੇੜਤਾ, ਹਿੰਦੋਸਤਾਨੀਆਂ ਨੂੰ ਬਗ਼ਾਵਤ ਕਰਨ ਲਈ ਪ੍ਰੇਰਨਾ ਅਤੇ ਅੰਗਰੇਜ਼ੀ ਹਕੂਮਤ ਨੂੰ ਜੜ੍ਹੋਂ ਪੁੱਟਣ ਬਾਰੇ ਸਬੂਤ ਮਿਲ ਗਏ ਸਨ। ਚਿੱਠੀਆਂ ਲਿਖਣ ਵਾਲੇ ਸੀਤਾ ਰਾਮ ਅਤੇ ਦੇਵੀ ਲਾਲ ਨੂੰ ਦੇਸ਼ ਨਿਕਾਲਾ ਦੇ ਕੇ ਜੂਹ ਬੰਦ ਕਰ ਦਿੱਤਾ ਗਿਆ। ਗ਼ਦਰ ਲਹਿਰ ਵਿਚ ਹਿੱਸਾ ਲੈਣ ਵਾਲੇ 20 ਭਾਰਤੀਆਂ ਨੂੰ ਬ੍ਰਿਟਿਸ਼ ਪੂਰਬੀ ਅਫ਼ਰੀਕਾ ਸਰਕਾਰ ਨੇ ਦੇਸ਼ ਨਿਕਾਲਾ ਦੇ ਕੇ ਭਾਰਤ ਨੂੰ ਭੇਜ ਦਿੱਤਾ। 15 ਗ਼ਦਰੀਆਂ ਨੂੰ ਗ੍ਰਿਫ਼ਤਾਰ ਕੀਤਾ ਜਿਨ੍ਹਾਂ ਵਿਚੋਂ 10 ਨੂੰ ਉਮਰ ਕੈਦ ਜਾਂ ਹੋਰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਤਿੰਨਾਂ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਅਤੇ 2 ਨੂੰ ਫਾਂਸੀ ਦੇ ਦਿੱਤੀ ਗਈ। ਪੂਰਬੀ ਅਫ਼ਰੀਕਾ 'ਚ ਸ਼ਹੀਦ ਹੋਣ ਵਾਲੇ ਪੰਜ ਗ਼ਦਰੀਆਂ 'ਚ ਇਕ ਗ਼ਦਰੀ ਬਿਸ਼ਨ ਸਿੰਘ ਪਿੰਡ ਗਾਖਲ ਜ਼ਿਲ੍ਹਾ ਜਲੰਧਰ ਦੇ ਪਰਵਾਰ ਨੂੰ ਸੀਤਾ ਰਾਮ ਬਾਂਸਲ ਨੇ ਬੜੇ ਸਾਲਾਂ ਦੀ ਸਖ਼ਤ ਮਿਹਨਤ ਅਤੇ ਖੋਜ ਕਰਕੇ ਦੋ ਸਾਲ ਪਹਿਲਾ ਹੀ ਲੱਭਿਆ ਹੈ।

ਇਸ ਪੁਸਤਕ ਵਿੱਚ ਆਈਆਂ ਅਹਿਮ ਘਟਨਾਵਾਂ ਅਤੇ ਕਈ ਗ਼ਦਰੀ ਸੂਰਬੀਰਾਂ ਦੇ ਨਾਂਵਾਂ ਦਾ ਜ਼ਿਕਰ ਨਹੀਂ ਵੀ ਹੋ ਸਕਿਆ। ਪਰ ਇਨ੍ਹਾਂ ਦੀਆਂ ਕੁਰਬਾਨੀਆਂ ਅਤੇ ਸ਼ਹੀਦੀਆਂ ਦੀ ਮਹਾਨਤਾ ਬਹੁਤ ਹੈ। 130ਵੀਂ ਬਲੋਚ ਰੈਜ਼ੀਮੈਂਟ ਅਤੇ ਅਨੇਕਾਂ ਅਜਿਹੇ ਦੇਸ਼ ਭਗਤ ਸ਼ਾਮਿਲ ਸਨ, ਜਿਨ੍ਹਾਂ ਦੇ ਨਾਂਵਾਂ ਤੋਂ ਬਿਨਾਂ ਹੋਰ ਕੋਈ ਜਾਣਕਾਰੀ ਅਜੇ ਉਪਲੱਬਧ ਨਹੀਂ ਹੋ ਸਕੀ। ਇਸ ਪੁਸਤਕ ਵਿੱਚ ਆਈਆਂ ਘਟਨਾਵਾਂ ਦਾ ਵੇਰਵੇ ਇੰਨੇ ਵਿਸਥਾਰ ਦੀ ਮੰਗ ਕਰਦੇ ਹਨ ਕਿ ਇਕ-ਇਕ ਘਟਨਾ ਅਤੇ ਘਟਨਾ ਨਾਲ ਸਬੰਧਿਤ ਗ਼ਦਰੀ ਸੂਰਬੀਰਾਂ ਦੇ ਜੀਵਨ ਅਤੇ ਕ੍ਰਾਂਤੀਕਾਰੀ ਸਰਗਰਮੀਆਂ 'ਤੇ ਪੂਰੀ-ਪੂਰੀ ਪੁਸਤਕ ਲਿਖੀ ਜਾ ਸਕਣ ਦੀ ਸੰਭਾਵਨਾ ਹੈ। ਸਾਨੂੰ ਆਸ ਹੈ ਕਿ ਵਿਰਸਾ ਪ੍ਰੇਮੀ ਇਸ ਨੂੰ ਪੜ੍ਹ ਕੇ ਇਨਕਲਾਬੀ ਵਿਰਸੇ ਨਾਲ ਵੀ ਜੁੜਨਗੇ ਅਤੇ ਇਨ੍ਹਾਂ ਬਾਰੇ ਹੋਰ ਜਾਣਕਾਰੀ ਦੀ ਖੋਜ ਕਰਕੇ ਜਾਣਕਾਰੀ ਹਾਸਲ ਕਰਨ ਦਾ ਯਤਨ ਵੀ ਕਰਨਗੇ।

ਗਾਥਾ ਗ਼ਦਰ 1915 ਪੁਸਤਕ ਦੇ ਅਧਿਐਨ ਉਪਰੰਤ ਇਹ ਨੁਕਤਾ ਧਿਆਨਯੋਗ ਹੈ ਕਿ ਦੇਸ਼ ਦੇ ਸੁਤੰਤਰਤਾ ਸੰਗਰਾਮ ਲਈ ਹਿੰਦੂ, ਸਿੱਖ ਅਤੇ ਮੁਸਲਮਾਨਾਂ ਨੇ ਸਰਬ ਸਾਂਝੇ ਉਦੇਸ਼ ਲਈ ਇਕੱਠੇ ਹੋ ਕੇ ਗ਼ਦਰ ਵਿੱਚ ਹਿੱਸਾ ਲਿਆ। ਇਥੇ ਫਾਂਸੀ ਦੇ ਰੱਸੇ ਚੁੰਮਣ ਵਾਲੇ ਆਜ਼ਾਦੀ ਦੇ ਪਰਵਾਨਿਆਂ ਦੀਆਂ ਫਾਂਸੀ ਦੇ ਤਖ਼ਤੇ ਉਤੇ ਚੜ੍ਹਨ ਤੋਂ ਕੁਝ ਪਲ ਪਹਿਲਾਂ ਕਹੀਆਂ ਗੱਲਾਂ ਸਾਂਝੀਆਂ ਕਰਨੀਆਂ ਉਚਿਤ ਹੋਣਗੀਆਂ:

ਸ਼ਹੀਦ ਕਰਤਾਰ ਸਿੰਘ ਸਰਾਭਾ ਜਦੋਂ ਫਾਂਸੀ ਦੇ ਤਖ਼ਤੇ ਉਤੇ ਗਏ ਤਾਂ ਭਾਈ ਰਣਧੀਰ ਸਿੰਘ ਜੀ ਨੇ ਫਾਂਸੀ ਤੋਂ ਬਾਅਦ ਦਰੋਗੇ ਨੂੰ ਪੁੱਛਿਆ ਕਿ ਕਰਤਾਰ ਸਿੰਘ ਅੰਤਲਾ ਸਮਾਂ ਕੈਸਾ ਰਿਹਾ? ਤਦ ਕਲਣ ਖਾਨ ਦਰੋਗੇ ਨੇ ਦੱਸਿਆ ਕਿ ਕਰਤਾਰ ਸਿੰਘ ਸਰਾਭਾ ਨੇ ਫਾਂਸੀ ਦੇ ਤਖ਼ਤੇ 'ਤੇ ਖੜ੍ਹੇ ਹੋ ਕੇ ਅਖੀਰ ਵੇਲੇ ਇਹ ਸ਼ਬਦ ਕਹੇ,"**ਦਰੋਗਾ ਮਤ ਸਮਝ ਕੇ ਕਰਤਾਰ ਸਿੰਘ ਮਰ ਗਿਆ ਹੈ। ਮੇਰੇ ਖ਼ੂਨ ਕੇ ਜਿਤਨੇ ਕਤਰੇ ਹੈਂ, ਉਤਨੇ ਕਰਤਾਰ ਸਿੰਘ ਔਰ ਪੈਦਾ ਹੋਣਗੇ। ਔਰ ਦੇਸ਼ ਕੀ**

ਆਜ਼ਾਦੀ ਕੇ ਲੀਏ ਕਾਮ ਕਰੇਗੇ।"

ਇਸੇ ਤਰ੍ਹਾਂ ਪੰਡਿਤ ਕਾਂਸ਼ੀ ਰਾਮ ਮੜੌਲੀ ਬਾਰੇ ਸ਼ਹੀਦ ਭਗਤ ਸਿੰਘ ਨੇ ਲਿਖਿਆ ਹੈ:

ਜਦੋਂ ਆਖਰੀ ਮੁਲਾਕਾਤ ਲਈ ਮਾਂ-ਬਾਪ ਤੇ ਭਰਾ ਆਏ ਤਾਂ ਭਰਾ ਨੂੰ ਆਉਂਦਾ ਦੇਖ ਕੇ ਆਪ ਨੇ ਕਿਹਾ ਕਿ "**ਖ਼ਬਰਦਾਰ ਜੇ ਹੰਝੂ ਵਗਾਏ। ਮੈਂ ਕੋਈ ਪਾਪ ਨਹੀਂ ਕੀਤਾ ਹੈ ਅਤੇ ਇਹ ਮੌਤ ਦੇਸ਼-ਭਗਤਾਂ ਨੂੰ ਹੀ ਨਸੀਬ ਹੁੰਦੀ ਹੈ। ਮੈਂ ਆਪਣਾ ਚੰਗਾ ਨਸੀਬ ਸਮਝਦਾ ਹਾਂ ਕਿ ਮੈਨੂੰ ਇਸ ਕਾਬਲ ਸਮਝਿਆ ਗਿਆ ਹੈ।**"

ਇਸੇ ਤਰ੍ਹਾਂ ਅਰਜਨ ਸਿੰਘ ਖੁਖਰਾਣਾ ਦੀ ਮਾਤਾ ਜਦੋਂ ਜੇਲ੍ਹ ਵਿਚ ਆਖ਼ਰੀ ਮੁਲਾਕਾਤ ਕਰਨ ਆਈ ਤਾਂ ਕਹਿਣ ਲੱਗੀ, "ਪੁੱਤ ਕੰਮ ਤਾਂ ਤੈਂ ਮੁਲਕ ਲਈ ਚੰਗਾ ਕੀਤਾ ਹੈ, ਪਰ ਹੁਣ ਆਪਾਂ ਵਿਛੜ ਜਾਵਾਂਗੇ, ਮੈਂ ਪਿੱਛੇ ਇਕੱਲੀ ਰਹਿ ਜਾਵਾਂਗੀ।' ਤਾਂ ਵੀਰ ਨੇ ਕਿਹਾ ਕਿ, "ਮਾਤਾ! ਬੰਬ ਬਨਾਉਣ ਦਾ ਨੁਸਖਾ ਮੈਂ ਦੱਸ ਦਿੰਦਾ ਹਾਂ, ਤੂੰ ਬੰਬ ਬਣਾ ਕੇ ਡੀ.ਸੀ. ਦੇ ਸਿਰ ਵਿਚ ਮਾਰੀਂ, ਫੇਰ ਤੈਨੂੰ ਵੀ ਫਾਂਸੀ ਦੇ ਦੇਣਗੇ ਤਾਂ ਆਪਾਂ ਇਕੱਠੇ ਹੋ ਜਾਵਾਂਗੇ।"

ਰਸਾਲਦਾਰ ਲਛਮਣ ਸਿੰਘ ਚੂਸਲੇਵੜ ਤੇ ਅਬਦੁੱਲਾ ਨਾਹਲਬੰਦ ਦੋਵੇਂ ਫਾਂਸੀ ਲੱਗਣ ਦੀ ਇੰਤਜ਼ਾਰ ਵਿੱਚ ਸਨ ਤਾਂ ਰਸਾਲਦਾਰ ਲਛਮਣ ਸਿੰਘ ਨੇ ਅਬਦੁੱਲਾ ਨੂੰ ਨਿਮਰਤਾ ਨਾਲ ਸਲਾਹ ਦਿੰਦਿਆਂ ਕਿਹਾ,"**ਮੌਲਵੀ ਜੀ ਇਹ ਹੁਣ ਤਹਿ ਹੈ ਕਿ ਹਰ ਹਾਲਤ ਆਪਾਂ ਵਿਛੜ ਜਾਣਾ ਹੈ। ਚੰਗਾ ਹੋਵੇਗਾ ਕਿ ਜੇ ਤੂੰ ਵਾਅਦਾ ਮੁਆਫ਼ ਗਵਾਹ ਬਣ ਕੇ ਆਪਣੇ ਆਪ ਨੂੰ ਬਚਾ ਲਵੇ।**" ਅਬਦੁੱਲਾ ਨੇ ਉੱਤਰ ਦਿੱਤਾ,"**ਅਸਲ ਵਿੱਚ ਮੈਂ ਅਜੇ ਭੀ ਜਲਾਲਤ ਸਮਝਦਾ ਹਾਂ ਅੱਠ ਕਰੋੜ ਮੁਸਲਮਾਨਾਂ ਵਿਚੋਂ ਮੈਂ ਇਕੱਲਾ ਹੀ ਹਾਂ ਤੇ ਤੁਸੀਂ ਲੱਖਾਂ ਹੀ ਸਿੱਖਾਂ ਵਿੱਚੋਂ 11 ਜਣੇ ਹੋ! ਜਿਹੜੇ ਆਜ਼ਾਦੀ ਦੀ ਬਲੀ 'ਤੇ ਕੁਰਬਾਨ ਹੋਣ ਜਾ ਰਹੇ ਹੋ। ਅੱਲਾ ਦੀ ਰਹਿਮਤ ਨਾਲ ਤੁਹਾਨੂੰ ਛੱਡ ਕੇ ਤੇ ਆਪਣੀ ਜਾਨ ਬਚਾ ਕੇ ਮੈਂ ਕਲੰਕੀ ਬਣਨਾ ਨਹੀਂ ਚਾਹੁੰਦਾ।**" ਫਾਂਸੀ ਦੇ ਤਖ਼ਤੇ 'ਤੇ ਜਾਣ ਸਮੇਂ ਅਬਦੁੱਲਾ ਨੇ ਜੇਲ੍ਹਰ ਨੂੰ ਕਿਹਾ,"**ਸਾਡੇ ਮਰਨ ਤੋਂ ਬਾਅਦ ਭਾਵੇਂ ਸਸਕਾਰ ਕਰਿਓ, ਭਾਵੇਂ ਦਫ਼ਨਾਇਓ, ਪਰ ਸਾਨੂੰ ਸਭ ਨੂੰ ਇਕੱਠੇ ਰਖਿਓ।**"

ਇਕ ਪਾਸੇ ਤਾਂ ਉਹ ਦੇਸ਼ ਭਗਤ ਹਨ, ਜਿਨ੍ਹਾਂ ਨੇ ਆਪਣੇ ਦੇਸ਼ ਲਈ ਜ਼ਿੰਦਗੀਆਂ ਕੁਰਬਾਨ ਕਰ ਦਿੱਤੀਆਂ। ਦੂਜੇ ਪਾਸੇ ਅੰਗਰੇਜ਼ੀ ਹਕੂਮਤ ਵੱਲੋਂ ਕੁਝ ਭਾੜੇ ਦੇ ਖਰੀਦੇ ਹੋਏ ਕ੍ਰਿਪਾਲ ਸਿੰਘ, ਰਸਾਲਦਾਰ ਗੰਡਾ ਸਿੰਘ, ਟੋਡੀ ਜ਼ੈਲਦਾਰ, ਪ੍ਰਤਾਪ ਸਿੰਘ ਅਤੇ ਬੇਲਾ ਸਿੰਘ ਵਰਗੇ ਗੱਦਾਰ ਵੀ ਹਨ। ਅਫ਼ਸੋਸ ਤਾਂ ਇਹ ਹੈ ਕਿ ਬੇਗਾਨੀ ਅੰਗਰੇਜ਼ੀ ਹਕੂਮਤ ਤਾਂ ਹਿੰਦੁਸਤਾਨੀਆਂ ਦੀ ਦੁਸ਼ਮਣ ਹੈ ਹੀ ਸੀ ਪਰ ਪੈਸਿਆਂ ਤੇ ਮੁਰੱਬਿਆਂ ਦੇ ਲਾਲਚ ਨੂੰ ਆਪਣੇ ਹੀ ਬੇਗਾਨੇ ਬਣ ਗਏ। ਜਿਥੇ ਦੇਸ਼ ਭਗਤ ਕੁਰਬਾਨੀ ਦੇ ਕੇ ਸਦਾ ਲਈ ਅਮਰ ਹੋ ਗਏ ਅਤੇ ਲੋਕ ਹਮੇਸ਼ਾਂ ਉਨ੍ਹਾਂ ਨੂੰ ਯਾਦ ਕਰਦੇ ਰਹਿਣਗੇ, ਉਥੇ ਇਨ੍ਹਾਂ ਗੱਦਾਰ ਨੂੰ ਹਮੇਸ਼ਾਂ ਕੋਸਦੇ ਰਹਿਣਗੇ।

-ਡਾ. ਰਘਬੀਰ ਕੌਰ

ਜਨਰਲ ਸਕੱਤਰ

ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।

ਗ਼ਦਰ ਪਾਰਟੀ ਨਾਲ ਸੰਬੰਧਤ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਦੀ ਗਾਥਾ

-ਪ੍ਰਿਥੀਪਾਲ ਸਿੰਘ ਮਾੜੀਮੇਘਾ

ਇਹ ਵਰ੍ਹਾ ਗ਼ਦਰ ਪਾਰਟੀ ਦੇ ਸੂਰਬੀਰਾਂ ਦੀਆਂ ਸ਼ਹਾਦਤਾਂ ਦਾ ਸ਼ਤਾਬਦੀ ਵਰ੍ਹਾ ਹੈ। ਅਮਰੀਕਾ ਵਿਚ ਸਥਾਪਿਤ ਹੋਈ ਗ਼ਦਰ ਪਾਰਟੀ ਦਾ ਨਿਰਣਾ ਇਹ ਸੀ ਕਿ ਭਾਰਤ ਨੂੰ ਅੰਗਰੇਜ਼ ਸਾਮਰਾਜ ਤੋਂ ਮੁਕਤ ਕਰਵਾ ਕੇ ਇਕ ਜਮਹੂਰੀ ਇਨਸਾਫ਼ਪਸੰਦ ਰਾਜ ਪ੍ਰਬੰਧ ਸਥਾਪਤ ਕਰਨਾ। ਇਸ ਮੰਤਵ ਦੀ ਪੂਰਤੀ ਲਈ ਗ਼ਦਰੀਆਂ ਨੇ ਵਿਦੇਸ਼ਾਂ ਵਿਚੋਂ ਹੀ ਯੁੱਧਨੀਤਕ ਦਾਅਪੇਚ ਸਿੱਖੇ ਅਤੇ ਆਜ਼ਾਦੀ ਸੰਗਰਾਮ ਵਿਚ ਕੁੱਦਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਭਾਰਤ ਪਹੁੰਚ ਗਏ। ਗ਼ਦਰੀ ਯੋਧਿਆਂ ਨੇ ਜਿੰਦ ਤਲੀ ’ਤੇ ਰੱਖ ਕੇ ਇਨਕਲਾਬ ਦੀ ਤਿਆਰੀ ਕੀਤੀ ਪਰ ਉਨ੍ਹਾਂ ਨੂੰ ਕਾਮਯਾਬੀ ਨਾ ਪ੍ਰਾਪਤ ਹੋ ਸਕੀ। ਗ਼ਦਰੀ ਦੇਸ਼ਭਗਤਾਂ ਦੀਆਂ ਬੇਮਿਸਾਲ ਕੁਰਬਾਨੀਆਂ ਨੇ ਆਜ਼ਾਦੀ ਦੇ ਅੰਦੋਲਨ ਵਿਚ ਨਵੀਂ ਰੂਹ ਪੈਦਾ ਕਰ ਦਿੱਤੀ ਸੀ।

ਉਨ੍ਹਾਂ ਮਹਾਨ ਗ਼ਦਰੀ ਦੇਸ਼ਭਗਤਾਂ ਦੀਆਂ ਸ਼ਹਾਦਤਾਂ ਤੇ ਸ਼ਤਾਬਦੀ ਵਰ੍ਹੇ ਦੀ ਆਮਦ ਭਾਈ ਮੇਵਾ ਸਿੰਘ ਲੋਪੋਕੇ ਦੇ ਸ਼ਹੀਦੀ ਦਿਵਸ ਤੋਂ ਸ਼ੁਰੂ ਹੋਈ ਹੈ। ਭਾਈ ਮੇਵਾ ਸਿੰਘ ਨੇ ਅੰਗਰੇਜ਼ ਹਕੂਮਤ ਦੇ ਹੰਕਾਰੇ ਸੀ.ਆਈ.ਡੀ. ਅਫਸਰ ਹਾਪਕਿਨਸਨ ਨੂੰ ਵੈਨਕੂਵਰ ਦੀ ਕਚਹਿਰੀ ਵਿਚ ਘੇਰ ਕੇ ਸ਼ਰ੍ਹੇਆਮ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰਿਆ ਸੀ। ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਭਾਈ ਬਦਨ ਸਿੰਘ ਦੀ ਮੌਤ ਦਾ ਬਦਲਾ ਲੈ ਕੇ ਭਾਈ ਮੇਵਾ ਸਿੰਘ ਨੇ ਪੰਜਾਬ ਦੀ ਧਰਤੀ ਦਾ ਨਾਮ ਰੋਸ਼ਨ ਕੀਤਾ ਸੀ। ਇਸ ਮਹਾਨ ਦੇਸ਼ਭਗਤ ਨੂੰ ਅੰਗਰੇਜ਼ ਹਕੂਮਤ ਨੇ 11 ਜਨਵਰੀ 1915 ਨੂੰ ਵੈਨਕੂਵਰ ਵਿਖੇ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ।

ਗ਼ਦਰ ਪਾਰਟੀ ਨੇ ਆਜ਼ਾਦੀ ਦੇ ਸੰਗਰਾਮ ਨੂੰ ਅੰਜ਼ਾਮ ਦੇਣ ਵਾਸਤੇ ਵੱਖ-ਵੱਖ ਰਾਹ ਚੁਣੇ ਹੋਏ ਸਨ। ਉਨ੍ਹਾਂ ਵਿਚੋਂ ਇਕ ਸੀ ਸਿੰਘਾਪੁਰ ਵਿਖੇ ਤਾਇਨਾਤ ਦੇਸੀ ਫੌਜਾਂ ‘ਮਲਾਇਆ ਰਿਆਸਤੀ ਗਾਈਡ’ ਅਤੇ ‘ਪੰਜਵੀਂ ਲਾਈਟ ਪਲਟਨ’ ਨੂੰ ਪਰੇਰ ਕੇ ਗ਼ਦਰ ਵਿਚ ਸ਼ਾਮਲ ਕਰਨਾ। ਇਨ੍ਹਾਂ ਪਲਟਨਾਂ ਵਿਚ ਗ਼ਦਰ ਦਾ ਪ੍ਰਚਾਰ ਫੈਲਾਉਣ ਲਈ ਭਾਈ ਚੇਤ ਸਿੰਘ ਗ਼ਦਰ ਅਖ਼ਬਾਰ ਵੰਡਦਾ ਸੀ। ਇਸ ਤੋਂ ਇਲਾਵਾ ਤਰਲੋਕ ਸਿੰਘ, ਸੁੰਦਰ ਸਿੰਘ ਦੌਲੇ ਨੰਗਲ ਅਤੇ ਹਰਨਾਮ ਸਿੰਘ ਰਸੂਲਪੁਰ ਵੀ ਸਿੰਘਾਪੁਰ ਵਿਚ ਗ਼ਦਰੀ ਸਾਹਿਤ ਤਕਸੀਮ ਕਰਦੇ ਸਨ। ਵਿਦੇਸ਼ਾਂ ਵਿਚੋਂ ਜਿਹੜੇ ਗ਼ਦਰੀ ਭਾਰਤ ਆ ਰਹੇ ਸਨ, ਉਨ੍ਹਾਂ ਨੇ ਵੀ ਸਿੰਘਾਪੁਰ ਉੱਤਰ ਕੇ ਛਾਉਣੀਆਂ ਵਿਚ ਜਾ ਕੇ ਫੌਜੀਆਂ ਨੂੰ ਗ਼ਦਰ ਵਿਚ ਸ਼ਾਮਲ ਹੋਣ ਲਈ ਪ੍ਰੇਰਤ ਕੀਤਾ। ਇਹ ਦੋਵੇਂ ਪਲਟਨਾਂ ਮੁਸਲਮਾਨਾਂ ਦੀਆਂ ਸਨ। ਗ਼ਦਰ ਪਾਰਟੀ ਦੇ ਪ੍ਰਚਾਰ ਸਦਕਾ ਇਹ ਦੋਵੇਂ ਪਲਟਨਾਂ ਗ਼ਦਰ ਕਰਨ ਲਈ ਤਿਆਰ ਹੋ ਗਈਆਂ ਸਨ। ਅੰਗਰੇਜ਼ ਹਕੂਮਤ ਨੂੰ ਇਸ ਦੀ ਭਿਣਕ ਪੈ ਗਈ। ਸਰਕਾਰ ਨੇ ਇਨ੍ਹਾਂ ਦੋਹਾਂ ਪਲਟਨਾਂ ਨੂੰ ‘ਪਹਿਲੀ ਸੰਸਾਰ ਜੰਗ’ ਵਿਚ ਝੋਕਣ ਲਈ ਦੂਜੇ ਦੇਸ਼ਾਂ

ਵਿਚ ਭੇਜਣ ਦਾ ਫੈਸਲਾ ਕਰ ਲਿਆ। ਇਸ ਫੈਸਲੇ ਦਾ '5ਵੀਂ ਲਾਈਟ ਪਲਟਨ' ਨੂੰ ਪਤਾ ਲਗ ਗਿਆ। ਪਲਟਨ ਨੇ ਫੈਸਲਾ ਕਰ ਲਿਆ ਕਿ 15 ਫਰਵਰੀ 1915 ਨੂੰ ਸ਼ਾਮ ਦੇ 8 ਵਜੇ ਜਦੋਂ ਅਫਸਰ ਖਾਣਾ ਖਾ ਰਹੇ ਹੋਣ ਉਸ ਸਮੇਂ ਬਗਾਵਤ ਕਰਕੇ ਸਾਰੇ ਅਫਸਰਾਂ ਨੂੰ ਕਾਬੂ ਕਰ ਲਿਆ ਜਾਵੇ। ਪਰ ਅੰਗਰੇਜ਼ ਅਫ਼ਸਰਾਂ ਨੇ ਪਲਟਨ ਨੂੰ ਹੁਕਮ ਦੇ ਦਿੱਤਾ ਕਿ 15 ਫਰਵਰੀ ਨੂੰ ਸਾਰੀ ਪਲਟਨ ਲੌਢੇ ਵੇਲੇ ਆਪਣੇ ਹਥਿਆਰ ਜਮ੍ਹਾਂ ਕਰਵਾ ਦੇਵੇ ਕਿਉਂਕਿ ਅਗਲੇ ਦਿਨ ਪਲਟਨ ਹਾਂਗਕਾਂਗ ਜਾਵੇਗੀ। ਅੱਗੋਂ ਪਲਟਨ ਨੇ ਯਕਦਮ ਫੈਸਲਾ ਕਰ ਲਿਆ ਕਿ ਹਥਿਆਰ ਜਮ੍ਹਾਂ ਕਰਾਉਣ ਵੇਲੇ ਹੀ ਬਗਾਵਤ ਕਰ ਦਿੱਤੀ ਜਾਵੇ। ਅੰਗਰੇਜ਼ ਅਫ਼ਸਰਾਂ ਨੇ ਪਲਟਨ ਨੂੰ ਹਥਿਆਰ ਜਮ੍ਹਾਂ ਕਰਾਉਣ ਲਈ ਕਿਹਾ ਤਾਂ ਅੱਗੋਂ ਫੌਜੀਆਂ ਨੇ ਬਗਾਵਤ ਕਰ ਦਿੱਤੀ। ਸਿਪਾਹੀਆਂ ਨੇ ਅੰਗਰੇਜ਼ ਅਫ਼ਸਰ ਮਾਰ ਦਿੱਤੇ ਅਤੇ ਬਗਾਵਤ ਕਰਕੇ ਬਾਹਰ ਨਿਕਲ ਗਏ। ਅੱਗੇ ਟੁਕੜੀਆਂ ਵਿਚ ਹੋ ਕੇ ਇਨਕਲਾਬੀ ਕਾਰਜ ਦੀ ਪੂਰਤੀ ਲਈ ਵੱਖ-ਵੱਖ ਰਸਤਿਆਂ ਨੂੰ ਤੁਰ ਪਏ। ਜਿਹੜਾ ਵੀ ਅੰਗਰੇਜ਼ ਰਸਤੇ ਵਿਚ ਮਿਲਿਆ ਉਸ ਨੂੰ ਫੌਜੀਆਂ ਨੇ ਮਾਰ ਦਿੱਤਾ। ਪਲਟਨ ਨੇ ਇਕ ਵਾਰ ਲਗਭਗ ਸਾਰੇ ਸ਼ਹਿਰ 'ਤੇ ਕਬਜ਼ਾ ਕਰ ਲਿਆ ਸੀ। ਇਸ ਸਥਿਤੀ ਵਿਚ ਅੰਗਰੇਜ਼ਾਂ ਨੇ ਲਾਗਲੇ ਸਮੁੰਦਰੀ ਘਾਟਾਂ ਤੋਂ ਹੋਰ ਫੌਜ ਮੰਗਵਾ ਲਈ। ਅੰਗਰੇਜ਼ਾਂ ਅਤੇ ਦੇਸੀ ਫੌਜਾਂ ਵਿਚਕਾਰ ਇਹ ਯੁੱਧ ਤਿੰਨ-ਚਾਰ ਦਿਨ ਲਗਾਤਾਰ ਚਲਦਾ ਰਿਹਾ। ਅੰਤ ਅੰਗਰੇਜ਼ ਹਕੂਮਤ ਨੇ ਫੌਜੀਆਂ ਦੀ ਬਗਾਵਤ ਕੁਚਲ ਦਿੱਤੀ। ਅੰਗਰੇਜ਼ਾਂ ਨੇ ਫੌਜੀਆ ਨੂੰ ਗਿਫ੍ਤਾਰ ਕਰ ਲਿਆ ਅਤੇ ਯੁੱਧ ਦੌਰਾਨ ਫੌਜੀਆਂ ਦੇ ਦੋ ਆਗੂਆਂ ਨੂੰ ਫਾਂਸੀ ਦੇ ਦਿੱਤੀ ਅਤੇ ਬਾਕੀ 38 ਫੌਜੀਆਂ ਦੇ ਹੱਥ ਪੈਰ ਬੰਨ੍ਹ ਕੇ ਇਕ ਕੰਧ ਨਾਲ ਖੜੇ ਕਰਕੇ ਲੋਕਾਂ ਦੇ ਸਾਹਮਣੇ ਗੋਲੀਆਂ ਨਾਲ ਵਿੰਨ ਕੇ ਸ਼ਹੀਦ ਕਰ ਦਿੱਤੇ। ਚਿੱਟੀ ਚਮੜੀ ਵਾਲੇ ਅੰਗਰੇਜ਼ਾਂ ਦਾ ਇਹ ਜ਼ੁਲਮ ਲੋਕਾਂ ਵਿਚ ਦਹਿਸ਼ਤ ਪੈਦਾ ਕਰਨ ਲਈ ਸੀ ਤਾਂ ਕਿ ਮੁੜ ਕੋਈ ਬਗਾਵਤ ਕਰਨ ਦੀ ਜੁਰਅਤ ਨਾ ਕਰ ਸਕੇ।

ਪਹਿਲੀ ਵਿਸ਼ਵ ਜੰਗ ਵਿਚ ਜਦੋਂ 130ਵੀਂ ਬਲੋਚ ਰਜਮੈਂਟ ਨੂੰ ਵੀ ਨਵੰਬਰ 1914 ਵਿਚ ਭੇਜਣ ਲਈ ਜਹਾਜ਼ ਵਿਚ ਚੜ੍ਹਾਉਣ ਵਾਸਤੇ ਬੰਬਈ ਲਿਆਂਦਾ ਗਿਆ ਤਾਂ ਪਲਟਨ ਨੇ ਜੰਗ ਵਿਚ ਜਾਣ ਤੋਂ ਨਾਂਹ ਕਰ ਦਿੱਤੀ ਅਤੇ ਗੋਰੇ ਅਫ਼ਸਰ ਨੂੰ ਮਾਰ ਦਿੱਤਾ। ਇਸ ਪਲਟਨ ਦੇ 200 ਜਵਾਨਾਂ ਵਿਚੋਂ 4 ਨੂੰ ਫਾਂਸੀ, 69 ਨੂੰ ਉਮਰ ਕੈਦ ਅਤੇ 126 ਨੂੰ ਘੱਟ ਸਜ਼ਾਵਾਂ ਅੰਗਰੇਜ਼ ਹਕੂਮਤ ਨੇ ਦਿੱਤੀਆਂ ਸਨ।

ਗ਼ਦਰ ਪਾਰਟੀ ਦੇ ਇਤਿਹਾਸ ਵਿਚ ਫੇਰੂ ਸ਼ਹਿਰ ਦਾ ਸਾਕਾ ਬਹੁਤ ਪ੍ਰਸਿੱਧ ਹੈ। ਪਾਰਟੀ ਨੇ ਫਿਰੋਜ਼ਪੁਰ ਅਤੇ ਮੀਆਂਮੀਰ ਛਾਉਣੀ 'ਤੇ ਹਮਲਾ ਕਰਕੇ ਫੌਜਾਂ ਨੂੰ ਨਾਲ ਮਿਲਾਉਣ ਦਾ ਦਿਨ 26 ਨਵੰਬਰ 1914 ਦਾ ਮਿਥਿਆ ਹੋਇਆ ਸੀ। ਕੁਝ ਕਾਰਨਾਂ ਕਰਕੇ ਇਹ ਯੋਜਨਾ ਫੇਲ੍ਹ ਹੋ ਗਈ। ਫਿਰੋਜ਼ਪੁਰ ਛਾਉਣੀ 'ਤੇ ਹਮਲਾ ਕਰਨ ਵਾਲੇ ਗ਼ਦਰੀ ਜਦੋਂ ਆਪੋ-ਆਪਣੇ ਟਿਕਾਣਿਆਂ ਨੂੰ ਵਾਪਸ ਮੁੜ ਰਹੇ ਸਨ ਤੇ ਕੁਝ ਗ਼ਦਰੀ ਰੇਲਗੱਡੀ 'ਤੇ ਚੜ੍ਹਨੋਂ ਰਹਿ ਗਏ। ਉਨ੍ਹਾਂ ਨੇ ਚਾਰ-ਪੰਜ ਟਾਂਗੇ ਕਰ ਲਏ। ਜਦੋਂ ਉਹ ਫੇਰੂ ਸ਼ਹਿਰ ਦੇ ਨਜ਼ਦੀਕ ਮਿਸਰੀਵਾਲਾ ਨਹਿਰ ਦੇ ਪੁਲ 'ਤੇ ਪਹੁੰਚੇ ਤਾਂ ਉੱਥੇ ਉਨ੍ਹਾਂ ਦੀ ਪੁਲੀਸ ਨਾਲ ਟੱਕਰ ਹੋ ਗਈ। ਭਾਈ ਭਗਤ ਸਿੰਘ ਕਚਰ ਭੰਨ ਨੇ ਪਿਸਤੌਲ ਨਾਲ ਇਕ ਥਾਣੇਦਾਰ ਅਤੇ ਇਕ ਅੰਗਰੇਜ਼ਾਂ ਦਾ ਝੋਲੀ ਚੁੱਕ ਜੈਲਦਾਰ ਮਾਰ ਦਿੱਤਾ। ਬਹੁਤੇ ਗ਼ਦਰੀ ਤਾਂ ਹਫੜਾ-ਦਫੜੀ ਵਿਚ ਉਥੋਂ ਨਿਕਲ ਗਏ ਪਰ 9 ਗ਼ਦਰੀ ਨਹਿਰ ਦੇ ਕੰਢੇ ਝੱਲ ਵਿਚ ਵੜ ਗਏ। ਪੁਲੀਸ ਤੇ ਲੋਕਾਂ ਦੀ ਵਹੀਰ ਨੇ ਗ਼ਦਰੀਆਂ ਨੂੰ ਘੇਰਾ ਪਾ ਲਿਆ।

ਗ਼ਦਰੀਆਂ ਨੇ ਵੀ ਅੱਗੋਂ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ। ਦੋ ਗ਼ਦਰੀ ਮੌਕੇ 'ਤੇ ਸ਼ਹੀਦ ਹੋ ਗਏ। ਬਾਕੀ ਗ਼ਦਰੀਆਂ ਨੂੰ ਵੀ ਅੰਗਰੇਜ਼ ਹਕੂਮਤ ਨੇ ਗ੍ਰਿਫ਼ਤਾਰ ਕਰਕੇ 25 ਤੇ 27 ਮਾਰਚ 1915 ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

ਗ਼ਦਰ ਦੇ ਯਤਨ ਅਸਫ਼ਲ ਹੋਣ ਤੋਂ ਬਾਅਦ ਗ਼ਦਰੀ ਮੁੱਖ ਟਿਕਾਣੇ ਲਾਹੌਰ ਪੁੱਜਣੇ ਸ਼ੁਰੂ ਹੋ ਗਏ। ਰਾਸ ਬਿਹਾਰੀ ਬੋਸ ਦਾ ਅੱਡਾ ਵੀ ਇਥੇ ਹੀ ਸੀ। ਅਰਜਨ ਸਿੰਘ ਖੁਖਰਾਨਾ, ਹਰਨਾਮ ਸਿੰਘ ਸਿਆਲਕੋਟੀਆ ਅਤੇ ਬੰਤਾ ਸਿੰਘ ਸੰਘਵਾਲ ਲਾਹੌਰ ਦੇ ਅਨਾਰਕਲੀ ਬਾਜ਼ਾਰ ਵਿਚੋਂ ਲੰਘ ਰਹੇ ਸਨ ਅਤੇ ਉਨ੍ਹਾਂ ਨੂੰ ਇੱਕ ਪੁਲੀਸ ਇੰਸਪੈਕਟਰ ਅਤੇ ਹੌਲਦਾਰ ਨੇ ਰੋਕ ਲਿਆ ਅਤੇ ਨਾਲ ਹੀ ਕਿਹਾ ਕਿ ਜੇ ਕੋਈ ਹਥਿਆਰ ਹੈ ਤਾਂ ਆਪਣੇ ਆਪ ਹੀ ਫੜਾ ਦਿਓ। ਅਰਜਨ ਸਿੰਘ ਵੱਲੋਂ ਗੋਲੀ ਚਲਾਉਣ ਨਾਲ ਹੌਲਦਾਰ ਤਾਂ ਥਾਏਂ ਮਾਰਿਆ ਗਿਆ ਅਤੇ ਇੰਸਪੈਕਟਰ ਜ਼ਖ਼ਮੀ ਹੋ ਗਿਆ। ਇਨ੍ਹਾਂ ਗ਼ਦਰੀਆਂ ਨੂੰ ਫੜਨ ਵਾਸਤੇ ਇਨ੍ਹਾਂ ਮਗਰ ਆਮ ਲੋਕੀ ਦੌੜ ਪਏ। ਅਰਜਨ ਸਿੰਘ ਨਲਕੇ ਤੋਂ ਪਾਣੀ ਪੀਣ ਲੱਗ ਪਿਆ ਤਾਂ ਲੋਕਾਂ ਨੇ ਉਸ ਨੂੰ ਫੜ ਕੇ ਪੁਲੀਸ ਦੇ ਹਵਾਲੇ ਕਰ ਦਿੱਤਾ, ਦੂਜੇ ਬਚ ਕੇ ਦੌੜਨ ਵਿਚ ਕਾਮਯਾਬ ਹੋ ਗਏ। ਅਰਜਨ ਸਿੰਘ ਨੂੰ ਅੰਗਰੇਜ਼ ਹਕੂਮਤ ਨੇ 20 ਅਪ੍ਰੈਲ 1915 ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

ਗ਼ਦਰ ਪਾਰਟੀ ਦੇ ਅੰਦੋਲਨ ਦਾ ਬਹੁਤਾ ਦਾਰੋਮਦਾਰ ਫ਼ੌਜਾਂ 'ਤੇ ਨਿਰਭਰ ਹੋਣ ਕਰਕੇ ਪਾਰਟੀ ਦੇ ਆਗੂ ਫੌਜੀਆਂ ਨੂੰ ਪ੍ਰੇਰਤ ਕਰਨ ਲਈ ਵੱਖ-ਵੱਖ ਛਾਉਣੀਆਂ ਵਿਚ ਜਾਂਦੇ ਸਨ। ਮੇਰਠ ਛਾਉਣੀ ਵਿਚ ਪਹਿਲਾਂ ਕਰਤਾਰ ਸਿੰਘ ਸਰਾਭਾ ਜਾਂਦਾ ਸੀ ਤੇ ਬਾਅਦ ਵਿਚ ਇਹ ਕੰਮ ਵਿਸ਼ਨੂੰ ਗਣੇਸ਼ ਪਿੰਗਲੇ ਨੇ ਸਾਂਭ ਲਿਆ। 128ਵੀਂ ਪਾਇਓਨੀਅਰ ਪਲਟਨ ਵਿਚ ਭਾਈ ਫੂਲਾ ਸਿੰਘ ਅਤੇ 12ਵੇਂ ਰਸਾਲੇ ਵਿਚ ਭਾਈ ਈਸ਼ਰ ਸਿੰਘ ਸਵਾਰ ਗ਼ਦਰ ਪਾਰਟੀ ਦੇ ਮੋਢੀ ਸਨ। ਨਾਦਿਰ ਖਾਂ ਨੇ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਹਥਿਆਰਾਂ ਸਮੇਤ ਛਾਉਣੀ ਵਿਚੋਂ ਗ੍ਰਿਫਤਾਰ ਕਰਵਾ ਦਿੱਤਾ ਜਿਹੜੇ ਫੌਜੀ ਗ਼ਦਰੀਆਂ ਦੀ ਹਮਾਇਤ ਕਰਦੇ ਸਨ ਉਨ੍ਹਾਂ ਨੂੰ ਵੀ ਨਾਦਿਰ ਖਾਂ ਨੇ ਫੜਵਾ ਦਿੱਤਾ। ਅੰਗਰੇਜ਼ ਸਰਕਾਰ ਨੇ ਇਸ ਸਾਜਿਸ਼ ਨਾਲ ਸੰਬੰਧਤ ਭਾਈ ਈਸ਼ਰ ਸਿੰਘ, ਭਾਈ ਜੁਗਿੰਦਰ ਸਿੰਘ, ਭਾਈ ਭਗਵਾਨ ਸਿੰਘ, ਭਾਈ ਬੀਬਾ ਸਿੰਘ, ਭਾਈ ਫੂਲਾ ਸਿੰਘ ਅਤੇ ਹਵਾਲਦਾਰ ਜਲੇਸ਼ਵਰ ਸਿੰਘ ਨੂੰ 26 ਅਪ੍ਰੈਲ 1915 ਨੂੰ ਮੇਰਠ ਜੇਲ੍ਹ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ।

ਗ਼ਦਰ ਦੀ ਅਸਫਲਤਾ ਤੋਂ ਬਾਅਦ ਜਿਹੜੇ ਗ਼ਦਰੀ ਗ੍ਰਿਫ਼ਤਾਰੀਆਂ ਤੋਂ ਬਚ ਗਏ ਸਨ, ਉਨ੍ਹਾਂ ਨੇ ਹੌਸਲਾ ਨਾ ਹਾਰਿਆ ਅਤੇ ਸਾਹ ਲੈ ਕੇ ਉਹ ਫਿਰ ਮੈਦਾਨ ਵਿਚ ਆ ਗਏ। ਜਿਨ੍ਹਾਂ ਵਿਚ ਮੁੱਖ ਤੌਰ 'ਤੇ ਭਾਈ ਪ੍ਰੇਮ ਸਿੰਘ ਸੁਰ ਸਿੰਘ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਜਵੰਦ ਸਿੰਘ ਨੰਗਲ, ਭਾਈ ਵੀਰ ਸਿੰਘ ਬਾਹੋਵਾਲ, ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਭਗਤ ਸਿੰਘ ਕਚਰਭੰਨ, ਭਾਈ ਉੱਤਮ ਸਿੰਘ ਹਾਂਸ, ਭਾਈ ਬੂਟਾ ਸਿੰਘ ਅਕਾਲਗੜ੍ਹ ਆਦਿ ਸੂਰਮੇ ਵਰਨਣਯੋਗ ਸਨ। ਉਕਤ ਗ਼ਦਰੀਆਂ ਨੇ ਮੀਟਿੰਗ ਸੱਦ ਕੇ ਫੈਸਲਾ ਕੀਤਾ ਕਿ ਇਕ ਤਾਂ ਸਰਕਾਰ ਦੇ ਝੋਲੀਚੁੱਕਾਂ ਦਾ ਖਾਤਮਾ ਕੀਤਾ ਜਾਵੇ ਅਤੇ ਦੂਜਾ ਹਥਿਆਰ ਇਕੱਠੇ ਕੀਤੇ ਜਾਣ। ਇਸ ਮਕਸਦ ਨੂੰ ਸਾਹਮਣੇ ਰੱਖ ਕੇ ਗ਼ਦਰੀਆਂ ਨੇ ਵੱਲਾ ਪਿੰਡ ਦੇ ਲਾਗੇ ਅੰਮ੍ਰਿਤਸਰ ਵਾਲੀ ਨਹਿਰ ਦੇ ਪੁਲ ਉੱਤੇ ਲੱਗੀ ਫੌਜੀਆਂ ਦੀ ਗਾਰਦ 'ਤੇ ਹਮਲਾ ਕਰਕੇ ਫੌਜੀਆਂ ਤੋਂ ਹਥਿਆਰ ਖੋਹ ਲਏ। ਇਸ ਵਾਰਦਾਤ ਵਿਚ ਦੋ ਫੌਜੀ ਵੀ ਮਾਰੇ ਗਏ। ਗ਼ਦਰੀ ਹਥਿਆਰ ਲੈ ਕੇ ਨਹਿਰ ਦੀ ਪਟੜੀ 'ਤੇ ਤਰਨਤਾਰਨ ਨੂੰ

ਤੁਰ ਪਏ। ਗਾਰਦ ਦੇ ਫੌਜੀਆਂ ਨੇ ਰੌਲਾ ਪਾ ਕੇ ਲੋਕ ਇਕੱਠੇ ਕਰ ਲਏ। ਫੌਜ ਤੇ ਲੋਕਾਂ ਦੀ ਵਹੀਰ ਗ਼ਦਰੀਆਂ ਦੇ ਪਿਛੇ ਲੱਗ ਤੁਰੀ। ਗ਼ਦਰੀ ਲੜਦੇ-ਲੜਦੇ ਤਰਨਤਾਰਨ ਤੇ ਅੱਗੋਂ ਗੋਇੰਦਵਾਲ ਸਾਹਿਬ ਤਕ ਪਹੁੰਚ ਗਏ। ਫੌਜ ਵੀ ਪਿੱਛੇ-ਪਿੱਛੇ ਲੱਗੀ ਰਹੀ। ਗ਼ਦਰੀ ਦਰਿਆ ਪਾਰ ਕਰਕੇ ਕਪੂਰਥਲਾ ਪੱਤਣ ਵਿਚ ਪਹੁੰਚ ਗਏ। ਉਧਰ ਵੀ ਫੌਜ ਨੇ ਘੇਰਾ ਪਾਇਆ ਹੋਇਆ ਸੀ। ਅੰਤ ਫੌਜ ਨੇ ਭਾਈ ਚੰਨਣ ਸਿੰਘ ਬੂੜਚੰਦ, ਭਾਈ ਕਾਲਾ ਸਿੰਘ ਜਗਤਪੁਰ, ਭਾਈ ਹਰਨਾਮ ਸਿੰਘ ਅਤੇ ਭਾਈ ਆਤਮਾ ਸਿੰਘ ਨੂੰ ਗ੍ਰਿਫ਼ਤਾਰ ਕਰਕੇ 9 ਅਗਸਤ 1915 ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਇਸ ਕੇਸ ਨਾਲ ਸੰਬੰਧਤ ਬੰਤਾ ਸਿੰਘ ਸੰਘਵਾਲ ਅਤੇ ਬੂਟਾ ਸਿੰਘ ਅਕਾਲਗੜ੍ਹ ਨੂੰ ਵੀ ਅੰਗਰੇਜ਼ ਹਕੂਮਤ ਨੇ ਗ੍ਰਿਫ਼ਤਾਰ ਕਰਕੇ 12 ਅਗਸਤ 1915 ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ।

ਝਾੜ ਸਾਹਿਬ ਜ਼ਿਲ੍ਹਾ ਤਰਨਤਾਰਨ ਦਾ ਗੁਰਦੁਆਰਾ ਪੰਜਾਬ ਭਰ ਦੇ ਗ਼ਦਰੀਆਂ ਦਾ ਪ੍ਰਮੁੱਖ ਕੇਂਦਰ ਸੀ। ਇਸ ਗੁਰਦੁਆਰੇ ਦੇ ਮੁੱਖ ਗ੍ਰੰਥੀ ਸ਼ਹੀਦ ਸੰਤ ਬਾਬਾ ਬੋਧ ਸਿੰਘ ਅਤੇ ਸੰਤ ਬਾਬਾ ਜੱਸਾ ਸਿੰਘ ਗ਼ਦਰੀਆਂ ਦੇ ਪੂਰਨ ਸਹਿਯੋਗੀ ਸਨ। ਉਨ੍ਹਾਂ ਦੀ ਮਾਤਾ ਜੱਸ ਕੌਰ ਨੂੰ ਵੀ ਹਕੂਮਤ ਨੇ ਗ੍ਰਿਫ਼ਤਾਰ ਇਸ ਕਰਕੇ ਕੀਤਾ ਸੀ ਕਿ ਉਹ ਦੇਸ਼ ਭਗਤਾਂ ਦੀ ਸੇਵਾ ਪਾਣੀ ਦਾ ਪ੍ਰਬੰਧ ਕਰਦੀ ਸੀ। ਝਾੜ ਸਾਹਿਬ ਕੇਂਦਰ ਤੋਂ ਗ਼ਦਰੀਆ ਨੇ ਮੀਆਂਮੀਰ ਛਾਉਣੀ 'ਤੇ ਹਮਲਾ ਕਰਨ ਦੀ ਯੋਜਨਾ ਬਣਾਈ। ਇਸ ਯੋਜਨਾ ਨੂੰ ਅੰਜਾਮ ਦੇਣ ਵਾਸਤੇ ਸਵਾਰ ਸੁੱਚਾ ਸਿੰਘ ਚੋਹਲਾ ਸਾਹਿਬ, ਮਹਾਰਾਜ ਸਿੰਘ ਕਸੇਲ, ਚੰਨਣ ਸਿੰਘ ਅਤੇ ਸੁਰਾਇਣ ਸਿੰਘ ਘੋੜਿਆਂ ਸਮੇਤ ਮੀਆਂਮੀਰ ਛਾਉਣੀ ਤੋਂ ਬਗਾਵਤ ਕਰਕੇ ਝਾੜ ਸਾਹਿਬ ਪਹੁੰਚ ਗਏ। ਇਨ੍ਹਾਂ ਨੂੰ ਗ਼ਦਰੀ ਇਥੇ ਨਾ ਮਿਲੇ। ਚੰਨਣ ਸਿੰਘ ਤੇ ਵਾਪਸ ਛਾਉਣੀ ਵਿਚ ਚਲਾ ਗਿਆ ਪਰ ਬਾਕੀ ਤਿੰਨੇ ਗ਼ਦਰੀਆਂ ਨੂੰ ਲੱਭਣ ਤੁਰ ਪਏ। ਰਸਤੇ ਵਿਚ ਅੰਗਰੇਜ਼ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨੂੰ ਕੋਰਟ ਮਾਰਸ਼ਲ ਕਰਕੇ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ।

ਮੀਆਂਮੀਰ ਛਾਉਣੀ ਦੇ ਬਾਕੀ ਫੌਜੀ ਜੋ ਗ਼ਦਰ ਪਾਰਟੀ ਨਾਲ ਰਲੇ ਸਨ, ਉਨ੍ਹਾਂ ਬਾਰੇ ਇਨ੍ਹਾਂ ਤੋਂ ਇਲਾਵਾ ਹੋਰ ਕਿਸੇ ਨੂੰ ਪਤਾ ਨਹੀਂ ਸੀ। ਇਹ ਭੇਦ ਉਦੋਂ ਖੁੱਲਿਆ ਜਦੋਂ ਇਸ ਰਸਾਲੇ ਨੂੰ ਵਿਸ਼ਵ ਜੰਗ ਵਿਚ ਭੇਜਿਆ ਗਿਆ ਅਤੇ ਸਟੇਸ਼ਨ 'ਤੇ ਇਕ ਸਿਪਾਹੀ ਵਿਸਾਵਾ ਸਿੰਘ ਦਾ ਸਮਾਨ ਵਾਲਾ ਬਕਸਾ ਡਿੱਗਣ ਨਾਲ ਬੰਬ ਫਟ ਗਿਆ। ਬਾਕੀਆਂ ਦੀ ਤਲਾਸ਼ੀ ਲੈਣ 'ਤੇ ਪੂਰਨ ਸਿੰਘ ਦੇ ਬਕਸੇ ਵਿਚੋਂ ਵੀ ਬੰਬ ਨਿਕਲ ਆਇਆ। ਇਨ੍ਹਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਸ ਰਸਾਲੇ ਵਿਚ ਗ਼ਦਰ ਪਾਰਟੀ ਲਈ ਕੰਮ ਕਰ ਰਹੇ ਫੌਜੀਆਂ ਬਾਰੇ ਪਤਾ ਲੱਗ ਗਿਆ। ਇਸ ਸਾਜਿਸ਼ ਵਿਚ ਅੰਗਰੇਜ਼ ਹਕੂਮਤ ਨੇ 3 ਸਤੰਬਰ 1915 ਨੂੰ ਦਫੇਦਾਰ ਲਛਮਣ ਸਿੰਘ ਚੂਸਲੇਵਾੜ, ਦਫੇਦਾਰ ਵਿਸਾਵਾ ਸਿੰਘ, ਸ੍ਰੀ ਮੋਤਾ ਸਿੰਘ ਤੇ ਸ੍ਰੀ ਤਾਰਾ ਸਿੰਘ ਤਿੰਨੇ ਰੂੜੀਵਾਲ, ਸ੍ਰੀ ਭਾਗ ਸਿੰਘ ਬੂੜਚੰਦ, ਸ੍ਰੀ ਇੰਦਰ ਸਿੰਘ ਸਾਬਾਜ਼ਪੁਰ, ਸ੍ਰੀ ਬੂਟਾ ਸਿੰਘ ਕਸੇਲ, ਸ੍ਰੀ ਗੁਜਰ ਸਿੰਘ ਤੇ ਸ੍ਰੀ ਜੇਠਾ ਸਿੰਘ ਲਹੁਕੇ, ਸ੍ਰੀ ਬੂਟਾ ਸਿੰਘ ਤੇ ਸ੍ਰੀ ਅਬਦਾਲ ਨਾਅਲਬੰਦ ਢੋਟੀਆਂ ਨੂੰ ਅੰਬਾਲਾ ਜੇਲ੍ਹ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ।

ਅੰਗਰੇਜ਼ ਹਕੂਮਤ ਨੇ ਸਭ ਪ੍ਰਮੁੱਖ ਗ਼ਦਰੀਆਂ ਨੂੰ ਗ੍ਰਿਫਤਾਰ ਕਰ ਲਿਆ। ਕਈਆਂ ਨੂੰ ਇਸ ਤੋਂ ਪਹਿਲਾਂ ਮੌਤ ਦੀਆਂ ਸਜ਼ਾਵਾਂ ਹੋ ਚੁੱਕੀਆਂ ਸਨ। ਗ਼ਦਰੀਆ 'ਤੇ ਕੇਸ ਚਲਾਉਣੇ ਤਾਂ ਐਵੇਂ ਲੋਕ ਵਿਖਾਵਾ ਸੀ। ਹਕੀਕਤ ਵਿਚ ਸਰਕਾਰ ਦਾ ਫੈਸਲਾ ਤਾਂ ਗ਼ਦਰੀਆਂ ਨੂੰ ਖ਼ਤਮ ਕਰਨ

ਦਾ ਸੀ। ਪਹਿਲੇ ਲਾਹੌਰ ਸਾਜਿਸ਼ ਕੇਸ ਵਿਚ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਸਮੇਤ 24 ਗ਼ਦਰੀਆਂ ਨੂੰ ਮੌਤ ਦੀ ਸਜ਼ਾ ਹੋਈ ਸੀ। ਇਕ ਖਾਸ ਟ੍ਰਿਬਿਊਨਲ ਨੇ 17 ਗ਼ਦਰੀਆਂ ਦੀ ਮੌਤ ਦੀ ਸਜ਼ਾ ਬਦਲ ਕੇ ਉਮਰ ਕੈਦ ਕਰ ਦਿੱਤੀ ਪਰ 7 ਗ਼ਦਰੀ ਜਿਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਸੁਰ ਸਿੰਘ, ਹਰਨਾਮ ਸਿੰਘ ਸਿਆਲਕੋਟ, ਸੁਰੈਣ ਸਿੰਘ ਨੰ: 1, ਸੁਰੈਣ ਸਿੰਘ ਨੰ: 2 ਅਤੇ ਬਖਸ਼ੀਸ਼ ਸਿੰਘ ਗਿੱਲਵਾਲੀ ਨੂੰ 16 ਨਵੰਬਰ 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ।

ਗ਼ਦਰੀਆਂ ਦੀਆਂ ਸ਼ਹਾਦਤਾਂ ਦੇ ਸ਼ਤਾਬਦੀ ਵਰ੍ਹੇ ਦੌਰਾਨ ਸਾਡਾ ਫਰਜ਼ ਬਣਦਾ ਹੈ ਕਿ ਇਨ੍ਹਾਂ ਮਹਾਨ ਦੇਸ਼ਭਗਤਾਂ ਦੇ ਸ਼ਹੀਦੀ ਸ਼ਤਾਬਦੀ ਦਿਵਸਾਂ 'ਤੇ ਸਮਾਗਮ ਕਰਕੇ ਲੋਕਾਂ ਨੂੰ ਆਪਣੇ ਮਹਾਨ ਵਿਰਸੇ ਪ੍ਰਤੀ ਜਾਗਰੂਕ ਕਰੀਏ।

✲✲✲

ਗ਼ਦਰ ਦੇ ਸਿਪਾਹੀਆਂ ਦੇ ਨਾਂ
ਸਰਦਾਰ ਅਜੀਤ ਸਿੰਘ ਦਾ ਖ਼ਤ

"ਗ਼ਦਰ ਅਤੇ ਭਾਰਤ ਮਾਤਾ ਐ ਅਮਰੀਕਾ ਵਿਚ ਵਸਣ ਵਾਲੇ ਹਿੰਦੂ ਅਤੇ ਮੁਸਲਮਾਨੋ!

ਆਪ ਲੋਕਾਂ ਦੀ ਦੇਸ਼ਭਗਤੀ ਸੁਣ ਕੇ ਬਹੁਤ ਖ਼ੁਸ਼ੀ ਹੋਈ ਹੈ। ਧੰਨ ਹਨ ਉਹ ਲੋਕ, ਜਿਨ੍ਹਾਂ ਦੇ ਦਿਲਾਂ ਵਿਚ ਦੇਸ਼ ਦਾ ਪ੍ਰੇਮ ਹੈ ਅਤੇ ਨੇਕ ਨਸੀਬ ਹਨ ਉਹ ਲੋਕ ਜਿਨ੍ਹਾਂ ਨੇ ਆਪਣੀ ਜਨਮ ਭੂਮੀ ਅਥਵਾ ਦੇਸ਼ ਦੀ ਤਰੱਕੀ ਖਾਤਰ ਜਾਨਾਂ ਕੁਰਬਾਨ ਕੀਤੀਆਂ ਅਤੇ ਆਪਣੇ ਫਰਜ਼ ਨੂੰ ਪੂਰਾ ਕੀਤਾ। ਐ ਭਾਈਓ! ਇੱਜ਼ਤ ਅਤੇ ਸੂਰਮੇ ਦੀ ਮੌਤੇ ਮਰਨਾ ਖੁਆਰੀ ਅਤੇ ਗੁਲਾਮੀ ਦੇ ਜੀਵਨ ਨਾਲੋਂ ਹਜ਼ਾਰ ਗੁਣਾ ਚੰਗਾ ਹੈ। ਜੋ ਦੇਸ਼ ਭਗਤ ਹੈ, ਉਹ ਨੂੰ ਅਪਨੇ ਦੇਸ਼ ਦੀ ਤਬਾਹੀ ਅਤੇ ਬੁਰੀ ਦਿਸ਼ਾ ਦੇਖਣੀ ਅਜ਼ ਹੱਦ ਕਠਨ ਹੈ, ਬਸ! ਉਹ ਅਪਨੇ ਦੇਸ਼ ਅਤੇ ਕੌਮ ਦੀ ਬਰਬਾਦੀ ਨੂੰ ਦੇਖਦਾ ਹੋਇਆ ਅਪਨੀ ਕੁਰਬਾਨੀ ਕਰਨੋ ਕਦੀ ਨਹੀਂ ਝਿਜਕਦਾ ਜਦ ਤਕ ਮੁਲਕ ਨੂੰ ਸੁਖ ਨਾ ਹੋਵੇ ਉਹਨੂੰ ਚੈਨ ਨਹੀਂ ਆਉਂਦਾ, ਦੇਸ ਕੌਮ ਦੇ ਬੀਰੋ ਅਤੇ ਹਿੰਦੀ ਸ਼ੇਰੋ! ਗ਼ਦਰ ਦੀ ਫੌਜ ਵਿਚ ਭਰਤੀ ਹੋ ਕੇ ਛੇਤੀ ਗ਼ਦਰ ਕਰੋ ਕਿਉਂਕਿ ਕਿਸੇ ਪੁੱਤਰ ਨੂੰ ਆਪਣੀ ਮਾਤਾ ਦੁਖੀ ਦੇਖ ਕੇ ਸੁਖ ਦੀ ਨੀਂਦੇ ਸੌਣਾ ਨਹੀਂ ਚਾਹੀਦਾ। ਇਨਸਾਨੀ ਅਣਖ ਇਕ ਨੇਕ ਪੁੱਤਰ ਨੂੰ ਕਿਸ ਤਰਾਂ ਅਪਨੀ ਮਾਤਾ, ਦੁਖੀ ਪਾਸੋਂ ਲਾ-ਪ੍ਰਵਾਹ ਕਰ ਸਕਦਾ ਹੈ? ਪੁੱਤਰ ਨੂੰ ਜ਼ਰਾ ਕੁ ਦੁੱਖ ਹੋਣ ਨਾਲ ਮਾਤਾ ਦਾ ਸੌਣਾ ਹਰਾਮ ਹੋ ਜਾਂਦਾ ਹੈ। ਇਸ ਕਰਕੇ ਐ ਭਾਰਤ ਦੇ ਸਪੂਤੋ! ਆਪਣੇ ਦੇਸ਼ ਭਾਈਆਂ ਨੂੰ ਦੇਸ਼ ਦੀ ਤਬਾਹੀ ਦਾ ਹਾਲ ਦੱਸ ਕੇ ਆਪਣੀ ਮਾਤਾ ਦੀ ਸੇਵਾ ਵਾਸਤੇ ਗ਼ਦਰ ਦੀ ਫੌਜ ਵਿਚ ਭਰਤੀ ਹੋ ਜਾਓ! ਇਸ ਦੇਸ਼ ਭਗਤੀ ਦੇ ਕਾਰਨਾਮੇ ਅਤੇ ਦੇਸ਼ ਭਗਤਾਂ ਦੇ ਨਾਂਅ ਅਤੇ ਦੇਸ਼ ਦਾ ਨਾਂਅ ਤਾਰੀਖ ਦੇ ਸਫਿਆਂ ਉਤੇ ਰੌਸ਼ਨ ਹੋਵੇਗਾ।"

ਮੁੱਖ ਪੰਨਾ, 'ਹਿੰਦੁਸਤਾਨ ਗ਼ਦਰ'
28 ਜੁਲਾਈ 1914, ਸਾਨ ਫ੍ਰਾਂਸਿਸਕੋ, ਅਮਰੀਕਾ

ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਸ਼ਹੀਦ

ਪਹਿਲਾ ਲਾਹੌਰ ਸਾਜਿਸ਼ ਕੇਸ ਗ਼ਦਰੀ ਇਨਕਲਾਬੀਆਂ ਉਪਰ ਚਲਾਇਆ ਮੁੱਖ ਮੁਕੱਦਮਾ ਸੀ ਜਿਸ ਵਿਚ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਸਮੇਤ 24 ਗ਼ਦਰੀਆਂ ਨੂੰ ਮੌਤ ਦੀ ਸਜ਼ਾ ਹੋਈ ਸੀ। ਇਕ ਖ਼ਾਸ ਟ੍ਰਿਬਿਊਨਲ ਨੇ 17 ਗ਼ਦਰੀਆਂ ਦੀ ਮੌਤ ਦੀ ਸਜ਼ਾ ਬਦਲ ਕੇ ਉਮਰ ਕੈਦ ਕਰ ਦਿੱਤੀ ਪਰ 7 ਗ਼ਦਰੀ ਜਿਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਸੁਰਸਿੰਘ, ਹਰਨਾਮ ਸਿੰਘ ਸਿਆਲਕੋਟ, ਸੁਰੈਣ ਸਿੰਘ ਨੰ: 1, ਸੁਰੈਣ ਸਿੰਘ ਨੰ: 2 ਅਤੇ ਬਖਸ਼ੀਸ਼ ਸਿੰਘ ਗਿੱਲਵਾਲੀ ਨੂੰ 16 ਨਵੰਬਰ 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਸੀ। *ਇਨ੍ਹਾਂ ਤੇ ਹੋਰ ਗ਼ਦਰੀ ਸ਼ਹੀਦਾਂ ਦੇ ਸੰਖੇਪ ਜੀਵਨ ਬਿਊਰੇ ਗ਼ਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਵਲੋਂ ਉਰਦੂ ਵਿਚ ਲਿਖੇ ਗਏ ਸਨ ਜਿਨ੍ਹਾਂ ਦਾ ਪੰਜਾਬੀ ਅਨੁਵਾਦ ਦੇਸ਼ਭਗਤ ਯਾਦਗਾਰ ਕਮੇਟੀ ਵਲੋਂ ਕਰਵਾਕੇ ਛਾਪਿਆ ਗਿਆ ਸੀ। -ਸੰਪਾਦਕ*

ਸ਼ਹੀਦੇ-ਏ-ਆਜ਼ਮ ਕਰਤਾਰ ਸਿੰਘ ਸਰਾਭਾ ਜਿਸਦਾ ਬਚਪਨ ਵੀ ਇਨਕਲਾਬ ਨੂੰ ਸਮਰਪਤ ਸੀ

ਜਦੋਂ ਅਮਰੀਕਾ ਵਿੱਚ ਰਹੇ ਹਿੰਦੀਆਂ ਵਿਚ ਗ਼ੁਲਾਮੀ ਦੇ ਖਿਲਾਫ ਜਜ਼ਬਾ ਪੈਦਾ ਹੋਇਆ, ਉਸ ਵੇਲੇ ਕਰਤਾਰ ਸਿੰਘ ਸਰਾਭਾ ਦੀ ਉਮਰ ਮਸੀਂ 19 ਵਰ੍ਹਿਆਂ ਦੀ ਸੀ। ਗ਼ਦਰ ਪਾਰਟੀ ਨੇ ਆਜ਼ਾਦੀ ਦੇ ਉਸ ਜਜ਼ਬੇ ਨੂੰ ਜਥੇਬੰਦ ਕੀਤਾ ਸੀ। ਕਰਤਾਰ ਸਿੰਘ ਮੁਲਕ ਤੋਂ ਹੀ ਮੈਟ੍ਰਿਕ ਪਾਸ ਸੀ ਅਤੇ ਬਚਪਨ ਤੋਂ ਹੀ ਇਨਕਲਾਬੀ ਤਬੀਅਤ ਦਾ ਮਾਲਕ ਸੀ। ਉਸ ਦੀ ਸਕੂਲੀ ਜ਼ਿੰਦਗੀ ਤੋਂ ਹੀ ਪਤਾ ਲੱਗਦਾ ਹੈ ਕਿ ਉਸਦਾ ਦਿਮਾਗ ਆਪਣੇ ਸਹਿਪਾਠੀਆਂ ਨਾਲੋਂ ਵਿਲੱਖਣ ਸੀ। ਉਹ ਖੇਡਣ ਕੁੱਦਣ ਵਿੱਚ ਆਪਣੇ ਸਹਿਪਾਠੀਆਂ ਦਾ ਮੋਹਰੀ ਸੀ। ਸਕੂਲ ਦੇ ਬੱਚਿਆਂ ਨੂੰ ਜਥੇਬੰਦ ਕਰਨਾ ਅਤੇ ਉਸਤਾਦਾਂ ਦੀਆਂ ਨਜਾਇਜ਼ ਹਰਕਤਾਂ ਵਿਰੁੱਧ ਜੱਦੋ-ਜਹਿਦ ਕਰਨਾ ਉਸਦਾ ਸ਼ੁਗਲ ਸੀ। ਉਹ 1912 ਵਿਚ ਕੈਲੀਫੋਰਨੀਆ ਦੀ ਬੰਦਰਗਾਹ ਸਾਨਫਰਾਂਸਿਸਕੋ ਪਹੁੰਚਿਆ ਅਤੇ ਕੈਲੇਫੋਰਨੀਆ ਦੇ ਪੇਂਡੂ ਇਲਾਕੇ ਵਿੱਚ, ਜਿੱਥੇ ਉਸਦੇ ਹਮਵਤਨੀ ਖੇਤਾਂ ਵਿੱਚ ਮਜ਼ਦੂਰੀ ਦਾ ਕੰਮ ਕਰਦੇ ਸਨ, ਉਹਨਾਂ ਵਿੱਚ ਸ਼ਾਮਲ ਹੋ ਕੇ ਖ਼ੇਤ-ਮਜ਼ਦੂਰ ਦੀ ਜੂਨੇ ਪੈ ਗਿਆ। ਉੱਥੋਂ ਦੇ ਜ਼ਿਮੀਂਦਾਰਾਂ ਦੇ ਵਰਤਾਓ ਅਤੇ ਅਮਰੀਕੀ ਲੋਕਾਂ ਦੇ ਨਫ਼ਰਤ ਭਰੇ ਰਵੱਈਏ ਨੇ ਉਸਨੂੰ ਗ਼ੁਲਾਮੀ ਦਾ ਅਹਿਸਾਸ ਕਰਵਾਇਆ ਅਤੇ ਉਸਨੇ ਮਹਿਸੂਸ ਕੀਤਾ ਕਿ ਦੁਨੀਆਂ ਵਿਚ ਗ਼ੁਲਾਮੀ ਹੀ ਸਭ ਤੋਂ ਵੱਡੀ ਲਾਹਨਤ ਹੈ। ਉਸਨੇ ਆਪਣੇ ਹਮਵਤਨੀਆਂ ਨਾਲ ਵਿਚਾਰ-ਵਟਾਂਦਰਾ ਕਰਨਾ ਸ਼ੁਰੂ ਕਰ ਦਿੱਤਾ। ਕੈਲੀਫੋਰਨੀਆ ਅਤੇ ਅਮਰੀਕਾ ਦੇ ਦੂਜੇ ਹਿੱਸਿਆਂ ਵਿੱਚ, ਜਿੱਥੇ ਵੀ ਕਿਤੇ ਹਿੰਦੋਸਤਾਨੀ ਵੱਸਦੇ ਸਨ, ਉੱਥੇ ਹੀ ਅਮਰੀਕਨਾਂ ਦੇ ਨਿੱਤ ਦੇ ਤਾਅਨਿਆਂ ਅਤੇ ਨਫ਼ਰਤ ਭਰੇ ਰਵੱਈਏ ਨੇ ਉਨ੍ਹਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਹੁਣ ਕਰਤਾਰ ਸਿੰਘ ਨੂੰ ਕਈ ਹਮਖ਼ਿਆਲ ਮਿਲ ਗਏ। ਉਨ੍ਹਾਂ ਨੇ ਜੂਲੋ ਰਿਆਸਤ (ਕੈਲੀਫੋਰਨੀਆ) ਵਿਚ ਇਕ ਮੀਟਿੰਗ ਸੱਦੀ। ਇਸ ਮੀਟਿੰਗ ਵਿਚ ਲਾਲ ਹਰਦਿਆਲ, ਪੰਡਿਤ ਜਗਤ ਰਾਮ, ਭਾਈ ਜਵਾਲਾ ਸਿੰਘ, ਕਰਤਾਰ ਸਿੰਘ ਅਤੇ ਢੇਰ ਸਾਰੇ ਹਿੰਦੋਸਤਾਨੀ ਵਿਦਿਆਰਥੀ ਅਤੇ ਮਜ਼ਦੂਰ ਸ਼ਾਮਲ ਹੋਏ। ਗ਼ੁਲਾਮੀ ਦੇ ਕਾਰਨਾਂ ਬਾਰੇ ਚਰਚਾ ਹੋਈ। ਆਜ਼ਾਦੀ ਹਾਸਲ ਕਰਨ ਲਈ ਇੱਕ ਅਜਿਹੀ ਵਿਸ਼ਾਲ ਜਥੇਬੰਦੀ ਦੀ ਜ਼ਰੂਰਤ ਸੀ, ਜੋ ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਨਾਲ ਟੱਕਰ ਲੈ ਸਕੇ। ਇਹ ਛੋਟੀ ਜਿਹੀ ਮੀਟਿੰਗ ਅੱਗੋਂ ਬਣਨ ਵਾਲੀ ਜਥੇਬੰਦੀ ਦਾ ਮੁੱਢ ਤਾਂ ਸੀ, ਪਰ ਉਸ ਵੇਲੇ ਵੇਲੇ ਉਹਨਾਂ ਕੋਲ ਓਨੀ ਸਮਰੱਥਾ ਨਹੀਂ ਸੀ ਕਿ ਕੋਈ ਵੱਡਾ ਕੰਮ ਕਰ ਸਕਦੇ।

ਇਸੇ ਦੌਰਾਨ ਵਾਸ਼ਿੰਗਟਨ ਅਤੇ ਓਰੀਗੋਨ ਦੇ ਕਾਰਖਾਨਿਆਂ ਵਿਚਲੇ ਹਿੰਦੀ ਮਜ਼ਦੂਰਾਂ ਵਿਚ ਜਾਗ੍ਰਤੀ ਅਤੇ ਜਥੇਬੰਦੀ ਦਾ ਮਾਦਾ ਪੈਦਾ ਹੋ ਚੁੱਕਿਆ ਸੀ। ਫਿਰ ਕਦਮ ਹੋਰ ਅੱਗੇ ਵਧੇ ਅਤੇ ਮਾਰਚ 1913 ਵਿਚ ਅਸਟੋਰੀਆ ਮਿੱਲ ਰਿਆਸਤ ਵਾਸ਼ਿੰਗਟਨ ਵਿਚ ਗ਼ਦਰ ਪਾਰਟੀ

ਦੀ ਬੁਨਿਆਦ ਰੱਖੀ ਗਈ। ਜਦੋਂ ਕੈਲੀਫੋਰਨੀਆ ਵਿਚ ਪਾਰਟੀ ਬਣਨ ਦੀ ਖ਼ਬਰ ਪਹੁੰਚੀ ਤਾਂ ਕਰਤਾਰ ਦੀ ਖ਼ੁਸ਼ੀ ਦੀ ਹੱਦ ਨਾ ਰਹੀ ਅਤੇ ਉਹ ਫੌਰਨ ਪਾਰਟੀ ਵਿਚ ਸ਼ਾਮਲ ਹੋ ਗਿਆ।

1 ਨਵੰਬਰ, 1913 ਨੂੰ 'ਗ਼ਦਰ' ਅਖ਼ਬਾਰ ਦਾ ਜਿਹੜਾ ਪਹਿਲਾ ਪਰਚਾ ਨਿਕਲਿਆ, ਉਹ ਜ਼ਿਆਦਾਤਰ ਕਰਤਾਰ ਦੀ ਹਿੰਮਤ ਦਾ ਹੀ ਸਿੱਟਾ ਸੀ। ਇਹ ਪਰਚਾ ਹੈਂਡ ਮਸ਼ੀਨ 'ਤੇ ਛਾਪਿਆ ਗਿਆ ਸੀ। ਹੈਂਡ-ਮਸ਼ੀਨ ਨੂੰ ਚਲਾਉਣ ਵਾਲਾ ਅਤੇ ਪੰਜਾਬੀ ਦੇ 'ਗ਼ਦਰ' ਅਖ਼ਬਾਰ ਨੂੰ ਲਿਖਣ ਵਾਲਾ ਕਰਤਾਰ ਸਿੰਘ ਹੀ ਸੀ। ਜਦੋਂ ਕੰਮ ਦੇ ਵਧਣ ਨਾਲ ਹੋਰ ਬਹੁਤ ਸਾਰੇ ਸਾਥੀ ਦਫ਼ਤਰ ਤੇ ਪਰੈਸ ਦੇ ਕੰਮ ਵਿਚ ਸ਼ਾਮਲ ਹੋ ਗਏ, ਤਾਂ ਕਰਤਾਰ ਸਿੰਘ ਦੀ ਹਮੇਸ਼ਾ ਹੀ ਕੋਸ਼ਿਸ਼ ਰਹਿੰਦੀ ਕਿ ਹਰ ਕਿਸੇ ਦੇ ਕੰਮ ਹੱਥ ਵਟਾ ਸਕੇ। ਉਹ ਗੱਲਬਾਤ ਵਿਚ ਹਰੇਕ ਸਾਥੀ ਨੂੰ ਖ਼ੁਸ਼ ਰੱਖਣ ਦਾ ਯਤਨ ਕਰਦਾ ਸੀ। ਉਹ ਇੱਕ ਸੱਚੇ ਇਨਕਲਾਬੀ ਵਾਂਗ ਆਪਣਾ ਨਿੱਜਤਵ ਮਿਟਾ ਚੁੱਕਿਆ ਸੀ। ਉਸ ਲਈ ਜੀਵਨ ਮਹਿਜ਼ ਆਪਣਾ ਨਹੀਂ ਸੀ, ਸਗੋਂ ਦੇਸ਼ ਨੂੰ ਅਰਪਣ ਹੋ ਚੁੱਕਿਆ ਸੀ।

ਗ਼ਦਰ ਪਾਰਟੀ ਓਰੀਗੋਨ ਤੇ ਵਾਸ਼ਿੰਗਟਨ ਦੇ ਨੁਮਾਇੰਦਿਆਂ ਦੀ ਕਾਨਫਰੰਸ ਵਿਚ ਬੰਨੀ ਗਈ ਸੀ। ਕੈਲੀਫੋਰਨੀਆ ਦੇ ਨੁਮਾਇੰਦੇ ਹਾਲੇ ਸ਼ਾਮਲ ਨਹੀਂ ਹੋਏ ਸਨ। ਇਹ ਕਮੀ ਕਰਤਾਰ ਸਿੰਘ ਨੇ ਪੂਰੀ ਕਰ ਦਿੱਤੀ। ਫਰਵਰੀ, 1914 ਵਿਚ ਕੈਲੀਫੋਰਨੀਆ ਦੇ ਸ਼ਹਿਰ ਸਟਾਕਟਨ ਵਿਚ ਓਰੀਗੋਨ, ਵਾਸ਼ਿੰਗਟਨ ਅਤੇ ਕੈਲੀਫੋਰਨੀਆ ਦੇ ਪ੍ਰਤੀਨਿਧਾਂ ਦੀ ਕਾਨਫਰੰਸ ਸੱਦੀ ਗਈ ਅਤੇ ਕੈਲੀਫੋਰਨੀਆ ਬਾਕਾਇਦਾ ਤੌਰ 'ਤੇ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਿਆ। ਇਸ ਕਾਨਫਰੰਸ ਨੇ ਗ਼ਦਰ ਪਾਰਟੀ ਦੇ ਕੰਮ ਨੂੰ ਖਾਸੀ ਗਤੀ ਬਖਸ਼ ਦਿੱਤੀ ਅਤੇ ਪਾਰਟੀ ਜਥੇਬੰਦੀ ਵੀ ਮਜ਼ਬੂਤ ਹੋ ਗਈ।

ਪਹਿਲੀ ਜੰਗ ਦੇ ਸਮੇਂ 1915 ਦੇ ਸ਼ੁਰੂ ਵਿਚ ਹੀ ਸੈਕਰਾਮੈਂਟੋ ਵਿਚ ਇਕ ਜੰਗੀ ਕਾਨਫਰੰਸ ਹੋਈ, ਜਿਸਦਾ ਮੰਤਵ ਹਿੰਦੋਸਤਾਨ ਵਿਚ ਆ ਕੇ ਇਨਕਲਾਬ ਕਰਨ ਦਾ ਸੀ। ਇਸ ਵਿਚ ਕਰਤਾਰ ਸਿੰਘ ਦਾ ਖਾਸਾ ਯੋਗਦਾਨ ਸੀ। ਜਦੋਂ ਪਾਰਟੀ ਕਮਿਸ਼ਨ ਨੇ ਹਵਾਈ ਜਹਾਜ਼ ਦੀ ਸਿਖਲਾਈ ਲਈ ਮੈਂਬਰ ਮੰਗੇ, ਤਾਂ ਸਭ ਤੋਂ ਪਹਿਲੀ ਦਰਖ਼ਾਸਤ ਕਰਤਾਰ ਦੀ ਸੀ, ਜਿਸਨੂੰ ਕਮਿਸ਼ਨ ਨੇ ਮੰਨ ਲਿਆ।

ਜਦੋਂ ਪਾਰਟੀ ਨੇ ਇਨਕਲਾਬ ਲਈ ਹਿੰਦੁਸਤਾਨ ਜਾਣ ਦਾ ਫ਼ੈਸਲਾ ਕੀਤਾ ਤਾਂ ਕਰਤਾਰ ਸਿੰਘ ਸਭ ਤੋਂ ਪਹਿਲਾ ਤੁਰ ਪਿਆ। ਉਹ ਇਕੱਲਾ ਹੀ ਨਹੀਂ ਆਇਆ ਸੀ, ਸਗੋਂ ਤਿੰਨ ਅਮਰੀਕਨ ਇਨਕਲਾਬੀ ਦੋਸਤ ਜਿਨ੍ਹਾਂ 'ਚ ਇੱਕ ਇਸਤਰੀ ਤੇ ਦੋ ਮਰਦ ਸਨ, ਉਸਦੇ ਨਾਲ ਸਨ।

ਉਹ ਭੇਸ ਬਦਲਣ ਵਿਚ ਮਾਹਿਰ ਸੀ। ਉਹ ਭੇਸ ਬਦਲ ਕੇ ਹੀ ਕੋਲੰਬੋ ਦੇ ਰਸਤੇ ਭਾਰਤ ਆਇਆ ਅਤੇ ਪੁਲੀਸ ਦੀਆਂ ਉਕਾਬੀ ਨਜ਼ਰਾਂ ਤੋਂ ਬਚ ਕੇ ਬਹੁਤ ਦਿਨਾਂ ਤੱਕ ਦੇਸ਼ ਵਿਚ ਕੰਮ ਕਰਦਾ ਰਿਹਾ। ਮਿਸਟਰ ਪਿੰਗਲੇ ਦੇ ਜ਼ਰੀਏ ਉਹ ਸਚਿੰਦਰ ਨਾਥ ਸਨਿਆਲ ਅਤੇ ਰਾਸ ਬਿਹਾਰੀ ਬੋਸ ਨੂੰ ਮਿਲਿਆ। ਉਹ ਪੰਜਾਬ ਅਤੇ ਪੰਜਾਬ ਤੋਂ ਬਾਹਰ ਖੁੱਲ੍ਹੇਆਮ ਕੰਮ ਕਰਦਾ ਰਿਹਾ। ਫੌਜਾਂ ਵਿਚ ਨਿਧੜਕ ਹੋ ਕੇ ਪ੍ਰਚਾਰ ਲਈ ਪੁੱਜ ਜਾਂਦਾ। ਫਿਰੋਜ਼ਪੁਰ ਕਿਲੇ ਦੇ ਸਿਪਾਹੀਆਂ ਨਾਲ ਗੱਠਜੋੜ ਕਰਕੇ ਮੈਗਜ਼ੀਨ ਲੁੱਟਣ ਦਾ ਇੰਤਜ਼ਾਮ ਕੀਤਾ।

ਜਦੋਂ ਰਾਸ ਬਿਹਾਰੀ ਬੋਸ ਵਗੈਰਾ ਦੇ ਮਿਲਣ ਨਾਲ ਅਤੇ ਨਵਾਬ ਖ਼ਾਨ ਆਦਿ ਦੇ ਉਕਸਾਉਣ 'ਤੇ ਡਾਕੇ ਮਾਰਨ ਦਾ ਖ਼ਿਆਲ ਦਿਲ ਵਿਚ ਘਰ ਕਰ ਗਿਆ, ਤਾਂ ਕੋਈ ਅਜਿਹਾ

ਡਾਕਾ ਨਹੀਂ ਸੀ, ਜਿਸ ਵਿਚ ਉਸਨੇ ਹਿੱਸਾ ਨਹੀਂ ਸੀ ਲਿਆ। ਉਹ ਡਾਕਿਆਂ ਸਮੇਂ ਵੀ ਆਪਣੀ ਦੇਸ਼ ਭਗਤੀ ਨੂੰ ਛੁਪਾ ਨਹੀਂ ਸਕਦਾ ਸੀ, ਸਗੋਂ ਸਾਫ ਕਹਿ ਦਿੰਦਾ ਸੀ–"ਭਾਈ ਮਜਬੂਰ ਆਂ, ਰੁਪੱਈਆ ਮਿਲਦਾ ਨਹੀਂ, ਅੰਗਰੇਜ਼ਾਂ ਨੂੰ ਕੱਢਣਾ ਏ, ਜਦੋਂ ਮੁਲਕ ਆਜ਼ਾਦ ਹੋਏਗਾ ਤਾਂ ਤੁਹਾਨੂੰ ਕਈ ਗੁਣਾਂ ਵਾਪਸ ਕੀਤਾ ਜਾਏਗਾ।"

ਇਖਲਾਕ ਏਨਾ ਉੱਚਾ ਸੀ ਕਿ ਸ਼ਾਇਦ ਹੀ ਕਿਸੇ ਨੌਜਵਾਨ ਦਾ ਹੋਵੇ। ਜਦੋਂ ਸਾਹਨੇਵਾਲ ਦੇ ਡਾਕੇ ਵਿਚ ਉਸਦੇ ਇੱਕ ਸਾਥੀ ਨੇ ਇੱਕ ਸੋਹਣੀ ਕੁੜੀ ਨੂੰ ਮਾੜੀ ਨਿਗਾਹ ਨਾਲ ਵੇਖਿਆ, ਤਾਂ ਉਸਨੇ ਝੱਟ ਦੇਣੀ ਰਿਵਾਲਵਰ ਉਸਦੀ ਛਾਤੀ 'ਤੇ ਰੱਖ ਦਿੱਤਾ ਅਤੇ ਉਸ ਕੋਲੋਂ ਮਾਫੀ ਮੰਗਵਾਈ।

ਉਹ ਕਈ ਵਾਰੀ ਪੁਲੀਸ ਨੂੰ ਵੀ ਧੋਖਾ ਦੇ ਜਾਂਦਾ ਸੀ। ਇੱਕ ਵਾਰ ਕਰਤਾਰ ਸਿੰਘ ਬਾਈ ਸਾਈਕਲ 'ਤੇ ਇੱਕ ਸਾਥੀ ਦੇ ਘਰ ਗਿਆ। ਅੱਗੇ ਪੁਲੀਸ ਉਸਦੇ ਘਰ ਦੀ ਤਲਾਸ਼ੀ ਕਰ ਰਹੀ ਸੀ। ਕਰਤਾਰ ਸਿੰਘ ਚੰਗਾ ਭੱਦਰ ਪੁਰਸ਼ ਲੱਗ ਰਿਹਾ ਸੀ। ਪੁਲੀਸ ਨੂੰ ਕਹਿਣ ਲੱਗਾ, "ਜੋ ਲੋਕ ਸਰਕਾਰ ਦੇ ਖਿਲਾਫ਼ ਹਨ, ਉਨ੍ਹਾਂ ਦੀ ਚੰਗੀ ਖ਼ਬਰ ਲਓ।" ਪੁਲੀਸ ਵਾਲਿਆਂ ਸਮਝਿਆ ਕਿ ਕੋਈ ਸਰਕਾਰੀ ਮੁਲਾਜ਼ਮ ਹੈ ਤੇ ਉਹ 10–15 ਮਿੰਟ ਪੁਲੀਸ ਨਾਲ ਗੱਲਾਂ-ਬਾਤਾਂ ਕਰਕੇ ਰਫੂਚੱਕਰ ਹੋ ਗਿਆ। ਜਦੋਂ ਉਹਨਾਂ ਪੁਲੀਸ ਵਾਲਿਆਂ ਦੀ ਗਵਾਹੀ ਕਚਹਿਰੀ ਵਿੱਚ ਹੋਈ ਤਾਂ ਜੱਜ ਤੇ ਸਾਰੇ ਲੋਕਾਂ ਨੇ ਉਹਨਾਂ ਦੀ ਖ਼ੂਬ ਖਿੱਲੀ ਉਡਾਈ।

ਜਦੋਂ ਪਾਰਟੀ ਇਨਕਲਾਬ ਕਰਨ 'ਚ ਫ਼ੇਲ੍ਹ ਹੋ ਗਈ ਤਾਂ ਉਨ੍ਹਾਂ ਮੈਂਬਰਾਂ ਨੇ ਜੋ ਗ੍ਰਿਫ਼ਤਾਰੀ ਤੋਂ ਬਚ ਗਏ ਸਨ, ਹਿੰਦੁਸਤਾਨ ਛੱਡਣ ਦਾ ਫੈਸਲਾ ਕਰ ਲਿਆ। ਕਰਤਾਰ ਸਿੰਘ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਇਸ ਮੰਤਵ ਲਈ ਅਫਗਾਨਿਸਤਾਨ ਵੱਲ ਰਵਾਨਾ ਹੋਏ, ਪਰ ਕਰਤਾਰ ਸਿੰਘ ਦੀ ਜ਼ਮੀਰ ਨੇ ਇਹ ਗਵਾਰਾ ਨਾ ਕੀਤਾ ਕਿ ਉਹ ਸਾਥੀਆਂ ਨੂੰ ਫਸਾ ਕੇ ਖੁਦ ਵਿਦੇਸ਼ ਤੁਰ ਜਾਵੇ। ਉਹ ਆਪਣੇ ਦੋਵਾਂ ਸਾਥੀਆਂ ਸਮੇਤ ਵਾਪਸ ਆ ਗਿਆ ਅਤੇ ਸਰਗੋਧਾ ਚੱਕ ਨੰਬਰ–5 ਵਿਚ ਘੋੜਿਆਂ ਦੇ ਇੱਕ ਤਬੇਲੇ ਉੱਤੇ ਆ ਕੇ ਸਿਪਾਹੀਆਂ ਵਿਚ ਪ੍ਰਚਾਰ ਕਰਨ ਲੱਗਾ। ਇੱਥੇ ਇਕ ਰਸਾਲਦਾਰ ਨੇ ਸਾਥੀਆਂ ਸਮੇਤ ਉਸਨੂੰ ਗ੍ਰਿਫ਼ਤਾਰ ਕਰ ਲਿਆ।

ਸੀ.ਆਈ.ਡੀ. ਦੇ ਅਫ਼ਸਰ ਮਿਸਟਰ ਟਾਮਕਿਨ ਆਦਿ ਕਰਤਾਰ ਸਿੰਘ ਸਾਹਮਣੇ ਸਵਾਲ ਕਰਨ ਦੀ ਜੁਰਅਤ ਨਹੀਂ ਸੀ ਕਰਦੇ। ਉਹ ਬਿਲਕੁਲ ਨਿਡਰ ਤੇ ਨਿਧੜਕ ਨੌਜਵਾਨ ਸੀ। ਆਜ਼ਾਦੀ ਦਾ ਆਸ਼ਕ ਅਤੇ ਗੁਲਾਮੀ ਦਾ ਦੁਸ਼ਮਣ ਸੀ। ਗ੍ਰਿਫ਼ਤਾਰੀ ਉਪਰੰਤ, ਜਦੋਂ ਲਾਹੌਰ ਸੈਂਟਰਲ ਜੇਲ੍ਹ ਵਿਚ ਉਸ ਉੱਤੇ ਮੁਕੱਦਮਾ ਚੱਲ ਰਿਹਾ ਸੀ, ਤਾਂ ਉਸਨੇ ਜੇਲ੍ਹ ਵਿਚੋਂ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਭੇਦ ਖੁੱਲ੍ਹ ਗਿਆ। ਉਸ ਕੋਲੋਂ ਸੀਖਾਂ ਕੱਟਣ ਵਾਲੇ ਸੰਦ ਅਤੇ ਬੰਬ ਬਣਾਉਣ ਦਾ ਮਸਾਲਾ ਫੜਿਆ ਗਿਆ, ਪਰ ਉਸਨੂੰ ਕੋਈ ਪ੍ਰਵਾਹ ਨਹੀਂ ਸੀ। ਉਹ ਪਹਿਲਾਂ ਦੀ ਤਰ੍ਹਾਂ ਹੀ ਹੱਸਦਾ ਰਿਹਾ ਅਤੇ ਹੋਰਨਾਂ ਨੂੰ ਹਸਾਉਂਦਾ ਰਿਹਾ। ਉਹ ਬੇੜੀਆਂ ਨੂੰ ਸਾਜਾਂ ਵਾਂਗ ਵਜਾਉਂਦਾ ਰਿਹਾ ਅਤੇ ਕੌਮੀ ਗੀਤ ਗਾਉਂਦਾ ਰਿਹਾ।

ਜਦੋਂ ਕੇਸ ਚੱਲਿਆ, ਤਾਂ ਇੱਕ ਪਾਸੇ ਜੱਜਾਂ ਦੀ ਕਚਿਹਰੀ ਹੁੰਦੀ ਅਤੇ ਦੂਜੇ ਪਾਸੇ ਕਟਿਹਰੇ 'ਚ ਖੜ੍ਹਾ ਕਰਤਾਰ ਸਿੰਘ ਆਪਣੇ ਸਾਥੀਆਂ ਨਾਲ ਰਲ ਕੇ ਕਚਿਹਰੀ ਲਾ ਲੈਂਦਾ ਅਤੇ ਮੁਖ਼ਬਰਾਂ ਦਾ ਮਖੌਲ ਉਡਾਉਂਦਾ। ਜੱਜ ਮੁੜ-ਮੁੜ ਘੰਟੀ ਵਜਾਉਂਦੇ, ਪਰ ਉਨ੍ਹਾਂ ਦੀ ਸੁਣਦਾ ਹੀ ਕੋਈ ਨਾ।

ਜਦੋਂ ਸਰਕਾਰੀ ਗਵਾਹ ਭੁਗਤਣ ਤੋਂ ਬਾਅਦ ਮੁਲਜ਼ਮਾਂ ਨੂੰ ਆਪੋ-ਆਪਣੇ ਬਿਆਨ ਦੇਣ ਲਈ ਕਿਹਾ ਗਿਆ, ਤਾਂ ਕਰਤਾਰ ਸਿੰਘ ਨੇ ਸਾਫ ਲਫ਼ਜ਼ਾਂ ਵਿੱਚ ਇਨਕਲਾਬ ਕੀਤਾ ਕਿ ਮੈਂ ਜੋ ਵੀ ਕੀਤਾ ਹੈ, ਉਸ ਠੀਕ ਸਮਝਦਾ ਹਾਂ। ਮੈਂ ਅੰਗਰੇਜ਼ਾਂ ਦੇ ਵਿਰੁੱਧ ਇਨਕਲਾਬ ਦੀ ਤਿਆਰੀ ਵਿਚ ਸਾਂ, ਫੌਜੀਆਂ ਨੂੰ ਨਾਲ ਮਿਲਾਇਆ ਸੀ, ਕੌਮੀ ਝੰਡੇ ਤਿਆਰ ਕੀਤੇ ਸਨ, ਲੋਕਾਂ ਨੂੰ ਇਨਕਲਾਬ ਲਈ ਉਭਾਰਿਆ ਸੀ-ਇਹ ਸਭ ਗੱਲਾਂ ਸੱਚ ਹਨ। ਪਰ ਮੈਂ ਜੋ ਕੁਝ ਵੀ ਕੀਤਾ ਏ, ਉਹ ਆਪਣੇ ਦੇਸ਼ ਤੇ ਕੌਮ ਦੀ ਆਜ਼ਾਦੀ ਲਈ ਕੀਤਾ ਹੈ, ਜੋ ਕਿ ਮੇਰਾ ਪੈਦਾਇਸ਼ੀ ਹੱਕ ਹੈ।

ਕਰਤਾਰ ਸਿੰਘ ਦੇ ਸਾਫ ਬਿਆਨ ਸੁਣ ਕੇ ਜੱਜਾਂ ਨੇ ਕਿਹਾ-"ਕਰਤਾਰ ਸਿੰਘ! ਕੀ ਤੁਸੀਂ ਜਾਣਦੇ ਹੋ ਕਿ ਇਸਦਾ ਨਤੀਜਾ ਕੀ ਹੋਵੇਗਾ?"

"ਹਾਂ..." ਕਰਤਾਰ ਸਿੰਘ ਨੇ ਕਿਹਾ-"ਮੌਤ, ਉਮਰ ਕੈਦ ਜਾਂ ਜਲਾਵਤਨੀ।"

ਜੱਜਾਂ ਨੇ ਬਿਆਨ ਨਾ ਲਿਖੇ ਤੇ ਕਿਹਾ-"ਕਰਤਾਰ ਸਿੰਘ! ਤੈਨੂੰ ਇੱਕ ਰਾਤ ਦਾ ਸਮਾਂ ਹੋਰ ਦਿੱਤਾ ਜਾਂਦਾ ਏ। ਪੂਰੀ ਤਰ੍ਹਾਂ ਸੋਚ ਵਿਚਾਰ ਲੈ ਤੇ ਫਿਰ ਬਿਆਨ ਦੇਹ।" ਤੇ ਅਗਲੇ ਦਿਨ ਜਦੋਂ ਉਹ ਅਦਾਲਤ ਵਿਚ ਪੇਸ਼ ਹੋਇਆ ਤਾਂ ਜੱਜਾਂ ਦੇ ਕਹਿਣ 'ਤੇ ਕਰਤਾਰ ਸਿੰਘ ਨੇ ਸਾਫ ਕਿਹਾ-"ਜੋ ਕੱਲ੍ਹ ਕਿਹਾ ਸੀ, ਉਹੀ ਅੱਜ ਕਹਿਣਾ ਹੈ।"

ਜਦੋਂ ਕਰਤਾਰ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਤਾਂ ਉਸਨੇ ਹੱਸਦਿਆਂ ਹੋਇਆਂ ਉੱਚੀ ਆਵਾਜ਼ ਵਿਚ ਕਿਹਾ-"ਥੈਂਕ ਯੂ" (ਸ਼ੁਕਰੀਆ)

ਜਦੋਂ ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਕਰਤਾਰ ਸਿੰਘ ਤੇ ਉਸਦੇ ਸਾਥੀਆਂ ਨੂੰ ਫਾਂਸੀ ਦੀਆਂ ਕੋਠੀਆਂ 'ਚ ਬੰਦ ਕੀਤਾ ਗਿਆ ਅਤੇ ਫਾਂਸੀ ਵਾਲੇ ਕੱਪੜੇ ਪਹਿਨਾਏ ਗਏ ਤਾਂ ਜੇਲ੍ਹ ਸੁਪਰਡੈਂਟ ਨੇ ਕਾਨੂੰਨ ਮੁਤਾਬਕ ਆ ਕੇ ਪੁੱਛਿਆ-"ਕਰਤਾਰ ਸਿੰਘ! ਰਹਿਮ ਦੀ ਅਪੀਲ ਕਰੇਗਾ।"

"ਰਹਿਮ ਦੀ ਨਹੀਂ, ਪਰ ਛੇਤੀ ਫਾਂਸੀ ਲੱਗਣ ਦੀ ਬੇਨਤੀ ਕਰਦਾ ਹਾਂ ਤਾਂ ਕਿ ਫਿਰ ਵਾਪਸ ਆ ਕੇ ਗ਼ੁਲਾਮੀ ਦੇ ਖ਼ਿਲਾਫ਼ ਜੰਗ ਲੜ ਸਕਾਂ।" ਕਰਤਾਰ ਸਿੰਘ ਦਾ ਜਵਾਬ ਸੀ।

ਜਦੋਂ ਨਵੰਬਰ 1915 ਨੂੰ ਦੂਜੇ 17 ਸਾਥੀਆਂ ਨੂੰ ਫਾਂਸੀ ਦੀ ਸਜ਼ਾ ਹਟਾ ਦੇਣ ਦਾ ਫ਼ੈਸਲਾ ਹੋਇਆ ਤਾਂ ਕਰਤਾਰ ਸਿੰਘ ਤੇ ਉਸਦੇ ਛੇ ਸਾਥੀ ਫਾਂਸੀ 'ਤੇ ਲਟਕਣ ਲਈ ਰਹਿ ਗਏ। ਕਰਤਾਰ ਸਿੰਘ ਨੂੰ ਫਿਰ ਅਪੀਲ ਕਰਨ ਲਈ ਪੁੱਛਿਆ ਗਿਆ ਤਾਂ ਉਸਨੇ ਮੁੜ ਉਹੀ ਗੱਲ ਦੁਹਰਾ ਦਿੱਤੀ ਕਿ ਸਾਨੂੰ ਛੇਤੀ ਫਾਂਸੀ 'ਤੇ ਲਟਕਾਇਆ ਜਾਏ।

ਕਰਤਾਰ ਸਿੰਘ ਦੇ ਮਾਂ-ਪਿਓ ਬਚਪਨ ਵਿਚ ਹੀ ਗੁਜ਼ਰ ਗਏ ਸਨ। ਉਸਦਾ ਇੱਕ ਬਿਰਧ ਦਾਦਾ ਸੀ, ਜਿਸਨੇ ਉਸਨੂੰ ਪਾਲਿਆ ਸੀ। ਜਦੋਂ ਉਹ ਆਖਰੀ ਮੁਲਾਕਾਤ ਵੇਲੇ ਰੋਣ ਲੱਗਾ ਤਾਂ ਕਰਤਾਰ ਸਿੰਘ ਨੇ ਕਿਹਾ-"ਦਾਦਾ ਜੀ, ਤੁਸੀਂ ਰੋਂਦੇ ਕਿਉਂ ਹੋ? ਮੈਂ ਤੁਹਾਡੇ ਖ਼ਾਨਦਾਨ ਨੂੰ ਦਾਗ਼ ਤਾਂ ਨਹੀਂ ਲਾ ਚੱਲਿਆ, ਮੈਂ ਤਾਂ ਸਗੋਂ 30 ਕਰੋੜ ਦੁਖੀ ਤੇ ਗ਼ੁਲਾਮ ਦੇਸ਼ਵਾਸੀਆਂ ਨੂੰ ਗ਼ੁਲਾਮੀ ਤੋਂ ਮੁਕਤ ਕਰਾਉਣ ਲਈ ਫਾਂਸੀ ਚੜ੍ਹ ਰਿਹਾ ਹਾਂ। ਇਸ ਮੌਤ 'ਤੇ ਤੁਹਾਨੂੰ ਰੋਣਾ ਨਹੀਂ, ਸਗੋਂ ਖੁਸ਼ ਹੋਣਾ ਚਾਹੀਦਾ ਹੈ।" ਕਰਤਾਰ ਸਿੰਘ ਦੇ ਇਹ ਬਹਾਦਰੀ ਅਤੇ ਪਿਆਰ ਭਰੇ ਸ਼ਬਦ ਸੁਣ ਕੇ ਉਸਦੇ ਦਾਦਾ ਜੀ ਨੇ ਬੜੇ ਹੌਸਲੇ ਨਾਲ ਉਸਨੂੰ ਅੰਤਿਮ ਅਸ਼ੀਰਵਾਦ ਦਿੱਤੀ।

ਲਾਹੌਰ ਸੈਂਟਰਲ ਜੇਲ੍ਹ ਵਿਚ 16 ਨਵੰਬਰ, 1915 ਦੀ ਸਵੇਰ ਨੂੰ ਕਰਤਾਰ ਸਿੰਘ ਤੇ ਉਸਦੇ 6 ਸਾਥੀ ਫਾਂਸੀ 'ਤੇ ਲਟਕਾ ਦਿੱਤੇ ਗਏ। ਕਰਤਾਰ ਨੇ ਹੱਸ ਕੇ ਫਾਂਸੀ ਦਾ ਰੱਸਾ ਆਪ ਗਲ

ਪਾਇਆ ਤੇ ਅਮਰ ਹੋ ਗਿਆ।

ਇਸ ਛੋਟੀ ਤੇ ਅੱਲੜ੍ਹ ਉਮਰ ਵਿਚ ਕਰਤਾਰ ਸਿੰਘ ਨੇ ਮਨੁੱਖਤਾ ਅਤੇ ਮਾਤ-ਭੂਮੀ ਦੀ ਆਜ਼ਾਦੀ ਤੇ ਇਨਸਾਨੀ ਬਰਾਬਰੀ ਲਈ ਜਿਹੜੀ ਕੁਰਬਾਨੀ ਦਿੱਤੀ, ਉਸਦੀ ਮਿਸਾਲ ਦੁਨੀਆਂ ਭਰ ਦੇ ਇਤਿਹਾਸ ਵਿਚ ਬਹੁਤ ਘੱਟ ਮਿਲਦੀ ਹੈ।

ਵਿਸ਼ਨੂੰ ਗਣੇਸ਼ ਪਿੰਗਲੇ

ਜਦੋਂ ਵਿਸ਼ਨੂੰ ਗਣੇਸ਼ ਪਿੰਗਲੇ ਗ਼ਦਰ ਪਾਰਟੀ ਵਿਚ ਸ਼ਾਮਲ ਹੋਇਆ ਤਾਂ ਉਸਦੀ ਉਮਰ 23 ਸਾਲ ਸੀ। ਉਨ੍ਹਾਂ ਦਾ ਜਨਮ ਪਿੰਡ ਤਲਾਗਾਓਂ, ਜ਼ਿਲ੍ਹਾ ਪੂਨਾ (ਮਹਾਂਰਾਸ਼ਟਰ) ਵਿਚ ਗਣੇਸ਼ ਪਿੰਗਲੇ ਦੇ ਘਰ ਹੋਇਆ। ਉਸਦੇ ਮਾਪਿਆਂ ਨੇ ਉਸਨੂੰ ਅਮਰੀਕਾ ਵਿਚ ਪੜ੍ਹਨ ਲਈ ਭੇਜਿਆ ਸੀ। ਉਹ ਸਾਨਫਰਾਂਸਿਸਕੋ (ਕੈਲੀਫੋਰਨੀਆ) ਵਿਚ ਪੜ੍ਹ ਰਹੇ ਸਨ, ਜਦੋਂ ਗ਼ਦਰ ਪਾਰਟੀ ਨੇ ਹਿੰਦੋਸਤਾਨ ਦੀ ਆਜ਼ਾਦੀ ਦਾ ਝੰਡਾ ਬੁਲੰਦ ਕੀਤਾ ਸੀ। ਇਸ ਗੋਰੇ ਰੰਗ, ਮੋਟੀਆਂ-ਮੋਟੀਆਂ ਅੱਖਾਂ ਤੇ ਸੁਡੌਲ ਜਿਸਮ ਵਾਲੇ ਨੌਜਵਾਨ ਦੇ ਦਿਲ ਵਿਚ ਦੇਸ਼ ਪਿਆਰ ਦੇ ਜਜ਼ਬੇ ਨੇ ਅੰਗੜਾਈ ਲਈ ਅਤੇ ਉਹ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਿਆ। ਯੂਨੀਵਰਸਿਟੀ ਦੀ ਪੜ੍ਹਾਈ 'ਚੋਂ ਜੋ ਵੀ ਸਮਾਂ ਉਸਨੂੰ ਮਿਲਦਾ ਸੀ, ਉਹ ਗ਼ਦਰ ਪਾਰਟੀ ਦੇ ਦਫ਼ਤਰ ਵਿਚ ਆ ਕੇ ਕੰਮ ਕਰਿਆ ਕਰਦਾ ਸੀ। ਉਸਨੇ ਪੂਰੀ ਸੰਜੀਦਗੀ, ਲਗਨ ਤੇ ਸਿਰੜ ਨਾਲ ਪਾਰਟੀ ਦੇ ਕੰਮ ਨਾਲ ਰਿਸ਼ਤਾ ਜੋੜਿਆ। ਗ਼ਦਰ ਪਾਰਟੀ ਦੇ ਸਾਹਿਤ ਅਤੇ ਸਾਥੀਆਂ ਦੇ ਖ਼ਿਆਲਾਂ ਦਾ ਉਨ੍ਹਾਂ ਉੱਤੇ ਬਹੁਤ ਅਸਰ ਸੀ। ਜਦੋਂ ਪਾਰਟੀ ਨੇ ਹਿੰਦੋਸਤਾਨ ਆ ਕੇ ਇਨਕਲਾਬ ਕਰਨ ਦਾ ਫੈਸਲਾ ਕੀਤਾ ਤਾਂ ਪਿੰਗਲੇ ਜੀ ਨੇ ਯੂਨੀਵਰਸਿਟੀ ਦੀ ਪੜ੍ਹਾਈ ਨੂੰ ਅਲਵਿਦਾ ਕਹਿ ਕੇ ਜੰਗ-ਏ-ਆਜ਼ਾਦੀ ਲਈ ਕਮਰਕੱਸਾ ਕਰ ਲਿਆ। ਉਨ੍ਹਾਂ ਨੇ ਆਜ਼ਾਦੀ ਦੇ ਹੋਮਕੁੰਡ ਵਿਚ ਆਪਣੀ ਅਹੂਤੀ ਦੇਣ ਦੀ ਠਾਣ ਲਈ। ਹਿੰਦੋਸਤਾਨ ਪਹੁੰਚਣ 'ਤੇ ਉਹ ਆਪਣੇ ਘਰ ਨਹੀਂ ਗਏ, ਸਗੋਂ ਸਿੱਧੇ ਬੰਗਾਲ ਜਾਂ ਪਹੁੰਚੇ। ਉੱਥੇ ਉਹ ਟੈਰੇਰਿਸਟ ਪਾਰਟੀ ਦੇ ਲੀਡਰ ਰਾਸ ਬਿਹਾਰੀ ਬੋਸ ਦੇ ਦੋਸਤ ਤੇ ਪਾਰਟੀ ਲੀਡਰ ਸਨ, ਨੂੰ ਵੀ ਮਿਲੇ। ਉਹਨਾਂ ਨੇ ਇਨ੍ਹਾਂ ਲੋਕਾਂ ਨੂੰ ਗ਼ਦਰ ਪਾਰਟੀ ਦੇ ਇਨਕਲਾਬੀ ਪ੍ਰੋਗਰਾਮ ਬਾਰੇ ਵਿਸਥਾਰ ਸਹਿਤ ਦੱਸਿਆ ਅਤੇ ਬੰਗਾਲ ਤੇ ਪੰਜਾਬ ਦੀ ਪਾਰਟੀ ਨੂੰ ਆਪਸ ਵਿਚ ਜੋੜਿਆ। ਇਸਦਾ ਨਤੀਜਾ ਇਹ ਹੋਇਆ ਕਿ ਕੁਝ ਕੁ ਦਿਨਾਂ ਵਿਚ ਹੀ ਪੰਜਾਬ ਤੋਂ ਲੈ ਕੇ ਕਲਕੱਤੇ ਤੱਕ ਗ਼ਦਰ ਲਈ ਮੈਦਾਨ ਤਿਆਰ ਹੋ ਗਿਆ। ਬੰਬ ਵਗੈਰਾ ਕਾਫੀ ਮਾਤਰਾ ਵਿਚ ਤਿਆਰ ਹੋਣ ਲੱਗੇ ਅਤੇ ਨੌਜਵਾਨਾਂ ਅੰਦਰ ਇਨਕਲਾਬੀ ਰੂਹ ਫੂਕੀ ਜਾਣ ਲੱਗੀ। ਇਸ ਸਭ ਦਾ ਸਿਹਰਾ ਪਿੰਗਲੇ ਜੀ ਨੂੰ ਜਾਂਦਾ ਸੀ।

ਰਾਸ ਬਿਹਾਰੀ ਬੋਸ ਅਤੇ ਸ਼ਚਿੰਦਰ ਨਾਥ ਜੀ ਨਾਲ ਗੱਲਬਾਤ ਕਰਨ ਤੋਂ ਬਾਅਦ ਪਿੰਗਲੇ ਜੀ ਪੰਜਾਬ ਆਏ ਅਤੇ ਬੰਗਾਲ ਪਾਰਟੀ ਦੇ ਪੂਰੀ ਤਰ੍ਹਾਂ ਨਾਲ ਮਿਲ ਜਾਣ ਦੀ ਖੁਸ਼ਖ਼ਬਰੀ ਪਾਰਟੀ ਦੇ ਜ਼ਿੰਮੇਵਾਰ ਲੀਡਰਾਂ ਨੂੰ ਦਿੱਤੀ। ਇਸਦੇ ਸਿੱਟੇ ਵਜੋਂ ਗ਼ਦਰ ਪਾਰਟੀ ਹੋਰ ਵੀ ਉਤਸ਼ਾਹ ਨਾਲ ਕੰਮ ਕਰਨ ਲੱਗੀ। ਬਾਅਦ ਵਿਚ ਉਹ ਫਿਰ ਬਨਾਰਸ ਗਏ ਅਤੇ ਇਸ ਵਾਰੀ ਸ਼ਚਿੰਦਰ ਨਾਥ ਸਨਿਆਲ ਨੂੰ ਪੰਜਾਬ ਲੈ ਆਏ। ਉਹ ਅੰਮ੍ਰਿਤਸਰ ਜਾ ਠਹਿਰੇ। ਉੱਥੇ ਉਨ੍ਹਾਂ ਦਾ ਮੇਲ ਕਰਤਾਰ ਸਿੰਘ ਸਰਾਭਾ ਅਤੇ ਹੋਰ ਜ਼ਿੰਮੇਵਾਰ ਸਾਥੀਆਂ ਨਾਲ ਹੋਇਆ। ਕਰਤਾਰ ਸਿੰਘ, ਸ਼ਚਿੰਦਰ ਨਾਥ ਅਤੇ ਪਿੰਗਲੇ ਜੀ ਫਿਰ ਬਨਾਰਸ ਗਏ। ਕਰਤਾਰ ਸਿੰਘ ਦੇ ਜਾਣ ਦਾ ਮਤਲਬ ਇਹ ਸੀ ਕਿ

ਬੰਗਾਲ ਪਾਰਟੀ ਦੀ ਹੋਰ ਵਾਕਫੀਅਤ ਹਾਸਲ ਕਰੇ ਅਤੇ ਕੰਮ ਦਾ ਜਾਇਜ਼ਾ ਲਿਆ ਜਾਵੇ।

ਜਦੋਂ ਪੰਜਾਬ ਗ਼ਦਰ ਪਾਰਟੀ ਤੇ ਬੰਗਾਲ ਪਾਰਟੀ 'ਚ ਪਰਸਪਰ ਭਰੋਸਾ ਪੈਦਾ ਹੋ ਗਿਆ ਤਾਂ ਰਾਸ ਬਿਹਾਰੀ ਬੋਸ ਵੀ ਪੰਜਾਬ ਆ ਗਏ। ਇਨਕਲਾਬੀ ਪ੍ਰਚਾਰ ਅਤੇ ਬੰਬ ਆਦਿ ਬਣਾਉਣ ਦਾ ਕੰਮ ਜ਼ੋਰਾਂ ਨਾਲ ਚੱਲਣ ਲੱਗਾ। ਸ਼ਚਿੰਦਰ ਨਾਥ ਸਨਿਆਲ ਨੂੰ ਬਨਾਰਸ ਵਿਚ ਕਾਫ਼ੀ ਜ਼ਿੰਮੇਵਾਰੀ ਦਾ ਕੰਮ ਸੌਂਪਿਆ ਗਿਆ। 21 ਫਰਵਰੀ, 1915 ਦੀ ਰਾਤ ਨੂੰ ਇਨਕਲਾਬ ਸ਼ੁਰੂ ਕਰਨ ਦਾ ਫੈਸਲਾ ਹੋ ਚੁੱਕਿਆ ਸੀ, ਪਰ ਸੀ.ਆਈ.ਡੀ. ਦੇ ਮੈਂਬਰ ਕਿਰਪਾਲ ਸਿੰਘ ਨੇ ਸਭ ਕੁਝ ਅੰਗਰੇਜ਼ੀ ਹਕੂਮਤ ਨੂੰ ਦੱਸ ਦਿੱਤਾ। ਉਹ ਗ਼ਲਤੀ ਨਾਲ ਪਾਰਟੀ ਵਿਚ ਆ ਗਿਆ ਸੀ ਅਤੇ ਐਕਸ਼ਨ ਕਮੇਟੀ ਦਾ ਮੈਂਬਰ ਬਣ ਚੁੱਕਿਆ ਸੀ। ਇਸਦਾ ਨਤੀਜਾ ਇਹ ਹੋਇਆ ਕਿ ਥਾਂ-ਥਾਂ 'ਤੇ ਛਾਪੇ ਪਏ ਅਤੇ ਪਾਰਟੀ ਲੀਡਰ ਫੜ੍ਹੇ ਗਏ। ਜਿਨ੍ਹਾਂ ਫੌਜੀ ਦਸਤਿਆਂ 'ਤੇ ਸ਼ੱਕ ਸੀ, ਉਨ੍ਹਾਂ ਦੇ ਹਥਿਆਰ ਜਮ੍ਹਾ ਕਰਵਾ ਲਏ ਗਏ। ਫਿਰੋਜ਼ਪੁਰ ਦੇ ਕਿਲੇ ਵਿਚ ਸਿੱਖ ਸਿਪਾਹੀਆਂ ਦੀ ਤਬਦੀਲੀ ਕੀਤੀ ਗਈ ਅਤੇ ਉਨ੍ਹਾਂ ਦੀ ਜਗ੍ਹਾ ਉੱਤੇ ਗੋਰੇ ਸਿਪਾਹੀ ਲਾਏ ਗਏ। ਸਾਰਾ ਇਨਕਲਾਬੀ ਜਾਲ ਫੇਲ੍ਹ ਹੋ ਗਿਆ।

ਗ੍ਰਿਫ਼ਤਾਰੀ ਤੋਂ ਕੁਝ ਹੀ ਸਮਾਂ ਪਹਿਲਾਂ ਰਾਸ ਬਿਹਾਰੀ ਬੋਸ ਤੇ ਪਿੰਗਲੇ ਜੀ ਬਨਾਰਸ ਵੱਲ ਤੁਰ ਗਏ। ਰਸਤੇ ਵਿਚ ਪਿੰਗਲੇ ਮੇਰਠ ਛਾਉਣੀ ਵਿਚ ਮੁੜ ਇਨਕਲਾਬੀ ਪ੍ਰਚਾਰ ਕਰਨ ਲਈ ਸਿਪਾਹੀਆਂ 'ਚ ਜਾ ਦਾਖਲ ਹੋਏ। ਪਰ ਹੁਣ ਸਰਕਾਰ ਹੁਸ਼ਿਆਰ ਹੋ ਚੁੱਕੀ ਸੀ। ਪਿੰਗਲੇ ਜੀ ਮੇਰਠ ਵਿਚ ਗ੍ਰਿਫਤਾਰ ਹੋ ਗਏ। ਜਿਸ ਵੇਲੇ ਉਹ ਫੜ੍ਹੇ ਗਏ, ਉਸ ਵਕਤ ਉਨ੍ਹਾਂ ਕੋਲ ਬੜੇ ਜਬਰਦਸਤ ਕਿਸਮ ਦੇ ਬੰਬ ਸਨ, ਕਿਉਂਕਿ ਉਨ੍ਹਾਂ ਦੀ ਗ੍ਰਿਫ਼ਤਾਰੀ ਅਚਨਚੇਤ ਹੀ ਹੋਈ ਸੀ, ਇਸ ਲਈ ਉਨ੍ਹਾਂ ਨੂੰ ਬੰਬ ਚਲਾਉਣ ਦਾ ਮੌਕਾ ਹੀ ਨਾ ਮਿਲ ਸਕਿਆ। ਜਦੋਂ ਇਹ ਅਦਾਲਤ 'ਚ ਪੇਸ਼ ਹੋਏ, ਤਾਂ ਸਰਕਾਰੀ ਮਾਹਿਰਾਂ ਦਾ ਅੰਦਾਜ਼ਾ ਸੀ ਕਿ ਇਹ ਬੰਬ ਬਹੁਤ ਹੀ ਖ਼ਤਰਨਾਕ ਸਨ ਅਤੇ ਸੈਂਕੜੇ ਲੋਕਾਂ ਦਾ ਨੁਕਸਾਨ ਕਰ ਸਕਦੇ ਹਨ।

ਅਦਾਲਤ ਨੇ 23 ਹੋਰ ਸਾਥੀਆਂ ਸਮੇਤ ਪਿੰਗਲੇ ਜੀ ਨੂੰ ਮੌਤ ਦੀ ਸਜ਼ਾ ਸੁਣਾਈ, ਜੋ ਉਨ੍ਹਾਂ ਨੇ ਖਿੜੇ ਮੱਥੇ ਪ੍ਰਵਾਨ ਕੀਤੀ। ਗ੍ਰਿਫ਼ਤਾਰੀ ਸਮੇਂ ਮਹਾਂਰਾਸ਼ਟਰ ਦੀ ਸੀ.ਆਈ.ਡੀ. ਨੇ ਬਹੁਤ ਕੋਸ਼ਿਸ਼ ਕੀਤੀ ਕਿ ਪਿੰਗਲੇ ਜੀ ਨੂੰ ਵਾਅਦਾ ਮੁਆਫ਼ ਗਵਾਹ ਬਣਾਇਆ ਜਾ ਸਕੇ। ਉਹ ਕਈ ਵਾਰ ਜੇਲ੍ਹ ਆਏ ਅਤੇ ਕੋਰਾ ਜਵਾਬ ਲੈ ਕੇ ਨਿਮੋਸ਼ੀ ਨਾਲ ਮੁੜਦੇ ਰਹੇ। ਭੈਅ, ਲਾਲਚ ਅਤੇ ਇੱਜ਼ਤ ਦੀ ਤਾਂਘ ਕੋਈ ਵੀ ਚੀਜ਼ ਪਿੰਗਲੇ ਜੀ ਨੂੰ ਆਪਣੇ ਰਸਤੇ ਤੋਂ ਪਟਕਾ ਨਾ ਸਕੀ। ਅਖੀਰ 16 ਨਵੰਬਰ, 1915 ਨੂੰ ਦੂਜੇ ਛੇ ਸਾਥੀਆਂ ਸਮੇਤ ਪਿੰਗਲੇ ਜੀ ਨੂੰ ਵੀ ਫਾਂਸੀ ਲਟਕਾਉਣ ਲਈ ਸੂਲੀ-ਘਰ 'ਚ ਲਿਆਂਦਾ ਗਿਆ। ਆਖਰੀ ਵੇਲੇ ਜਦੋਂ ਕਾਤਲਾਂ ਨੇ ਪੁੱਛਿਆ ਕਿ ਉਹ ਕੁਝ ਕਹਿਣਾ ਚਾਹੁੰਦਾ ਹੈ ਤਾਂ ਪਿੰਗਲੇ ਜੀ ਨੇ ਕਿਹਾ-"ਮੈਂ ਦੋ ਮਿੰਟ ਪ੍ਰਾਰਥਨਾ ਕਰਨਾ ਚਾਹੁੰਦਾ ਹਾਂ।"

ਹੱਥਕੜੀ ਉਤਾਰ ਦਿੱਤੀ ਗਈ। ਪਿੰਗਲੇ ਜੀ ਨੇ ਪ੍ਰਾਰਥਨਾ ਕੀਤੀ-"ਹੇ ਭਗਵਾਨ! ਮੇਰੀ ਆਖਰੀ ਕਾਮਨਾ ਇਹੀ ਹੈ ਕਿ ਭਾਰਤ ਆਜ਼ਾਦ ਹੋ ਜਾਏ।"

ਇਸ ਤੋਂ ਬਾਅਦ ਉਹ ਫਾਂਸੀ ਦੇ ਤਖ਼ਤੇ ਤੇ ਜਾ ਖੜ੍ਹੇ ਹੋਏ ਅਤੇ ਫਾਂਸੀ ਦੀ ਰੱਸੀ ਖ਼ੁਦ ਆਪਣੇ ਗਲ ਵਿਚ ਪਾਈ। ਜਲਾਦ ਨੇ ਤਖ਼ਤਾ ਖਿੱਚ ਦਿੱਤਾ ਅਤੇ ਪਿੰਗਲੇ ਜੀ ਹਮੇਸ਼ਾ ਲਈ ਅਮਰ ਪਦ ਪਾ ਗਏ।

ਜਗਤ ਸਿੰਘ ਸੁਰਸਿੰਘ

ਜਗਤ ਸਿੰਘ ਦੀ ਉਮਰ ਲਗਭਗ 35 ਸਾਲ ਸੀ ਜਦੋਂ ਉਹ ਗ਼ਦਰ ਪਾਰਟੀ ਵਿਚ ਸ਼ਾਮਲ ਹੋਏ ਸਨ। ਉਨ੍ਹਾਂ ਦਾ ਜਨਮ ਪਿੰਡ ਸੁਰਸਿੰਘ, ਜ਼ਿਲ੍ਹਾ ਲਾਹੌਰ ਵਿਚ ਸ੍. ਅਰੂੜ ਸਿੰਘ ਦੇ ਘਰ ਹੋਇਆ। ਸੁਰਸਿੰਘ ਗ਼ਦਰ ਪਾਰਟੀ ਦੇ ਇਤਿਹਾਸ ਵਿਚ ਅਹਿਮ ਮੁਕਾਮ ਰੱਖਦਾ ਹੈ। ਇਸ ਪਿੰਡ ਨੇ ਇੰਦਰ ਸਿੰਘ, ਜਵੰਦ ਸਿੰਘ, ਪ੍ਰੇਮ ਸਿੰਘ, ਕਾਲਾ ਸਿੰਘ, ਗੁਰਦਿੱਤ ਸਿੰਘ ਤੇ ਜਗਤ ਸਿੰਘ ਵਰਗੇ ਸੂਰਬੀਰ ਪੈਦਾ ਕੀਤੇ, ਜਿਨ੍ਹਾਂ ਨੇ ਕੌਮ ਦੀ ਆਜ਼ਾਦੀ ਲਈ ਕਨੇਡਾ ਤੇ ਅਮਰੀਕਾ ਵਿਚ ਹਜ਼ਾਰਾਂ ਡਾਲਰਾਂ ਦੀ ਆਮਦਨੀ 'ਤੇ ਲੱਤ ਮਾਰੀ ਅਤੇ ਆਜ਼ਾਦੀ ਹਾਸਲ ਕਰਨ ਦੇ ਮੰਤਵ ਲਈ ਦੇਸ਼ ਵਿਚ ਆ ਕੇ ਫਾਂਸੀ ਤੇ ਕਾਲੇਪਾਣੀ ਦੀਆਂ ਸਜ਼ਾਵਾਂ ਨੂੰ ਹੱਸ-ਹੱਸ ਕੇ ਕਬੂਲ ਕੀਤਾ, ਗ਼ੁਲਾਮ ਰੱਖਣ ਵਾਲਿਆਂ ਦੇ ਸਾਹਮਣੇ ਸਿਰ ਨਾ ਝੁਕਾਇਆ। ਇਸੇ ਪਿੰਡ ਦੇ ਇਨ੍ਹਾਂ ਸਾਥੀਆਂ ਵਿਚ ਜਗਤ ਸਿੰਘ ਵੀ ਸਨ, ਜੋ ਕੁਝ ਸਮਾਂ ਚੀਨ ਵਿਚ ਰਹਿਣ ਉਪਰੰਤ ਕਨੇਡਾ ਪਹੁੰਚੇ ਸਨ। ਕਨੇਡਾ ਚੋਂ ਉਹ ਕੈਲੀਫੋਰਨੀਆ ਪਹੁੰਚ ਕੇ ਖੇਤ ਮਜ਼ੂਰ ਦਾ ਕੰਮ ਕਰਦੇ ਰਹੇ, ਬਾਗਾਂ 'ਚੋਂ ਫਲ ਤੋੜਦੇ ਰਹੇ ਅਤੇ 15-20 ਰੁਪਏ ਰੋਜ਼ਾਨਾ ਕਮਾਉਣ ਲੱਗ ਪਏ।

ਜਦੋਂ ਗ਼ਦਰ ਪਾਰਟੀ ਕਾਇਮ ਹੋਈ ਤਾਂ ਦੂਜੇ ਹਿੰਦੀ ਦੇਸ਼ ਭਗਤਾਂ ਦੀ ਤਰ੍ਹਾਂ ਉਨ੍ਹਾਂ ਦੇ ਦਿਲ ਅੰਦਰ ਵੀ ਆਜ਼ਾਦੀ ਦੀ ਲਗਨ ਪੈਦਾ ਹੋ ਗਈ। ਜਦੋਂ ਪਾਰਟੀ ਨੇ ਭਾਰਤ ਆ ਕੇ ਇਨਕਲਾਬ ਕਰਨ ਦਾ ਸੱਦਾ ਦਿੱਤਾ ਤਾਂ ਆਪ ਸਭ ਕੁਝ ਪਾਰਟੀ ਦੇ ਹਵਾਲੇ ਕਰਕੇ ਆਜ਼ਾਦੀ ਦੀ ਵੇਦੀ 'ਤੇ ਅਹੂਤੀ ਦੇਣ ਲਈ ਆਪਣੇ ਸਾਥੀਆਂ ਸਮੇਤ ਹਿੰਦੋਸਤਾਨ ਆਏ ਅਤੇ ਕੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲੱਗੇ।

ਉਹ ਸੁਡੌਲ ਜੁੱਸੇ ਵਾਲੇ ਦਲੇਰ ਨੌਜਵਾਨ ਸਨ। ਜਦੋਂ ਐਕਸ਼ਨ ਕਮੇਟੀ ਨੇ ਲਾਹੌਰ ਤੋਂ ਬਾਹਰ ਤਿੰਨ ਸਾਥੀਆਂ ਨੂੰ ਖਾਸ ਕਾਰਜ ਲਈ ਭੇਜਿਆ ਤਾਂ ਜਗਤ ਸਿੰਘ ਉਨ੍ਹਾਂ ਵਿਚ ਸ਼ਾਮਲ ਸਨ। ਉਹ ਤਿੰਨੋਂ ਟਾਂਗੇ 'ਤੇ ਅਨਾਰਕਲੀ 'ਚੋਂ ਗੁਜ਼ਰ ਰਹੇ ਸਨ ਕਿ ਪੁਲੀਸ ਨੂੰ ਉਨ੍ਹਾਂ 'ਤੇ ਸ਼ੱਕ ਹੋ ਗਿਆ। ਇੱਕ ਸਬ-ਇੰਸਪੈਕਟਰ ਤੇ ਤਿੰਨ ਸਿਪਾਹੀਆਂ ਨੇ ਟਾਂਗੇ ਨੂੰ ਰੋਕ ਲਿਆ ਅਤੇ ਤਿੰਨਾਂ ਨੂੰ ਕੋਤਵਾਲੀ ਚੱਲਣ ਲਈ ਮਜਬੂਰ ਕਰਨ ਲੱਗੇ। ਕੋਤਵਾਲੀ ਜਾਣਾ ਉਨ੍ਹਾਂ ਲਈ ਮੌਤ ਦੇ ਮੂੰਹ ਪੈਣ ਵਾਲੀ ਗੱਲ ਸੀ। ਉਨ੍ਹਾਂ ਕੋਲ ਪਸਤੌਲ ਸਨ ਤੇ ਉਨ੍ਹਾਂ ਨੇ ਫਾਇਰ ਕਰ ਦਿੱਤੇ। ਸਬ-ਇੰਸਪੈਕਟਰ ਤਾਂ ਮੌਕੇ 'ਤੇ ਹੀ ਮਰ ਗਿਆ ਅਤੇ ਸਿਪਾਹੀ ਜ਼ਖਮੀ ਹੋ ਗਏ। ਇਹ ਤਿੰਨੋ-ਜਗਤ ਸਿੰਘ, ਅਰਜਨ ਸਿੰਘ ਤੇ ਹਰਨਾਮ ਸਿੰਘ ਸਿਆਲਕੋਟ ਵੱਲ ਨੂੰ ਭੱਜ ਤੁਰੇ। ਜਗਤ ਸਿੰਘ ਤੇ ਹਰਨਾਮ ਸਿੰਘ ਤਾਂ ਭੱਜਣ 'ਚ ਸਫ਼ਲ ਹੋ ਗਏ, ਪਰ ਅਰਜਨ ਸਿੰਘ ਫੜਿਆ ਗਿਆ ("ਫਾਂਸੀ ਕੇ ਪੁਜਾਰੀ' ਦੇ ਲੇਖਕ ਨੇ ਜਗਤ ਸਿੰਘ ਦੀ ਗ੍ਰਿਫ਼ਤਾਰੀ ਦੀ ਗੱਲ ਲਿਖੀ ਹੈ, ਜੋ ਕਿਸੇ ਗ਼ਲਤ ਇਤਲਾਹ 'ਤੇ ਅਧਾਰਤ ਹੈ।)

ਜਦੋਂ ਪਾਰਟੀ ਅਸਫ਼ਲ ਹੋ ਗਈ ਅਤੇ ਬਹੁਤ ਸਾਰੇ ਮੈਂਬਰ ਹਿੰਦੋਸਤਾਨ ਛੱਡਣ ਲਈ ਮਜਬੂਰ ਹੋ ਗਏ, ਤਾਂ ਜਗਤ ਸਿੰਘ ਵੀ ਕਰਤਾਰ ਸਿੰਘ ਸਰਾਭਾ ਤੇ ਹਰਨਾਮ ਸਿੰਘ ਟੁੰਡੀਲਾਟ ਨਾਲ ਸਰਗੋਧੇ ਵੱਲ ਰਵਾਨਾ ਹੋ ਗਿਆ। ਜਗਤ ਸਿੰਘ ਕਨੇਡਾ ਜਾਣ ਤੋਂ ਪਹਿਲਾ ਰਸਾਲਾ ਨੰ: 35 ਵਿੱਚ ਨੌਕਰੀ ਕਰ ਚੁੱਕਾ ਸਨ ਅਤੇ ਰਸਾਲਾ ਨੰ: 35 ਦਾ ਘੋੜਿਆਂ ਦਾ ਤਬੇਲਾ ਚੱਕ ਨੰ: 5 ਸਰਗੋਧਾ ਵਿੱਚ ਸੀ। ਜਦੋਂ ਉਹ ਉਥੋਂ ਗੁਜ਼ਰਨ ਲੱਗੇ ਤਾਂ ਜਗਤ ਸਿੰਘ ਦੇ ਮਨ ਵਿਚ ਖਿਆਲ

ਆਇਆ ਕਿ ਉਹ ਤਾਂ ਇੱਥੇ ਬਹੁਤ ਸਾਰੇ ਸਿਪਾਹੀਆਂ ਨੂੰ ਜਾਣਦਾ ਹੈ। ਇਹ ਇੱਕ ਚੰਗੀ ਗੱਲ ਹੋਵੇਗੀ ਕਿ ਇਹਨਾਂ ਦੇ ਖ਼ਿਆਲਾਤ ਬਦਲੇ ਜਾਣ ਅਤੇ ਜੇ ਕੋਈ ਗੱਲ ਬਣ ਜਾਏ ਤਾਂ ਬਾਹਰ ਜਾਣ ਦੀ ਬਜਾਏ ਕਿਸਮਤ ਅਜਮਾਈ ਜਾਏ। ਇਸ ਖ਼ਿਆਲ ਨਾਲ ਉਹ ਚੱਕ ਨੰ: 5 ਚਲੇ ਗਏ। ਉਨ੍ਹਾਂ ਨੂੰ ਬਹੁਤ ਸਾਰੇ ਵਾਕਫ਼ ਸਿਪਾਹੀ ਮਿਲੇ, ਜਿਨ੍ਹਾਂ ਨੇ ਬੜੇ ਪਿਆਰ ਦਾ ਇਜ਼ਹਾਰ ਕੀਤਾ। ਇਹ ਉੱਥੇ ਰੁਕ ਗਏ ਅਤੇ ਸਿਪਾਹੀਆਂ ਨਾਲ ਖੁਲਮ-ਖੁੱਲ੍ਹਾ ਵਿਚਾਰ-ਵਟਾਂਦਰਾ ਕਰਨ ਲੱਗੇ। ਇਸ ਤਬੇਲੇ ਦਾ ਇੰਚਾਰਜ਼ ਇੱਕ ਰਸਾਲਦਾਰ ਸੀ, ਜੋ ਉੱਤੋਂ-ਉੱਤੋਂ ਬਹੁਤ ਪਿਆਰ ਜਿਤਾਉਂਦਾ ਸੀ, ਪਰ ਉਸਨੇ ਚੋਰੀ-ਛੁਪੇ ਇੱਕ ਆਦਮੀ ਨੇੜਲੇ ਥਾਣੇ ਭੇਜ ਦਿੱਤਾ। ਖ਼ਬਰ ਮਿਲਦਿਆਂ ਹੀ ਪੁਲੀਸ ਭੱਜੀ ਆਈ ਅਤੇ ਜਗਤ ਸਿੰਘ ਅਤੇ ਉਸਦੇ ਦੋਵਾਂ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ।

ਪਹਿਲੇ ਲਾਹੌਰ ਸਾਜਿਸ਼ ਕੇਸ ਵਿਚ ਜਗਤ ਸਿੰਘ ਉਸਦੇ ਛੇ ਸਾਥੀਆਂ ਸਮੇਤ ਲਾਹੌਰ ਸੈਂਟਰਲ ਜੇਲ੍ਹ ਵਿਚ 16 ਨਵੰਬਰ, 1915 ਨੂੰ ਫਾਂਸੀ 'ਤੇ ਲਟਕਾਇਆ ਗਿਆ। ਫਾਂਸੀ ਦੀ ਕੋਠੜੀ ਵਿਚ ਜਗਤ ਸਿੰਘ ਦਾ ਭਾਰ 10 ਪੌਂਡ ਵਧ ਗਿਆ। ਫਾਂਸੀ ਚੜ੍ਹਨ ਵੇਲੇ ਜਗਤ ਸਿੰਘ ਬਹੁਤ ਖੁਸ਼ ਸੀ ਤੇ ਕਹਿੰਦਾ ਸੀ-"ਫਾਂਸੀ ਕੀ ਸ਼ੈਅ ਹੈ, ਜੇ ਚਾਹੋ ਤਾਂ ਮੇਰਾ ਅੰਗ-ਅੰਗ ਕੱਟ ਕੇ ਇਮਤਿਹਾਨ ਲੈ ਲਉ।"

ਹਰਨਾਮ ਸਿੰਘ ਸਿਆਲਕੋਟ

ਇਹ ਨੌਜਵਾਨ ਉਨ੍ਹਾਂ ਇਨਕਲਾਬੀਆਂ ਵਿਚੋਂ ਸੀ, ਜੋ ਬੋਲਦੇ ਬਹੁਤ ਘੱਟ ਸਨ, ਪਰ ਕੰਮ ਬਹੁਤ ਜ਼ਿਆਦਾ ਕਰਦੇ ਸਨ। ਜਦੋਂ ਹਰਨਾਮ ਸਿੰਘ ਆਜ਼ਾਦੀ ਦੀ ਜੰਗ ਲਈ ਦੂਜੇ ਸਾਥੀਆਂ ਨਾਲ ਬਾਹਰਲੇ ਟਾਪੂਆਂ ਤੋਂ ਹਿੰਦੋਸਤਾਨ ਆਇਆ ਤਾਂ ਉਸਦੀ ਉਮਰ ਕੋਈ 25 ਕੁ ਸਾਲ ਸੀ। ਉਸਦਾ ਜਨਮ ਪਿੰਡ ਭੱਟੀ ਗਿਰਾਈਆਂ ਜ਼ਿਲ੍ਹਾ ਸਿਆਲਕੋਟ ਵਿਚ ਹੋਇਆ ਸੀ ਅਤੇ ਉਹ ਰੁਜ਼ਗਾਰ ਦੀ ਭਾਲ ਵਿਚ ਵਿਦੇਸ਼ ਚਲੇ ਗਏਸਨ, ਉੱਥੇ ਗ਼ਦਰ ਪਾਰਟੀ ਦਾ ਇਨਕਲਾਬੀ ਰੰਗ ਉਨ੍ਹਾਂ 'ਤੇ ਇਸ ਕਦਰ ਚੜ੍ਹਿਆ ਕਿ ਅਖੀਰ ਤੱਕ ਨਾ ਉਤਰਿਆ। ਅਨਾਰਕਲੀ 'ਚ ਜਿਹੜੇ ਤਿੰਨ ਇਨਕਲਾਬੀ ਟਾਂਗੇ 'ਤੇ ਜਾ ਰਹੇ ਸਨ, ਹਰਨਾਮ ਸਿੰਘ ਉਨ੍ਹਾਂ ਵਿਚ ਵੀ ਸ਼ਾਮਲ ਸੀ। ਉਹ ਨਹਾਇਤ ਸੰਜੀਦਾ ਤੇ ਭੇਦ ਨੂੰ ਦਿਲ 'ਚ ਛੁਪਾ ਕੇ ਰੱਖਣ ਵਾਲਾ ਬੰਦਾ ਸੀ, ਭੇਸ ਬਦਲਣ 'ਚ ਮਾਹਿਰ ਸੀ ਅਤੇ ਕਈ ਵਾਰ ਪੁਲਿਸ ਦੀਆਂ ਅੱਖਾਂ 'ਚ ਘੱਟਾ ਪਾ ਕੇ ਨਿਕਲ ਗਿਆ ਸੀ।

ਜਦੋਂ ਪਾਰਟੀ ਮੈਂਬਰ ਲਾਹੌਰ ਵਿਚ ਗ੍ਰਿਫ਼ਤਾਰ ਕੀਤੇ ਗਏ ਤਾਂ ਉਨ੍ਹਾਂ ਵਿਚ ਹਰਨਾਮ ਸਿੰਘ ਵੀ ਸਨ। ਉਨ੍ਹਾਂ ਨੇ ਪਾਰਟੀ ਕੰਮ 'ਚ ਬਹੁਤ ਹਿੱਸਾ ਲਿਆ ਸੀ। ਕਰਤਾਰ ਸਿੰਘ ਦੇ ਛੇ ਸਾਥੀ, ਜਿਨ੍ਹਾਂ ਨੂੰ 16 ਨਵੰਬਰ ਨੂੰ ਫਾਂਸੀ 'ਤੇ ਲਟਕਾਇਆ ਗਿਆ ਸੀ, ਹਰਨਾਮ ਸਿੰਘ ਉਨ੍ਹਾਂ ਵਿਚ ਸ਼ਾਮਲ ਸਨ। ਫਾਂਸੀ ਦੀ ਕੋਠੜੀ ਵਿਚ ਉਨ੍ਹਾਂ ਦਾ ਵਜਨ ਵੀ ਨਹੀਂ ਵਧਿਆ, ਸਗੋਂ ਚਿਹਰੇ 'ਤੇ ਲਾਲੀ ਤੇ ਰੌਣਕ ਆਈ ਕਿ ਵੇਖਣ ਵਾਲੇ ਹੈਰਾਨ ਹੋ ਰਹੇ ਸਨ। ਕਰਤਾਰ ਸਿੰਘ ਦੀ ਤਰ੍ਹਾਂ ਉਸਨੇ ਵੀ ਰਹਿਮ ਦੀ ਅਪੀਲ ਨਹੀਂ ਕੀਤੀ ਸੀ ਅਤੇ ਹੱਸ-ਹੱਸ ਕੇ ਫਾਂਸੀ ਚੜ੍ਹ ਗਏ ਸਨ। ਉਦੋਂ ਇਨਕਲਾਬੀਆਂ ਦੀਆਂ ਲਾਸ਼ਾਂ ਵਾਰਿਸਾਂ ਨੂੰ ਨਹੀਂ ਦਿੱਤੀਆਂ ਜਾਂਦੀਆਂ ਸਨ, ਸਗੋਂ ਜੇਲ੍ਹ ਅਧਿਕਾਰੀ ਖ਼ੁਦ ਹੀ ਇਨ੍ਹਾਂ ਨੂੰ ਟਿਕਾਣੇ ਲੱਗਾ ਦਿੰਦੇ ਸਨ ਅਤੇ ਕਈ ਅਖ਼ਬਾਰ ਇਨ੍ਹਾਂ ਦੀ ਖ਼ਬਰ

ਤੱਕ ਅਖ਼ਬਾਰ 'ਚ ਨਹੀਂ ਛਾਪ ਸਕਦਾ ਸੀ। ਗ਼ੁਲਾਮੀ ਦੇ ਅਜਿਹੇ ਘੋਰ ਹਨੇਰੇ ਦੇ ਸਮੇਂ ਇਨ੍ਹਾਂ ਬਹਾਦਰਾਂ ਇਨਕਲਾਬੀਆਂ ਨੇ ਆਜ਼ਾਦੀ ਤੇ ਬਰਾਬਰੀ ਲਈ ਆਪਣੀਆਂ ਅਹੂਤੀਆਂ ਦਿੱਤੀਆਂ ਸਨ ਅਤੇ ਆਪਣੇ ਆਪ ਨੂੰ ਮੁਲਕ ਅਤੇ ਇਨਸਾਨੀਅਤ ਲਈ ਨਿਸ਼ਾਵਰ ਕਰ ਦਿੱਤਾ ਸੀ।

ਬਖਸ਼ੀਸ਼ ਸਿੰਘ ਗਿੱਲਵਾਲੀ ਤੇ ਛੋਟਾ ਸੁਰੈਣ ਸਿੰਘ

ਇਹ ਦੋਵੇਂ ਹੀ ਉਨ੍ਹਾਂ ਦੇਸ਼ ਭਗਤਾਂ ਵਿਚੋਂ ਸਨ, ਜਿਨ੍ਹਾਂ ਨੂੰ ਕਰਤਾਰ ਸਿੰਘ ਦੇ ਨਾਲ ਪਹਿਲੇ ਲਾਹੌਰ ਸਾਜਿਸ਼ ਕੇਸ ਵਿੱਚ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ। ਬਖਸ਼ੀਸ਼ ਸਿੰਘ ਅਤੇ ਸੁਰੈਣ ਸਿੰਘ, ਦੋਵਾਂ ਦੀ ਉਮਰ ਕਰੀਬ 25-25 ਸਾਲ ਸੀ। ਇਨ੍ਹਾਂ ਦਾ ਜਨਮ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਗਿੱਲਵਾਲੀ ਵਿਚ ਹੋਇਆ। ਬਖਸ਼ੀਸ਼ ਸਿੰਘ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਖ਼ੂਬਸੂਰਤ ਨੌਜਵਾਨ ਸੀ। ਇਹ ਪਹਿਲਾਂ ਪਾਰਟੀ ਮੈਂਬਰ ਨਹੀਂ ਸੀ। ਪਿੰਡ ਚੱਬਾ 'ਚ ਜਿਹੜਾ ਡਾਕਾ ਮਾਰਿਆ ਗਿਆ ਸੀ, ਇਹ ਉਸ ਵਿਚ ਸ਼ਾਮਲ ਸੀ। ਵਿਸਾਖਾ ਸਿੰਘ ਗਿੱਲਵਾਲੀ, ਜੋ ਅਮਰੀਕਾ ਤੋਂ ਆਏ ਸਨ, ਬਖਸ਼ੀਸ਼ ਸਿੰਘ ਦੇ ਚਾਚਾ ਜੀ ਸਨ।

ਭਾਵੇਂ ਡਾਕੇ ਮਾਰਨਾ ਗ਼ਦਰ ਪਾਰਟੀ ਦੇ ਪ੍ਰੋਗਰਾਮ ਦਾ ਹਿੱਸਾ ਨਹੀਂ ਸੀ, ਪਰ ਕਰਤਾਰ ਸਿੰਘ ਤੇ ਹੋਰ ਲੋਕ ਦੇਸ਼ ਦੇ ਹਾਲਾਤ ਵੇਖ ਕੇ ਡਾਕੇ ਮਾਰਨ 'ਚ ਜੁੱਟ ਗਏ ਸਨ। ਬਹੁਤ ਸਾਰੇ ਨੌਜਵਾਨ ਇਸ ਖਿਆਲ ਨਾਲ ਡਾਕਿਆਂ ਵਿਚ ਸ਼ਾਮਲ ਹੋ ਗਏ ਸਨ ਕਿ ਜੇਕਰ ਮੁਲਕ ਦੀ ਆਜ਼ਾਦੀ ਲਈ ਕਿਸੇ ਹੋਰ ਜ਼ਰੀਏ ਨਾਲ ਧਨ ਪ੍ਰਾਪਤ ਨਹੀਂ ਹੁੰਦਾ, ਤਾਂ ਡਾਕੇ ਮਾਰਨੇ ਕੋਈ ਪਾਪ ਨਹੀਂ ਹੈ। ਇਹ ਸੋਚ ਬੁਨਿਆਦੀ ਤੌਰ 'ਤੇ ਬੰਗਾਲ ਦੀ ਟੈਰੇਰਿਸਟ ਪਾਰਟੀ ਦੀ ਸੀ, ਜਿਸਦਾ ਅਸਰ ਗ਼ਦਰ ਪਾਰਟੀ ਦੇ ਕਈ ਮੈਂਬਰਾਂ ਉੱਤੇ ਪਿਆ। ਇਸ ਗ਼ਲਤ ਪਾਲਸੀ ਦੇ ਨਤੀਜੇ ਕਰਕੇ ਹੀ ਅੰਗਰੇਜ਼ੀ ਸਰਕਾਰ ਨੂੰ ਆਮ ਲੋਕਾਂ ਅੱਗੇ ਗ਼ਦਰ ਪਾਰਟੀ ਨੂੰ ਬਦਨਾਮ ਕਰਨ ਦਾ ਮੌਕਾ ਮਿਲਿਆ। ਭਾਵੇਂ ਕੁਝ ਵੀ ਹੋਵੇ, ਬਖਸ਼ੀਸ਼ ਸਿੰਘ ਅਤੇ ਛੋਟੇ ਸੁਰੈਣ ਸਿੰਘ ਦੀ ਕੋਈ ਖ਼ੁਦਗਰਜ਼ੀ ਨਹੀਂ ਸੀ। ਉਹ ਮੁਲਕ ਦੀ ਆਜ਼ਾਦੀ ਲਈ ਇਸ ਵਿਚ ਸ਼ਾਮਲ ਹੋਏ ਸਨ। ਇਸ ਲਈ ਉਹਨਾਂ ਨੂੰ ਸ਼ਹੀਦਾਂ ਦਾ ਦਰਜਾ ਦੇਣਾ ਹੀ ਨਿਆਂ ਹੈ। ਪਰ ਵੱਡਾ ਸੁਰੈਣ ਸਿੰਘ, ਜਿਸਨੇ ਚੱਬੇ 'ਚ ਡਾਕਾ ਮਰਵਾਇਆ ਸੀ, ਉਸਦੀ ਨੀਅਤ ਖ਼ੁਦਗਰਜ਼ੀ ਰਹਿਤ ਨਹੀਂ ਸੀ। ਉਸਨੇ ਚੱਬੇ ਦੇ ਸ਼ਾਹੂਕਾਰ ਦੇ ਘਰ ਡਾਕਾ ਇਸ ਕਰਕੇ ਮਰਵਾਇਆ ਸੀ, ਕਿਉਂਕਿ ਉਸਨੇ ਸ਼ਾਹੂਕਾਰ ਦਾ ਕਰਜ਼ਾ ਦੇਣਾ ਸੀ ਅਤੇ ਉਹ ਰੋਂਦਾ ਹੋਇਆ ਫਾਂਸੀ ਚੜ੍ਹਿਆ ਸੀ।'ਇਹ ਫਾਂਸੀਆਂ ਲਾਹੌਰ ਸੈਂਟਰਲ ਜੇਲ੍ਹ 'ਚ ਹੋਈਆਂ ਸਨ।

[ਸਰੋਤ: ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ
ਸਬ-ਕਮੇਟੀ ਦਾ ਬੁਲੇਟਿਨ,
ਨੰਬਰ 1, ਪਹਿਲੀ ਨਵੰਬਰ 1995]

ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ

-ਹਰਪ੍ਰੀਤ ਕੌਰ
ਅਸਿਸਟੈਂਟ ਪ੍ਰੋਫੈਸਰ
ਮਹਾਤਮਾ ਗਾਂਧੀ ਅੰਤਰਰਾਸ਼ਟਰੀ ਹਿੰਦੀ ਯੂਨੀਵਰਸਿਟੀ,
ਵਰਧਾ (ਮਹਾਰਾਸ਼ਟਰ)

ਯਹ ਆਂਖੇ ਹੈ ਤੁਮਾਰੀ ਜਾਂ ਦਰਦ ਕਾ ਉਮੜਤਾ ਹੂਆ ਸੈਲਾਬ
ਇਸ ਦੁਨੀਆ ਕੋ ਜਿਤਨੀ ਜਲਦੀ ਹੋ
ਅਬ ਬਦਲ ਦੇਨਾ ਚਾਹੀਏ।

ਹਿੰਦੀ ਦੇ ਪ੍ਰਸਿੱਧ ਕਵੀ ਗੋਰਖ ਪਾਂਡੇ ਦੀਆਂ ਇਹ ਸਤਰਾਂ ਦੁਨੀਆਂ ਨੂੰ ਬਦਲਣ ਲਈ ਸੰਘਰਸ਼ ਕਰ ਰਹੇ ਜਿਨ੍ਹਾਂ ਚੰਦ ਲੋਕਾਂ ਨੂੰ ਸੰਬੋਧਤ ਹਨ, ਉਹਨਾਂ 'ਚੋਂ ਇੱਕ ਵਿਸ਼ਨੂ ਗਣੇਸ਼ ਪਿੰਗਲੇ ਨੇ ਸਾਮਰਾਜੀ ਨਿਜ਼ਾਮ ਨੂੰ ਖ਼ਤਮ ਕਰਨ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦਿੱਤੀ। ਵਿਸ਼ਨੂੰ ਗਣੇਸ਼ ਉਹਨਾਂ ਗ਼ਦਰੀ ਕ੍ਰਾਂਤੀਕਾਰੀਆਂ ਵਿੱਚੋਂ ਸਨ ਜਿਨ੍ਹਾਂ ਨੂੰ ਦਿਨ ਕਰਤਾਰ ਸਿੰਘ ਸਰਾਭਾ ਤੇ ਪੰਜ ਹੋਰ ਕ੍ਰਾਂਤੀਕਾਰੀਆਂ ਸਮੇਤ ਲਾਹੌਰ ਸਾਜ਼ਿਸ਼ ਕੇਸ ਅਤੇ ਹਿੰਦੂ ਜਰਮਨ ਸਾਜ਼ਿਸ਼ ਕੇਸ ਤਹਿਤ 16 ਨਵੰਬਰ 1915 ਨੂੰ ਅੰਗਰੇਜ਼ ਹਾਕਮਾਂ ਵੱਲੋਂ ਫਾਂਸੀ ਦਿੱਤੀ ਗਈ ਸੀ।

ਵਿਸ਼ਨੂੰ ਗਣੇਸ਼ ਪਿੰਗਲੇ ਦਾ ਜਨਮ ਜਨਵਰੀ 1888 ਨੂੰ ਮਹਾਂਰਾਸ਼ਟਰ ਦੇ ਸ਼ਹਿਰ ਪੁਣੇ ਨੇੜੇ ਪੈਂਦੇ ਪਿੰਡ ਤਾਲੇਗਾਂਵ ਧਾਮਧੇੜੇ ਦੇ ਇੱਕ ਬ੍ਰਾਹਮਣ ਪਰਿਵਾਰ ਵਿੱਚ ਹੋਇਆ। ਉਹਨਾਂ ਨੇ ਪ੍ਰਾਇਮਰੀ ਸਿੱਖਿਆ ਆਪਣੇ ਪਿੰਡ ਦੇ ਸਕੂਲ ਵਿੱਚ ਹਾਸਲ ਕੀਤੀ। ਇਸ ਤੋਂ ਬਾਅਦ ਕਾਲਜ ਦੀ ਪੜ੍ਹਾਈ ਲਈ ਉਹਨਾਂ ਨੇ 1905 ਵਿੱਚ ਪੁਣੇ ਦੇ ਮਹਾਂਰਾਸ਼ਟਰ ਕਾਲਜ ਵਿੱਚ ਦਾਖ਼ਲਾ ਲਿਆ। ਸਕੂਲ ਦੀ ਪੜ੍ਹਾਈ ਦੌਰਾਨ ਹੀ ਰਾਸ਼ਟਰਵਾਦੀ ਅੰਦੋਲਨ ਦਾ ਉਹਨਾਂ ਉੱਤੇ ਪ੍ਰਭਾਵ ਪੈ ਚੁੱਕਾ ਸੀ। ਵੀ ਡੀ ਸਾਵਰਕਰ ਦੀ ਸਖ਼ਸ਼ੀਅਤ ਦਾ ਉਹਨਾਂ ਉੱਤੇ ਸਭ ਤੋਂ ਵੱਧ ਪ੍ਰਭਾਵ ਪਿਆ। ਅੰਦੋਲਨ ਵਿੱਚ ਆਪਣੀਆਂ ਸ਼ੁਰੂਆਤੀ ਸਰਗਰਮੀਆਂ ਰਾਹੀਂ ਵਿਸ਼ਨੂੰ ਨੇ ਅੰਦੋਲਨ ਦੇ ਮੋਹਰੀ ਆਗੂਆਂ ਨੂੰ ਕਾਫ਼ੀ ਪ੍ਰਭਾਵਿਤ ਕਰ ਦਿੱਤਾ ਸੀ।

1910 'ਚ ਰੁਜ਼ਗਾਰ ਦੀ ਭਾਲ ਵਿੱਚ ਪਿੰਗਲੇ ਨੇ ਮੁੰਬਈ ਛੱਡ ਮਾਹਿਮ ਵਿਖੇ ਗੋਬਿੰਦਰਾਓ ਪੋਤੇਧਾਰ ਦੇ ਪਾਇਨੀਅਰ ਅਲਕਲੀ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪੋਤਧਾਰ ਰਾਸ਼ਟਰਵਾਦੀ ਸੀ ਤੇ ਬੰਬ ਬਣਾਉਣ ਦਾ ਵੀ ਮਾਹਿਰ ਸੀ। ਉਸਨੇ ਵਿਸ਼ਨੂੰ ਦੀ

ਜਾਣ-ਪਹਿਚਾਣ ਉਸ ਵਲੋਂ ਆਪਣੇ ਸਾਥੀ ਰਾਸ਼ਟਰਵਾਦੀਆਂ ਨਾਲ ਕਰਵਾਈ ਗਈ। ਉਹਨਾਂ ਵਿੱਚੋਂ ਇੱਕ ਹਰੀ ਲਕਸ਼ਮਨ ਪਾਟਿਲ ਵੀ ਸੀ ਜੋ ਕਿ ਵਸਾਈ ਵਿੱਚ ਵਕਾਲਤ ਕਰਦਾ ਸੀ। ਪਿੰਗਲੇ ਦੀ ਪਾਟਿਲ ਨਾਲ ਗਹਿਰੀ ਦੋਸਤੀ ਹੋ ਗਈ।

ਇਹਨਾਂ ਦਿਨਾਂ ਵਿੱਚ ਜਾਪਾਨ ਦੇ ਹੱਥਖੱਡੀ ਉਦਯੋਗ ਤੋਂ ਪ੍ਰਭਾਵਤ ਹੋ ਕੇ ਭਾਰਤ ਵਿੱਚ ਸਵਦੇਸ਼ੀ ਚੇਤਨਤਾ ਜ਼ੋਰ ਫੜ ਰਹੀ ਸੀ। ਵਿਸ਼ਨੂੰ ਗਣੇਸ ਪਿੰਗਲੇ ਵੀ ਜਾਪਾਨ ਦੇ ਹੱਥਖੱਡੀ ਜਾਂ ਦਸਤਕਾਰੀ ਉਦਯੋਗ ਤੋਂ ਕਾਫ਼ੀ ਪ੍ਰਭਾਵਿਤ ਸਨ। ਇਸ ਪ੍ਰਭਾਵ ਦੇ ਚਲਦਿਆਂ ਉਹਨਾਂ ਨੇ ਮਹਾਂਰਾਸ਼ਟਰ ਦੇ ਲਾਤੂਰ ਨੇੜੇ ਅਵਾਸ਼ਾ ਵਿੱਚ ਇੱਕ ਸਵਦੇਸ਼ੀ ਕਾਰਖ਼ਾਨਾ ਵੀ ਲਾਇਆ, ਹਾਲਾਂਕਿ ਉਹਨਾਂ ਦੀ ਇੱਛਾ ਉਦੋਂ ਇੰਜੀਨੀਅਰ ਬਣਨ ਦੀ ਸੀ। ਸਿਆਸੀ ਵਿਚਾਰਾਂ ਪੱਖੋਂ ਉਹਨਾਂ 'ਤੇ ਅਮਰੀਕਾ ਵਾਸੀਆਂ ਦੁਆਰਾ ਲੜੇ ਗਏ ਆਜ਼ਾਦੀ ਦੇ ਸੰਘਰਸ਼ ਦਾ ਕਾਫ਼ੀ ਪ੍ਰਭਾਵ ਪਿਆ। ਇਸ ਅਸਰ ਤਹਿਤ ਹੀ ਉਹਨਾਂ ਨੇ 1911 ਵਿੱਚ ਆਵਾਸ਼ਾ ਨੂੰ ਛੱਡ ਕੇ ਅਮਰੀਕਾ ਜਾਣ ਦਾ ਨਿਸ਼ਚਾ ਕੀਤਾ। ਹਾਂਗਕਾਂਗ ਦੇ ਰਾਹੀਂ ਉਹ ਅਮਰੀਕਾ ਪਹੁੰਚੇ ਤੇ ਇੱਥੇ ਇੰਜੀਨੀਅਰਿੰਗ ਦੇ ਇੱਕ ਵਿਦਿਆਰਥੀ ਦੇ ਤੌਰ 'ਤੇ ਉਹਨਾਂ ਨੇ 1912 ਵਿੱਚ ਵਾਸ਼ਿੰਗਟਨ ਯੂਨੀਵਰਸਿਟੀ 'ਚ ਦਾਖ਼ਲਾ ਲਿਆ।

ਇੱਥੇ ਜਦੋਂ ਉਹ ਗ਼ਦਰੀਆਂ ਨੂੰ ਮਿਲ ਰਹੇ ਸਨ, ਖ਼ੁਦ ਵੀ ਇਸ ਸੰਘਰਸ਼ ਵਿੱਚ ਸ਼ਾਮਿਲ ਹੋ ਚੁੱਕੇ ਸਨ, ਉਸ ਸਮੇਂ ਯੂਰਪ ਵਿੱਚ ਪਹਿਲੇ ਵਿਸ਼ਵ ਯੁੱਧ ਦੀ ਸ਼ੁਰੂਆਤ ਹੋ ਚੁੱਕੀ ਸੀ ਤੇ ਇਹੀ ਸਮਾਂ ਸੀ ਜਦੋਂ ਜਰਮਨ, ਯੂਰਪ ਵਿੱਚ ਬਰਲਿਨ ਕਮੇਟੀ ਅਤੇ ਅਮਰੀਕਾ ਦੇ ਗ਼ਦਰੀਆਂ ਵੱਲੋਂ ਮਿਲ ਕੇ ਭਾਰਤ ਵਿੱਚ ਤਖ਼ਤਾ ਪਲਟਾਉਣ ਦੀ ਯੋਜਨਾ ਬਣਾਈ ਜਾ ਰਹੀ ਸੀ।

ਗ਼ਦਰੀ "ਸਾਜ਼ਿਸ"

ਪਿੰਗਲੇ ਸੱਤਿਅਨ ਭੂਸ਼ਨ ਸੇਨ ਨੂੰ ਕੈਲੇਫੋਰਨੀਆ ਯੂਨੀਵਰਸਿਟੀ, ਬਰਕਲੇ ਤੋਂ ਕਰਤਾਰ ਸਿੰਘ ਸਰਾਭਾ ਦੇ ਨਾਲ ਹੋਣ ਕਰਕੇ ਜਾਣਦਾ ਸੀ। ਸੱਤਿਅਨ ਦੀ ਪਿੰਗਲੇ ਨਾਲ ਮੁਲਾਕਾਤ ਗ਼ਦਰ ਨੂੰ ਲੈ ਕੇ ਸੀ ਤੇ ਇਸ ਮੁਲਾਕਾਤ ਦਾ ਮਕਸਦ ਪਿੰਗਲੇ ਦੀ ਕਰਤਾਰ ਸਿੰਘ ਸਰਾਭਾ ਅਤੇ ਉਸਦੇ ਉਹਨਾਂ ਸਾਥੀਆਂ ਨਾਲ ਜਾਣ-ਪਹਿਚਾਣ ਕਰਵਾਉਣਾ ਸੀ ਜਿਹੜੇ 1914 ਅਕਤੂਬਰ ਦੇ ਆਖ਼ਰੀ ਅੱਧ ਵਿੱਚ ਅਮਰੀਕਾ ਤੋਂ ਐਸ ਐਸ ਸਾਲਾਮਿਨ ਰਾਹੀਂ ਭਾਰਤ ਪੁੱਜੇ ਸਨ। ਇਸ ਸਫ਼ਰ ਦਰਮਿਆਨ ਸੱਤਿਅਨ ਅਤੇ ਪਿੰਗਲੇ ਕੁੱਝ ਦਿਨ ਚੀਨ ਵਿੱਚ ਰਹੇ ਜਿੱਥੇ ਉਹਨਾਂ ਨੇ ਭਵਿੱਖ ਨੂੰ ਲੈ ਕੇ ਸਥਾਨਕ ਗ਼ਦਰ ਆਗੂਆਂ ਨਾਲ ਗੱਲਬਾਤ ਕੀਤੀ, ਜਿਨ੍ਹਾਂ ਵਿੱਚ ਟਹਿਲ ਸਿੰਘ ਵੀ ਸ਼ਾਮਿਲ ਸਨ। ਇੱਥੇ ਉਹ ਡਾ. ਯਾਤ ਸੇਨ ਦਾ ਸਹਿਯੋਗ ਪ੍ਰਾਪਤ ਕਰਨ ਲਈ ਉਹਨਾਂ ਨੂੰ ਵੀ ਮਿਲੇ। ਡਾ. ਸੇਨ ਅੰਗਰੇਜ਼ਾਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੇ ਸਨ। ਸੱਤਿਅਨ ਅਤੇ ਉਸਦੀ ਪਾਰਟੀ ਦੇ ਭਾਰਤ ਰਵਾਨਾ ਹੋਣ ਤੋਂ ਬਾਅਦ ਟਹਿਲ ਸਿੰਘ ਨੇ ਆਤਮਾ ਰਾਮ ਕਪੂਰ, ਸੰਤੋਖ ਸਿੰਘ ਅਤੇ ਸ਼ਿਵ ਦਿਆਲ ਕਪੂਰ ਨੂੰ ਜ਼ਰੂਰੀ ਬੰਦੋਬਸਤ ਕਰਨ ਲਈ ਬੈਂਕਾਕ ਭੇਜਿਆ।

1914 'ਚ ਵਿਸ਼ਨੂੰ ਗਣੇਸ਼ ਪਿੰਗਲੇ ਆਪਣੇ ਸਾਥੀਆਂ ਕਰਤਾਰ ਸਿੰਘ ਸਰਾਭਾ ਅਤੇ ਸੱਤਿਅਨ ਸੇਨ ਨਾਲ ਕਲਕੱਤਾ ਪਹੁੰਚਦੇ ਹਨ ਜਿੱਥੇ ਸੱਤਿਅਨ ਕਰਤਾਰ ਸਿੰਘ ਸਰਾਭਾ ਅਤੇ ਪਿੰਗਲੇ ਨੂੰ ਜਤਿਨ ਮੁਖਰਜੀ ਨਾਲ ਮਿਲਵਾਉਂਦੇ ਹਨ। ਪਿੰਗਲੇ ਨੇ ਮੁਖਰਜੀ ਨਾਲ ਲੰਮੀ ਗੱਲਬਾਤ ਕੀਤੀ ਤੇ ਇਸ ਗੱਲਬਾਤ ਤੋਂ ਜਤਿਨ ਕਾਫ਼ੀ ਪ੍ਰਭਾਵਿਤ ਹੁੰਦਾ ਹੈ। ਉਹ ਪਿੰਗਲੇ ਨੂੰ ਇੱਕ ਪੱਤਰ ਦੇ ਕੇ ਰਾਸ ਬਿਹਾਰੀ ਬੋਸ ਕੋਲ ਬਨਾਰਸ ਭੇਜਦੇ ਹਨ।

ਕਲਕੱਤਾ ਦੇ ਪੁਲਿਸ ਕਮਿਸ਼ਨਰ ਚਾਰਲਸ ਟੇਗਾਰਟ ਨੂੰ ਸੂਚਨਾ ਮਿਲਦੀ ਹੈ ਕਿ ਕਿਸੇ ਖ਼ਾਸ ਸਾਜ਼ਿਸ਼ ਤਹਿਤ ਸਿੱਖਾਂ ਦੀਆਂ ਕੁੱਝ ਟੋਲੀਆਂ ਅਸਲੇ ਸਮੇਤ ਦਕਸ਼ਿਣੇਸ਼ਵਰ ਪਹੁੰਚੀਆਂ ਹਨ ਤੇ ਇੱਥੇ ਉਹ ਜਤਿਨ ਮੁਖਰਜੀ ਅਤੇ ਸੱਤਿਅਨ ਭੂਸ਼ਨ ਸੇਨ ਨਾਲ ਮੁਲਾਕਾਤ ਕਰਨਗੀਆਂ।

ਇਹ ਸ਼ਾਇਦ 1900 ਦੀ ਗੱਲ ਹੈ ਕਿ ਕੁੱਝ ਕੱਟੜਵਾਦੀ ਆਗੂ ਲੋਕਮਾਨਯ ਤਿਲਕ ਦੀ ਪ੍ਰੇਰਨਾ ਤਹਿਤ ਵਿਦਰੋਹ ਦੇ ਮਕਸਦ ਨਾਲ ਬਨਾਰਸ ਪੁੱਜਦੇ ਹਨ। ਰਾਸ ਬਿਹਾਰੀ ਬੋਸ 1914 ਤੱਕ ਬਨਾਰਸ ਰਹਿੰਦਾ ਹੈ। ਅਕਤੂਬਰ 1914 ਅਤੇ ਸਤੰਬਰ 1915 ਤੱਕ ਕਈ ਤਰ੍ਹਾਂ ਦੀਆਂ ਬਾਗ਼ੀ ਗਤੀਵਿਧੀਆਂ ਸਾਹਮਣੇ ਆਉਂਦੀਆਂ ਹਨ। 18 ਨਵੰਬਰ 1914 ਨੂੰ ਬੰਬ ਬਣਾਉਂਦਿਆਂ ਰਾਸ ਬਿਹਾਰੀ ਬੋਸ ਅਤੇ ਸਚਿਨ ਸਾਨਿਆਲ ਜ਼ਖ਼ਮੀ ਹੋ ਜਾਂਦੇ ਹਨ। ਇਸ ਤੋਂ ਬਾਅਦ ਉਹ ਆਪਣਾ ਟਿਕਾਣਾ ਬਦਲ ਕੇ ਬੰਗਾਲੀਟੋਲਾ ਦੇ ਇੱਕ ਘਰ ਵਿੱਚ ਰਹਿਣ ਲੱਗ ਜਾਂਦੇ ਹਨ। ਇੱਥੇ ਹੀ ਜਤਿਨ ਮੁਖਰਜੀ ਦਾ ਪੱਤਰ ਲੈ ਕੇ ਪਿੰਗਲੇ ਉਹਨਾਂ ਨੂੰ ਮਿਲਦਾ ਹੈ। ਜਿਸ ਵਿੱਚ ਲਿਖਿਆ ਹੁੰਦਾ ਹੈ ਕਿ ਚਾਰ ਹਜ਼ਾਰ ਗ਼ਦਰੀ ਕਲਕੱਤਾ ਪਹੁੰਚ ਚੁੱਕੇ ਹਨ ਤੇ 15 ਹਜ਼ਾਰ ਪਹੁੰਚਣ ਲਈ ਤਿਆਰ ਬੈਠੇ ਹਨ। ਇਸ ਤੋਂ ਬਾਅਦ ਰਾਸ ਬਿਹਾਰੀ ਬੋਸ ਪਿੰਗਲੇ ਅਤੇ ਸਚਿਨ ਸਾਨਿਆਲ ਨੂੰ ਮੂਲਾ ਸਿੰਘ ਦੇ ਮਸਲੇ 'ਤੇ ਗੱਲਬਾਤ ਕਰਨ ਲਈ ਅੰਮ੍ਰਿਤਸਰ ਤੋਰ ਦਿੰਦਾ ਹੈ, ਜਿਹੜਾ ਕਿ ਸੰਘਾਈ ਤੋਂ ਆਇਆ ਹੁੰਦਾ ਹੈ।

ਦਸੰਬਰ 1914 ਵਿੱਚ ਵਿਸ਼ਨੂ ਗਣੇਸ਼ ਪਿੰਗਲੇ ਪੰਜਾਬ ਪੁੱਜੇ ਤੇ ਪੰਜਾਬ ਦੇ ਯੋਧਿਆਂ ਨੂੰ ਬੰਗਾਲੀਆਂ ਦਾ ਇਹ ਸੁਨੇਹਾ ਦਿੱਤਾ ਕਿ ਹੁਣ ਆਜ਼ਾਦੀ ਦੀ ਲੜਾਈ ਇਕਜੁੱਟ ਹੋ ਕੇ ਲੜਨੀ ਚਾਹੀਦੀ ਹੈ। ਉਹਨਾਂ ਵੱਲੋਂ ਇਹ ਪ੍ਰਸਤਾਵ ਕਪੂਰਥਲਾ ਵਿੱਚ ਹੋਈ ਇੱਕ ਮੀਟਿੰਗ ਵਿੱਚ ਰੱਖਿਆ ਗਿਆ। ਇਸ ਤੋਂ ਇਲਾਵਾ ਮੀਟਿੰਗ ਵਿੱਚ ਹੋਰ ਵੀ ਕਈ ਯੋਜਨਾਵਾਂ 'ਤੇ ਚਰਚਾ ਕੀਤੀ ਗਈ। ਇਸ ਮੌਕੇ ਸਚਿਨ ਸਾਨਿਆਲ ਵੀ ਉਹਨਾਂ ਦੇ ਨਾਲ ਸੀ। ਇਹ ਸੁਨੇਹਾ ਦੇਣ ਤੋਂ ਬਾਅਦ ਤਿੰਨ ਜਨਰਵਰੀ 1915 ਨੂੰ ਪਿੰਗਲੇ ਅਤੇ ਸਚਿਨ ਅੰਮ੍ਰਿਤਸਰ ਤੋਂ ਬਨਾਰਸ ਲਈ ਚੱਲ ਪਏ। ਇੱਥੇ ਦੱਸਣਾ ਬਣਦਾ ਹੈ ਕਿ ਸਿੱਖ ਗ਼ਦਰੀ ਬਗ਼ਾਵਤ ਬਾਰੇ ਬਹੁਤ ਘੱਟ ਜਾਣੂ ਸਨ, ਇਸ ਦੇ ਮੱਦੇਨਜ਼ਰ ਉਹਨਾਂ ਨੇ ਬੰਗਾਲੀ ਮਾਹਿਰ ਪ੍ਰੋਫੈਸਰ ਸੁਰਿੰਦਰ ਬੋਸ ਨੂੰ ਬੁਲਾਉਣ ਬਾਰੇ ਸੋਚਿਆ। ਬੋਸ ਕੈਲੇਫੋਰਨੀਆਂ ਵਿੱਚ ਰਹਿੰਦੇ ਤਰਕਨਾਥ ਦਾਸ ਦਾ ਜਾਣੂ ਸੀ।

ਇੱਕ ਮਹੱਤਵਪੂਰਨ ਮੀਟਿੰਗ ਵਿੱਚ ਰਾਸ ਬਿਹਾਰੀ ਬੋਸ ਨੇ ਐਲਾਨ ਕਰ ਦਿੱਤਾ ਕਿ 'ਦੇਸ਼ ਲਈ ਮਰ ਮਿਟੋ'। ਇਸ ਮੁਹਿੰਮ ਤਹਿਤ ਰਾਸ ਬਿਹਾਰੀ ਬੋਸ ਵੱਲੋਂ ਯੋਜਨਾ ਬਣਾਈ ਗਈ ਕਿ ਪਿੰਡਾਂ ਵਿੱਚੋਂ ਗੈਂਗ ਇਕੱਠੇ ਕੀਤੇ ਜਾਣ ਜਿਹੜੇ ਬਗ਼ਾਵਤ ਨੂੰ ਸਿਖ਼ਰ ਤੱਕ ਲੈ ਕੇ ਜਾਣ। ਇਸ ਐਲਾਨ ਤੋਂ ਬਾਅਦ ਪਿੰਗਲੇ ਅਤੇ ਰਾਸ ਬਿਹਾਰੀ ਬੋਸ ਨੇ ਲਾਹੌਰ ਵੱਲ ਚਾਲੇ ਪਾ ਦਿੱਤੇ। ਸਚਿਨ ਨੇ ਸੱਤਵੀਂ ਰਾਜਪੂਤ ਅਤੇ 89 ਵੀਂ ਪੰਜਾਬੀ ਬਟਾਲੀਅਨ ਦੀਨਾਪੁਰ ਵਿੱਚ ਬਗ਼ਾਵਤ ਦੀ ਅਗਵਾਈ ਕੀਤੀ। ਦਮੋਦਰ ਸਰੂਪ ਨੂੰ ਇਲਾਹਾਬਾਦ ਭੇਜਿਆ ਗਿਆ। ਭਵੂਤੀ ਅਤੇ ਪ੍ਰਿਯਾਨਾਥ ਬਨਾਰਸ ਅਤੇ ਨਲਿਨੀ ਨੇ ਜਬਲਪੁਰ ਵਿੱਚ ਅਜਿਹੀ ਹੀ ਕੋਸ਼ਿਸ਼ ਕੀਤੀ। 14 ਫਰਵਰੀ ਨੂੰ ਕਪੀਲੇ ਇੱਕ ਪਾਰਸਲ ਲੈ ਕੇ ਬਨਾਰਸ ਤੋਂ ਲਾਹੌਰ ਗਿਆ। ਅਸਲ ਵਿੱਚ ਪਾਰਸਲ ਦੇ ਰੂਪ ਵਿੱਚ ਇਹ18 ਬੰਬ ਸਨ।

ਜਨਵਰੀ ਦੇ ਅੱਧ ਵਿੱਚ ਪਿੰਗਲੇ, ਰਾਸ ਬਿਹਾਰੀ ਬੋਸ ਨਾਲ ਫਿਰ ਅੰਮ੍ਰਿਤਸਰ ਪਹੁੰਚ ਚੁੱਕਾ ਸੀ। ਪੰਦਰ੍ਹਾਂ ਦਿਨਾਂ ਬਾਅਦ ਰਾਸ ਬਿਹਾਰੀ ਬੋਸ ਲਾਹੌਰ ਚਲਿਆ ਜਾਂਦਾ ਹੈ। ਇਹਨਾਂ ਦੋਵੇਂ ਥਾਂਵਾਂ ਤੋਂ ਉਹਨਾਂ ਨੇ ਬੰਬ ਬਣਾਉਣ ਦਾ ਸਾਮਾਨ ਇਕੱਠਾ ਕੀਤਾ। ਲਾਹੌਰ ਜਾ ਕੇ ਇੱਕ ਘਰ ਵਿੱਚ ਬੰਬ ਬਣਾਉਣ ਦੀ ਕੋਸ਼ਿਸ਼ ਕੀਤੀ ਗਈ। ਪਰ ਛੇਤੀ ਹੀ ਇਸ ਥਾਂ ਦੀ ਭਿਣਕ ਸਰਕਾਰ ਨੂੰ ਲੱਗ ਗਈ। ਬੰਬ ਬਣਾਉਣ ਵਾਲੇ ਘਰ ਵਿੱਚ ਛਾਪਾ ਮਾਰਿਆ ਗਿਆ ਤੇ ਕੁੱਝ ਬੰਬ ਵੀ ਹੱਥ

ਲੱਗੇ ਪਰ ਰਾਸ ਬਿਹਾਰੀ ਬੋਸ ਕਿਸੇ ਤਰ੍ਹਾਂ ਬਚ ਨਿੱਕਲਿਆ। ਪਰ ਇਸ ਤੋਂ ਪਹਿਲਾਂ ਗ਼ਦਰੀਆਂ ਨਾਲ ਉਸਦਾ ਪੂਰਾ ਤਰ੍ਹਾਂ ਸੰਪਰਕ ਸਥਾਪਿਤ ਹੋ ਚੁੱਕਾ ਸੀ ਤੇ ਉਮੀਦ ਕੀਤੀ ਜਾ ਰਹੀ ਸੀ ਕਿ ਇੱਕ ਵਾਰ ਇਸ਼ਾਰਾ ਮਿਲਣ ਤੋਂ ਬਾਅਦ ਪੰਜਾਬ ਤੋਂ ਲੈ ਕੇ ਬੰਗਾਲ ਤੱਕ ਬਗ਼ਾਵਤ ਸ਼ੁਰੂ ਹੋ ਜਾਵੇਗੀ।

ਫਰਵਰੀ 1915 ਦੀ ਬਗ਼ਾਵਤ 'ਚ ਸਚਿਨ ਸਾਨਿਆਲ, ਕਰਤਾਰ ਸਿੰਘ ਸਰਾਭਾ ਅਤੇ ਪਿੰਗਲੇ ਉਹਨਾਂ ਕ੍ਰਾਂਤੀਕਾਰੀਆਂ ਵਿੱਚੋਂ ਸਨ ਜੋ ਇਸ ਬਗ਼ਾਵਤ ਦੀ ਅਗਵਾਈ ਕਰ ਰਹੇ ਸਨ। ਇਸ ਸੰਘਰਸ਼ ਦੌਰਾਨ ਪਿੰਗਲੇ ਨੂੰ ਕਈ ਵਾਰ ਆਪਣਾ ਰੂਪ ਬਦਲਣਾ ਪਿਆ। ਕਈ ਵਾਰ ਉਹ ਸ਼ਾਮ ਲਾਲ (ਬੰਗਾਲੀ) ਬਣਿਆ ਤੇ ਕਦੇ ਗਨਪਤ ਸਿੰਘ (ਪੰਜਾਬੀ)। ਪੰਜਾਬ ਵਿੱਚ ਜਦੋਂ ਬਗ਼ਾਵਤ ਦਾ ਐਲਾਨ ਹੋਇਆ ਤਾਂ 23ਵੇਂ ਰਸਾਲੇ ਵਿੱਚ ਅਫ਼ਸਰਾਂ ਨੂੰ ਮਾਰ ਦਿੱਤਾ ਗਿਆ ਤੇ ਅਸਲੇ 'ਤੇ ਕਬਜ਼ਾ ਕਰ ਲਿਆ ਗਿਆ। ਇਸ ਤੋਂ ਬਾਅਦ ਪੰਜਾਬ ਦੀਆਂ ਦੂਜੀਆਂ ਥਾਂਵਾਂ 'ਤੇ ਵੀ ਬਗ਼ਾਵਤ ਹੋ ਗਈ। ਇਸਦੇ ਨਤੀਜੇ ਵਜੋਂ ਦਿੱਲੀ ਅਤੇ ਲਾਹੌਰ ਵਿੱਚ ਸਮੇਂ ਤੋਂ ਪਹਿਲਾਂ ਹੀ ਬਗ਼ਾਵਤ ਦਾ ਬਿਗਲ ਵੱਜ ਗਿਆ। ਬੰਗਾਲੀ ਕ੍ਰਾਂਤੀਕਾਰੀਆਂ ਨੇ ਢਾਕਾ ਸਟੇਸ਼ਨ 'ਤੇ ਸਿੱਖ ਟੋਲੀ ਨਾਲ ਪੱਤਰ ਵਿਹਾਰ ਕੀਤਾ ਅੱਗੋਂ ਇਹਨਾਂ ਦਾ ਸੰਪਰਕ ਲਾਹੌਰ ਦੇ ਸਿੱਖ ਕ੍ਰਾਂਤੀਕਾਰੀਆਂ ਨਾਲ ਸਨ। ਪੰਜਾਬ ਮੇਲ ਦੀ ਖ਼ਬਰ ਰਾਹੀਂ ਬੰਗਾਲੀਆਂ ਨੇ ਬਗ਼ਾਵਤ ਕਰਨੀ ਸੀ ਪਰ ਬਗ਼ਾਵਤ ਦੀ ਸੂਹ ਲੱਗਣ 'ਤੇ ਪੰਜਾਬ ਵਿੱਚ ਪੂਰੀ ਤਰ੍ਹਾਂ ਨਾਕਾਬੰਦੀ ਕਰ ਦਿੱਤੀ ਗਈ। ਜਿਸ ਕਾਰਣ ਹਾਵੜਾ ਸਟੇਸ਼ਨ 'ਤੇ ਪੰਜਾਬ ਮੇਲ ਨਹੀਂ ਪੁੱਜੀ।

ਇਸ ਬਗ਼ਾਵਤ ਦੇ ਅਸਫ਼ਲ ਹੋਣ ਦਾ ਕਾਰਣ ਇਹ ਸੀ ਕਿ ਸਰਕਾਰ ਨੂੰ ਆਪਣੇ ਮੁਖ਼ਬਰ ਕ੍ਰਿਪਾਲ ਸਿੰਘ ਰਾਹੀਂ ਸਾਰੀਆਂ ਯੋਜਨਾਵਾਂ ਦੀ ਪੂਰੀ ਸੂਹ ਸੀ। ਉਹ ਮੋਚੀ ਗੇਟ ਸਥਿਤ ਰਾਸ ਬਿਹਾਰੀ ਬੋਸ ਦੇ ਦਫ਼ਤਰ ਵਿਚ 15 ਫਰਵਰੀ 1915 ਨੂੰ ਪਿੰਗਲੇ ਸਮੇਤ ਹੋਰ ਬਹੁਤ ਸਾਰੇ ਕ੍ਰਾਂਤੀਕਾਰੀ ਆਗੂਆਂ ਨੂੰ ਵੀ ਮਿਲ ਚੁੱਕਾ ਸੀ।

ਕਰਤਾਰ ਸਿੰਘ ਸਰਾਭਾ ਅਤੇ ਪਿੰਗਲੇ ਵੱਲੋਂ ਮੇਰਠ ਵਿੱਚ ਆਖ਼ਰੀ ਅਸਫ਼ਲ ਹੰਭਲਾ ਮਾਰਿਆ ਗਿਆ। ਇਸ ਤੋਂ ਬਾਅਦ ਵਿਸ਼ਨੂੰ ਗਣੇਸ਼ ਪਿੰਗਲੇ ਨੂੰ 23 ਮਾਰਚ 1915 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮੁੰਬਈ ਪੁਲਿਸ ਦੀ ਰਿਪੋਰਟ ਮੁਤਾਬਿਕ ਜਿਸ ਵੇਲੇ ਉਹਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਉਦੋਂ ਉਹਨਾਂ ਕੋਲ ਦਸ ਬੰਬ ਸਨ ਤੇ ਪਿੰਗਲੇ ਦਿੱਲੀ ਵਿੱਚ ਲਾਰਡ ਹਾਰਡਿੰਗਜ਼ ਨੂੰ ਖਤਮ ਕਰਨ ਦੀ ਤਾਕ ਵਿੱਚ ਸੀ। ਉਨ੍ਹਾਂ ਦੀ ਗ੍ਰਿਫ਼ਤਾਰੀ ਨਾਦਿਰ ਖ਼ਾਨ ਨਾਮਕ ਵਿਅਕਤੀ ਦੀ ਮੁਖ਼ਬਰੀ ਕਾਰਣ ਸੰਭਵ ਹੋਈ। ਵਿਸ਼ੇਸ਼ ਟ੍ਰਿਬਿਊਨਲ ਸਥਾਪਿਤ ਕਰਕੇ ਕ੍ਰਾਂਤੀਕਾਰੀਆਂ ਉਪਰ ਲਾਹੌਰ ਸਾਜ਼ਿਸ਼ ਕੇਸ ਅਤੇ ਹੋਰ ਮੁਕੱਦਮੇ ਚਲਾਏ ਗਏ ਅਤੇ ਮੌਤ ਦੀ ਸਜ਼ਾ ਅਤੇ ਉਮਰ ਕੈਦ ਦੀਆਂ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। 16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਅਤੇ ਵਿਸ਼ਨੂੰ ਗਣੇਸ਼ ਪਿੰਗਲੇ ਸਮੇਤ ਸੱਤ ਗ਼ਦਰੀਆਂ ਨੂੰ ਲਾਹੌਰ ਜੇਲ ਵਿੱਚ ਫਾਂਸੀ ਦੇ ਦਿੱਤੀ ਗਈ। 29 ਨਵੰਬਰ ਨੂੰ ਅੰਗਰੇਜ਼ ਅਫ਼ਸਰ ਐਸ ਐਚ ਸਿਗਨਲ ਨੇ ਵਿਸ਼ਨੂੰ ਗਣੇਸ਼ ਦੇ ਭਰਾ ਮਾਧਵ ਗਣੇਸ਼ ਪਿੰਗਲੇ ਨੂੰ ਉਹਨਾਂ ਦੀ ਸ਼ਹਾਦਤ ਬਾਰੇ ਪੱਤਰ ਭੇਜਿਆ। ਯਾਦ ਰਹੇ ਕਿ 26/27 ਨਵੰਬਰ ਤੋਂ ਪਹਿਲਾਂ ਵਿਸ਼ਨੂ ਦੇ ਪਰਿਵਾਰ ਨੂੰ ਉਸਦੀ ਸ਼ਹਾਦਤ ਬਾਰੇ ਬਿਲਕੁਲ ਜਾਣਕਾਰੀ ਨਹੀਂ ਸੀ। ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਦੇ ਆਗੂ ਯੋਗਦਾਨ ਅਤੇ ਕੁਰਬਾਨੀ ਨੂੰ ਮੁੱਖ ਰੱਖਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ (ਜਲੰਧਰ) ਵਲੋਂ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਸਮਰਪਿਤ ਇਕ ਹਾਲ ਉਸਾਰਿਆ ਗਿਆ ਹੈ।

✲✲✲

ਫੇਰੂ ਸ਼ਹਿਰ ਦਾ ਸਾਕਾ

ਫੇਰੂ ਸ਼ਹਿਰ ਦਾ ਸਾਕਾ ਗ਼ਦਰ ਲਹਿਰ ਦੀ ਇਕ ਬਹੁਤ ਹੀ ਅਹਿਮ ਘਟਨਾ ਸੀ। 27 ਨਵੰਬਰ 1914 ਨੂੰ 13-14 ਗ਼ਦਰੀ ਫਿਰੋਜ਼ਪੁਰੋਂ ਮੋਗੇ ਵੱਲ ਤਿੰਨ ਟਾਂਗਿਆਂ 'ਤੇ ਸਵਾਰ ਹੋ ਕੇ ਚੱਲੇ। ਅੱਗੋਂ ਮਿਸ਼ਰੀ ਵਾਲੇ ਦੇ ਪੁਲ 'ਤੇ ਪੁਲਿਸ ਨਾਲ ਹੋਏ ਗਹਿਗੱਚ ਮੁਕਾਬਲੇ 'ਚ ਦੋ ਗ਼ਦਰੀ, ਚੰਦਾ ਸਿੰਘ ਵੜੈਚ ਅਤੇ ਧਿਆਨ ਸਿੰਘ ਬੰਗਸੀਪੁਰਾ, ਮੌਕੇ ਤੇ ਸ਼ਹੀਦ ਹੋਏ ਅਤੇ ਸੱਤ ਗ਼ਦਰੀ ਗ੍ਰਿਫਤਾਰ ਹੋਏ, ਜਿਨ੍ਹਾਂ ਵਿਚ ਗ਼ਦਰ ਪਾਰਟੀ ਦੇ ਬਹੁਤ ਹੀ ਅਹਿਮ ਆਗੂ ਪੰਡਤ ਕਾਂਸ਼ੀ ਰਾਮ ਵੀ ਸਨ। ਇਹ ਸੱਤ ਗ਼ਦਰੀ ਸਨ:

1. ਜਗਤ ਸਿੰਘ, ਪੁੱਤਰ ਸਦਾ ਸਿੰਘ, ਪਿੰਡ ਬਿੰਜਲ, ਜ਼ਿਲ੍ਹਾ ਲੁਧਿਆਣਾ (ਮਿੰਟਗੁਮਰੀ ਜੇਲ੍ਹ 'ਚ: 25.03.1915 ਨੂੰ ਫਾਂਸੀ)
2. ਲਾਲ ਸਿੰਘ, ਪੁੱਤਰ ਦਯਾ ਸਿੰਘ, ਪਿੰਡ ਸਾਹਿਬਆਣਾ, ਜ਼ਿਲ੍ਹਾ ਲੁਧਿਆਣਾ (ਮਿੰਟਗੁਮਰੀ ਜੇਲ੍ਹ 'ਚ: 25.03.1915 ਨੂੰ ਫਾਂਸੀ)
3. ਜੀਵਨ ਸਿੰਘ, ਪੁੱਤਰ ਵਜ਼ੀਰ ਸਿੰਘ, ਪਿੰਡ ਦੌਲਾ ਸਿੰਘ ਵਾਲਾ, ਰਿਆਸਤ ਪਟਿਆਲਾ (ਮਿੰਟਗੁਮਰੀ ਜੇਲ੍ਹ ਵਿਚ 25.03.1915 ਨੂੰ ਫਾਂਸੀ)
4. ਬਖਸ਼ੀਸ਼ ਸਿੰਘ, ਪੁੱਤਰ ਦੇਵਾ ਸਿੰਘ, ਖਾਨਪੁਰ, ਜ਼ਿਲ੍ਹਾ ਲੁਧਿਆਣਾ (ਫਾਂਸੀ ਸੈਂਟਰਲ ਜੇਲ੍ਹ ਲਾਹੌਰ 'ਚ 26-27.03.1915 ਨੂੰ)
5. ਧਿਆਨ ਸਿੰਘ, ਪੁੱਤਰ ਕਰਮ ਸਿੰਘ, ਪਿੰਡ ਉਮੇਰ ਪੁਰਾ, ਜ਼ਿਲ੍ਹਾ ਅੰਮ੍ਰਿਤਸਰ (ਸੈਂਟਰਲ ਜੇਲ੍ਹ ਲਾਹੌਰ ਵਿਚ 26-27.03.1915 ਨੂੰ ਫਾਂਸੀ ਦਿੱਤੀ ਗਈ)
6. ਕਾਂਸ਼ੀ ਰਾਮ, ਪੁੱਤਰ ਗੰਗਾ ਰਾਮ, ਪਿੰਡ ਮੜੌਲੀ ਕਲਾਂ, ਜ਼ਿਲ੍ਹਾ ਅੰਬਾਲਾ (ਸੈਂਟਰਲ ਜੇਲ੍ਹ ਲਾਹੌਰ ਵਿਚ 26-27.03.1915 ਨੂੰ ਫਾਂਸੀ ਦਿੱਤੀ ਗਈ)
7. ਰਹਿਮਤ ਅਲੀ, ਪੁੱਤਰ ਮੌਲਾਬਕਸ਼, ਕੁਰੈਸ਼ੀ, ਪਿੰਡ ਵਜ਼ੀਦਕੇ, ਪਟਿਆਲਾ ਸਟੇਟ (ਮਿੰਟਗੁਮਰੀ ਜੇਲ੍ਹ ਵਿਚ 25.03.1915 ਨੂੰ ਫਾਂਸੀ)

ਕਾਂਸ਼ੀ ਰਾਮ ਮੜੌਲੀ

ਆਪ ਗ਼ਦਰ ਪਾਰਟੀ ਦੇ ਉਨ੍ਹਾਂ ਜ਼ਿੰਮੇਵਾਰ ਬੰਦਿਆਂ ਵਿੱਚੋਂ ਸਨ, ਜਿਨ੍ਹਾਂ ਨੇ ਗ਼ਦਰ ਪਾਰਟੀ ਦੀ ਬੁਨਿਆਦ ਰੱਖੀ ਸੀ। ਆਪ ਗ਼ਦਰ ਪਾਰਟੀ ਦੇ ਖਜ਼ਾਨਚੀ ਅਤੇ ਪਾਰਟੀ ਕਮਿਸ਼ਨ ਦੇ ਤੀਜੇ ਮੈਂਬਰ ਸਨ। ਉਹ ਉਨ੍ਹਾਂ ਲਾਈਫ਼-ਮੈਂਬਰਾਂ ਵਿਚੋਂ ਸਨ, ਜਿਨ੍ਹਾਂ ਨੇ ਤਨ, ਮਨ, ਧਨ ਸਭ ਕੁਝ ਪਾਰਟੀ ਦੇ ਹਵਾਲੇ ਕਰ ਦਿੱਤਾ ਸੀ। ਉਹ ਲੱਕੜੀ ਦੇ ਇੱਕ ਕਾਰਖਾਨੇ ਦੇ ਠੇਕੇਦਾਰ ਸਨ, ਚੰਗਾ ਕਮਾਉਂਦੇ ਸਨ ਅਤੇ ਆਉਣ ਵਾਲੇ ਦੇਸ਼ਭਗਤਾਂ ਦੀ ਸੇਵਾ ਅਤੇ ਬੇਕਾਰਾਂ ਨੂੰ ਕੰਮ 'ਤੇ ਲਗਵਾਉਣਾ ਉਨ੍ਹਾਂ ਦਾ ਸੁਭਾਵਕ ਕਰਤਵ ਸੀ।

ਕਾਂਸ਼ੀ ਰਾਮ ਜੀ 1882 ਵਿਚ ਮੜੌਲੀ ਕਲਾਂ, ਜ਼ਿਲ੍ਹਾ ਅੰਬਾਲਾ ਵਿਚ ਪੰਡਿਤ ਗੰਗਾ ਰਾਮ ਦੇ ਘਰ ਪੈਦਾ ਹੋਏ। ਉਨ੍ਹਾਂ ਨੇ ਪਟਿਆਲਾ ਤੋਂ ਮੈਟ੍ਰਿਕ ਪਾਸ ਕੀਤੀ ਅਤੇ ਮਾਂ-ਪਿਓ ਦੇ ਜ਼ੋਰ ਪਾਉਣ 'ਤੇ ਵੀ ਸ਼ਾਦੀ ਨਾ ਕੀਤੀ। 1902 ਵਿਚ ਉਹ ਵਿਦੇਸ਼ਾਂ ਦੇ ਸਫਰ ਨੂੰ ਤੁਰ ਪਏ ਅਤੇ ਚੀਨ ਤੇ ਹੋਰਨਾਂ ਮੁਲਕਾਂ 'ਚੋਂ ਹੁੰਦੇ ਹੋਏ ਅਮਰੀਕਾ ਜਾ ਪੁੱਜੇ। ਅਮਰੀਕਾ ਪਹੁੰਚ ਕੇ ਉਨ੍ਹਾਂ ਨੇ ਕਾਫੀ ਡਾਲਰ ਕਮਾਏ। ਉਨ੍ਹਾਂ ਦੇ ਦਿਲ ਵਿਚ ਅਜ਼ਾਦੀ ਦੀ ਲਗਨ ਸੀ, ਜਿਸਨੇ ਧਨ-ਦੌਲਤ ਹੁੰਦੇ ਹੋਏ ਵੀ ਚੈਨ ਨਾਲ ਬਹਿਣ ਨਾ ਦਿੱਤਾ ਅਤੇ ਉਹਨਾਂ ਨੇ ਆਪਣੇ ਇਨਕਲਾਬੀ ਸਾਥੀਆਂ ਨਾਲ ਮਿਲ ਕੇ ਦੇਸ਼ ਨੂੰ ਅੰਗਰੇਜ਼ੀ ਸਾਮਰਾਜ ਦੇ ਪੰਜੇ 'ਚੋਂ ਛੁਡਾਉਣ ਲਈ ਗ਼ਦਰ ਪਾਰਟੀ ਦੀ ਬੁਨਿਆਦ ਰੱਖੀ।

ਜਦੋਂ 1914 ਵਿਚ ਯੂਰਪ ਵਿਚ ਪਹਿਲੀ ਜੰਗ ਸ਼ੁਰੂ ਹੋਈ ਤਾਂ ਪਾਰਟੀ ਜੰਗ ਸ਼ੁਰੂ ਹੋਈ ਤਾਂ ਪਾਰਟੀ ਨੇ ਫੈਸਲਾ ਕੀਤੀ ਕਿ ਇਹ ਮੌਕਾ ਹਿੰਦੋਸਤਾਨ ਵਿਚ ਜਾ ਕੇ ਇਨਕਲਾਬੀ ਮੁਹਿੰਮ ਸ਼ੁਰੂ ਕਰਨ ਦਾ ਹੈ। ਇਹ ਫੈਸਲਾ ਹੁੰਦਿਆਂ ਹੀ ਆਜ਼ਾਦੀ ਦੇ ਪ੍ਰਵਾਨੇ ਭਾਰਤ ਦੀ ਆਜ਼ਾਦੀ ਲਈ ਅਮਰੀਕਾ ਤੋਂ ਰਵਾਨਾ ਹੋ ਗਏ। ਅੰਗਰੇਜ਼ਾਂ ਨੇ ਵੀ ਆਪਣੇ ਏਜੰਟਾਂ ਰਾਹੀਂ ਅਮਰੀਕਾ ਤੋਂ ਆਉਣ ਵਾਲੇ ਇਨਕਲਾਬੀਆਂ ਦੇ ਇਰਾਦੇ ਦਾ ਪਤਾ ਲਗਾ ਲਿਆ ਸੀ ਅਤੇ ਉਨ੍ਹਾਂ ਨੇ ਹਿੰਦੋਸਤਾਨ ਦੀਆਂ ਤਮਾਮ ਬੰਦਰਗਾਹਾਂ ਦੀ ਨਾਕਾਬੰਦੀ ਕਰ ਰੱਖੀ ਸੀ। ਇਨਕਲਾਬੀਆਂ ਦੇ ਬਹੁਤ ਸਾਰੇ ਪੂਰ ਬੰਦਰਗਾਹਾਂ 'ਤੇ ਉਤਰਨ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਏ ਗਏ। ਕਾਂਸੀ ਰਾਮ ਜੀ ਕਿਵੇਂ ਨਾ ਕਿਵੇਂ ਅੰਗਰੇਜ਼ੀ ਸਾਮਰਾਜ ਦੀ ਉਕਾਬੀ-ਨਜ਼ਰ ਤੋਂ ਬਚ ਕੇ ਪੰਜਾਬ ਪਹੁੰਚ ਗਏ ਸਨ।

ਪੰਜਾਬ ਪਹੁੰਚਣ ਵਾਲੇ ਇਨਕਲਾਬੀਆਂ ਦੀ ਇੱਕ ਮੀਟਿੰਗ ਲੁਧਿਆਣੇ 'ਚ ਹੋਈ। ਇੱਥੇ ਫ਼ੈਸਲਾ ਹੋਇਆ ਕਿ ਇੱਕ ਵਾਰ ਘਰੀਂ ਜਾ ਕੇ ਆਪੋ-ਆਪਣੇ ਪਰਿਵਾਰ ਵਾਲਿਆਂ ਨੂੰ ਮਿਲ ਲਿਆ ਜਾਏ ਅਤੇ ਤਿੰਨ ਦਿਨਾਂ ਬਾਅਦ ਮੁੜ ਏਥੇ ਹੀ ਇਕੱਠੇ ਹੋਇਆ ਜਾਵੇ। 18 ਨਵੰਬਰ, 1914 ਨੂੰ ਕਾਂਸੀ ਰਾਮ ਜੀ 12 ਵਰ੍ਹਿਆਂ ਬਾਅਦ ਘਰ ਆਏ ਅਤੇ ਆਪਣੇ ਪਿਤਾ ਜੀ ਅਤੇ ਪਿੰਡ ਦੇ ਹੋਰ ਲੋਕਾਂ ਨੂੰ ਮਿਲੇ। ਫਿਰ ਤਿੰਨ ਘੰਟਿਆਂ ਬਾਅਦ ਹੀ ਆਪਣੇ ਖਾਨਦਾਨ ਵਾਲਿਆਂ ਨੂੰ ਇਹ ਕਹਿ ਕੇ ਕਿ ਮੈਨੂੰ ਲਾਹੌਰ ਵਿੱਚ ਕੋਈ ਜ਼ਰੂਰੀ ਕੰਮ ਹੈ, ਘਰੋਂ ਤੁਰ ਪਏ। ਵਾਹ

ਗੀ ਲਗਨ! ਧੰਨ ਹਨ ਉਹ ਇਨਕਲਾਬੀ ਲੋਕ, ਜਿਨ੍ਹਾਂ ਨੂੰ ਆਮ ਲੋਕਾਂ ਦੀ ਗ਼ੁਲਾਮੀ ਦੇ ਦੁੱਖ ਦਾ ਦਰਦ ਹੈ ਅਤੇ ਦੁਨੀਆਂ ਦੀ ਖ਼ੁਦਗਰਜ਼ੀ ਅਤੇ ਝੂਠੇ ਮੋਹ ਤੋਂ ਉੱਤੇ ਹਨ। ਇਹੀ ਸੱਚੇ ਇਨਕਲਾਬੀ ਹਨ।

ਉਹ ਪਾਰਟੀ ਦੇ ਹੁਕਮ ਮੁਤਾਬਿਕ ਲੁਧਿਆਣੇ ਆ ਪਹੁੰਚੇ। ਮਿਥੇ ਹੋਏ ਸਮੇਂ 'ਤੇ ਪਾਰਟੀ ਦੀ ਹੰਗਾਮੀ ਮੀਟਿੰਗ ਹੋਈ। ਫੈਸਲਾ ਹੋਇਆ ਕਿ 15 ਜਾਂਬਾਜ਼ ਫਿਰੋਜ਼ਪੁਰ ਛਾਉਣੀ 'ਚ ਕੰਮ ਦਾ ਜ਼ਿੰਮਾ ਲੈਣ। ਕਾਂਸੀ ਰਾਮ ਤੇ 14 ਹੋਰ ਸਾਥੀਆਂ ਨੂੰ ਇਹ ਅਹਿਮ ਕੰਮ ਤੇ ਜ਼ੁੰਮੇਵਾਰੀ ਸੌਂਪੀ ਗਈ। ਇਹ ਪਾਰਟੀ ਆਪਣੇ ਕੰਮ ਨੂੰ ਸਿਰੇ ਚਾੜ੍ਹਨ ਲਈ ਫਿਰੋਜ਼ਪੁਰ ਨੂੰ ਰਵਾਨਾ ਹੋ ਗਈ, ਪਰ ਫਿਰੋਜ਼ਪੁਰ ਤੋਂ 9 ਮੀਲ ਉਰੇ ਹੀ ਪੁਲੀਸ ਨਾਲ ਮੁੱਠਭੇੜ ਹੋ ਗਈ। ਕਈ ਘੰਟਿਆਂ ਤੱਕ ਦੁਵੱਲੀ ਗੋਲੀਬਾਰੀ ਹੁੰਦੀ ਰਹੀ। ਪੁਲੀਸ ਦਾ ਇੱਕ ਸਬ-ਇੰਸਪੈਕਟਰ ਤੇ ਇਕ ਜ਼ੈਲਦਾਰ ਮਾਰੇ ਗਏ ਅਤੇ ਇੱਕ ਇਨਕਲਾਬੀ ਸ਼ਹੀਦ ਹੋ ਗਿਆ। ਪੁਲੀਸ ਦੀ ਇੱਕ ਕੁਮਕ ਪਹੁੰਚਣ 'ਤੇ ਇਨਕਲਾਬੀ ਭੱਜਣ ਲਈ ਮਜਬੂਰ ਹੋ ਗਏ। ਇਨ੍ਹਾਂ ਵਿਚੋਂ 7 ਸਾਥੀ ਤਾਂ ਬਚ ਕੇ ਨਿਕਲ ਗਏ ਪਰ ਛੇ ਸਾਥੀ, ਜਿਨ੍ਹਾਂ ਵਿੱਚ ਕਾਂਸ਼ੀ ਰਾਮ ਤੇ ਰਹਿਮਤ ਅਲੀ ਵਜੀਦਕੇ ਸ਼ਾਮਲ ਸਨ, ਗ੍ਰਿਫ਼ਤਾਰ ਹੋ ਗਏ। ਉਨ੍ਹਾਂ ਨੂੰ ਫਿਰੋਜ਼ਪੁਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਅਤੇ ਉੱਥੇ ਹੀ ਸ਼ੈਸ਼ਨ ਜੱਜ ਦੀ ਅਦਾਲਤ ਵਿਚ ਅੰਗਰੇਜ਼ੀ ਰਾਜ ਵਿਰੁੱਧ ਬਗਾਵਤ ਕਰਨ ਦਾ ਮੁਕੱਦਮਾ ਸ਼ੁਰੂ ਹੋਇਆ।

ਮੁਕੱਦਮੇ ਦੌਰਾਨ ਸੀ.ਆਈ.ਡੀ. ਨੇ ਬਹੁਤ ਕੋਸ਼ਿਸ਼ ਕੀਤੀ ਕਿ ਕਾਂਸ਼ੀ ਰਾਮ ਨੂੰ ਕਿਸੇ ਨਾ ਕਿਸੇ ਢੰਗ, ਲਾਲਚ ਜਾਂ ਭੈਅ ਨਾਲ ਮੁਖ਼ਬਰ ਬਣਾ ਲਿਆ ਜਾਵੇ, ਪਰ ਕਾਂਸ਼ੀ ਰਾਮ ਜੀ ਨੂੰ ਕੋਈ ਵੀ ਚੀਜ਼ ਆਪਣੇ ਰਾਹ ਤੋਂ ਮੋੜ ਨਾ ਸਕੀ। ਉਨ੍ਹਾਂ ਨੇ ਹਮੇਸ਼ਾ ਕੋਰਾ ਜਵਾਬ ਦਿੱਤਾ।

2 ਫਰਵਰੀ, 1915 ਨੂੰ ਸ਼ੈਸ਼ਨ ਜੱਜ ਨੇ ਜਾਇਦਾਦ ਜ਼ਬਤੀ ਤੇ ਮੌਤ ਦੀ ਸਜ਼ਾ ਦਾ ਫਤਵਾ ਦਿੱਤਾ ਅਤੇ 40 ਹਜ਼ਾਰ ਰੁਪਈਆ, ਜੋ ਉਨ੍ਹਾਂ ਨੇ ਅਮਰੀਕਾ ਤੋਂ ਭੇਜ ਕੇ ਹਿੰਦੋਸਤਾਨ ਦੀਆਂ ਬੈਂਕਾਂ 'ਚ ਜਮ੍ਹਾਂ ਕਰਵਾਇਆ ਸੀ, ਜ਼ਬਤ ਕਰ ਲਿਆ। ਉਨ੍ਹਾਂ ਨੇ ਇਹ ਫ਼ੈਸਲਾ ਬੜੇ ਠਰੰਮੇ ਤੇ ਖੁਸ਼ਮਿਜਾਜੀ ਨਾਲ ਸੁਣਿਆ ਅਤੇ ਹੱਸ ਕੇ ਜੱਜ ਦਾ ਸ਼ੁਕਰੀਆ ਅਦਾ ਕੀਤਾ। ਉਨ੍ਹਾਂ ਦੇ ਪਿਤਾ ਜੀ ਨੇ ਬਾਹਰੋਂ ਹੀ ਹਾਈਕੋਰਟ ਵਿਚ ਅਪੀਲ ਕੀਤੀ, ਜੋ 19 ਮਾਰਚ 1915 ਨੂੰ ਨਾਮਨਜ਼ੂਰ ਹੋ ਗਈ। 27 ਮਾਰਚ, 1915 ਨੂੰ ਇਨਕਲਾਬ-ਜ਼ਿੰਦਾਬਾਦ ਦੇ ਨਾਅਰੇ ਮਾਰਦੇ ਹੋਏ ਪੰਡਿਤ ਕਾਂਸ਼ੀ ਰਾਮ ਜੀ ਆਜ਼ਾਦੀ ਦੀ ਦੇਵੀ ਦੇ ਕਦਮਾਂ ਵਿਚ ਆਪਣੀ ਜਵਾਨੀ ਨਿਸ਼ਾਵਰ ਕਰ ਗਏ। ਬੈਂਕ ਦੇ ਰੁਪਏ ਤੋਂ ਇਲਾਵਾ ਪੁਲੀਸ ਨੇ ਪੰਡਿਤ ਜੀ ਦੇ ਘਰ ਦੀ ਤਲਾਸ਼ੀ ਲਈ। ਉਨ੍ਹਾਂ ਦੀਆਂ ਦੋ ਫੋਟੋਆਂ ਤੇ ਬੈਂਕ ਦੇ ਜ਼ਰੂਰੀ ਕਾਗ਼ਜਾਤ ਤੇ 50 ਤੋਲੇ ਸੋਨੇ ਦੇ ਗਹਿਣੇ, ਜੋ ਤਲਾਸ਼ੀ ਸਮੇਂ ਹੱਥ ਆਏ, ਪੁਲੀਸ ਆਪਣੇ ਨਾਲ ਲੈ ਗਈ। ਘਰ ਵਾਲਿਆਂ ਦੇ ਉਜਰ ਕਰਨ 'ਤੇ ਪੁਲੀਸ ਵਾਲਿਆਂ ਨੇ ਇਕਰਾਰ ਕੀਤਾ ਕਿ ਇੱਕ ਹਫਤੇ ਤੱਕ ਸਾਰੀਆਂ ਚੀਜ਼ਾਂ ਵਾਪਿਸ ਮਿਲ ਜਾਣਗੀਆਂ। ਅੰਗਰੇਜ਼ੀ ਹਕੂਮਤ ਤਾਂ ਖ਼ਤਮ ਹੋ ਗਈ ਹੈ, ਪਰ ਪੁਲੀਸ ਦਾ ਇਕ ਹਫ਼ਤਾ ਅਜੇ ਤੱਕ ਨਹੀਂ ਆਇਆ।

ਰਹਿਮਤ ਅਲੀ ਵਜੀਦਕੇ

ਆਪ ਮਨੀਲਾ ਵਿਚ ਸਨ, ਮਨੀਲਾ ਦੀ ਗ਼ਦਰ ਪਾਰਟੀ ਦੇ ਰੁਕਨ ਅਤੇ ਸ਼ਹੀਦ ਭਾਈ ਜੀਵਨ ਸਿੰਘ ਦੇ ਸਾਥੀ ਸਨ। ਰਹਿਮਤ ਅਲੀ ਅਤੇ ਜੀਵਨ ਸਿੰਘ ਫ਼ਿਰੋਜ਼ਪੁਰ ਛਾਉਣੀ ਨੂੰ ਜਾਂਦੇ ਹੋਏ ਪੰਡਿਤ ਕਾਂਸ਼ੀ ਰਾਮ ਦੇ ਨਾਲ ਹੀ ਪਕੜੇ ਗਏ ਸਨ।

ਰਹਿਮਤ ਅਲੀ ਰਾਏਕੋਟ ਦੇ ਕੋਲ ਪੈਂਦੇ ਪਿੰਡ ਵਜੀਦਕੇ (ਸੰਗਰੂਰ) ਤੋਂ ਸਨ। ਉਹ ਅੰਤਾਂ ਦੇ ਬਹਾਦਰ ਤੇ ਸੱਚੇ ਦੇਸ਼ਭਗਤ ਸਨ। ਮੁਸਲਮਾਨ ਸੀ.ਆਈ.ਡੀ. ਵਾਲਿਆਂ ਨੇ ਉਨ੍ਹਾਂ ਉੱਤੇ ਬਹੁਤ ਜ਼ੋਰ ਪਾਇਆ ਅਤੇ ਇੱਥੋਂ ਤਕ ਕਿਹਾ ਕਿ ਤੁਸੀਂ ਕਾਫਰਾਂ ਦਾ ਸਾਥ ਦੇ ਰਹੇ ਹੋ ਤੇ ਮੁਸਲਮਾਨਾਂ ਨੂੰ ਬਦਨਾਮ ਕਰ ਰਹੇ ਹੋ। ਇਸ ਲਈ ਜਹੰਨਮ ਤੋਂ ਸਿਵਾ ਤੁਹਾਨੂੰ ਕੋਈ ਹੋਰ ਜਗ੍ਹਾ ਨਹੀਂ ਮਿਲੇਗੀ। ਪਰ ਰਹਿਮਤ ਅਲੀ ਨੇ ਹਮੇਸ਼ਾ ਇਹੀ ਜਵਾਬ ਦਿੱਤਾ-"ਕਾਫਰ ਉਹ ਨਹੀਂ, ਜੋ ਲੋਕਾਈ ਤੇ ਦੇਸ਼ ਦੀ ਆਜ਼ਾਦੀ ਲਈ ਜਹਾਦ ਕਰ ਰਹੇ ਹਨ। ਕਾਫਰ ਤਾਂ ਤੁਸੀਂ ਹੋ, ਜੋ ਚੰਦ ਟੁਕੜਿਆਂ ਦੀ ਖ਼ਾਤਿਰ ਈਮਾਨ ਵੇਚ ਰਹੇ ਹੋ।" ਤੇ ਆਖਿਰ ਰਹਿਮਤ ਅਲੀ ਜੀ ਫਾਂਸੀ 'ਤੇ ਚੜ੍ਹ ਗਏ, ਪਰ ਸਾਨੂੰ ਗ਼ੁਲਾਮ ਰੱਖਣ ਵਲੀ ਜ਼ਾਲਮ ਤਾਕਤ ਦੇ ਅੱਗੇ ਕਦੇ ਨਾ ਝੁਕੇ।

ਭਾਈ ਜੀਵਨ ਸਿੰਘ

ਇਸੇ ਤਰ੍ਹਾਂ ਭਾਈ ਜੀਵਨ ਸਿੰਘ, ਜੋ ਰਹਿਮਤ ਅਲੀ ਦੇ ਸਾਥੀ ਤੇ ਮਨੀਲਾ ਦੀ ਗ਼ਦਰ ਪਾਰਟੀ ਦੇ ਮੈਂਬਰ ਸਨ, ਆਪਣੇ ਕਰਤਵ ਨੂੰ ਪੂਰਿਆਂ ਕਰਦੇ ਹੋਏ ਫਾਂਸੀ 'ਤੇ ਲਟਕ ਗਏ ਸਨ।

ਪੰਡਿਤ ਕਾਂਸ਼ੀ ਰਾਮ ਲਾਹੌਰ, ਰਹਿਮਤ ਅਲੀ ਮਿੰਟਗੁੰਮਰੀ ਅਤੇ ਜੀਵਨ ਸਿੰਘ ਲਾਹੌਰ ਤਿੰਨੋਂ ਇਕੱਠੇ ਹੀ ਫਿਰੋਜ਼ਪੁਰ ਕਤਲ ਕੇਸ ਵਿਚ ਫਾਂਸੀ ਚੜ੍ਹ ਗਏ ਸਨ। ਉਨ੍ਹਾਂ ਨੂੰ 27 ਮਾਰਚ 1915 ਵਿੱਚ ਫਾਂਸੀ ਦਿੱਤੀ ਗਈ।

ਭਗਤ ਸਿੰਘ ਉਰਫ ਗਾਂਧਾ ਸਿੰਘ

ਭਗਤ ਸਿੰਘ ਦੀ ਉਮਰ ਮਸੀਂ 28 ਸਾਲਾਂ ਦੀ ਸੀ, ਜਦੋਂ ਗ਼ਦਰ ਪਾਰਟੀ ਵਿਚ ਸ਼ਾਮਲ ਹੋਏ ਉਨ੍ਹਾਂ ਦਾ ਰੰਗ ਗੋਰਾ, ਮੋਟੀਆਂ-ਮੋਟੀਆਂ ਅੱਖਾਂ, ਬਹੁਤ ਮਜ਼ਬੂਤ ਜੁੱਸਾ ਤੇ ਕੱਦ ਦਰਮਿਆਨਾ ਸੀ। ਉਹ ਬਹੁਤ ਮਿਹਨਤੀ ਸਨ। ਉਨ੍ਹਾਂ ਨੇ ਆਪਣੀ ਹਿੰਮਤ ਨਾਲ ਹਜ਼ਾਰਾਂ ਡਾਲਰ ਕਮਾਏ ਤੇ ਜੋੜੇ ਸਨ। ਉਹ ਅਨਪੜ੍ਹ ਹੋਣ ਦੇ ਬਾਵਜੂਦ ਬਹੁਤ ਹੀ ਸਮਝਦਾਰ ਤੇ ਮਿਲਣਸਾਰ ਸਨ। ਉਹ ਪਾਰਟੀ ਫੈਸਲੇ ਮੁਤਾਬਕ ਆਜ਼ਾਦੀ ਦੀ ਜੰਗ ਲਈ ਹਿੰਦੋਸਤਾਨ ਪਹੁੰਚ ਗਏ ਅਤੇ ਪੁਲੀਸ ਦੀਆਂ ਨਜ਼ਰਾਂ ਤੋਂ ਬਚ ਕੇ ਪੰਜਾਬ ਪਹੁੰਚਣ ਵਿਚ ਸਫਲ ਹੋ ਗਏ। ਉਹ ਹੋਰਨਾਂ ਸਾਥੀਆ ਵਾਂਗ ਹੀ ਇਨਕਲਾਬੀ ਨੌਜਵਾਨਾਂ ਦੀ ਪਹਿਲੀ ਪਾਲ਼ ਵਿਚ ਸਨ ਅਤੇ ਬੜੀ ਬਹਾਦਰੀ ਤੇ ਦਲੇਰੀ ਨਾਲ ਕੰਮ ਕਰਦੇ ਸਨ। ਫ਼ਿਰੋਜ਼ਪੁਰ ਛਾਉਣੀ 'ਤੇ ਜਿਨ੍ਹਾਂ 15 ਦੇਸ਼ਭਗਤਾਂ ਦੀ ਡਿਊਟੀ ਲਗਾਈ ਗਈ ਸੀ, ਉਨ੍ਹਾਂ ਵਿੱਚ ਆਪ ਵੀ ਸ਼ਾਮਲ ਸਨ। ਫਿਰ ਆਪ ਉਨ੍ਹਾਂ ਸੱਤ ਦੇਸ਼ਭਗਤਾਂ 'ਚੋਂ ਸਨ, ਜਿਹੜੇ ਫ਼ਿਰੋਜ਼ਪੁਰ ਜਾਂਦੇ ਹੋਏ ਪੁਲੀਸ ਮੁਕਾਬਲੇ 'ਚੋਂ ਬਚ ਕੇ ਭੱਜਣ 'ਚ ਸਫਲ ਰਹੇ ਸਨ।

ਪਾਰਟੀ ਦੇ ਹੋਰਨਾਂ ਕੰਮਾਂ ਵਿਚ ਵੀ ਇਨ੍ਹਾਂ ਦਾ ਬਹੁਤ ਸਾਰਾ ਹਿੱਸਾ ਸੀ। ਕਰਤਾਰ ਸਿੰਘ ਦੀ ਤਰ੍ਹਾਂ ਇਹ ਵੀ ਇੱਕ ਕੰਮ ਵਿੱਚ ਹਿੱਸਾ ਲੈਂਦੇ ਸਨ। ਇਨ੍ਹਾਂ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਹੋਈ 'ਤੇ ਇਹ ਬਹਾਦਰੀ ਨਾਲ ਗੀਤ ਗਾਉਂਦੇ ਹੋਏ ਫਾਂਸੀ 'ਤੇ ਲਟਕ ਗਏ।

ਇਨ੍ਹਾਂ ਦਾ ਜਨਮ ਜਵਾਲਾ ਸਿੰਘ ਦੇ ਘਰ ਪਿੰਡ ਕੱਚਰਭੰਨ (ਤਹਿਸੀਲ ਜ਼ੀਰਾ) 'ਚ ਹੋਇਆ ਸੀ। ਇਨ੍ਹਾਂ ਉੱਤੇ ਫਿਰੋਜ਼ਪੁਰ ਵਾਲੇ ਵਾਕਿਆ ਵਿਚ ਥਾਣੇਦਾਰ ਨੂੰ ਮਾਰਨ ਦਾ ਦੋਸ਼ ਸੀ। ਜੱਜ ਨੇ ਆਪਣੇ ਫੈਸਲੇ ਵਿਚ ਲਿਖਿਆ ਸੀ ਕਿ ਜਿਹੜੇ 7 ਬੰਦੇ ਪਹਿਲਾਂ ਫਾਂਸੀ 'ਤੇ ਚੜ੍ਹਾਏ ਗਏ ਸਨ, ਅਸਲ ਦੋਸ਼ੀ ਉਹ ਨਹੀਂ ਸਨ, ਅਸਲ ਵਿਚ ਥਾਣੇਦਾਰ ਨੂੰ ਮਾਰਨ ਵਾਲਾ ਗਾਂਧਾ ਸਿੰਘ ਹੈ, ਜਿਸਨੂੰ ਹੁਣ ਮੌਤ ਦੀ ਸਜ਼ਾ ਦੇ ਰਹੇ ਹਾਂ।

ਵਾਹ! ਨਿਆਂ ਹੋਵੇ ਤਾਂ ਇਹੋ ਜਿਹਾ!

ਸ਼੍ਰੀ ਕਾਂਸ਼ੀ ਰਾਮ ਮੜੌਲੀ

-ਸ਼ਹੀਦ ਭਗਤ ਸਿੰਘ

ਆਪ ਜੀ ਦਾ ਜਨਮ ਅੰਬਾਲਾ ਜ਼ਿਲ੍ਹੇ ਦੇ ਪਿੰਡ 'ਬੜੀ ਮੜੌਲੀ' ਵਿਚ 5 ਸਤੰਬਰ 1881 (ਭਾਦੋਂ ਸੁਦੀ ਦੁਆਦਸ਼ੀ, ਸੰਮਤ 1938) ਵਿਚ ਪੰਡਿਤ ਗੰਗਾ ਰਾਮ ਜੀ ਦੇ ਘਰ ਹੋਇਆ ਸੀ। ਘਰ ਵਾਲਿਆਂ ਨੇ ਦਸ ਸਾਲ ਦੀ ਹੀ ਉਮਰ ਵਿਚ ਆਪ ਦਾ ਵਿਆਹ ਕਰ ਦਿੱਤਾ ਸੀ, ਪਰ ਆਜ਼ਾਦੀ ਦਾ ਸਰੂਰ ਚੜ੍ਹਿਆ ਹੋਣ ਵਾਲਿਆਂ ਨੂੰ ਔਰਤ ਅਤੇ ਬੱਚਿਆਂ ਦਾ ਮੋਹ ਕਦੋਂ ਘਰ ਰੋਕ ਕੇ ਰੱਖ ਸਕਦਾ ਸੀ। ਇਸ ਲਈ ਪਟਿਆਲਾ ਤੋਂ ਇੰਟਰ ਪਾਸ ਕਰਨ ਤੋਂ ਬਾਅਦ ਆਪ ਘਰੋਂ ਇਸ ਤਰ੍ਹਾਂ ਗਾਇਬ ਹੋਏ ਕਿ ਇਸ ਵਿਛੋੜੇ ਵਿਚ ਆਪਦੀ ਪਤਨੀ ਵੀ ਪ੍ਰਮਾਤਮਾ ਨੂੰ ਪਿਆਰੀ ਹੋ ਗਈ ਸੀ।

ਕੁਝ ਦਿਨ ਤਾਰ ਦਾ ਕੰਮ ਸਿੱਖ ਕੇ ਆਪ ਅੰਬਾਲਾ ਜ਼ਿਲ੍ਹਾ ਦਫ਼ਤਰ ਵਿਚ 30 ਰੁਪਏ ਮਹੀਨਾ 'ਤੇ ਨੌਕਰ ਹੋ ਗਏ। ਬਾਅਦ ਵਿਚ ਕੁਝ ਦਿਨ ਦਿੱਲੀ ਵਿਚ 60 ਰੁਪਏ ਮਹੀਨਾ 'ਤੇ ਨੌਕਰੀ ਕਰਕੇ ਆਪ ਹਾਂਗਕਾਂਗ ਚਲੇ ਗਏ ਅਤੇ ਅੰਤ ਵਿਚ ਅਮਰੀਕਾ ਜਾ ਕੇ ਇਕ ਬਾਰੂਦ ਦੇ ਕਾਰਖਾਨੇ ਵਿਚ 200 ਰੁਪਏ ਮਹੀਨਾ ਤੇ ਨੌਕਰ ਹੋ ਗਏ। ਪਰ ਬਾਅਦ ਵਿਚ ਗੁਲਾਮੀ ਕਹਿਕੇ ਇਹ ਨੌਕਰੀ ਵੀ ਛੱਡ ਦਿੱਤੀ ਅਤੇ ਇਕ ਟਾਪੂ ਦੀ ਸੋਨੇ ਦੀ ਖਾਨ ਦਾ ਠੇਕਾ ਲੈ ਲਿਆ।

ਇਸੇ ਦੌਰਾਨ ਅਮਰੀਕਾ ਤੋਂ ਭਾਰਤ ਨੂੰ ਵਾਪਸ ਆਉਣ ਦੀ ਲਹਿਰ ਚੱਲੀ ਅਤੇ ਆਪ ਵੀ ਇਕ ਜੱਥੇ ਨਾਲ ਨਵੰਬਰ, ਸੰਨ 1914 ਵਿਚ ਭਾਰਤ ਆ ਗਏ। ਦੇਸ਼ ਪਰਤਣ 'ਤੇ ਫੇਰ ਉਹ ਥਾਂ ਦੇਖਣ ਦੀ ਇੱਛਾ ਜਾਗ੍ਰਿਤ ਹੋਈ ਜਿੱਥੇ ਦੀ ਮਿੱਟੀ ਵਿਚ ਖੇਡ ਕੇ ਆਪਦਾ ਬਚਪਨ ਬੀਤਿਆ ਸੀ, ਉਹ ਆਪਣੇ ਪਿੰਡ ਪਹੁੰਚੇ। ਇਹ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੇ ਪਿੰਡ ਵਿਚ ਫੈਲ ਗਈ ਅਤੇ ਆਪਨੂੰ ਮਿਲਣ ਲਈ ਇਕ ਚੰਗੀ-ਖਾਸੀ ਭੀੜ ਜਮ੍ਹਾਂ ਹੋ ਗਈ। ਆਪਨੇ ਮੌਕਾ ਠੀਕ ਸਮਝ ਕੇ ਉੱਥੇ ਹੀ ਗ਼ਦਰ ਸੰਬੰਧੀ ਇਕ ਲੰਬੀ-ਚੌੜੀ ਤਕਰੀਰ ਕਰ ਦਿੱਤੀ।

ਕੁਝ ਘੰਟੇ ਘਰ ਰੁਕਣ ਤੋਂ ਬਾਅਦ ਇਹ ਕਹਿ ਕੇ ਕਿ ਲਾਹੌਰ ਨੈਸ਼ਨਲ ਬੈਂਕ ਵਿਚ ਮੇਰੇ ਨਾਂ ਤੀਹ ਹਜ਼ਾਰ ਰੁਪਏ ਜਮ੍ਹਾਂ ਹਨ, ਉਹ ਲੈ ਕੇ ਆਉਂਦਾ ਹਾਂ ਤੇ ਉਥੋਂ ਪਿੰਡ ਵਾਲਿਆਂ ਵਾਸਤੇ ਆਪਦੇ ਇਹੀ ਅੰਤਮ ਪੁਨੀਤ ਦਰਸ਼ਨ ਸਨ, ਉਹ ਫੇਰ ਪਰਤ ਕੇ ਉੱਥੇ ਨਾ ਆਏ।

ਲਾਹੌਰ ਆਉਣ ਤੇ ਕੁਝ ਸਾਥੀਆਂ ਸਮੇਤ ਫਿਰੋਜ਼ਪੁਰ ਭੇਜੇ ਗਏ। ਉੱਥੇ ਪੁਲਿਸ ਨਾਲ ਮਿਸ਼ਰੀ ਵਾਲੇ ਪੁਲ ਕੋਲ ਮੁੱਠਭੇੜ ਹੋ ਗਈ। ਗੋਲੀ ਚੱਲੀ ਤੇ ਥਾਣੇਦਾਰ ਮਾਰਿਆ ਗਿਆ। ਬਾਅਦ ਵਿਚ ਜੰਗਲ ਵਿਚੋਂ 13 ਵਿਚੋਂ 7 ਸਾਥੀ ਫੜੇ ਗਏ, ਇਨ੍ਹਾਂ ਸੱਤਾਂ ਵਿਚੋਂ ਹੀ ਇੱਕ ਸਾਡੇ ਨਾਇਕ ਵੀ ਸਨ। ਪੰਜ ਮਹੀਨੇ ਤੱਕ ਫਿਰੋਜ਼ਪੁਰ ਵਿਚ ਇਨਸਾਫ ਦਾ ਨਾਟਕ ਕਰਨ ਤੋਂ ਬਾਅਦ ਇਨ੍ਹਾਂ ਸਾਰਿਆਂ ਨੂੰ ਫਾਂਸੀ ਦਾ ਹੁਕਮ ਹੋ ਗਿਆ।

ਆਪ ਜੀ ਲਾਹੌਰ ਸੈਂਟਰਲ ਜੇਲ੍ਹ ਵਿਚ ਬੰਦ ਸਨ। ਪਿਤਾ ਨੇ ਆ ਕੇ ਰੋਣਾ-ਪਿੱਟਣਾ ਸ਼ੁਰੂ ਕਰ ਦਿੱਤਾ 'ਬੇਟਾ, ਕੀ ਤੈਨੂੰ ਮੇਰੇ ਇਸ ਬੁਢਾਪੇ ਤੇ ਰਤਾ ਤਰਸ ਨਹੀਂ ਆਉਂਦਾ। ਤੇਰੀ ਮਾਂ ਵਿਛੋੜੇ ਵਿਚ ਪਾਗਲ ਹੋ ਰਹੀ ਹੈ। ਮੈਂ ਤਾਂ ਸੋਚਿਆ ਸੀ ਕਿ ਵੱਡਾ ਹੋ ਕੇ ਸਾਨੂੰ ਕੁਝ ਸੁੱਖ ਦਏਂਗਾ ਪਰ ਨਹੀਂ ਪਤਾ ਸੀ ਕਿ ਤੂੰ ਤਾਂ ਜਮਾਂ ਹੀ ਨਿਰਮੋਹੀ ਹੈਂ। ਤੂੰ ਸਾਡੀ ਰਤਾ ਵੀ ਖ਼ਬਰ ਨਾ ਲਈ। ਹੁਣ ਅਸੀਂ ਬਾਕੀ ਜੀਵਨ ਕਿਸਦੇ ਸਹਾਰੇ ਬਿਤਾਵਾਂਗੇ।

ਤਪੱਸਵੀ ਨੇ ਇਕ ਲੰਬਾ ਸਾਹ ਲਿਆ ਤੇ ਕਿਹਾ 'ਪਿਤਾ ਸ਼੍ਰੀ, ਇਸ ਬੇਕਾਰ ਦੇ ਮਾਇਆ ਜਾਲ ਤੋਂ ਕੀ ਸੰਵਰੇਗਾ? ਇਸ ਸੰਸਾਰ ਵਿਚ ਨਾ ਕੋਈ ਕਿਸੇ ਦਾ ਪੁੱਤਰ ਹੈ ਤੇ ਨਾ ਕੋਈ ਕਿਸੇ ਦਾ ਪਿਤਾ। ਇਹ ਤਾਂ ਸਭ ਕੁਝ ਮਨ ਦੇ ਭਰਮ ਹਨ, ਇਸ ਲਈ ਇਸ ਕਰਕੇ ਮਨ ਵਿਚ ਕਲੇਸ਼ ਨਾ ਲਿਆਉ। ਰਹੀ ਗੱਲ ਖਾਣ-ਪੀਣ ਦੀ ਸੋ ਜਿਸ ਪਰਮ ਪੁਰਖ ਨੇ ਸਾਨੂੰ ਪੈਦਾ ਕੀਤਾ ਹੈ ਉਸ ਨੂੰ ਹਰ ਵੇਲੇ, ਹਰ ਥਾਂ ਤੇ ਆਪਣੇ ਸਾਰੇ ਪੁੱਤਰਾਂ ਦਾ ਧਿਆਨ ਹੈ। ਮੇਰੀ ਉਮਰ ਦੇ ਸਾਰੇ ਭਾਰਤੀਆਂ ਨੂੰ ਆਪਣਾ ਹੀ ਪੁੱਤਰ ਸਮਝ ਕੇ ਉਨ੍ਹਾਂ ਤੇ ਵਿਸ਼ਵਾਸ ਰੱਖੋ।'

ਭਰਾ ਨੂੰ ਆਉਂਦਾ ਦੇਖ ਕੇ ਆਪਨੇ ਕਿਹਾ 'ਖਬਰਦਾਰ, ਜੇ ਹੰਝੂ ਵਗਾਏ। ਮੈਂ ਕੋਈ ਪਾਪ ਨਹੀਂ ਕੀਤਾ ਹੈ ਅਤੇ ਇਹ ਮੌਤ ਦੇਸ਼ ਭਗਤਾਂ ਨੂੰ ਹੀ ਨਸੀਬ ਹੁੰਦੀ ਹੈ। ਮੈਂ ਆਪਣਾ ਚੰਗਾ ਨਸੀਬ ਸਮਝਦਾ ਹਾਂ ਕਿ ਮੈਨੂੰ ਇਸ ਕਾਬਲ ਸਮਝਿਆ ਗਿਆ ਹੈ।'

ਅੰਤ ਵਿਚ ਘਰ ਵਾਲੇ ਫੇਰ ਵੀ ਨਾ ਮੰਨੇ ਅਤੇ ਫੈਸਲੇ ਦੇ ਖ਼ਿਲਾਫ ਅਪੀਲ ਕਰ ਦਿੱਤੀ। ਪਰ ਅਪੀਲ ਦੇ ਫੈਸਲੇ ਤੋਂ ਪਹਿਲਾਂ ਹੀ ਆਪਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ।

ਬੰਦੀ (ਭਗਤ ਸਿੰਘ ਦਾ ਕਲਮੀ ਨਾਂ)

ਸ੍ਰੋਤ: 'ਚਾਂਦ - ਫਾਂਸੀ ਅੰਕ' (ਹਿੰਦੀ) ਨਵੰਬਰ 1928

.ਗਦਰੀ ਸ਼ਹੀਦ ਰਹਿਮਤ ਅਲੀ

-ਪ੍ਰਿੰਸੀਪਲ ਸਰਵਣ ਸਿੰਘ

ਸਾਲ ਚੌਧਵਾਂ ਬੀਹਵੀਂ ਸਦੀ ਚੜ੍ਹਿਆ, .ਗਦਰੀ .ਗਦਰ ਲਈ ਹਿੰਦ ਨੂੰ ਆਉਣ ਲੱਗੇ।
ਸੌਵੇਂ ਸਾਲ ਦਾ ਮਾਰਚ ਵੀ ਆਉਣ ਨੇੜੇ, ਬਾਂਕੇ ਗਦਰੀ ਸ਼ਹੀਦੀਆਂ ਪਾਉਣ ਲੱਗੇ।
ਗਲ਼ੋਂ ਜ਼ੰਜੀਰਾਂ .ਗੁਲਾਮੀ ਦੀ ਕੱਟਣੇ ਲਈ, ਲੋਕਾਂ ਜਿੰਨ੍ਹਾਂ ਨੇ ਤੇਗ ਉਠਾਈ ਹੈਸੀ।
ਲੜੇ, ਮਰੇ ਤੇ ਬਹੁਤੇ ਚੜ੍ਹੇ ਫਾਂਸੀ, ਕਈਆਂ ਕਾਲ਼ੇ ਪਾਣੀਏਂ ਉਮਰ ਗੁਆਈ ਹੈਸੀ।

ਪਿੰਡ ਵਜ਼ੀਦਕੇ

ਰਿਆਸਤ ਪਟਿਆਲੇ ਦਾ ਵਜ਼ੀਦਕੇ ਪਿੰਡ ਹੈਸੀ, ਨਾਂ ਤਰੱਕੀ ਦਾ ਕੋਈ ਨਾਂ ਨਿਸ਼ਾਨ ਭਾਈ।
ਰਾਜਾ ਕੋਈ ਸਕੂਲ ਨਾ ਖੋਲ੍ਹਦਾ ਸੀ, ਨੀਤ, ਕੋਈ ਪੜ੍ਹ ਨਾ ਜਾਏ ਜੁਆਨ ਭਾਈ।
ਪੜ੍ਹੇ ਹੋਏ ਹੀ ਘੁੱਨਤਾਂ ਛਾਂਟਦੇ ਨੇ, ਬਚਣਾ ਚਾਂਹਦੇ ਸਭ ਰਾਜੇ ਰਾਜਾਨ ਭਾਈ।
ਸਾਰੇ ਜ਼ਿਲੇ ਵਿੱਚ ਸੜਕਾਂ ਵਾਲਾ, ਨਹੀਂ ਹੁੰਦਾ ਸੀ ਨਾਮੋ-ਨਿਸ਼ਾਨ ਭਾਈ।
ਹਵਾ ਤੇਜ਼ ਹੋਈ ਅਨ੍ਹੇਰੀ ਬਣ ਜਾਂਦੀ, ਲਗਦੀ ਰੇਤ ਦਾ ਮੀਂਹ ਬਰਸਾਣ ਭਾਈ।
ਮੌਲਾ ਸ਼ਾਹ ਕੁਰੈਸ਼ੀ ਸੀ ਇੱਥੇ ਵਸਿਆ, ਵੰਸ਼ ਇਹ ਪਾਕ ਮਹਾਨ ਭਾਈ।

.ਗਦਰੀ ਦਾ ਜਨਮ

ਪੰਦਰਾਂ ਸਾਲ ਰਹਿੰਦੇ ਉੱਨੀ ਸਦੀ ਵਾਲੇ, ਮੌਲੇ ਸ਼ਾਹ ਘਰ ਬਾਲ ਜਾਂ ਆਇਆ ਸੀ।
ਬਹੁਤ ਖੋਜ ਕੀਤੀ ਪੱਕੀ ਤ੍ਰੀਕ ਲੱਭੇ, ਪਰ ਵਿੱਚ ਰੀਕਾਰਡ ਨਾ ਪਾਇਆ ਸੀ।
ਬੜੇ ਚਾਵਾਂ ਮਲ੍ਹਾਰਾਂ ਦੇ ਨਾਲ ਉਸ ਨੂੰ, ਨਾਨਕੇ ਪਿੰਡ ਤੋਂ ਬਾਪ ਲੈ ਆਇਆ ਸੀ।
ਮਹਿਕਾਂ ਖ਼ੁਸ਼ੀ ਦੀਆਂ ਪਸਰੀਆਂ ਹਰ ਪਾਸੇ, ਨਾਲ ਚਾਵਾਂ ਦੇ ਹਰ ਨਸ਼ਿਆਇਆ ਸੀ।
ਰਹਿਮਤ ਸਮਝ ਕੇ ਰੱਬ ਦੀ ਮਾਪਿਆਂ ਨੇ, ਰਹਿਮਤ ਅਲੀ ਹੀ ਨਾਂ ਰਖਾਇਆ ਸੀ।
ਸਰਵਣ ਸਿੰਘਾ ਦਾਤੇ ਨੇ ਭੇਜਿਆ ਸੀ, ਕੱਟਣ .ਗੁਲਾਮੀ ਜੰਜ਼ੀਰਾਂ ਨੂੰ ਆਇਆ ਸੀ।

ਆਈ ਜੁਆਨੀ

ਜੁਆਨੀ ਮਸਤ ਮਸਤਾਨੀ ਆ ਪੁੱਜੀ, ਰੂਪ ਰਹਿਮਤ ਉਤੇ ਮੁਸ਼ਕਾਇਆ ਜੀ।
ਰਸਤਾ ਇੱਕੋ ਬਚਾਉਣ ਦਾ ਪੁੱਤਰਾਂ ਨੂੰ, ਯੋਗ ਸਮੇਂ ਤੇ ਜਾਏ ਵਿਆਹਿਆ ਜੀ।
ਸੋਚ ਸੋਚਕੇ ਅੱਬੂ ਨੇ ਗੱਲ ਛੇੜੀ, ਪਰ ਪੁੱਤ ਨਾ ਰਾਹ ਤੇ ਆਇਆ ਜੀ।
ਕਿਹਾ ਸੋਚਕੇ ਰਹਿਮਤ ਬਾਪ ਤਾਂਈਂ, ਅਜੇ ਸਮਾਂ ਨਾ ਵਿਆਹ ਦਾ ਪਾਇਆ ਜੀ
ਬਿਪਤਾ ਵਿੱਚ ਵਿਆਹ ਨਾ ਸੁੱਝਦੇ ਨੇ, ਮਸਾਂ ਪਲੇਗ ਤੋਂ ਰੱਬ ਬਚਾਇਆ ਜੀ।
ਅੱਬਾ, ਵਿਆਹ ਲਈ ਨਾ ਕਰੋ ਕਾਹਲੀ, ਮੈਂ ਕੋਈ ਉਲਾਂਭਾ ਨਾ ਲਿਆਇਆ ਜੀ।
ਹੀਲਾ ਕੋਈ ਰੁਜ਼ਗਾਰ ਦਾ ਭਾਲਦਾ ਹਾਂ, ਖੇਤੀ ਬਾੜੀ ਨੇ ਨੱਕ ਮੁੜਵਾਇਆ ਜੀ।
ਸਰਵਣ ਸਿੰਘਾ ਵਿਆਹ ਨੇ ਹੋ ਜਾਣਾ, ਜਿਹੜਾ ਹੋਣੀ ਨੇ ਮੱਥੇ ਲਿਖ ਪਾਇਆ ਜੀ।

ਰਹਿਮਤ ਜਾ ਪਹੁੰਚਿਆ ਫ਼ਿਲਪੀਨ

ਫ਼ਿਲਪੀਨ ਦਾ ਟਾਪੂ ਸੁਹਣਾ, ਮਿਰਕਣ ਦੇ ਹੱਥ ਆਇਆ।
ਆਪਣੇ ਸਾਮਰਾਜ ਦਾ ਉਸਨੇ, ਪੱਕਾ ਅੰਗ ਬਣਾਇਆ।
ਜੋ ਟਾਪੂ ਦੇ ਸ਼ਹਿਰੀ ਹੈਸਨ, ਬਣਗੇ ਮਿਰਕਣ ਸ਼ਹਿਰੀ।
ਕੋਈ ਰੋਕ ਨਾਂ ਉਹਨਾਂ ਉੱਤੇ, ਵੱਸਣ ਰੱਸਣ ਲਹਿਰੀ।
ਰਹਿਮਤ ਅਲੀ ਵੀ ਏਸੇ ਮਤਲਬ, ਸੀ ਮਨੀਲੇ ਆਇਆ।
ਤਿੰਨ ਸਾਲ ਦਾ ਅਰਸਾ ਪੂਰਾ, ਉਸਨੇ ਕਰ ਸੀ ਪਾਇਆ।
ਤਿੰਨ ਸਾਲ ਜਾਂ ਹੋਏ ਪੂਰੇ, ਅਰਜ਼ੀ ਉਸ ਨੇ ਪਾਈ।
ਗ਼ਦਰ ਲਹਿਰ ਨੇ ਵਿੱਚ ਮਨੀਲਾ, ਲੀਤੀ ਆ ਅੰਗੜਾਈ।

ਹਿੰਦ ਵਾਪਸੀ

ਹਾਫ਼ਿਜ਼ ਅਬਦੁੱਲਾ ਕਿਹਾ ਲਲਕਾਰ ਕੇ, ਉਠੋ ਨਾਅਰਾ ਮਾਰ।
ਇਨਕਲਾਬ ਦੇ ਆਉਣ ਦੇ, ਦਿੱਸਣ ਸਭ ਅਸਾਰ।
ਨਾਲ ਲਿਖਾਉ ਆਪਣੇ, ਜਿਸ ਨੇ ਜਾਣਾ ਨਾਲ।
ਆਉਂਦਾ ਪਿਆ ਜਹਾਜ਼ ਹੈ, ਰਿਹਾ ਹੈ ਵਾਜਾਂ ਮਾਰ।

ਅਚਾਨਕ ਘਰ ਵਾਪਸੀ

'ਚਾਣ ਚੱਕ ਘਰ ਆ ਗਿਆ ਰਹਿਮਤ, ਸਾਰੇ ਟੱਬਰ ਨੂੰ ਖ਼ੁਸ਼ੀ ਅਪਾਰ ਮੀਆਂ।
ਛੋਹਿਆ ਆ ਕੇ ਮਾਂ ਦੇ ਗੋਡਿਆਂ ਨੂੰ, ਰੂਹ ਰੱਬ ਦੀ, ਪਿਆਰ ਅਵਿਤਾਰ ਮੀਆਂ।
ਦਿੱਤੀ ਸੌ ਅਸੀਸ ਪ੍ਰਸੰਨ ਹੋ ਕੇ, ਲਾ ਹਿੱਕ ਨੂੰ ਕੀਤਾ ਠੰਡਾ ਠਾਰ ਮੀਆਂ।
ਮੌਲਾ ਸ਼ਾਹ ਨੇ ਘੁੱਟ ਕੇ ਵਿੱਚ ਬਾਹਾਂ, ਕੀਤਾ ਰੱਜ ਕੇ ਖ਼ੂਬ ਪਿਆਰ ਮੀਆਂ।
ਫਿਰ ਚੁੱਕਿਆ ਬਾਲ ਫ਼ਤਹਿ ਸ਼ਾਹ ਨੂੰ, ਲਈ ਖੜ੍ਹੀ ਸੀ ਉਸਦੀ ਨਾਰ ਮੀਆਂ।
ਦੇ ਕੇ ਬੱਚੇ ਨੂੰ ਆਪ ਲੁਕ ਗਈ ਅੰਦਰ, ਸ਼ਰਮ ਮੰਨਦੀ ਹਿੰਦਵੀ ਨਾਰ ਮੀਆਂ।
ਰਹਿਮਤ ਸਮਝ ਗਿਆ ਰਮਜ਼ ਪਿਆਰੜੀ ਦੀ, ਮਗਰੇ ਆ ਗਿਆ ਸਮਝਦਾਰ ਮੀਆਂ।
ਚੰਦ ਮਿਲਿਆ ਚਕੋਰੀ ਦੀ ਆਸ ਪੁੰਨੀ, ਨੂਰ ਖ਼ੁਸ਼ੀ ਦਾ ਖਿੜਿਆ ਅਪਾਰ ਮੀਆਂ।
ਵੇਲ ਲਿਪਟ ਗਈ ਨਾਲ ਪਿਆਰੜੇ ਦੇ, ਕੁੱਠੀ ਬਿਰਹੋਂ ਦੀ ਜੁਗਾਂ ਤੋਂ ਨਾਰ ਮੀਆਂ।
ਸਰਵਣ ਸਿੰਘਾ, ਘੜੀ ਦੇ ਮੇਲ ਆਕੇ, ਜੁਗ ਦੁੱਖਾਂ ਦੇ ਦਿੱਤੇ ਵਿਸਾਰ ਮੀਆਂ।

ਪਿੰਡੋਂ ਰਵਾਨਗੀ

ਮੁੜ ਆਊਂਗਾ ਕੱਲ੍ਹ ਨੂੰ ਇੱਕ ਫੇਰਾ ਪਾ ਕੇ।
ਮੈਂ ਮਿਲ ਆਵਾਂ ਭੂਆ ਨੂੰ, ਪਿੰਡ ਤੁਗਲੀਂ ਜਾਕੇ।
ਰਾਣੀ ਚਾਹੇ ਆਖਣਾ, ਜਾਹ ਅਜੇ ਨਾ ਢੋਲਾ।
ਚਾਰ 'ਕੁ ਦਿਨ ਤਾਂ ਕੱਟ ਲੈ, ਮਨ ਕਰ ਲਾਂ ਹੌਲਾ।
ਲੱਗੀ ਲਗਨ ਨਾ ਦੇਂਵਦੀ, ਲੱਗ ਜਾਂਦੀ ਕੇਰਾਂ।
ਤੁਰ ਗਿਆ ਵਿਲਕਦੀ ਛੱਡ ਕੇ, ਆਖ਼ਰ ਦੀ ਵੇਰਾਂ।

.ਗਦਰੀ ਸ਼ਹੀਦ ਲਾਲ ਸਿੰਘ ਸਾਹਿਬਆਣਾ

-ਚਰੰਜੀ ਲਾਲ ਕੰਗਣੀਵਾਲ

47 ਸਾਲ ਪਹਿਲਾ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਬਾਬਾ ਸੋਹਣ ਸਿੰਘ ਭਕਨਾ ਤੇ ਬਾਬਾ ਗੁਰਮੁਖ ਸਿੰਘ ਲਲਤੋਂ ਦੀ ਅਗਵਾਈ 'ਚ .ਗਦਰ ਪਾਰਟੀ ਦੀ 50ਵੀਂ ਵਰ੍ਹੇਗੰਢ ਦਾ ਗੋਲਡਨ ਜੁਬਲੀ ਸਮਾਗਮ "ਫੇਰੂ ਸ਼ਹਿਰ" ਦੇ ਸ਼ਹੀਦਾਂ ਨੂੰ ਸਮਰਪਿਤ ਕੀਤਾ ਗਿਆ ਸੀ, ਫੇਰੂ ਸ਼ਹਿਰ ਦਾ ਸਾਕਾ .ਗਦਰ ਲਹਿਰ ਦੇ ਸੂਹੇ ਇਤਿਹਾਸ ਦੀ ਪਹਿਲੀ ਘਟਨਾ ਸੀ ਜਿਸ ਵਿਚ ਸੱਤ ਦੇਸ਼ਭਗਤਾਂ ਨੂੰ ਫਾਂਸੀ ਦਿੱਤੀ ਗਈ, ਦੋ ਮੌਕੇ 'ਤੇ ਸ਼ਹੀਦ ਹੋ ਗਏ ਸਨ। ਜੁਬਲੀ ਸਮਾਗਮ ਦਾ ਹੋਰ ਵੀ ਮਹੱਤਵ ਇਸ ਕਰਕੇ ਸੀ ਕਿ ਇਹ ਦੇਸ਼ ਭਗਤ ਯਾਦਗਾਰ ਦੀ ਨਵੀਂ ਬਣੀ ਇਮਾਰਤ ਵਿਚ ਕੀਤਾ ਗਿਆ ਸੀ। ਜੁਬਲੀ ਸਮਾਗਮ ਦੇ ਸਬੰਧ 'ਚ ਬਾਬਾ ਗੁਰਮੁਖ ਸਿੰਘ ਲਲਤੋਂ ਨੇ ਲਿਖਿਆ ਸੀ:

31 ਮਾਰਚ ਅਤੇ ਪਹਿਲੀ ਅਪ੍ਰੈਲ 1964 ਦੇ ਦਿਨ ਇਨਕਲਾਬੀ ਇਤਿਹਾਸ ਦੇ ਮਹੱਤਵਪੂਰਨ ਉਤਸਵ ਹਨ। ਇਨ੍ਹਾਂ ਦਿਨਾਂ 'ਚ 'ਜਲੰਧਰ ਦੇਸ਼ ਭਗਤ ਯਾਦਗਾਰ ਹਾਲ' ਵਿਚ ਹਿੰਦੁਸਤਾਨ .ਗਦਰ ਪਾਰਟੀ ਦੀ ਗੋਲਡਨ ਜੁਬਲੀ ਧੂਮ-ਧਾਮ ਨਾਲ ਮਨਾਈ ਗਈ ਸੀ। ਇਹ ਦਿਨ ਇਸ ਤੋਂ ਪੂਰੇ ਪੰਜਾਹ ਸਾਲ ਪਹਿਲਾਂ ਵਾਪਰੀ ਉਸ ਘਟਨਾ ਦੀ ਯਾਦ ਨਾਲ ਸਬੰਧਤ ਹੈ, ਜਦੋਂ ਦੇਸ਼ ਦੀ ਆਜ਼ਾਦੀ ਖਾਤਰ ਲੜ ਰਹੀ ਹਿੰਦੁਸਤਾਨ .ਗਦਰ ਪਾਰਟੀ ਦੇ ਸੱਤ ਸੂਰਮਿਆਂ, ਪਾਰਟੀ ਦੇ ਖਜ਼ਾਨਚੀ ਪੰਡਿਤ ਕਾਂਸ਼ੀ ਰਾਮ ਮੜੌਲੀ (ਅੰਬਾਲਾ), ਸ੍ਰੀ ਜੀਵਨ ਸਿੰਘ ਦੌਲੇ ਸਿੰਘ ਵਾਲਾ (ਸੰਗਰੂਰ), ਸ੍ਰੀ ਰਹਿਮਤ ਅਲੀ ਵਜ਼ੀਦਕੇ (ਪਟਿਆਲਾ), ਸ੍ਰੀ ਲਾਲ ਸਿੰਘ ਸਾਹਿਬਆਣਾ (ਲੁਧਿਆਣਾ), ਸ੍ਰੀ ਧਿਆਨ ਸਿੰਘ ਉਮਰਪੁਰਾ (ਅੰਮ੍ਰਿਤਸਰ), ਸ੍ਰੀ ਜਗਤ ਸਿੰਘ ਬਿੰਜਲ (ਲੁਧਿਆਣਾ) ਤੇ ਸ੍ਰੀ ਬਖਸ਼ੀਸ਼ ਸਿੰਘ ਖਾਨਪੁਰ (ਲੁਧਿਆਣਾ) ਨੂੰ ਅੰਗਰੇਜ਼ੀ ਸਾਮਰਾਜ ਨੇ ਲਾਹੌਰ ਜੇਲ੍ਹ ਵਿਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਸੀ। .ਗਦਰ ਪਾਰਟੀ ਵੱਲੋਂ ਦੇਸ਼ ਦੀ ਆਜ਼ਾਦੀ ਲਈ ਸ਼ੁਰੂ ਕੀਤੀ ਇਨਕਲਾਬੀ ਜੰਗ ਉੱਪਰ ਇਹ ਪਹਿਲਾ ਜ਼ਾਲਮਾਨਾ ਵਾਰ ਸੀ।

31 ਮਾਰਚ ਤੇ ਪਹਿਲੀ ਅਪ੍ਰੈਲ ਨੂੰ ਦੇਸ਼ ਭਗਤ ਯਾਦਗਾਰ ਹਾਲ ਅੰਦਰ ਹਿੰਦ ਭਰ ਵਿਚੋਂ ਜੰਗੇ-ਆਜ਼ਾਦੀ ਦੇ ਜ਼ਿੰਦਾ ਸ਼ਹੀਦ ਇਕੱਠੇ ਹੋਏ। ਕੁਰਬਾਨੀ ਦੇ ਪੁਤਲਿਆਂ ਦੀ ਇਹ ਇਕੱਤਰਤਾ 1947 ਤੋਂ ਬਾਅਦ ਸ਼ਾਇਦ ਹੀ ਪਹਿਲੀ ਸੀ, ਜਿਸ ਨੇ ਜੰਗੇ-ਆਜ਼ਾਦੀ ਦੀਆਂ ਯਾਦਾਂ ਹੀ ਤਾਜ਼ੀਆਂ ਨਾ ਕੀਤੀਆਂ ਸਗੋਂ ਉਨ੍ਹਾਂ ਆਜ਼ਾਦੀ ਤੋਂ ਬਾਅਦ ਦੇਸ਼ ਦੀ ਢਹਿ ਰਹੀ ਹਾਲਤ ਤੋਂ ਸੁਚੇਤ ਹੋ ਕੇ ਇਸ ਨੂੰ ਬਚਾਉਣ ਲਈ ਚਿਤਾਵਨੀ ਵੀ ਦਿੱਤੀ। ਇਕੱਠੇ ਹੋਏ ਮਹਾਨ ਯੋਧਿਆਂ ਵਿਚ ਲਾਰਡ ਹਰਡਿੰਗ ਬੰਬ ਕੇਸ ਦੇ ਲਾਲਾ ਹਨੂੰਮਤ ਸਹਾਇ, ਮਹਾਸ਼ਾ ਰਤਨ ਚੰਦ, ਰਾਮ ਪ੍ਰਸਾਦ ਦੀ ਭੈਣ ਬੀਬੀ ਸੁਸ਼ੀਲਾ ਆਜ਼ਾਦ, ਕਾ. ਮੁਜ਼ੱਫਰ ਅਹਿਮਦ, ਸ੍ਰੀ ਨਿਰੰਜਨ ਸੈਨ,

ਸਤੀਸ਼ ਪਾਕਰਾਸੀ, ਪ੍ਰਾਣ ਕ੍ਰਿਸ਼ਨ ਚੱਕਰਵਰਤੀ, ਉਪਕਾਰ ਚੱਕਰਵਰਤੀ, ਡਾ. ਨਰਾਇਣ ਰਾਏ, ਸਰੋਜ ਮੁਕਰਜੀ, ਹਰੀ ਕ੍ਰਿਸ਼ਨ ਕੁਮਾਰ, ਨਿਰੇਨ ਦਾਸ, ਸ੍ਰੀ ਸੁਧੀਰ ਦੇਵ, ਖਿਤੀਸ਼ ਦਾਸ, ਰਾਜਾ ਮਹਿੰਦਰ ਪ੍ਰਤਾਪ, ਸ੍ਰੀ ਗਣੇਸ਼ ਘੋਸ਼, ਸ੍ਰੀ ਖਾਨ ਖੋਜੇ, ਬਾਬਾ ਪ੍ਰਿਥਵੀ ਸਿੰਘ, ਬਾਬਾ ਹਰਜਾਪ ਸਿੰਘ ਮਾਹਿਲਪੁਰ, ਬਾਬਾ ਰਾਮ ਸ਼ਰਨ ਦਾਸ ਤਲਵਾੜ ਆਦਿ ਹਾਜ਼ਰ ਸਨ। ਸ੍ਰੀ ਗਣੇਸ਼ ਘੋਸ਼, ਬਾਬਾ ਸੋਹਣ ਭਕਨਾ ਤੇ ਰਾਜਾ ਮਹਿੰਦਰ ਪ੍ਰਤਾਪ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਏ ਪ੍ਰੋਗਰਾਮ ਸਮੇਂ ਬਾਬਾ ਸ਼ੇਰ ਸਿੰਘ ਵੇਈਂਪੂਈਂ ਨੇ ਫੁੱਲਾਂ ਦੇ ਹਾਰ ਭੇਂਟ ਕੀਤੇ। ਉਨ੍ਹਾਂ ਤੋਂ ਬਾਅਦ ਬਾਬਾ ਕਰਮ ਸਿੰਘ ਚੀਮਾ, ਬਾਬਾ ਭਾਗ ਸਿੰਘ ਕਨੇਡੀਅਨ, ਲਾਹੌਰੀ ਰਾਮ 'ਪ੍ਰਦੇਸੀ' ਅਤੇ ਬਾਬਾ ਅਮਰ ਸਿੰਘ ਸੰਧਵਾਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਸਨ।

ਗ਼ਦਰੀ ਸ਼ਹੀਦ ਲਾਲ ਸਿੰਘ ਦਾ ਜਨਮ 1886 ਵਿਚ ਸ. ਦਇਆ ਸਿੰਘ ਅਤੇ ਬੀਬੀ ਪ੍ਰਕਾਸ਼ ਕੌਰ ਦੇ ਘਰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਾਹਿਬਆਣਾ ਵਿਚ ਹੋਇਆ। ਪਿੰਡ ਸਾਹਿਬਆਣਾ ਦਾ ਹਦਬਸਤ 237, ਰਕਬਾ 571 ਹੈਕਟੇਅਰਜ਼ ਅਬਾਦੀ 2302 ਜੋ ਲੁਧਿਆਣਾ ਤੋਂ ਚੰਡੀਗੜ੍ਹ ਜਾਂਦੀ ਸੜਕ ਤੋਂ ਦੋ ਕੁ ਮੀਲ ਅਤੇ ਸਾਹਨੇਵਾਲ ਰੇਲਵੇ ਸਟੇਸ਼ਨ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਤਿੰਨ ਭਰਾਵਾਂ ਵਿਚੋਂ ਸਭ ਤੋਂ ਛੋਟੇ ਲਾਲ ਸਿੰਘ, ਵਿਚਕਾਰਲੇ ਸ. ਕਰਤਾਰ ਸਿੰਘ ਤੇ ਵੱਡੇ ਸ. ਪ੍ਰਤਾਪ ਸਿੰਘ ਸਨ। ਮੁੱਢਲੀ ਵਿੱਦਿਆ ਲਾਲ ਸਿੰਘ ਨੇ ਢੰਡਾਰੀ ਕਲਾਂ ਦੇ ਸਕੂਲ ਤੋਂ ਪ੍ਰਾਪਤ ਕੀਤੀ, ਪੜ੍ਹਦਿਆਂ ਉਸ ਨੂੰ ਕਬੱਡੀ ਖੇਡਣ ਦਾ ਬਹੁਤ ਸ਼ੌਂਕ ਸੀ। ਸ਼ੁਰੂ ਤੋਂ ਉਹ ਬਾਗੀਆਨਾ ਸੁਭਾਅ ਵਾਲਾ, ਫੁਰਤੀਲਾ ਅਤੇ ਦਲੇਰ ਕਿਸਮ ਦਾ ਨੌਜਵਾਨ ਸੀ।

ਪੜ੍ਹਾਈ ਤੋਂ ਪਿੱਛੋਂ ਥੋੜਾ ਸਮਾਂ ਸਕਿਉਰਿਟੀ ਵਿਚ ਤੇ ਪਿੱਛੋਂ ਉਹ 14 ਸਿੱਖ ਰੈਜਮੈਂਟ ਵਿਚ ਭਰਤੀ ਹੋ ਗਏ। ਉਸ ਸਮੇਂ ਵਿਦੇਸ਼ਾਂ 'ਚ ਜਾਣ ਦੇ ਰੁਝਾਨ ਦੇ ਪ੍ਰਭਾਵ ਹੇਠ ਉਹ ਵਿਦੇਸ਼ ਜਾਣ ਲਈ ਉਤਾਵਲੇ ਹੋ ਗਏ। ਫੌਜ ਛੱਡ ਕੇ ਵਿਦੇਸ਼ ਨੂੰ ਰਵਾਨਾ ਹੋਣ ਲਈ ਉਨ੍ਹਾਂ ਕੁਝ ਜ਼ਮੀਨ ਗਹਿਣੇ ਪਾ ਦਿੱਤੀ। ਇਸ ਬਾਰੇ ਤਾਂ ਕੁਝ ਕਿਹਾ ਨਹੀਂ ਜਾ ਸਕਦਾ ਕਿ ਉਹ ਕਿਹੜੇ ਦੇਸ਼ ਵਿਚ ਜਾਣਾ ਚਾਹੁੰਦੇ ਸਨ ਲੇਕਿਨ ਉਹ ਮਨੀਲਾ ਪੁੱਜ ਗਏ ਸਨ। ਇਹ ਸਮਾਂ ਸੀ ਜਦੋਂ ਅਮਰੀਕਾ ਪਹੁੰਚਣ ਲਈ ਸਾਰੇ ਰਸਤੇ ਬੰਦ ਹੋ ਗਏ ਸਨ ਤਾਂ ਮਨੀਲਾ ਵਾਲਾ ਰਸਤਾ ਅਜੇ ਖੁੱਲ੍ਹਾ ਸੀ। ਕੋਈ ਵੀ ਹਿੰਦੁਸਤਾਨੀ ਮਨੀਲਾ ਜਾ ਸਕਦਾ ਸੀ ਅਤੇ ਉੱਥੇ ਛੇ ਮਹੀਨੇ ਦਾ ਠਹਿਰਾਉ, ਉਸ ਨੂੰ ਮਨੀਲਾ ਦੀ ਨਾਗਰਿਕਤਾ ਪ੍ਰਾਪਤ ਕਰਨ ਦੇ ਯੋਗ ਬਣਾ ਦਿੰਦਾ ਸੀ। ਤਦ ਮਨੀਲਾ ਦਾ ਨਾਗਰਿਕ ਹੋਣ ਕਰਕੇ ਕੋਈ ਵੀ ਅਮਰੀਕਾ ਦਾਖਲ ਹੋ ਸਕਦਾ ਸੀ। ਕੁਝ ਸਮੇਂ ਬਾਅਦ ਅਮਰੀਕੀ ਸਰਕਾਰ ਦੁਆਰਾ ਇਹ ਰਸਤਾ ਵੀ ਬੰਦ ਕਰ ਦਿੱਤਾ ਗਿਆ, ਜਿਸ ਨਾਲ ਹਿੰਦੀਆਂ ਅੰਦਰ ਬੇਚੈਨੀ ਪੈਦਾ ਹੋ ਗਈ। ਸੰਨ 1914 ਵਿਚ ਗੁਰੂ ਦੱਤ ਕੁਮਾਰ ਸਿਹਤ ਦੀ ਖਰਾਬੀ ਕਾਰਨ ਅਮਰੀਕਾ ਤੋਂ ਮਨੀਲਾ ਪੁੱਜੇ। ਇੱਥੇ ਉਸ ਨੇ ਗ਼ਦਰ ਦੇ ਬੀਜ ਬੋ ਦਿੱਤੇ ਸਨ। ਭਾਵੇਂ ਮਨੀਲਾ ਤੋਂ ਵੀ ਉਹ ਜਲਦੀ ਚਲੇ ਗਏ ਲੇਕਿਨ ਮਨੀਲਾ ਵਿਚ ਗ਼ਦਰੀਆਂ ਦੀ ਇਕ ਜਥੇਬੰਦੀ ਹੋਂਦ ਵਿਚ ਆ ਗਈ। ਜਿਸ ਦਾ ਪਹਿਲਾ ਪ੍ਰਧਾਨ ਜਗਰਾਉਂ ਵਾਸੀ ਹਾਫ਼ਿਜ ਅਬਦੁੱਲਾ ਬਣਾਇਆ ਗਿਆ ਸੀ। ਭਾਈ ਭਗਵਾਨ ਸਿੰਘ ਨੇ ਵੀ ਮਨੀਲਾ ਪੁੱਜ ਕੇ ਸ਼ਸ਼ਤਰਬੰਦ ਇਨਕਲਾਬ ਦਾ ਪ੍ਰਚਾਰ ਕੀਤਾ ਸੀ ਅਤੇ ਦੂਜੇ ਸਾਥੀਆਂ ਨਾਲ ਮਨੀਲਾ ਵਿਚ ਜਰਮਨ ਦੇ ਜਨਰਲ ਕੌਂਸਲ ਨੂੰ ਮਿਲਦੇ ਰਹੇ ਸਨ।

ਜਦੋਂ ਗ਼ਦਰੀਆਂ ਨਾਲ ਭਰਿਆ ਕੋਰੀਆ ਨਾਮੀ ਜਹਾਜ਼ ਜਿਹੜਾ ਬਾਬੇ ਭਕਨੇ ਵਾਲੇ 'ਨਾਮਸੰਗ' ਜਹਾਜ਼ ਦੇ ਪਿੱਛੇ ਪਿੱਛੇ ਆ ਰਿਹਾ ਸੀ ਨਾਗਾਸਾਕੀ ਤੋਂ ਮਨੀਲਾ ਪੁੱਜ ਗਿਆ ਤਾਂ

ਇਸ ਵਿਚੋਂ ਉੱਤਰ ਕੇ ਭਾਈ ਨਿਧਾਨ ਸਿੰਘ ਚੁੱਘਾ ਤੇ ਭਾਈ ਪਿਆਰਾ ਸਿੰਘ ਲੰਗੇਰੀ ਕਿਸੇ ਦੂਜੇ ਜਹਾਜ਼ ਰਾਹੀਂ ਸ਼ੰਘਾਈ ਚਲੇ ਗਏ।

ਮਨੀਲਾ ਤੋਂ ਭਾਈ ਜੀਵਨ ਸਿੰਘ (ਦੌਲੇ ਸਿੰਘ ਵਾਲਾ), ਭਾਈ ਹਾਫ਼ਿਜ ਅਬਦੁੱਲਾ (ਜਗਰਾਉਂ), ਭਾਈ ਰਹਿਮਤ ਅਲੀ (ਵਜ਼ੀਦਕੇ), ਬੀਬੀ ਗੁਲਾਬ ਕੌਰ (ਬਖ਼ਸ਼ੀਵਾਲਾ), ਭਾਈ ਬਖ਼ਸ਼ੀਸ਼ ਸਿੰਘ (ਖਾਨਪੁਰ), ਭਾਈ ਲਾਲ ਸਿੰਘ (ਸਾਹਿਬਆਣਾ), ਭਾਈ ਜਗਤ ਸਿੰਘ (ਬਿੰਜਲ), ਧਿਆਨ ਸਿੰਘ (ਬੰਗਸੀਪੁਰਾ), ਭਾਈ ਧਿਆਨ ਸਿੰਘ (ਉਮਰਪੁਰਾ), ਚੰਦਾ ਸਿੰਘ ਵੜੈਚ ਤੇ ਹੋਰ ਪੰਤਾਲੀ ਕੁ ਗ਼ਦਰੀ ਵਰਕਰ ਇਸ ਜਥੇ ਨਾਲ ਆ ਰਲੇ। ਹਾਂਗਕਾਂਗ ਇਕ ਐਸਾ ਪੜਾਅ ਸੀ ਜਿੱਥੇ ਸਾਰੇ ਸਮੁੰਦਰੀ ਜਹਾਜ਼ ਰੁਕਦੇ ਤੇ ਵੱਖ-ਵੱਖ ਪਾਸਿਆਂ ਤੋਂ ਆਉਣ ਵਾਲੇ ਮੁਸਾਫ਼ਰ ਉੱਤਰ ਜਾਂਦੇ ਸਨ, ਅੱਗੋਂ ਜਾਣ ਲਈ ਇੱਥੋਂ ਹੋਰ ਜਹਾਜ਼ ਮਿਲਦੇ ਸਨ। ਇਸ ਤਰ੍ਹਾਂ ਅਮਰੀਕਾ, ਕਨੇਡਾ, ਜਪਾਨ, ਚੀਨ ਤੇ ਮਨੀਲਾ ਤੋਂ ਆਉਣ ਵਾਲੇ ਸਾਰੇ ਹਿੰਦੀ ਉਤਰੇ। ਇਨ੍ਹਾਂ ਨਾਲ ਉੱਥੋਂ ਦਾ ਗੁਰਦੁਆਰਾ ਭਰ ਗਿਆ। ਇੱਥੇ ਹਰ ਰੋਜ਼ ਲੈਕਚਰ ਹੁੰਦੇ, ਆਮ ਹਿੰਦੀਆਂ ਤੋਂ ਬਿਨਾਂ ਹਿੰਦੀ ਫੌਜੀ ਤੇ ਪੁਲਸੀਏ ਵੀ ਇਨ੍ਹਾਂ ਜਲਸਿਆਂ ਵਿਚ ਸ਼ਾਮਲ ਹੁੰਦੇ। ਇੱਥੇ ਹੀ ਕਨੇਡਾ ਤੋਂ ਦੋ ਹੋਰ ਜਹਾਜ਼ ਪੁੱਜ ਗਏ ਇਕ ਦਾ ਜਥੇਦਾਰ ਭਾਈ ਸ਼ੇਰ ਸਿੰਘ ਵੇਈਂ ਪੂਈਂ ਤੇ ਦੂਜੇ ਦਾ ਭਾਈ ਸੱਜਣ ਸਿੰਘ ਬੀਲ੍ਹਾ ਸਨ। ਬਾਬਾ ਕੇਸਰ ਸਿੰਘ ਠੱਠਗੜ੍ਹ ਲਿਖਦੇ ਹਨ ਕਿ "ਇੱਥੇ ਪੜਾਅ ਕਰਨ ਸਮੇਂ ਭਾਈ ਜਵਾਲਾ ਸਿੰਘ, ਭਾਈ ਸ਼ੇਰ ਸਿੰਘ, ਬੀਬੀ ਗੁਲਾਬ ਕੌਰ, ਸ੍ਰੀ ਭਾਈ ਪਰਮਾਨੰਦ ਝਾਂਸੀ ਆਦਿ ਬੜੇ ਜੋਸ਼ੀਲੇ ਪ੍ਰਚਾਰਕ ਸਨ। ਬੀਬੀ ਗੁਲਾਬ ਕੌਰ ਤਾਂ ਚੂੜੀਆਂ ਲਾਹ-ਲਾਹ ਸੁੱਟਦੀ ਤੇ ਆਖਦੀ ਜੋ ਕਾਇਰ ਆਪਣੇ ਦੇਸ਼ ਦੀ ਆਜ਼ਾਦੀ ਲਈ ਹੱਥ ਆਏ ਇਸ ਵੇਲੇ ਉੱਤੇ ਲੜਨ ਤੋਂ ਪਿੱਛੇ ਹਟਦਾ ਹੈ ਉਹ ਚੂੜੀਆਂ ਪਾ ਕੇ ਬੈਠ ਜਾਏ। ਅਸੀਂ ਤੀਵੀਆਂ ਉਨ੍ਹਾਂ ਦੀ ਥਾਂ ਲੜਾਂਗੀਆਂ। ਇਹ ਜਹਾਜ਼ ਅੱਗੋਂ ਸਿੰਘਾਪੁਰ ਤੇ ਪੀਨਾਂਗ ਕਈ ਦਿਨ ਠਹਿਰਣ ਪਿੱਛੋਂ ਤੁਰਦੇ ਸਨ, ਕਿਉਂਕਿ ਐਮਡਨ ਜਹਾਜ਼ ਦਾ ਡਰ ਅਤੇ ਅੰਗਰੇਜ਼ ਹਕੂਮਤ ਦੀ ਪੁਲਿਸ ਵੱਲੋਂ ਫੜੇ ਜਾਣ ਦਾ ਖ਼ਤਰਾ ਸੀ। ਖੁਫੀਆ ਵਿਭਾਗ ਗ਼ਦਰੀਆਂ ਦੀ ਆਮਦ ਤੋਂ ਜਾਣੂ ਹੋ ਗਿਆ ਸੀ ਤੇ ਉਹ ਇਨ੍ਹਾਂ ਨੂੰ ਗ੍ਰਿਫਤਾਰ ਕਰਨ ਦੀਆਂ ਯੋਜਨਾਵਾਂ ਬਣਾ ਰਿਹਾ ਸੀ। ਇਕ ਅੰਦਾਜੇ ਮੁਤਾਬਕ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ 8 ਹਜ਼ਾਰ ਪੰਜਾਬੀ ਵਿਦੇਸ਼ਾਂ ਤੋਂ ਪਰਤੇ ਜਿਨ੍ਹਾਂ ਵਿਚ 400 ਜੇਲ੍ਹਾਂ ਅੰਦਰ, 2500 ਪਿੰਡਾਂ ਵਿਚ ਨਜ਼ਰਬੰਦ ਕੀਤੇ ਗਏ ਅਤੇ 500 ਨੂੰ ਸਖ਼ਤ ਤਾੜਨਾ ਕਰਕੇ ਨੰਬਰਦਾਰਾਂ ਜਾਂ ਮੁਕਾਮੀ ਸਰਕਾਰੀ ਕਰਮਚਾਰੀਆਂ ਦੀ ਨਿਗਰਾਨੀ ਹੇਠਾਂ ਰੱਖਿਆ ਗਿਆ।

'ਮਾਸੀਮਾਂ ਮਾਰੂ' ਜਹਾਜ਼ ਵਿਚ ਇਨ੍ਹਾਂ ਗ਼ਦਰੀਆਂ ਦੀ ਆਈ ਟੋਲੀ ਦੋ ਹਿੱਸਿਆਂ ਵਿਚ ਹੋ ਕੇ ਪੰਜਾਬ ਪੁੱਜੀ। ਇਕ ਸਿੱਧੀ ਅਤੇ ਇਕ ਹਜ਼ੂਰ ਸਾਹਿਬ ਨੰਦੇੜ ਵਲ ਦੀ। ਉਨ੍ਹਾਂ ਨੇ ਨਿਖੜਨ ਤੋਂ ਪਹਿਲਾਂ ਮੋਗੇ ਇਕੱਠੇ ਹੋਣ ਦਾ ਫੈਸਲਾ ਕੀਤਾ। ਭਾਈ ਲਾਲ ਸਿੰਘ ਸਾਹਿਬਆਣਾ, ਜੀਵਨ ਸਿੰਘ, ਰਹਿਮਤ ਅਲੀ ਵਜ਼ੀਦਕੇ, ਹਾਫਿਜ਼ ਅਬਦੁੱਲਾ, ਬੀਬੀ ਗੁਲਾਬ ਕੌਰ ਲੁਧਿਆਣੇ ਪੁਲਿਸ ਦੀ ਪੁੱਛਗਿੱਛ ਵਿਚੋਂ ਬਚਕੇ ਨਿਕਲ ਗਏ। ਸ਼ੰਘਾਈ ਤੋਂ ਭਾਈ ਗੁਜਰ ਸਿੰਘ ਭਕਨਾ ਨਾਲ ਆਏ ਗ਼ਦਰੀਆਂ ਨੇ ਨਵੰਬਰ 1914 ਨੂੰ ਨਨਕਾਣਾ ਸਾਹਿਬ, ਖਾਸਾ, ਝਾੜ ਸਾਹਿਬ, ਤਰਨਤਾਰਨ ਵਿਖੇ ਮੀਟਿੰਗਾਂ ਕੀਤੀਆਂ। ਮਾਲਵੇ ਤੇ ਦੁਆਬੇ ਦੇ ਗ਼ਦਰੀਆਂ ਨੇ ਸਾਂਝੀਆਂ ਵੀ ਤੇ ਅੱਡ-ਅੱਡ ਵੀ ਸਰਗਰਮੀਆਂ ਸ਼ੁਰੂ ਕੀਤੀਆਂ। ਉਨ੍ਹਾਂ ਦਾ ਮਾਝੇ ਦੇ ਗ਼ਦਰੀਆਂ ਨਾਲ ਤਾਲਮੇਲ ਵੀ ਸੀ।

ਮਨੀਲਾ ਤੋਂ ਆਏ ਗ਼ਦਰੀਆਂ ਨੇ 17 ਨਵੰਬਰ ਨੂੰ ਲਾਢੂਵਾਲ ਤੇ 23 ਨਵੰਬਰ ਨੂੰ

ਬੱਦੋਵਾਲ-ਮੁੱਲਾਂਪੁਰ ਸਟੇਸ਼ਨ ਵਿਚਕਾਰ ਮੀਟਿੰਗ ਕਰਕੇ 25 ਨਵੰਬਰ ਨੂੰ ਮੀਆਂ ਮੀਰ ਛਾਉਣੀ ਉੱਪਰ ਹਮਲਾ ਕਰਨ ਲਈ ਸਾਰੇ ਆਗੂਆਂ ਨੂੰ ਆਪਣੇ ਆਪਣੇ ਬੰਦਿਆਂ ਸਮੇਤ ਲਾਹੌਰ ਪਹੁੰਚਣ ਦੀ ਹਦਾਇਤ ਕੀਤੀ। ਕਰਤਾਰ ਸਿੰਘ ਸਰਾਭਾ ਨੇ 500 ਰੁਪਈਆ ਪੰ. ਜਗਤ ਰਾਮ ਨੂੰ ਦਿੱਤਾ ਜਿਹੜਾ ਗ਼ਦਰੀਆਂ ਦੇ ਖਰਚੇ ਲਈ ਸੀ। ਮੀਆਂਮੀਰ ਦੀ ਯੋਜਨਾ ਸਿਰੇ ਨਾ ਚੜ੍ਹੀ ਤਾਂ ਫਿਰੋਜ਼ਪੁਰ ਇਕੱਠੇ ਹੋਣ ਲਈ ਆਖਿਆ ਗਿਆ। ਇਸ ਸੱਦੇ 'ਤੇ ਫਿਰੋਜ਼ਪੁਰ ਸ਼ਹਿਰ ਤੋਂ ਬਾਹਰ ਜਲਾਲਾਬਾਦ ਸੜਕ ਉੱਤੇ ਗ਼ਦਰੀ ਇਕੱਠੇ ਹੋਏ। ਜਿੱਥੇ ਭਾਈ ਨਿਧਾਨ ਸਿੰਘ ਚੁੱਘਾ ਨੇ ਦੱਸਿਆ ਕਿ ਉਨ੍ਹਾਂ 30 ਨਵੰਬਰ ਨੂੰ ਫਿਰੋਜ਼ਪੁਰ ਤਾਇਨਾਤ ਇਕ ਪਠਾਣ ਪਲਟਣ ਤੋਂ ਹਥਿਆਰ ਲੈਣ ਦਾ ਪ੍ਰਬੰਧ ਕਰ ਲਿਆ ਹੈ। ਸਾਰਿਆਂ ਨੂੰ ਆਖਿਆ ਗਿਆ ਕਿ ਉਹ 30 ਨਵੰਬਰ ਨੂੰ ਫਿਰੋਜ਼ਪੁਰ ਦੇ ਹਥਿਆਰ ਵਾਲੇ ਜਖ਼ੀਰੇ ਉੱਤੇ ਹਮਲਾ ਕਰਨ ਵਾਸਤੇ ਇਕੱਠੇ ਹੋਣ, ਪ੍ਰੰਤੂ ਨਿਧਾਨ ਸਿੰਘ ਚੁੱਘਾ ਦੀ ਟੋਲੀ ਨੇ ਸਲਾਹ ਕੀਤੀ ਕਿ 30 ਨਵੰਬਰ ਤੱਕ ਵਿਹਲੇ ਰਹਿਣ ਨਾਲੋਂ ਮੋਗੇ ਦਾ ਸਰਕਾਰੀ ਖਜ਼ਾਨਾ ਲੁੱਟਿਆ ਜਾਵੇ। ਕੁਝ ਗ਼ਦਰੀ ਮੋਗੇ ਜਾਣ ਵਾਲੀ ਰੇਲ ਗੱਡੀ ਵਿਚ ਸਵਾਰ ਹੋ ਕੇ ਚਲੇ ਗਏ, 15 ਗ਼ਦਰੀ ਗੱਡੀ ਚੜਨੋਂ ਪੱਛੜ ਗਏ। ਉਹ ਤਿੰਨ ਕਿਰਾਏ ਦੇ ਟਾਂਗਿਆਂ ਉੱਪਰ ਸਵਾਰ ਹੋ ਕੇ ਮੋਗੇ ਵੱਲ ਚਲ ਪਏ।

ਜਦੋਂ ਉਹ ਫਿਰੋਜ਼ ਸ਼ਹਿਰ ਥਾਣੇ ਪਾਸ ਪਹੁੰਚੇ ਤਾਂ ਉਨ੍ਹਾਂ ਨੂੰ ਇਤਫਾਕੀਆ ਸੜਕ ਉੱਤੇ ਬੁਸ਼ਾਰਤ ਅਲੀ ਸਬ-ਇੰਸਪੈਕਟਰ ਜੈਲਦਾਰ ਜਵਾਲਾ ਸਿੰਘ, ਸਰਬਰਾਹ ਜੈਲਦਾਰ ਫਤਿਹ ਸਿੰਘ, ਗੁਲਾਮ ਕਾਦਰ ਸਫੈਦਪੋਸ਼ ਤੇ ਕੁਝ ਹੋਰ ਸੜਕ ਉੱਤੇ ਮਿਲ ਪਏ। ਜਿਹੜੇ ਪੁਲਿਸ ਸੁਪਰਡੈਂਟ ਦੀ ਉਡੀਕ ਕੁਰ ਰਹੇ ਸਨ। ਜੈਲਦਾਰ ਨੇ ਟਾਂਗੇ ਦੇ ਸਵਾਰ ਦੇਖ ਕੇ ਆਖਿਆ ਕਿ ਟੋਲੀ ਸ਼ੱਕੀ ਲਗਦੀ ਹੈ। ਬੁਸ਼ਾਰਤ ਅਲੀ ਨੇ ਗੱਲ ਮੰਨ ਕੇ ਟਾਂਗੇ ਰੋਕਣ ਲਈ ਆਖਿਆ। ਪਰ ਟਾਂਗੇ ਅੱਗੇ ਨਾਲੋਂ ਤੇਜ਼ ਹੋ ਗਏ। ਬੁਸ਼ਾਰਤ ਅਲੀ ਨੇ ਘੋੜੇ ਉੱਪਰ ਪਿੱਛਾ ਕਰਕੇ ਉਨ੍ਹਾਂ ਨੂੰ ਰੋਕਿਆ ਅਤੇ ਘੇਰ ਕੇ ਉਨ੍ਹਾਂ ਦੀ ਤਲਾਸ਼ੀ ਲੈਣੀ ਚਾਹੀ ਤੇ ਆਪਣੇ ਚਪੜਾਸੀ ਈਦੇ ਨੂੰ ਕਲਮ ਤੇ ਸਿਆਹੀ ਲੈ ਕੇ ਆਉਣ ਦਾ ਕਹਿ ਦਿੱਤਾ। ਇਸ 'ਤੇ ਗ਼ਦਰੀਆਂ ਨੂੰ ਗੁੱਸਾ ਆ ਗਿਆ। ਥਾਣੇਦਾਰ ਨੇ ਗਾਲ੍ਹਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਰਹਿਮਤ ਅਲੀ ਵਜ਼ੀਦਕੇ ਦੇ ਥੱਪੜ ਮਾਰ ਦਿੱਤਾ। ਭਾਈ ਜਗਤ ਸਿੰਘ ਇਹ ਬਰਦਾਸ਼ਤ ਨਾ ਕਰ ਸਕਿਆ ਉਸ ਨੇ ਗੁੱਸੇ 'ਚ ਪਿਸਤੌਲ ਤਾਣੀ ਅਤੇ ਥਾਣੇਦਾਰ ਨੂੰ ਥਾਂ ਢੇਰੀ ਕਰ ਦਿੱਤਾ। ਦੂਜੀ ਗੋਲੀ ਨਾਲ ਜੈਲਦਾਰ ਜਵਾਲਾ ਸਿੰਘ ਵੀ ਮਾਰਿਆ ਗਿਆ। ਇਸ ਵਿਚ ਛੇ ਗ਼ਦਰੀ ਬਚਣ ਵਿਚ ਸਫਲ ਹੋ ਗਏ, ਕੁਝ ਨੇ ਨਹਿਰ ਕੰਢੇ ਭੱਜ ਕੇ ਨੇੜੇ ਸਰਕੰਡਿਆਂ ਵਿਚ ਪਨਾਹ ਲੈ ਲਈ। ਇਸ ਦੌਰਾਨ ਮਿਸਰੀਵਾਲਾ ਪਿੰਡ ਦੇ ਲੋਕ ਮੌਕੇ ਵੱਲ ਦੌੜੇ ਅਤੇ 'ਘੱਲ' ਥਾਣੇ ਤੋਂ ਹੋਰ ਪੁਲਿਸ ਆ ਗਈ। ਸਰਕੰਡਿਆਂ ਵਿਚ ਛੁਪੇ ਗ਼ਦਰੀ ਘੇਰ ਲਏ ਗਏ। ਦੋਨੋਂ ਪਾਸਿਉਂ ਗੋਲੀਆਂ ਚੱਲੀਆਂ। ਆਖਰਕਾਰ ਪੁਲਿਸ ਨੇ ਸਰਕੰਡਿਆਂ ਨੂੰ ਅੱਗ ਲਾ ਦਿੱਤੀ। ਉਨ੍ਹਾਂ ਵਿਚੋਂ ਸੱਤ ਨੇ ਦੌੜਨਾ ਚਾਹਿਆ ਪਰੰਤੂ ਭੀੜ ਦੁਆਰਾ ਘੇਰ ਲਏ ਗਏ। ਸਰਕੰਡਿਆਂ ਵਿਚੋਂ ਭਾਈ ਚੰਦਾ ਸਿੰਘ ਵੜੈਚ ਤੇ ਧਿਆਨ ਸਿੰਘ ਗੋਲੀਆਂ ਚਲਾਉਂਦੇ ਰਹੇ, ਪੁਲਿਸ ਨੇ ਬੰਦੂਕਾਂ ਦੀ ਸੇਧ ਛੁਪੇ ਗ਼ਦਰੀਆਂ ਵੱਲ ਨੂੰ ਕਰੀ ਰੱਖੀ। ਜਦੋਂ ਫਾਇਰ ਬੰਦ ਹੋ ਗਈ ਤਾਂ ਪੁਲਿਸ ਭੱਜ ਕੇ ਉੱਥੇ ਪੁੱਜੀ ਤਾਂ ਇਕ ਗ਼ਦਰੀ ਸ਼ਹੀਦ ਹੋ ਚੁੱਕਾ ਸੀ ਦੂਜਾ ਸਹਿਕ ਰਿਹਾ ਸੀ। ਮੌਕੇ 'ਤੇ ਗ੍ਰਿਫਤਾਰ ਕੀਤੇ ਗਿਆਂ ਵਿਚ ਭਾਈ ਲਾਲ ਸਿੰਘ ਸਾਹਿਬਆਣਾ, ਭਾਈ ਜੀਵਨ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਜਗਤ ਸਿੰਘ ਬਿੰਜਲ, ਭਾਈ ਧਿਆਨ ਸਿੰਘ, ਪੰ. ਕਾਂਸ਼ੀ ਰਾਮ ਮੜੌਲੀ

ਅਤੇ ਸ੍ਰੀ ਰਹਿਮਤ ਅਲੀ ਵਜ਼ੀਦ ਕੇ ਸਨ ਜਿਨ੍ਹਾਂ ਉੱਪਰ ਫਿਰੋਜ਼ਪੁਰ ਦੇ ਮਿਸਟਰ ਜੇ.ਏ. ਰੋਜ ਫਸਟ ਕਲਾਸ ਮੈਜਿਸਟ੍ਰੇਟ ਦੇ 22 ਜਨਵਰੀ 1915 ਨੂੰ ਮੁਕੱਦਮਾ ਦਾਇਰ ਹੋਇਆ। ਉਨ੍ਹਾਂ ਉੱਪਰ ਆਈ.ਪੀ.ਸੀ. ਤਹਿਤ ਦੋਸ਼ ਲਾ ਕੇ ਮੁਕੱਦਮਾ ਮੇਜਰ ਬੀ.ਓ. ਰਾਓ ਸੈਸ਼ਨ ਜੱਜ ਫਿਰੋਜ਼ਪੁਰ ਦੀ ਅਦਾਲਤ ਵਿਚ ਸ਼ੁਰੂ ਹੋਇਆ। 2 ਫਰਵਰੀ 1915 ਨੂੰ ਫੈਸਲਾ ਸੁਣਾਉਦਿਆਂ ਜੱਜ ਨੇ ਕਿਹਾ, "ਜਗਤ ਸਿੰਘ ਅਵੱਸ਼ ਮੌਤ ਦੀ ਸਜ਼ਾ ਦਾ ਹੱਕਦਾਰ ਹੈ। ਬਾਕੀ ਮੁਜਰਮਾਂ ਨੂੰ ਵੀ ਫਾਂਸੀ ਨਾ ਦੇਣ ਵਿਚ ਕੋਈ ਤੁਕ ਨਹੀਂ ਹੈ, ਕਿਉਂਕਿ ਕਾਨੂੰਨ ਦੀਆਂ ਨਜ਼ਰਾਂ ਵਿਚ ਥਾਣੇਦਾਰ ਬੁਸ਼ਾਰਤ ਅਲੀ ਤੇ ਜ਼ੈਲਦਾਰ ਜੁਆਲਾ ਸਿੰਘ ਦੇ ਕਤਲਾਂ ਵਿਚ ਇਹ ਸਾਰੇ ਦੋਸ਼ੀ ਹਨ ਭਾਵੇਂ ਗੋਲੀ ਇਕ ਨੇ ਚਲਾਈ ਹੈ। ਅਗਰ ਬਾਕੀ ਮੁਜਰਮਾਂ ਕੋਲ ਕੋਈ ਵੀ ਹਥਿਆਰ ਹੁੰਦਾ ਤਾਂ ਉਨ੍ਹਾਂ ਨੇ ਉਸ ਦੀ ਵਰਤੋਂ ਅਵੱਸ਼ ਕਰਨੀ ਸੀ ਕਿਉਂਕਿ ਉਹ ਇਕ ਸਾਂਝੇ ਮਕਸਦ ਲਈ ਇੱਕੱਠੇ ਹੋਏ ਸਨ। ਇਸ ਕਰਕੇ ਦੂਜੇ ਛੇ ਮੁਜਰਮਾਂ ਜੀਵਨ ਸਿੰਘ, ਬਖਸ਼ੀਸ਼ ਸਿੰਘ, ਲਾਲ ਸਿੰਘ, ਧਿਆਨ ਸਿੰਘ, ਕਾਂਸ਼ੀ ਰਾਮ ਤੇ ਰਹਿਮਤ ਅਲੀ ਨੂੰ ਜਗਤ ਸਿੰਘ ਦੀ ਤਰ੍ਹਾਂ ਫਾਂਸੀ ਦੀ ਸਜ਼ਾ ਸੁਣਾਉਂਦਾ ਹਾਂ। ਇਸ ਦੀ ਪ੍ਰੋੜਤਾ ਹਾਈਕੋਰਟ ਤੋਂ ਕਰਾਈ ਜਾਵੇ। ਅਗਰ ਮੁਜਰਮਾਂ ਨੇ ਅਪੀਲ ਕਰਨੀ ਹੋਵੇ ਤਾਂ ਉਨ੍ਹਾਂ ਨੂੰ ਸੱਤ ਦਿਨ ਦੀ ਮੁਹਲਤ ਦਿੱਤੀ ਜਾਂਦੀ ਹੈ।"

ਫਿਰੋਜ਼ਪੁਰ ਸੈਂਟਰਲ ਜੇਲ੍ਹ ਦੇ ਸੁਪਰਡੈਂਟ ਵੱਲੋਂ ਜਗਤ ਸਿੰਘ, ਭਾਈ ਲਾਲ ਸਿੰਘ ਸਾਹਿਬਆਣਾ ਨੂੰ ਸੈਂਟਰ ਜੇਲ੍ਹ ਮਿੰਟਗੁਮਰੀ 3-2-15 ਨੂੰ ਭੇਜਿਆ ਗਿਆ। ਭਾਈ ਜੀਵਨ ਸਿੰਘ, ਭਾਈ ਬਖਸ਼ੀਸ਼ ਸਿੰਘ, ਧਿਆਨ ਸਿੰਘ, ਕਾਂਸ਼ੀ ਰਾਮ ਮੜੌਲੀ 4 ਫਰਵਰੀ 15 ਨੂੰ ਸੈਂਟਰਲ ਜੇਲ੍ਹ ਲਾਹੌਰ ਭੇਜੇ ਗਏ ਜਦੋਂ ਕਿ ਰਹਿਮਤ ਅਲੀ ਵਜ਼ੀਦ ਕੇ ਨੂੰ ਸੈਂਟਰਲ ਜੇਲ੍ਹ ਮਿੰਟਗੁੰਮਰੀ ਭੇਜਿਆ ਗਿਆ ਸੀ। ਪੰ. ਕਾਸ਼ੀ ਰਾਮ ਤੇ ਰਹਿਮਤ ਅਲੀ ਨੂੰ 26 ਮਾਰਚ 1915, ਭਾਈ ਲਾਲ ਸਿੰਘ ਸਾਹਿਬਆਣਾ, ਭਾਈ ਜੀਵਨ ਸਿੰਘ, ਭਾਈ ਬਖਸ਼ੀਸ਼ ਸਿੰਘ ਤੇ ਭਾਈ ਧਿਆਨ ਸਿੰਘ ਨੂੰ 25 ਮਾਰਚ 1915 ਅਤੇ ਭਾਈ ਜਗਤ ਸਿੰਘ ਨੂੰ 16 ਮਈ 1916 ਨੂੰ ਫਾਂਸੀ ਦਿੱਤੀ ਗਈ। ਇਨ੍ਹਾਂ ਸ਼ਹੀਦਾਂ ਦੇ ਯੁੱਧ-ਸਾਥੀ ਹਰਭਜਨ ਸਿੰਘ ਚਮਿੰਡਾ ਨੇ ਫਾਂਸੀ ਦੀ ਤਾਰੀਖ 27 ਮਾਰਚ ਲਿਖੀ ਅਤੇ ਸ਼ਹੀਦ ਲਾਲ ਸਿੰਘ ਦਾ ਕਾਵਿ ਚਿਤਰਨ ਇਸ ਤਰ੍ਹਾਂ ਕੀਤਾ :

ਬਾਦ ਮੁੱਦਤਾਂ ਦੱਸੀਏ ਕੀ 'ਸਾਥੀ'
ਹੈ ਸਨ ਕੀ ਕੀ ਦਿਲੀ ਖਿਆਲ ਸਾਡੇ।
ਏਸ ਜੰਗਿ-ਆਜ਼ਾਦੀ ਦੀ ਦੌੜ ਅੰਦਰ,
ਕੁਰਕ ਹੋ ਗਏ ਕੀਮਤੀ ਮਾਲ ਸਾਡੇ।
ਅਜੇ ਤੀਕ 'ਸਾਥੀ' ਵਿਚ ਮਿੱਟੀਆਂ ਦੇ,
ਦੱਬੇ ਪਏ ਨੇ ਕੀਮਤੀ ਲਾਲ ਸਾਡੇ।
ਨਾਲ ਖ਼ੂਨ ਦੇ ਫਾਂਸੀ ਦੇ ਤਖਤਿਆਂ 'ਤੇ,
ਕੀਤੇ ਪਏ ਹੱਲ ਸਵਾਲ ਸਾਡੇ।

ਇਨ੍ਹਾਂ ਗੁੰਮਨਾਮ ਸ਼ਹਾਦਤਾਂ ਦੇ ਜਾਗਰਣ ਵਜੋਂ 1943 ਵਿਚ ਪਹਿਲੀ ਵਾਰ ਬਾਬਾ ਰੂੜ ਸਿੰਘ ਚੂਹੜਚੱਕ ਪਿੰਡ ਸਾਹਿਬਆਣਾ ਆਏ ਤਾਂ ਉਨ੍ਹਾਂ ਬਾਬਾ ਲਾਲ ਸਿੰਘ ਦੀ ਯਾਦਗਾਰ ਬਣਵਾ ਕੇ ਉੱਪਰ ਲਾਲ ਝੰਡਾ ਝੁਲਾ ਦਿੱਤਾ ਸੀ। ਉਸ ਸਮੇਂ ਗ਼ਦਰੀ ਦੇਸ਼ ਭਗਤ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਕੇ ਮਜ਼ਦੂਰ-ਕਿਸਾਨ ਸੰਗਠਨ ਬਣਾਉਣ ਅਤੇ ਆਜਾਦੀ ਸੰਗਰਾਮ

ਵਿਚ ਮੁੜ ਤੋਂ ਸਰਗਰਮ ਹੋ ਚੁੱਕੇ ਸਨ। ਕਮਿਊਨਿਸਟ ਪਾਰਟੀ ਵੱਲੋਂ ਲਗਾਤਾਰ ਬਾਬਾ ਲਾਲ ਸਿੰਘ ਦੀ ਯਾਦ 'ਚ ਸਲਾਨਾ ਸਮਾਗਮ ਕੀਤਾ ਜਾਂਦਾ ਹੈ।

ਇਹ ਨਿੰਦਣਯੋਗ ਹੈ ਕਿ ਦੇਸੀ ਹਾਕਮਾਂ ਨੇ ਅੰਗਰੇਜ਼ੀ ਹਾਕਮਾਂ ਦੀ ਤਰ੍ਹਾਂ ਗ਼ਦਰ ਲਹਿਰ ਦੀ ਲਾਸਾਨੀ ਭੂਮਿਕਾ ਨੂੰ ਅੱਜ ਤੱਕ ਅਣਦੇਖੀ ਕਰੀ ਰੱਖਿਆ ਜਿਸ ਕਾਰਨ ਬਾਬਾ ਲਾਲ ਸਿੰਘ ਤੇ ਦੂਜੇ ਗ਼ਦਰੀਆਂ ਦੀ ਠੀਕ ਠੀਕ ਜਾਣਕਾਰੀ ਉਨ੍ਹਾਂ ਦੇ ਵਾਰਸਾਂ ਨੂੰ ਵੀ ਉਪਲਬਧ ਨਾ ਹੋ ਸਕੀ।

ਬਾਬਾ ਲਾਲ ਸਿੰਘ ਦੇ ਭਰਾ ਦੇ ਪੋਤਰੇ ਸ. ਕੰਵਲਜੀਤ ਸਿੰਘ ਨੇ ਸੁਰਤ ਸੰਭਾਲਦਿਆਂ ਦਾਦਾ ਪ੍ਰਤਾਪ ਸਿੰਘ ਕੋਲੋਂ ਘਰ 'ਤੇ ਝੁਲਦੇ ਲਾਲ ਝੰਡੇ ਬਾਰੇ ਸਵਾਲ ਕੀਤਾ ਤਾਂ ਉਸ ਨੇ ਅਤੀਤ 'ਚ ਗੁੰਮ ਹੋਇਆਂ ਦੱਸਿਆ, "ਲਾਲ ਸਿੰਘ ਬਾਹਰੋਂ ਲਾਲ ਝੰਡਾ ਲੈ ਕੇ ਆਇਆ ਸੀ (ਦਰਅਸਲ ਉਹ ਗ਼ਦਰ ਪਾਰਟੀ ਵਾਲਾ ਝੰਡਾ ਸੀ) ਤੇ ਕਹਿੰਦਾ ਸੀ ਅਸੀਂ ਇਸ ਝੰਡੇ ਨੂੰ ਖ਼ੂਨ 'ਚ ਰੰਗ ਕੇ ਵੀ ਦੇਸ਼ ਆਜ਼ਾਦ ਕਰਵਾਵਾਂਗੇ। ਵਿਦੇਸ਼ ਤੋਂ ਆ ਕੇ ਉਹ ਦੋ ਕੁ ਘੰਟੇ ਹੀ ਘਰ ਠਹਿਰਿਆ ਸੀ। ਮੈਂ ਲਾਲ ਸਿੰਘ ਨੂੰ ਕਿਹਾ ਸੀ ਲਾਲ ਸਿੰਹਾਂ ਤੂੰ ਵਿਦੇਸ਼ ਤੋਂ ਆਇਆਂ ਕਿੰਨੇ ਸਾਲਾਂ ਪਿੱਛੋਂ... ਬੈਠ ਕੇ ਗੱਲ ਤਾਂ ਚੱਜ ਨਾਲ ਕਰ, ਐਡਾ ਕਿਹੜਾ ਜ਼ਰੂਰੀ ਕੰਮ ਪੈ ਗਿਆ, ਜਿਹੜਾ ਘਰ ਨਾਲੋਂ ਵੱਧ ਪਿਆਰਾ ਹੋ ਗਿਆ!" ਮੈਂ ਚਲਾਂ, ਮੈਨੂੰ ਸਾਥੀ ਉਡੀਕਦੇ ਹੋਣਗੇ। ਐਸਾ ਗਿਆ, ਅੱਜ ਤੱਕ ਨਾ ਮੁੜਿਆ!"

'ਬਾਬਾ ਲਾਲ ਸਿੰਘ ਦੇ ਉਹ ਕੱਪੜੇ ਜਿਹੜੇ ਮਿੰਟਗੁੰਮਰੀ ਜੇਲ੍ਹ ਵਿਚ ਪਹਿਨਦਾ ਸੀ, ਜੇਲ੍ਹ ਅਧਿਕਾਰੀਆਂ ਨੇ ਵੱਡੇ ਭਰਾ ਸ. ਪ੍ਰਤਾਪ ਸਿੰਘ ਨੂੰ ਦੇ ਦਿੱਤੇ ਸਨ। 1968 ਤੱਕ ਘਰ ਵਿਚ ਸੰਭਾਲੇ ਰਹੇ ਫਿਰ ਪਤਾ ਨਹੀਂ ਉਹ ਕਿੱਥੇ ਗਏ' ਵਾਰਸ ਸ. ਕੰਵਲਜੀਤ ਸਿੰਘ ਹਿਰਖ ਨਾਲ ਆਖਦਾ ਹੈ। ਉਹ ਅੱਗੇ ਆਖਦਾ, "ਅਫਸੋਸ ਤੇ ਪਛਤਾਵਾ ਇਹ ਵੀ ਹੈ ਕਿ ਜਦ ਸਾਨੂੰ ਇਤਿਹਾਸ ਮਿਲ ਸਕਦਾ ਸੀ, ਉਦੋਂ ਕੋਈ ਦਿਲਚਸਪੀ ਨਹੀਂ ਸੀ, ਜਦੋਂ ਦਿਲਚਸਪੀ ਹੋਈ ਤਾਂ ਸਾਨੂੰ ਇਤਿਹਾਸ ਦੱਸਣ ਵਾਲਾ ਕੋਈ ਨਾ ਰਿਹਾ।" ਇਸ ਵਿਗੋਚੇ ਦੇ ਬਾਵਜੂਦ ਬਾਬਾ ਲਾਲ ਸਿੰਘ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਅਧਿਕਾਰੀਆਂ ਨੂੰ ਪ੍ਰੇਰ ਕੇ ਪਿੰਡ ਦੇ ਸਕੂਲ ਨੂੰ ਬਾਬਾ ਜੀ ਦੇ ਨਾਂ 'ਤੇ ਕਰਾਉਣ, ਮੇਨ ਰੋਡ ਤੋਂ ਪਿੰਡ ਨੂੰ ਜਾਂਦੀ ਸੜਕ ਨੂੰ 'ਬਾਬਾ ਲਾਲ ਸਿੰਘ ਮਾਰਗ' ਕਰਾਉਣ ਲਈ ਉਸ ਦੀ ਅਣਥੱਕ ਘਾਲਣਾ ਹੈ। ਆਪਣੇ ਘਰ ਵਿਚ ਬਾਬਾ ਜੀ ਦੇ ਨਾਂ 'ਤੇ ਬਣਾਈ ਯਾਦਗਾਰ ਨੂੰ ਮਿਊਜ਼ੀਅਮ ਅਤੇ ਲਾਇਬ੍ਰੇਰੀ ਦਾ ਰੂਪ ਦੇਣ ਲਈ ਉਹ ਤਤਪਰ ਹੈ।

***

ਫੇਰੂ ਸ਼ਹਿਰ ਦਾ ਸਾਕਾ

26 ਨਵੰਬਰ ਨੂੰ ਫੀਰੋਜ਼ਪੁਰ ਸ਼ਹਿਰ ਤੋਂ ਬਾਹਰ ਜਲਾਲਾਬਾਦ ਵਾਲੀ ਸੜਕ ਉਤੇ ਗ਼ਦਰੀਆਂ ਦਾ ਇਕੱਠ ਹੋਇਆ, ਜਿਸ ਵਿਚ ਪੰਡਤ ਕਾਂਸ਼ੀ ਰਾਮ, ਭਾਈ ਰਹਿਮਤ ਅਲੀ, ਭਾਈ ਕਰਤਾਰ ਸਿੰਘ ਸਰਾਭਾ, ਭਾਈ ਨਿਧਾਨ ਸਿੰਘ ਚੁੱਘਾ, ਭਾਈ ਗਾਂਧਾ ਸਿੰਘ ਕੱਚਰਭੰਨ, ਭਾ: ਜਗਤ ਸਿੰਘ ਬਿੰਝਲ, ਭਾਈ ਜੀਊਣ ਸਿੰਘ ਦੌਲੇ ਸਿੰਘ ਵਾਲਾ, ਭਾਈ ਜਗਤ ਸਿੰਘ ਸੁਰ ਸਿੰਘ, ਭਾਈ ਹਰੀ ਸਿੰਘ ਨਥਾਣਾ, ਭਾਈ ਵਰਿਆਮ ਸਿੰਘ ਅਮਲੀ ਦਰਾਜ (ਨਾਭਾ), ਭਾਈ ਸੁਰਜਨ ਸਿੰਘ ਫਤਿਹਗੜ੍ਹ (ਹੋਸ਼ਿਆਰਪੁਰ) ਤੇ ਹੋਰ ਅਨੇਕਾਂ ਵਰਕਰ ਹਾਜ਼ਰ ਸਨ। ਅੰਮਿਰਿਤਸਰੋਂ ਸੁਨੇਹਾ ਆ ਗਿਆ ਕਿ ਮੀਆਂ ਮੀਰ ਉਤੇ ਹਮਲਾ ਨਹੀਂ ਹੋ ਸਕਿਆ। ਦੂਸਰੇ ਭਾਈ ਨਿਧਾਨ ਸਿੰਘ ਨੇ ਦੱਸਿਆ ਕਿ ਫੀਰੋਜ਼ਪੁਰ ਦੀ ਇਕ ਪਠਾਨ ਰਜਮੈਂਟ ਤੋਂ 30 ਨਵੰਬਰ ਨੂੰ ਹਥਿਆਰ ਲੈਣ ਦਾ ਬੰਦੋਬਸਤ ਕੀਤਾ ਗਿਆ ਹੈ ਤੇ 30 ਤੋਂ ਬਾਅਦ ਹੀ ਕੋਈ ਦਿਨ ਮਿਥਿਆ ਜਾ ਸਕਦਾ ਹੈ। ਇਸ ਲਈ ਉਹ ਵੀ ਟਲ ਗਏ। 27 ਨੂੰ ਬਹੁਤ ਸਾਰੇ ਗ਼ਦਰੀ ਵਾਪਸ ਮੋਗੇ ਤੇ ਲੁਧਿਆਣੇ ਨੂੰ ਗੱਡੀ ਚੜ੍ਹ ਗਏ ਤੇ ਕੋਈ 18-20 ਗੱਡੀਓਂ ਰਹਿ ਗਏ। ਇਹਨਾਂ ਨੇ ਤਿੰਨ ਚਾਰ ਟਾਂਗੇ ਕਰ ਲਏ ਤੇ ਮੋਗੇ ਨੂੰ ਟੁਰ ਪਏ। ਫੇਰੂ ਸ਼ਹਿਰ* ਲਾਗੇ ਨਹਿਰ ਤੇ ਮਿਸਰੀਵਾਲੇ ਦੇ ਪੁਲ ਉਤੇ ਕਪਤਾਨ ਨੇ ਆਉਣਾ ਸੀ। ਇਲਾਕੇ ਦੇ ਥਾਣੇਦਾਰ, ਜ਼ੈਲਦਾਰ, ਨੰਬਰਦਾਰ ਤੇ ਹੋਰ ਲੋਕ ਵੀ ਇਕੱਠੇ ਹੋਏ ਹੋਏ ਸਨ। (ਇਥੇ ਬੁਸ਼ਾਰਤ ਅਲੀ ਸਬ-ਇੰਸਪੈਕਟਰ, ਜ਼ੈਲਦਾਰ ਜਵਾਲਾ ਸਿੰਘ, ਜ਼ੈਲਦਾਰ ਫਤਿਹ ਸਿੰਘ, ਸਫ਼ੈਦਪੋਸ਼ ਗ਼ੁਲਾਮ ਕਾਦਰ ਆਦਿ ਮੌਜੂਦ ਸਨ-ਸੰਪਾਦਕ) ਇਹਨਾਂ ਟਾਂਗਿਆਂ ਨੂੰ ਪੁਲਸ ਵਾਲਿਆਂ ਨੇ ਰੋਕ ਲਿਆ ਤੇ ਸਵਾਰੀਆਂ ਨੂੰ ਲਾਹ ਕੇ ਬਿਠਾ ਲਿਆ। ਥਾਣੇਦਾਰ ਨੇ ਰੋਹਬ ਜਮਾਉਣ ਲਈ ਭਾਈ ਰਹਿਮਤ ਅਲੀ ਸ਼ਾਹ ਵਜੀਦਕੇ ਨੂੰ, ਜੋ ਮਨੀਲੇ ਤੋਂ ਆਇਆ ਸੀ, ਚਪੇੜ ਕੱਢ ਮਾਰੀ। ਇਸ ਨਾਲ ਗ਼ਦਰੀਆਂ ਵਿੱਚ ਬੜਾ ਹਰਖ ਪੈਦਾ ਹੋਇਆ। ਭਾਈ ਭਗਤ ਸਿੰਘ ਕੱਚਰਭੰਨ ਉਠਿਆ ਤੇ ਬੁੱਕਲ ਵਿਚੋਂ ਪਿਸਤੌਲ ਕੱਢਕੇ ਗੋਲੀ ਥਾਣੇਦਾਰ ਦੇ ਕੰਨਾਂ ਵਿੱਚ ਦੀ ਲੰਘਾ ਦਿਤੀ। ਉਹ ਇਕੋ ਹੀ ਗੋਲੀ ਨਾਲ ਜਹੱਨਮ ਨੂੰ ਚਲਿਆ ਗਿਆ। ਦੂਸਰੀ ਗੋਲੀ ਜ਼ੈਲਦਾਰ ਦੀ ਛਾਤੀ ਵਿੱਚ ਠੋਕੀ, ਉਹ ਵੀ ਪਿਛਲੇ ਪੈਰੀਂ ਚੁਫਾਲ ਡਿੱਗ ਪਿਆ ਤੇ ਕੁਝ ਦੇਰ ਅੱਡੀਆਂ ਮਾਰ ਮਾਰ ਖ਼ਤਮ ਹੋ ਗਿਆ। ਬਾਕੀ ਲੋਕ ਭਜ ਤੁਰੇ। ਬਹੁਤ ਸਾਰੇ ਗ਼ਦਰੀ ਤਾਂ ਲੋਕਾਂ ਦੇ ਨਾਲ ਹੀ ਖਿਸਕ ਗਏ, ਪਰ ਨੌਂ ਜਣੇ ਨਹਿਰ ਦੇ ਕੰਢੇ ਉਤਲੇ ਝੱਲ ਵਿੱਚ ਵੜ ਗਏ। ਇਹ ਗ਼ਲਤੀ ਸੀ।

ਬਾਕੀ ਪੁਲਸ ਵਾਲਿਆਂ ਨੇ ਝਟਪਟ ਲੋਕਾਂ ਨੂੰ ਮੁੜ ਇਕੱਠੇ ਕਰਕੇ ਝੱਲ ਨੂੰ ਘੇਰ ਲਿਆ। ਲਾਗੇ ਥਾਣਿਓਂ ਹੋਰ ਪੁਲਸ ਮੰਗਵਾ ਲਈ। ਝੱਲ ਵਿੱਚ ਲੁਕੇ ਗ਼ਦਰੀਆਂ ਨੂੰ ਲਲਕਾਰਿਆ ਗਿਆ। ਉਹ ਅੱਗੋਂ ਕਿਹੜੇ ਵੰਗਾਂ ਪਾਕੇ ਬੈਠੇ ਸਨ। ਗੋਲੀਆਂ ਦਾ ਜਵਾਬ ਗੋਲੀਆਂ ਨਾਲ

---

* ਹੁਣ ਇਸ ਦਾ ਨਾਂ ਫੀਰੋਜ਼ਸ਼ਾਹ ਹੈ

ਆਇਆ, ਪਰ ਗ਼ਦਰੀਆਂ ਪਾਸ ਪਿਸਤੌਲ ਤੇ ਪੁਲਸ ਪਾਸ ਰਫਲਾਂ ਸਨ। ਜਦ ਸੂਰਮੇ ਗ਼ਦਰੀਆਂ ਨੇ ਈਨ ਨਾ ਮੰਗੀ ਤਾਂ ਝੱਲ ਨੂੰ ਅੱਗ ਲਾ ਦਿੱਤੀ ਗਈ। ਹੁਣ ਤਾਂ ਗ਼ਦਰੀਆਂ ਦੀ ਵਾਹ ਨਾ ਗਈ ਤੇ ਉਹ ਬਾਹਰ ਨਿਕਲ ਦੌੜੇ। ਪੰਡਤ ਕਾਂਸ਼ੀ ਰਾਮ ਮੜੌਲੀ (ਅੰਬਾਲਾ) ਖਜ਼ਾਨਚੀ ਗ਼ਦਰ ਪਾਰਟੀ, ਭਾ: ਜੀਵਨ ਸਿੰਘ ਦੌਲੇਸਿੰਘ ਵਾਲਾ (ਸੰਗਰੂਰ), ਭਾਈ ਰਹਿਮਤ ਅਲੀ ਵਜੀਦਕੇ (ਪਟਿਆਲਾ), ਭਾਈ ਬਖ਼ਸ਼ੀਸ਼ ਸਿੰਘ ਖਾਨਪੁਰ, ਭਾਈ ਲਾਲ ਸਿੰਘ ਸਾਹਿਬਾਂਣਾ, ਭਾਈ ਜਗਤ ਸਿੰਘ ਬਿੰਝਲ ਜ਼ਿਲਾ ਲੁਧਿਆਣੇ ਦੇ ਤੇ ਭਾਈ ਧਿਆਨ ਸਿੰਘ ਉਮਰ ਪੁਰੀਆ ਜ਼ਿਲਾ ਅੰਮਰਿਤਸਰ ਫੜੇ ਗਏ। ਦੋ ਧਿਆਨ ਸਿੰਘ (ਬੰਗਸੀਪੁਰਾ) ਤੇ ਚੰਦਾ ਸਿੰਘ ਵੜਾਇਚ ਜ਼ਿਲਾ ਲੁਧਿਆਣਾ ਝੱਲ ਵਿੱਚ ਪੁਲਸ ਦੀਆਂ ਨਿਰਦਈ ਗੋਲੀਆਂ ਨਾਲ ਸ਼ਹੀਦ ਹੋ ਗਏ। ਉਤਲੇ ਸੱਤਾਂ ਸੂਰਮਿਆਂ ਨੂੰ ਸੈਸ਼ਨ ਜੱਜ ਫੀਰੋਜ਼ਪੁਰ ਦੀ ਅਦਾਲਤ ਵਿਚੋਂ ਮੌਤ ਦੀ ਸਜ਼ਾ ਦਿਵਾਕੇ ਫਾਂਸੀ ਚਾੜ੍ਹਕੇ ਸ਼ਹੀਦ ਕਰ ਦਿਤਾ ਗਿਆ। ਬਾਕੀ ਛੇ ਗ਼ਦਰੀ ਵਰਿਆਮ ਸਿੰਘ ਮੱਟੂ ਭਾਈਕੇ (ਗੁਜਰਾਂਵਾਲਾ), ਜੋ ਜਬਰੂ ਦੇ ਨਾਂ ਨਾਲ ਪ੍ਰਸਿੱਧ ਸਨ, ਸਰਦਾਰਾ ਸਿੰਘ ਵਾਲਾ (ਮੋਗਾ), ਈਸ਼ਰ ਸਿੰਘ ਬੋਈਂਵਾਲਾ (ਜ਼ੀਰਾ), ਕਰਤਾਰ ਸਿੰਘ (ਦੁਕੀ) ਲਤਾਲਾ ਤੇ ਵਰਿਆਮ ਸਿੰਘ ਤੇ ਬਚਨ ਸਿੰਘ ਭਿੱਖੀ (ਬਠਿੰਡਾ) ਬਾਅਦ ਵਿਚ ਫੜੇ ਗਏ। ਦੁਕੀ ਨੂੰ ਤਿੰਨ ਸਾਲ ਤੇ ਬਾਕੀਆਂ ਨੂੰ ਪੰਜ ਪੰਜ ਸਾਲ ਕੈਦ ਸਖ਼ਤ ਹੋਈ। ਭਾਈ ਭਗਤ ਸਿੰਘ ਕੱਚਰਭੰਨ, ਵਰਿਆਮ ਸਿੰਘ (ਨਾਭਾ) ਜਿਸ ਨੂੰ ਬਾਹਲਾ ਅਮਲੀ ਆਖਿਆ ਜਾਂਦਾ ਸੀ, ਕਿਹਰ ਸਿੰਘ ਸੈਦੋ (ਮੋਗਾ), ਦਲੀਪ ਸਿੰਘ, ਜਿਸ ਦੇ ਪਤੇ ਦਾ ਸਰਦਾਰ ਨੂੰ ਪਤਾ ਨਹੀਂ ਲੱਗਾ ਤੇ ਸੁਰਜਨ ਸਿੰਘ ਮਫਰੂਰ ਕਰਾਰ ਦਿਤੇ ਗਏ।

[ਗ਼ਦਰ ਪਾਰਟੀ ਦਾ ਇਤਿਹਾਸ, ਸਫ਼ਾ 192–193]

ਵੱਲੇ ਪੁਲ ਦਾ ਸਾਕਾ

ਭਾਈ ਪਰੇਮ ਸਿੰਘ ਦੀ ਸਲਾਹ ਉਤੇ ਵੱਲੇ ਪਿੰਡ ਲਾਗੇ ਅੰਮਰਿਤਸਰ ਵਾਲੀ ਨਹਿਰ ਦੇ ਰੇਲ ਦੇ ਪੁਲ ਉਤੇ ਫੌਜੀਆਂ ਤੋਂ ਹਥਿਆਰ ਖੋਹਣ ਦਾ ਮਤਾ ਪਕਾਇਆ ਗਿਆ। ਇਥੇ 42 ਨੰਬਰ ਦਿਉਲੀ ਪਲਟਨ ਦਾ ਪਹਿਰਾ ਸੀ। ਕਪੂਰਥਲਿਓਂ ਗ਼ਦਰੀਆਂ ਦੀਆਂ ਦੋ ਟੋਲੀਆਂ ਹੋ ਗਈਆਂ। ਇਕ ਟੋਲੀ ਦੇ ਭਾਈ ਰੋਡਾ ਸਿੰਘ ਜਾਂ ਰੰਗਾ ਸਿੰਘ ਖੁਰਦਪੁਰ, ਭਾਈ ਕਾਲਾ ਸਿੰਘ ਜਗਤਪੁਰੀਆ ਅਤੇ ਚੰਨਣ ਸਿੰਘ ਬੂੜਚੰਦ, ਭਾਈ ਬੰਤਾ ਸਿੰਘ ਸੰਘਵਾਲ ਦੀ ਜਥੇਦਾਰੀ ਹੇਠਾਂ ਕਰਤਾਰਪੁਰ ਥਾਣੀਂ ਹੋ ਕੇ ਅੰਮਰਿਤਸਰ ਨੂੰ ਗਏ। ਬਚਨ ਸਿੰਘ ਢੁੱਡੀਕੇ, ਰੂੜ ਸਿੰਘ ਤਲਵੰਡੀ ਦੁਸਾਂਝ ਤੇ ਭਾਈ ਜਵੰਦ ਸਿੰਘ ਨੰਗਲ ਪਰੇਮ ਸਿੰਘ ਦੀ ਦੂਸਰੀ ਟੋਲੀ ਵਿਚ ਸਨ। ਭਾਈ ਪਰੇਮ ਸਿੰਘ ਦੀ ਟੋਲੀ ਗੋਂਦਵਾਲ ਤੇ ਤਰਨਤਾਰਨ ਥਾਣੀਂ ਹੋ ਕੇ ਪਿੰਡ ਠੱਠੀ ਖਾਰੇ ਪਹੁੰਚ ਗਈ। ਭਾਈ ਪਰੇਮ ਸਿੰਘ ਠੱਠੀ ਖਾਰੇ ਤੋਂ ਭਾਈ ਹਰਨਾਮ ਸਿੰਘ ਤੇ ਭਾਈ ਆਤਮਾ ਸਿੰਘ ਨੂੰ ਲੈ ਆਇਆ, ਜੋ ਅਮਰੀਕਾ ਵਿਚੋਂ ਆਏ ਹੋਏ ਪਿੰਡ ਵਿਚ ਨਜ਼ਰਬੰਦ ਕੀਤੇ ਹੋਏ ਸਨ। ਪਰੇਮ ਸਿੰਘ ਉਹਨਾਂ ਨੂੰ ਹਮਲਾ ਕਰਨ ਵਾਸਤੇ ਜਾਣ ਲਈ ਤਿਆਰ ਕਰਕੇ ਆਪ ਬੰਤਾ ਸਿੰਘ ਸੰਘਵਾਲ ਦੀ ਟੋਲੀ ਨੂੰ ਲੈਣ ਲਈ ਅੰਮਰਿਤਸਰ ਨੂੰ ਗਿਆ। ਪਰ ਉਹ ਟੋਲੀ ਏਥੇ ਖਾਰੇ ਆ ਗਈ ਤੇ ਪਰੇਮ ਸਿੰਘ ਉਹਨਾਂ ਦੀ ਭਾਲ ਵਿਚ ਫਿਰਨ ਲੱਗ ਪਿਆ ਤੇ ਵੇਲੇ ਸਿਰ ਮੁੜ ਨਾ ਸਕਿਆ। ਹੁਣ ਇਹ ਕਾਲਾ ਸਿੰਘ, ਚੰਨਣ ਸਿੰਘ, ਬੰਤਾ ਸਿੰਘ, ਜਵੰਦ ਸਿੰਘ, ਰੰਗਾ ਸਿੰਘ, ਰੂੜ ਸਿੰਘ, ਹਰਨਾਮ ਸਿੰਘ, ਆਤਮਾ ਸਿੰਘ ਤੇ ਇਕ ਹੋਰ ਆਦਮੀ ਪਰੇਮ ਸਿੰਘ ਨੂੰ ਉਡੀਕੇ ਬਗੈਰ ਵੱਲੇ ਪੁਲ ਉਤੇ ਹਮਲਾ ਕਰਨ ਲਈ ਵੱਲੇ ਪੁਲ ਨੂੰ ਆ ਗਏ। ਪਰ ਗਾਰਦ ਨੂੰ ਚੌਕੰਨੀ ਵੇਖਕੇ ਪਿਛਾਂਹ ਹਟ ਗਏ। ਦਿਨ ਖ਼ਾਲੀ ਸਮਝ ਕੇ ਇਹ ਸਾਰੇ ਸਰਕਾਰੀ ਮੁਖ਼ਬਰ ਕਪੂਰ ਸਿੰਘ ਪੱਧਰੀ ਨੂੰ ਸੋਧਣ ਚਲੇ ਗਏ, ਪਰ ਉਹ ਮਿਲਿਆ ਨਹੀਂ। ਪੱਧਰੀਓਂ ਆਉਂਦਿਆਂ ਦੇਰ ਹੋ ਗਈ। ਉਸ ਰਾਤ ਵੀ ਗਾਰਦ ਨੂੰ ਪਿਆ ਨਾ ਜਾ ਸਕਿਆ। ਫੇਰ ਪਿਛਾਂਹ ਹਟ ਗਏ ਤੇ ਅਗਲੀ ਰਾਤ 11 ਜੂਨ ਨੂੰ ਫੇਰ ਗਏ। ਉਡਕੀਦੇ ਉਡਕੀਦੇ ਰਾਤ ਦੇ ਬਾਰਾਂ ਵੱਜ ਗਏ। 11 ਤੋਂ 12 ਸ਼ੁਰੂ ਹੋ ਗਈ। ਅਖ਼ੀਰ ਦੋ ਵਜੇ ਤੱਕ ਉਹ ਨਹਿਰ ਦੀ ਪਟੜੀ ਦੇ ਘਾਹ ਬੂਟ ਵਿਚ ਸ਼ਹਿ ਲਾਕੇ ਬੈਠੇ ਰਹੇ। ਦਾਅ ਨਾ ਲੱਗੇ। ਪਹਿਰੇ ਉਤੇ ਖੜਾ ਸੰਤਰੀ ਨਾ ਸੌਂਵੇ ਤੇ ਨਾ ਬੈਠੇ। ਪਰ ਇਹਨਾਂ ਦਰਿੜ੍ਹ ਨਿਸਚਾ ਲਿਆ ਕਿ "ਅਜ ਰਾਤ ਕੁਝ ਨਾ ਕੁਝ ਕਰਕੇ ਹੀ ਜਾਣਾ ਹੈ।" ਉਹ ਹੌਲੀ ਹੌਲੀ ਲੰਮੇ ਪੈ ਕੇ ਘਾਹ ਵਿਚ ਗਾਰਦ ਵੱਲ ਨੂੰ ਖਿਸਕਦੇ ਗਏ ਤੇ ਸੰਤਰੀ ਦੇ ਲਾਗੇ ਪੁੱਜਕੇ ਘਾਹ ਵਿਚ ਹੀ ਬਹਿ ਗਏ। ਜਵੰਦ ਸਿੰਘ ਤੇ ਬੰਤਾ ਸਿੰਘ ਮੂਹਰੇ ਮੂਹਰੇ ਸਨ। 4 ਵਜੇ ਦੇ ਕਰੀਬ ਇਕ ਮਾਲ ਗੱਡੀ ਪੁਲ ਉਤੋਂ ਲੰਘੀ। ਇਸ ਦੇ ਖੜਾਕ ਵਿਚ ਜਵੰਦ ਸਿੰਘ ਤੇ ਬੰਤਾ ਸਿੰਘ ਨੇ ਸੰਤਰੀ ਨੂੰ ਪਿਸਤੌਲਾਂ ਨਾਲ ਸ਼ੂਟ ਕਰਕੇ ਸੁੱਟ ਲਿਆ। ਗੱਡੀ ਲੰਘਦੀ ਦੇ ਖੜਾਕ ਵਿਚ ਬਾਕੀ ਗਾਰਦ ਨੂੰ ਕੋਈ ਪਤਾ ਨਾ ਲੱਗਾ। ਸੰਤਰੀ ਦੇ

ਡਿਗਦਿਆਂ ਹੀ ਬਾਕੀ ਗ਼ਦਰੀ ਗਾਰਦ ਉਤੇ ਟੁੱਟਕੇ ਜਾ ਪਏ। ਕਾਲਾ ਸਿੰਘ ਨੇ ਭੱਜ ਕੇ ਸੰਤਰੀ ਦੀ ਰਫਲ ਚੁੱਕ ਲਈ। ਗਾਰਦ ਦੇ ਹਵਾਲਦਾਰ ਨੇ, ਜੋ ਭੱਜੇ ਆਉਂਦੇ ਗ਼ਦਰੀਆਂ ਦਾ ਖੜਾਕ ਸੁਣਕੇ ਤੰਬੂ ਵਿਚੋਂ ਬਾਹਰ ਨਿਕਲ ਆਇਆ ਸੀ, ਕਾਲਾ ਸਿੰਘ ਨੂੰ ਜੱਫਾ ਮਾਰ ਲਿਆ। ਕਾਲਾ ਸਿੰਘ ਨੇ ਝਟਕੇ ਨਾਲ ਉਸ ਨੂੰ ਪਰ੍ਹਾਂ ਸੁੱਟ ਦਿਤਾ ਤੇ ਰਫਲ ਦੀ ਗੋਲੀ ਨਾਲ ਪਾਰ ਬੁਲਾ ਦਿਤਾ। ਬਾਕੀ ਦੀ ਦੋ ਤਿੰਨ ਗਾਰਦ ਵਾਲੇ ਭੱਜ ਗਏ। ਕਾਲਾ ਸਿੰਘ ਤੇ ਬੰਤਾ ਸਿੰਘ ਨੇ ਫੌਜੀ ਵਰਦੀਆਂ ਪਾ ਲਈਆਂ। ਬਾਕੀ ਦੀਆਂ ਵਰਦੀਆਂ ਗੰਢੜੀ ਵਿਚ ਬੰਨ੍ਹ ਕੇ ਕਪੂਰਥਲੇ ਵਰਤਣ ਲਈ ਰੱਖ ਲਈਆਂ। ਗ਼ਦਰੀ ਗਾਰਦ ਦੀਆਂ ਖੋਹੀਆਂ ਹੋਈਆਂ ਰਫਲਾਂ ਫੌਜੀਆਂ ਵਾਂਗ ਮੋਢੇ ਉਤੇ ਪਾਕੇ ਤੁਰ ਪਏ। ਭਾਈ ਜਵੰਦ ਸਿੰਘ, ਭਾਈ ਆਤਮਾ ਸਿੰਘ, ਭਾਈ ਬੰਤਾ ਸਿੰਘ, ਭਾਈ ਹਰਨਾਮ ਸਿੰਘ, ਭਾਈ ਕਾਲਾ ਸਿੰਘ, ਭਾਈ ਚੰਨਣ ਸਿੰਘ, ਉਥੋਂ ਨਹਿਰੇ ਪੈ ਕੇ ਅਗਾਂਹ ਤਰਨਤਾਰਨ ਨੂੰ ਚਲੇ ਗਏ।

ਭਾਈ ਰੂੜ ਸਿੰਘ ਤੇ ਬਚਨ ਸਿੰਘ ਜੰਡਿਆਲੇ, ਬਿਆਸ ਤੇ ਕਰਤਾਰਪੁਰ ਥਾਣੀਂ ਹੋ ਕੇ ਕਪੂਰਥਲੇ ਆ ਗਏ। ਜਿਥੇ ਉਹ ਪਰੇਮ ਸਿੰਘ ਤੇ ਭਗਵਾਨ ਸਿੰਘ ਹਵਾਲਦਾਰ ਨੂੰ ਮਿਲੇ।

ਚਿੱਟੀ ਦੀਆਂ ਗਰਿਫਤਾਰੀਆਂ ਦੇ ਕਾਰਨ 12 ਜੂਨ ਨੂੰ ਕਪੂਰਥਲੇ ਦਾ ਹਮਲਾ ਵੀ ਰਹਿ ਗਿਆ।

ਗਾਰਦ ਵਾਲਿਆਂ, ਜੋ ਨੱਠ ਗਏ ਸਨ, ਰੌਲਾ ਪਾ ਦਿਤਾ। ਵਾਹਰ ਇਕੱਠੀ ਕਰ ਲਈ ਤੇ ਪੁਲਸ ਨੂੰ ਇਤਲਾਹ ਦੇ ਦਿਤੀ। ਦੁਆਬੇ ਨੂੰ ਜਾਣ ਵਾਲੇ ਤਾਂ ਨਿਗਾਹ ਨਾ ਪਏ। ਵਾਹਰ ਕਾਲਾ ਸਿੰਘ ਜਗਤਪੁਰੀਏ, ਹਰਨਾਮ ਸਿੰਘ ਤੇ ਆਤਮਾ ਸਿੰਘ ਠੱਠੀਖਾਰੇ, ਚੰਨਣ ਸਿੰਘ ਬੂੜਚੰਦ, ਬੰਤਾ ਸਿੰਘ ਸੰਘਵਾਲ ਤੇ ਜਵੰਦ ਸਿੰਘ ਮਗਰ ਹੋ ਤੁਰੀ। ਪੁਲਸ ਪਿੰਡਾਂ ਵਿਚੋਂ ਝੋਲੀਚੁਕਾਂ ਨੂੰ ਇਕੱਠੇ ਕਰਕੇ ਜਾਂਦੇ ਗ਼ਦਰੀਆਂ ਉਤੇ ਹਮਲਾਵਰ ਹੋਈ। ਅੱਗੋਂ ਗ਼ਦਰੀ ਵੀ ਪੈ ਗਏ। ਉਹਨਾਂ ਪਾਸ ਵੀ ਹੁਣ ਰਫਲਾਂ ਸਨ ਤੇ ਗੋਲੀ ਗੱਠਾ ਬਹੁਤ ਸੀ। ਗ਼ਦਰੀ ਲੜਦੇ ਲੜਦੇ ਅਗਾਂਹ ਨੂੰ ਤੁਰੇ ਗਏ ਤੇ ਪੁਲਸ ਗੋਲੀਆਂ ਮਾਰਦੀ ਮਗਰ ਦੱਬੀ ਗਈ। ਪਹਿਲਾਂ ਗ਼ਦਰੀ ਤਰਨਤਾਰਨ ਲੰਘਦੇ ਮਾਝੇ ਵੱਲ ਨੂੰ ਵਧੇ ਤੇ ਪਲਾਸੌਰ ਤੱਕ ਲੜਦੇ ਮਾਰਦੇ ਚਲੇ ਗਏ। ਪਲਾਸੌਰੋਂ ਗ਼ਦਰੀ ਕਪੂਰਥਲੇ ਵੱਲ ਨੂੰ ਪਰਤੇ, ਕਿਉਂਕਿ ਪਲਾਸੌਰ ਵਲ ਪੁਲਸ ਮਗਰੋਂ ਲਹਿੰਦੀ ਨਾ ਜਾਪੀ, ਸਗੋਂ ਵਧੇਰੇ ਆਉਂਦੀ ਗਈ। ਪਲਾਸੌਰੋਂ ਲੜਦੇ ਮਾਰਦੇ ਉਹ ਬਿਆਸ ਗੋਂਦਵਾਲ ਦੇ ਪੱਤਨ ਉਤੇ ਆ ਗਏ। ਮਲਾਹਾਂ ਦੀ ਬੇੜੀ ਉਤੇ ਚੜ੍ਹਕੇ ਦਰਯਾ ਵਿਚ ਠਿਲ ਪਏ। ਪੁਲਸ ਦੀਆਂ ਗੋਲੀਆਂ ਮੀਂਹ ਵਾਂਗ ਆ ਰਹੀਆਂ ਸਨ। ਇਧਰੋਂ ਜਵਾਬ ਵਿਚ ਗ਼ਦਰੀ ਵੀ ਕੋਈ ਨਾ ਕੋਈ ਗੋਲੀ ਚਲਾ ਦਿੰਦੇ ਸਨ। ਪੁਲਸ ਦੀਆਂ ਗੋਲੀਆਂ ਨਾਲ ਇਕ ਮਲਾਹ ਮਰ ਗਿਆ (ਗ਼ਦਰੀਆਂ ਦਾ ਅਦਾਲਤ ਵਿਚ ਬਿਆਨ) ਇਹ ਸੂਰੇ 11 ਦੀ ਸ਼ਾਮ ਤੋਂ 24 ਘੰਟਿਆਂ ਦੀ ਮਾਰੋ ਮਾਰ ਤੋਂ ਬਾਅਦ 12 ਦੀ ਸ਼ਾਮ ਨੂੰ ਗੋਂਦਵਾਲ ਦਾ ਪੱਤਨ ਲੰਘਕੇ ਕਪੂਰਥਲੇ ਦੀ ਹੱਦ ਅੰਦਰ ਜਾ ਵੜੇ। ਇਹ ਗ਼ਦਰੀ ਸੂਰਮੇ ਜੰਗੀ ਤਵਾਰੀਖ ਵਿਚ ਬੇਮਿਸਾਲ ਬਹਾਦਰੀ, ਜੁਰਕੇ ਤੇ ਬਰਦਾਸ਼ਤ ਦੀ ਮਿਸਾਲ ਕਾਇਮ ਕਰ ਗਏ। ਕਿਸੇ ਵਿਰਲੀ ਹੀ ਫੌਜੀ ਟੋਲੀ ਨੇ ਲੜਦੇ ਐਨਾ ਲੰਮਾ ਜਫਰ ਜਾਲਿਆ ਹੋਵੇਗਾ, ਜਿੰਨਾਂ ਇਹਨਾਂ ਪੰਜਾਬ ਦੀ ਧਰਤੀ ਦੇ ਗ਼ਦਰੀ ਜਾਇਆਂ ਨੇ ਜਾਲਿਆ ਸੀ। ਵੱਲੇ ਪੁਲ ਤੋਂ ਜੇ ਪਲਾਸੌਰ ਤੇ ਪਲਾਸੌਰ ਤੋਂ ਗੋਂਦਵਾਲ ਦੇ ਪੱਤਣ ਨੂੰ ਸਿੱਧੀਆਂ ਲੀਕਾਂ ਨਾਲ ਮਿਲਾਈਏ ਤਾਂ 38 ਮੀਲ ਬਣਦੇ ਹਨ। ਪਰ ਲੜਾਈਆਂ ਵਿਚ ਇਹ ਪੈਂਡਾ ਅਸਲ ਨਾਲੋਂ ਲੰਮਾ ਹੋ ਜਾਂਦਾ ਹੈ। ਕਦੇ ਅਗਾਂਹ ਨੂੰ

ਜਾਣਾ, ਕਦੇ ਪਿਛਾਂਹ ਨੂੰ, ਕਦੇ ਇਧਰ ਤੇ ਕਦੇ ਓਧਰ। ਭੁੱਖ ਤੇ ਤਰੇਹ ਨਾਲ ਵਿਆਕੁਲ ਹੋਇਆਂ ਵੀ ਇਹਨਾਂ ਪੈਂਡੇ ਦੇ ਥਕੇਵੇ ਦੀ ਪਰਵਾਹ ਨਹੀਂ ਕੀਤੀ। ਪੁਲਸ ਨੇ ਗੋਂਦਵਾਲ ਨੂੰ ਜਾਂਦਿਆਂ ਵੇਖਕੇ ਕਪੂਰਥਲੇ ਦੇ ਹਾਕਮਾਂ ਨੂੰ ਤਾਰਾਂ ਦੇਕੇ ਰਿਆਸਤ ਦੀ ਪੁਲਸ ਅੱਗੇ ਸੱਦੀ ਹੋਈ ਸੀ। ਪਰ ਇਹ ਸੂਰਮੇ ਰਾਤ ਨੂੰ ਬੇਲੇ ਦੇ ਸਰਾਂ ਵਿਚ ਵੜ ਗਏ ਤੇ ਪਿਛਲੀ ਵਾਹਰ ਤੋਂ ਥੋੜ੍ਹੇ ਚਿਰ ਲਈ ਦਮ ਲੈ ਲਿਆ।

ਸਾਹ ਲੈ ਕੇ ਉਹਨਾਂ ਨੇ ਰਫਲਾਂ ਤੇ ਗੋਲੀ ਗੱਠਾ ਝਲ ਵਿਚ ਦੱਬ ਦਿਤਾ ਤੇ ਆਪ ਸਵੇਰੇ ਲਾਗਦੇ ਪਿੰਡਾਂ ਵਿਚ ਰੋਟੀ ਪਾਣੀ ਲਈ ਜਾ ਵੜੇ। ਅਗੇ ਪੁਲਸ ਨੇ ਬੇਲਿਓਂ ਬਾਹਰਲੇ ਪਿੰਡਾਂ ਵਿਚ ਬੌਰਾਂ ਲਾਈਆਂ ਹੋਈ ਸਨ ਤੇ ਭਾਈ ਚੰਨਣ ਸਿੰਘ, ਭਾਈ ਕਾਲਾ ਸਿੰਘ, ਭਾਈ ਹਰਨਾਮ ਸਿੰਘ ਤੇ ਭਾਈ ਆਤਮਾ ਸਿੰਘ ਤਾਂ ਝਲ ਦੇ ਕੰਢੇ ਦੇ ਇਕ ਪਿੰਡੋਂ ਫੜ ਗਏ। ਭਾਈ ਜਵੰਦ ਸਿੰਘ ਤੇ ਭਾਈ ਬੰਤਾ ਸਿੰਘ ਨਿਕਲ ਗਏ। ਭਾ: ਬੰਤਾ ਸਿੰਘ 25 ਜੂਨ ਨੂੰ ਜੌੜੇ ਜ਼ਿਲਾ ਹੁਸ਼ਿਆਰਪੁਰ ਤੋਂ ਫੜਿਆ ਗਿਆ। ਇਹਨਾਂ ਪੰਜਾਂ ਨੂੰ ਲਾਹੌਰ ਦੇ ਸਪੈਸ਼ਲ ਟਰਿਬੂਨਲ ਦੀ ਅਦਾਲਤ ਨੇ 21 ਜੁਲਾਈ, 1915 ਨੂੰ ਫਾਂਸੀ ਦੀ ਸਜ਼ਾ ਦਿਤੀ ਤੇ ਜੇਲ੍ਹ ਵਾਲਿਆਂ ਨੇ ਇਹਨਾਂ ਅਣਥੱਕ ਤੇ ਬਹਾਦਰੀ ਵਿਚ ਬੇਮਿਸਾਲ ਇਨਕਲਾਬੀ ਯੋਧਿਆਂ ਨੂੰ ਫਾਂਸੀ ਤੇ ਚਾੜ੍ਹਕੇ ਸ਼ਹੀਦ ਕਰ ਦਿਤਾ।

19 ਜੂਨ, 1915 ਨੂੰ ਪਰੇਮ ਸਿੰਘ ਨੇ (ਘੁਕੇਵਾਲੀ ਦੇ ਖੁਸ਼ਹਾਲ ਸਿੰਘ ਤੇ ਸੈਹਿੰਸਰੇ ਦੇ ਪੰਡਤ ਜਗਨ ਨਾਥ ਨੂੰ ਜੋ, ਸਿੰਘਾਪੁਰ ਤੋਂ ਆਏ ਹੋਏ ਸਨ, ਨਾਲ ਲੈਕੇ) ਸੈਹਿੰਸਰੇ ਦੇ ਝੋਲੀਚੁਕ ਈਸ਼ਰ ਸਿੰਘ ਜ਼ੈਲਦਾਰ ਉਤੇ ਸ਼ਾਮ ਨੂੰ ਗੁਰਦਵਾਰਿਓਂ ਨਹਾ ਕੇ ਜਾਂਦਿਆਂ ਗੋਲੀਆਂ ਚਲਾਈਆਂ, ਪਰ ਜ਼ੈਲਦਾਰ ਬਚ ਗਿਆ।

ਇਸ ਤੋਂ ਹਟ ਕੇ ਭਾਈ ਪਰੇਮ ਸਿੰਘ ਨੇ ਭਾਈ ਰੂੜ ਸਿੰਘ ਸੰਘਵਾਲ ਤੇ ਹੋਰ ਬੰਦੇ ਨਾਲ ਲੈਕੇ ਪੱਧਰੀ ਦੇ ਝੋਲੀ ਚੁੱਕ ਕਪੂਰ ਸਿੰਘ ਦੀ ਸ਼ਾਮ ਨੂੰ ਖੂਹ ਤੋਂ ਨਹਾ ਕੇ ਘਰ ਮੁੜਦੇ ਦੀ ਅਲਖ ਮੁਕਾ ਦਿਤੀ। ਇਸ ਦੇਸ਼ ਧਰੋਹੀ ਨੇ ਝਾੜ ਸਾਹਿਬ ਵਾਲੀ ਗ਼ਦਰੀਆਂ ਦੀ ਮੀਟਿੰਗ ਦੀ ਸਭ ਤੋਂ ਪਹਿਲਾਂ ਸਰਕਾਰੇ ਇਤਲਾਹ ਦਿਤੀ ਗਈ, ਭਾਈ ਲਾਲ ਸਿੰਘ ਭੂਰੇ ਨੂੰ ਗਰਿਫਤਾਰ ਕਰਵਾਇਆ ਸੀ, ਫੌਜੀ ਸਵਾਰ ਫੜਵਾਏ ਤੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਬਹੁਤ ਜ਼ਰੂਰੀ ਗਵਾਹ ਸੀ।[3] ਇਸ ਕਤਲ ਦੇ ਸਿਲਸਿਲੇ ਵਿਚ ਇੰਦਰ ਸਿੰਘ ਪੱਧਰੀ ਫੜਿਆ ਗਿਆ, ਜੋ ਭਾਈ ਪਰੇਮ ਸਿੰਘ ਦੇ ਥਾਂ ਟਿਕਾਣੇ ਜਾਣਦਾ ਸੀ। ਉਸ ਦੇ ਇਕਬਾਲ ਉਤੇ ਪੁਲਿਸ ਪਰੇਮ ਸਿੰਘ ਦੀਆਂ ਠਾਹਰਾਂ ਤੋਂ ਜਾਣੂ ਹੋ ਗਈ। ਅਖ਼ੀਰ ਬਲਵੰਤ ਸਿੰਘ ਦਦੇਹਰ ਤੇ ਭਾਈ ਲਾਲ ਸਿੰਘ ਭੂਰੇ ਦੇ ਕਪੁਤ, ਚੰਨਣ ਸਿੰਘ ਭੂਰੇ ਨੇ ਪੁਲਸ ਦੇ ਟੇਟੇ ਚੜ੍ਹਕੇ ਭਾਈ ਨੂੰ ਗਰਿਫਤਾਰ ਕਰਵਾ ਦਿਤਾ। ਭਾਈ ਪਰੇਮ ਸਿੰਘ ਬਾਰੇ ਸੀ.ਆਈ.ਡੀ. ਦੇ ਅਫਸਰਾਂ, ਆਈਸਮੌਂਗਰ ਤੇ ਸਲੈਟਰੀ ਦੀ ਇਹ ਰਾਏ ਹੈ।

"ਪਰੇਮ ਸਿੰਘ ਤਲੀ ਤੇ ਸਿਰ ਰਖੀ ਫਿਰਦਾ ਬੰਦਾ ਸੀ। ਉਹ ਸਰਕਾਰ ਦੇ ਖਿਲਾਫ ਬੇਅੰਤ ਕੀਨਾ ਰੱਖਦਾ ਸੀ। ਭਾਵੇਂ ਉਸ ਦੇ ਲੀਡਰ ਤੇ ਨਾਲ ਦੇ ਸਾਥੀ ਫੜੇ ਗਏ ਜਾਂ ਘਰੀਂ ਬੈਠ ਗਏ ਸਨ, ਪਰ ਉਹ ਆਪਣੇ ਤੌਰ ਤਰੀਕਿਆਂ ਵਿਚ ਦਰਿੜਤਾ ਨਾਲ ਡਟਿਆ ਰਿਹਾ।[1]"

ਇਹਨਾਂ ਸਾਰੇ ਫੜੇ ਹੋਏ 102 ਗ਼ਦਰੀਆਂ ਉਤੇ ਲਾਹੌਰ ਸਾਜ਼ਿਸ ਦਾ ਦੂਸਰਾ (ਪਹਿਲਾ ਸਪਲੀਮੈਂਟਰੀ) ਮੁਕੱਦਮਾ ਚਲਾਇਆ ਗਿਆ। ਇਹ ਮੁਕੱਦਮਾ ਵੀ ਲਾਹੌਰ ਸੈਂਟਰਲ ਜੇਹਲ ਵਿਚ 25 ਅਕਤੂਬਰ, 1915 ਤੋਂ ਸ਼ੁਰੂ ਹੋਇਆ ਤੇ 30 ਮਾਰਚ, 1916 ਨੂੰ ਫੈਸਲਾ ਕਰਕੇ ਭਾਈ ਬੀਰ ਸਿੰਘ ਬਾਹੋਵਾਲ, ਭਾਈ ਹੀਰਾ ਸਿੰਘ ਚਰੜ, ਭਾਈ ਈਸ਼ਰ ਸਿੰਘ ਢੁਡੀਕੇ, ਭਾਈ

ਰੰਗਾ ਸਿੰਘ ਖੁਰਦਪੁਰ, ਭਾਈ ਰੂੜ ਸਿੰਘ ਤਲਵੰਡੀ ਦੁਸਾਂਝ ਤੇ ਭਾਈ ਉਤਮ ਸਿੰਘ ਹਾਂਸ ਨੂੰ ਮੌਤ ਤੇ ਘਰ ਘਾਟ ਜ਼ਬਤੀ ਦੀ ਸਜ਼ਾ ਸੁਣਾਈ ਗਈ। ਭਾਈ ਹੀਰਾ ਸਿੰਘ ਚਰੜ ਦੀ ਸਜ਼ਾ ਵਾਇਸਰਾਏ ਨੇ ਉਮਰ ਕੈਦ ਵਿਚ ਬਦਲ ਦਿਤੀ। 45 ਹੋਰਨਾਂ ਨੂੰ ਉਮਰ ਕੈਦ, ਕਾਲੇ ਪਾਣੀ ਤੇ ਘਰ ਘਾਟ ਜ਼ਬਤੀ ਦੀ ਸਜ਼ਾ ਹੋਈ, 8 ਨੂੰ ਛੇ ਮਹੀਨੇ ਤੋਂ ਲੈ ਕੇ ਚਾਰ ਸਾਲ ਤੱਕ ਕੈਦ ਸਖ਼ਤ ਦੀ ਸਜ਼ਾ ਹੋਈ। ਇਸ ਮੁਕੱਦਮੇ ਦੀ ਸਭ ਤੋਂ ਅਲੋਕਾਰ ਗਲ ਇਕ ਇਹ ਸੀ ਕਿ ਭਾਈ ਗੁੱਜਰ ਸਿੰਘ ਭਕਨਾ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚੋਂ ਬਰੀ ਹੋ ਗਏ ਸਨ। ਪਿੰਡ ਦੇ ਨੰਬਰਦਾਰ ਨੇ ਉਸ ਦੀ ਸਫਾਈ ਦਿਤੀ ਸੀ। ਇਸ ਮੁਕੱਦਮੇ ਵਿਚ ਉਸ ਨੂੰ ਫੇਰ ਧਰ ਲਿਆ ਗਿਆ ਤੇ ਉਮਰ ਕੈਦ ਕਰ ਦਿਤਾ ਗਿਆ। ਉਹੋ ਹੀ ਨੰਬਰਦਾਰ ਏਥੇ ਪੁਲਸ ਦਾ ਦਬਾਇਆ ਹੋਇਆ ਹੋਰ ਉਗਾਹੀ ਦੇ ਗਿਆ। ਜਦ ਜੱਜਾਂ ਨੇ ਉਸ ਨੂੰ ਇਸ ਦੀ ਵਜ੍ਹਾ ਪੁੱਛੀ ਤਾਂ ਨੰਬਰਦਾਰ ਕਹਿਣ ਲੱਗਾ, ਕਿ "ਜਿਸ ਤਰ੍ਹਾਂ ਮੈਨੂੰ ਪੁਲਸ ਨੇ ਆਖਿਆ ਹੈ, ਮੈਂ ਕਹਿ ਦਿਤਾ ਹੈ।" ਨੰਬਰਦਾਰ ਦੇ ਇਸ ਇਕਬਾਲ ਦੇ ਬਾਵਜੂਦ ਵੀ ਭਾਈ ਜੀ ਨੂੰ ਨੰਬਰਦਾਰ ਦੀ ਉਗਾਹੀ ਉਤੇ ਉਮਰ ਕੈਦ ਦੀ ਸਜ਼ਾ ਦੇ ਦਿਤੀ ਗਈ।

ਦੂਸਰੀ ਅਲੋਕਾਰ ਗੱਲ ਹੈ ਕਿ ਪਹਿਲੇ ਲਾਹੌਰ ਸਾਜ਼ਿਸ ਕੇਸ ਵਿਚ ਭਾਈ ਗੁਰਮੁਖ ਸਿੰਘ ਲਲਤੋਂ ਦੀ ਗਰਿਫਤਾਰੀ 20 ਫਰਵਰੀ, 1915 ਲਾਹੌਰ ਦੇ ਗ਼ਦਰ ਪਾਰਟੀ ਵਾਲੇ ਮਕਾਨ ਉਤੇ ਪਾਈ ਹੋਈ ਹੈ ਤੇ ਉਸ ਦੇ ਦੋਸ਼ ਪੱਤਰ ਵਿਚ ਵੀ ਇਸ ਦਾ ਜ਼ਿਕਰ ਹੈ। ਇਸ ਦੂਸਰੇ ਮੁਕੱਦਮੇ ਵਿਚ ਭਾਈ ਜੀ ਨੂੰ 20-21 ਫਰਵਰੀ ਵਾਲੇ ਦਿਨ ਦੁਰਾਹੇ ਦੇ ਪੁਲ ਉਤੇ ਬੰਬ ਲਿਜਾਂਦਾ ਸਾਬਤ ਕੀਤਾ ਗਿਆ ਹੈ। ਇਸ ਮੁਕੱਦਮੇ ਵਿਚ ਇੰਦਰ ਸਿੰਘ ਪੱਧਰੀ, ਕੇਹਰ ਸਿੰਘ ਸੈਦੋ, ਗਾਂਧਾ ਸਿੰਘ ਕੱਚਰਭੰਨ, ਹਰਦਿੱਤ ਸਿੰਘ, ਪਰੇਮ ਸਿੰਘ ਸੁਰਸਿੰਘ, ਅਰਜਨ ਸਿੰਘ ਸਲੋਤਰੀ ਤੇ ਦੋ ਹੋਰ ਗ਼ਦਰੀ ਮਫਰੂਰ ਸਨ। ਭਾਈ ਗਾਂਧਾ ਸਿੰਘ ਜਾਂ ਭਗਤ ਸਿੰਘ ਕੱਚਰਭੰਨ, ਭਾਈ ਉਤਮ ਸਿੰਘ ਜਾਂ ਰਾਘੋ ਸਿੰਘ ਹਾਂਸ, ਭਾਈ ਈਸ਼ਰ ਸਿੰਘ ਦੂਸਰਾ ਨਾਂ ਪੂਰਨ ਸਿੰਘ ਢੁੱਡੀਕੇ 19 ਸਤੰਬਰ, 1915 ਨੂੰ ਪਿੰਡ ਜਿਊਣਵਾਲਾ ਫਰੀਦਕੋਟ ਤੋਂ ਇਕ ਸਾਧੂ ਦੀ ਕੁਟੀਆ ਵਿਚੋਂ ਫੜੇ ਗਏ।[4] ਭਾਈ ਈਸ਼ਰ ਸਿੰਘ ਢੁੱਡੀਕੇ ਤੇ ਭਾਈ ਉਤਮ ਸਿੰਘ ਹਾਂਸ ਨੂੰ ਦੂਸਰੇ ਲਾਹੌਰ ਸਾਜ਼ਿਸ਼ ਕੇਸ ਵਿਚ ਰੱਖ ਲਿਆ ਗਿਆ। ਭਾਈ ਗਾਂਧਾ ਸਿੰਘ ਨੂੰ ਫੇਰੂ ਸ਼ਹਿਰ ਵਾਲੇ ਥਾਣੇਦਾਰ ਨੂੰ ਮਾਰਨ ਵਾਲੇ ਮੁਕੱਦਮੇ ਵਿਚ ਰੱਖਕੇ ਫਾਂਸੀ ਤੇ ਘਰ ਘਾਟ ਜ਼ਬਤੀ ਦੀ ਸਜ਼ਾ ਦਿਤੀ ਗਈ ਤੇ ਇਹ ਤਿੰਨੇ ਸੂਰਮੇ ਫਾਂਸੀ ਲਾ ਕੇ ਸ਼ਹੀਦ ਕੀਤੇ ਗਏ। ਇਹਨਾਂ ਦੇ ਮੁਕੱਦਮੇ ਤੋਂ ਮਗਰੋਂ ਫੜੇ ਹੋਏ 12 ਹੋਰ ਗ਼ਦਰੀਆਂ ਉਤੇ ਤੀਸਰਾ ਲਾਹੌਰ ਸਾਜ਼ਿਸ਼ ਕੇਸ ਚਲਾਕੇ ਭਾਈ ਬਲਵੰਤ ਸਿੰਘ ਖ਼ੁਰਦਪੁਰ (ਕੈਨੇਡਾ ਲਹਿਰ ਦੇ ਆਗੂ), ਸ੍ਰੀ ਬਾਬੂ ਰਾਮ ਤੇ ਨਾਮ੍ਹਾ (ਹਰਨਾਮ ਸਿੰਘ) ਫਤਿਹਗੜ੍ਹ (ਹੋਸ਼ਿਆਰਪੁਰ), ਸ੍ਰੀ ਹਾਫਿਜ਼ ਅਬਦੁਲਾ ਜਗਰਾਉਂ (ਪਰਧਾਨ ਫਿਲਪਾਈਨ ਗ਼ਦਰ ਪਾਰਟੀ) ਤੇ ਭਾਈ ਰੂੜ ਸਿੰਘ ਸੰਘਵਾਲ ਨੂੰ ਫਾਂਸੀ ਤੇ ਘਰ ਘਾਟ ਜ਼ਬਤੀ ਦੀਆਂ ਸਜ਼ਾਵਾਂ ਦਿਤੀਆਂ ਗਈਆਂ ਤੇ ਇਹ ਸਾਰੇ ਫਾਂਸੀ ਦੇਕੇ ਸ਼ਹੀਦ ਕਰ ਦਿਤੇ। ਭਾਈ ਕਰਤਾਰ ਸਿੰਘ ਨਵੇਂ ਚੰਦ (ਮੋਗਾ) ਦੀ ਫਾਂਸੀ ਦੀ ਸਜ਼ਾ ਵਾਇਸਰਾਏ ਨੇ ਉਮਰ ਕੈਦ ਵਿਚ ਬਦਲ ਦਿਤੀ। ਹੋਰ ਪੰਜਾਂ ਨੂੰ ਉਮਰ ਕੈਦ ਤੇ ਭਾਈ ਅਮਰ ਸਿੰਘ ਕੋਟਲਾ ਨੌਧ ਸਿੰਘ ਨੂੰ ਇਸ ਮੁਕੱਦਮੇ ਵਿਚ ਦੋ ਸਾਲ ਦੀ ਸਖਤ ਕੈਦ ਦਿਤੀ ਗਈ, ਹਾਲਾਂਕਿ ਉਹ ਦੂਸਰੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚੋਂ ਬਰੀ ਕਰ ਦਿਤੇ ਗਏ ਸਨ।

ਭਾਈ ਬਲਵੰਤ ਸਿੰਘ ਨੂੰ ਇਸ ਕਰਕੇ ਮੌਤ ਦੀ ਸਜ਼ਾ ਦਿਤੀ ਗਈ ਕਿ ਉਹ ਕੈਨੇਡਾ ਦੀ ਹਿੰਦੀ ਲਹਿਰ ਦੇ ਆਗੂ ਸਨ ਤੇ ਉਹਨਾਂ ਨੂੰ ਕੈਨੇਡਾ ਵਿਚੋਂ ਗ਼ਦਰ ਲਹਿਰ ਵਿਚ ਹਿਸਾ ਲੈਣ

ਵਾਸਤੇ ਆਉਣ ਵਾਲਿਆਂ ਨੂੰ ਭੇਜਣ ਦਾ ਜ਼ੁਮੇਵਾਰ ਠਹਿਰਾਇਆ ਗਿਆ ਹਾਲਾਂਕਿ ਉਹ ਸਿਆਮ ਵਿਚੋਂ ਫੜੇ ਗਏ ਸਨ ਤੇ ਹਿੰਦ ਦੀ ਧਰਤੀ ਉਤੇ ਉਹਨਾਂ ਨੇ ਕੋਈ ਅਜੇਹਾ ਕੰਮ ਨਹੀਂ ਸੀ ਕੀਤਾ, ਜੋ ਸਾਮਰਾਜੀ ਕਾਨੂੰਨ ਵਿਰੁੱਧ ਹੋਵੇ। ਹਾਫਿਜ਼ ਮੁਹੰਮਦ ਅਬਦੁਲਾ ਨੂੰ ਵੀ ਇਸੇ ਕਰਕੇ ਫਾਂਸੀ ਚਾਹੜਕੇ ਸ਼ਹੀਦ ਕਰ ਦਿਤਾ ਗਿਆ ਕਿ ਉਹ ਫਿਲਪਾਈਨ ਦੀ ਗ਼ਦਰ ਪਾਰਟੀ ਦੇ ਪਰਧਾਨ ਸਨ, ਜਿਥੋਂ ਕਈ ਸਿਰਲੱਥ ਤੇ ਸ਼ਹੀਦ ਹੋ ਚੁੱਕੇ ਗ਼ਦਰੀ ਅੰਗਰੇਜ਼ੀ ਰਾਜ ਨੂੰ ਉਲਟਾਉਣ ਲਈ ਦੇਸ਼ ਨੂੰ ਆਏ। ਸ੍ਰੀ ਨਾਮ੍ਹੇ ਤੇ ਬਾਬੂ ਨੂੰ ਜੋ ਕੈਨੇਡਾ ਤੋਂ ਆਏ ਸਨ, ਮੰਡੀ ਦੇ ਰਾਜੇ ਦੇ ਭਤੀਜੇ ਠਾਕਰ ਜਵਾਹਰ ਸਿੰਘ ਨੂੰ ਗ਼ਦਰ ਪਾਰਟੀ ਨਾਲ ਜੋੜਨ ਦੇ ਦੋਸ਼ ਵਿਚ ਇਸ ਕਰਕੇ ਫਾਂਸੀ ਟੰਗ ਦਿਤਾ ਗਿਆ ਕਿ ਅੰਗਰੇਜ਼ੀ ਹਾਕਮ ਨਹੀਂ ਸਨ ਬਰਦਾਸ਼ਤ ਕਰ ਸਕਦੇ ਕਿ ਪਾਰਟੀ ਰਾਜ ਘਰਾਣੇ ਦਿਆਂ ਬੰਦਿਆਂ ਨੂੰ ਆਪਣੇ ਨਾਲ ਰਲਾ ਲਵੇ ਤੇ ਇਸ ਤਰ੍ਹਾਂ ਅੰਗਰੇਜ਼ੀ ਦੀਆਂ ਕਠਪੁਤਲੀਆਂ (ਦੇਸ਼ੀ ਰਾਜ ਘਰਾਣਿਆਂ) ਵਿਚ ਵੀ ਅੰਗਰੇਜ਼ ਵਿਰੋਧੀ ਜਜ਼ਬਾ ਪੈਦਾ ਹੋ ਜਾਵੇ। ਇਸ ਲਈ ਸਾਮਰਾਜੀ ਹਕੂਮਤ ਨੇ ਭਾਵੇਂ ਠਾਕਰਾਂ ਨੂੰ ਉਮਰ ਕੈਦ ਦੀ ਸਜ਼ਾ ਹੀ ਦਿਤੀ ਪਰ ਇਹਨਾਂ ਗ਼ਦਰੀਆਂ ਨੂੰ ਫਾਂਸੀ ਲਾਕੇ ਹੀ ਦਮ ਲਿਆ। ਭਾਈ ਜਵੰਦ ਸਿੰਘ ਜਾਂ ਜਸਵੰਤ ਸਿੰਘ ਨੰਗਲ ਕਲਾਂ 28 ਮਾਰਚ, 1917 ਨੂੰ ਕਾਲੇਵਾਲ (ਹੁਸ਼ਿਆਰਪੁਰ) ਤੋਂ ਪੁਲਸ ਦੇ ਕਾਬੂ ਆ ਗਏ। 21 ਮਈ ਨੂੰ ਪੰਜਵੇਂ ਲਾਹੌਰ ਸਾਜ਼ਿਸ਼ ਕੇਸ ਵਿਚ ਰਖਕੇ 26 ਮਈ, 1917 ਨੂੰ ਫਾਂਸੀ ਤੇ ਘਰ ਘਾਟ ਜ਼ਬਤ ਕਰਨ ਦੀ ਸਜ਼ਾ ਦਿਤੀ ਗਈ ਤੇ ਫਾਂਸੀ ਲਾਕੇ ਸ਼ਹੀਦ ਕਰ ਦਿਤਾ ਗਿਆ। ਸ਼ਹੀਦ ਨਾਮ੍ਹੇ ਤੇ ਬਾਬੂ ਦੇ ਸਾਥੀ ਇਕ ਹੋਰ ਗ਼ਦਰੀ ਭਾਈ ਸੁਰਜਨ ਸਿੰਘ ਫਤਿਹਗੜ੍ਹ (ਹੁਸ਼ਿਆਰਪੁਰ) ਨੂੰ ਫੇਰੂ ਸ਼ਹਿਰ ਦੇ ਮੁਕੱਦਮੇ ਵਿਚ ਰਖਕੇ ਫਾਂਸੀ ਦੇਕੇ ਸ਼ਹੀਦ ਕਰ ਦਿਤਾ ਗਿਆ। ਇਹਨਾਂ ਤੋਂ ਇਲਾਵਾ ਗਰਿਫਤਾਰ ਹੋਏ ਗ਼ਦਰੀਆਂ ਨੂੰ ਕੁਝ ਟੁੱਟਵੇਂ ਮੁਕੱਦਮਿਆਂ ਵਿਚ ਰੱਖਕੇ ਲੰਮੀਆਂ ਸਖ਼ਤ ਸਜ਼ਾਵਾਂ ਦਿਤੀਆਂ ਗਈਆਂ। ਜਿਸ ਤਰ੍ਹਾਂ ਮੰਡੀ ਰਿਆਸਤ ਦੇ ਦੋ ਮੁਕੱਦਮੇ, ਸੰਘਵਾਲ ਦੇ ਜਥੇ ਦੇ ਤਿੰਨ ਮੁਕੱਦਮੇ ਤੇ ਸ੍ਰੀ ਹਰਗੋਬਿੰਦਪੁਰ ਜਥੇ ਦੇ ਦੋ ਮੁਕੱਦਮੇ ਆਦਿ। ਇਹਨਾਂ ਗਰਿਫਤਾਰੀਆਂ ਤੇ ਸਜ਼ਾਵਾਂ ਨਾਲ ਪੰਜਾਬ ਵਿਚੋਂ ਗ਼ਦਰੀ ਲਹਿਰ ਦਾ ਕੰਮ ਖ਼ਤਮ ਹੋ ਗਿਆ।

[ਗ਼ਦਰ ਪਾਰਟੀ ਦਾ ਇਤਿਹਾਸ, ਸਫ਼ਾ 221 ਤੋਂ 225]

ਸ਼ਹੀਦ ਬੰਤਾ ਸਿੰਘ ਸੰਘਵਾਲ

-ਡਾ. ਜਸਬੀਰ ਕੌਰ ਗਿੱਲ

ਪੋਤਰੀ ਬੰਤਾ ਸਿੰਘ ਸੰਘਵਾਲ

ਗ਼ਦਰ ਲਹਿਰ ਭਾਰਤ ਦੇ ਇਤਿਹਾਸ ਵਿਚ ਆਪਣੀ ਨਿਵੇਕਲੀ ਅਤੇ ਨਰੋਈ ਵਿਰਾਸਤ ਦੀ ਮਾਲਕ ਹੋਣ ਕਾਰਨ ਸਰਵਉੱਚ ਸਥਾਨ ਰੱਖਦੀ ਹੈ। ਹਿੰਦੁਸਤਾਨ ਦੀ ਆਜ਼ਾਦੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ, ਇਸ ਗ਼ਦਰ ਲਹਿਰ ਨੇ ਇਕ ਨਵਾਂ ਉਭਾਰ ਪੈਦਾ ਕਰ ਦਿੱਤਾ। ਇਹ ਪਹਿਲੀ ਲਹਿਰ ਹੈ ਜਿਸ ਨੇ ਬਰਤਾਨਵੀ ਸਾਮਰਾਜ ਦਾ ਖੁਰਾ-ਖੋਜ ਮਿਟਾ ਕੇ ਪੂਰਨ ਆਜ਼ਾਦੀ ਪ੍ਰਾਪਤ ਕਰਨ ਦਾ ਨਿਸ਼ਾਨਾ ਰੱਖਿਆ। ਗ਼ਦਰ ਲਹਿਰ ਨੇ ਬਹੁਤ ਸਾਰੇ ਹੀਰੇ ਅਜਿਹੇ ਪੈਦਾ ਕੀਤੇ, ਜਿਹੜੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਹੱਸ-ਹੱਸ ਕੇ ਫਾਂਸੀ ਚੜ੍ਹ ਗਏ ਤੇ ਇਹੋ ਜਿਹੇ ਹੀ ਅਨਮੋਲ ਹੀਰੇ ਦੇਸ਼ ਭਗਤ ਸਨ ਸ. ਬੰਤਾ ਸਿੰਘ ਸੰਘਵਾਲ ਜਿਨ੍ਹਾਂ ਦੇ ਦਿਲ ਵਿਚ ਏਹੀ ਸੀ-

ਐਸਾ ਵਿਰਸਾ ਛੱਡ ਕੇ ਮੈਂ ਮਰ ਜਾਵਾਂ,
ਬਾਲ ਚੌਮੁਖੀਆ ਸੱਚ ਦਾ ਦੀਵਾ
ਸ਼ਾਹ ਰਾਤ 'ਤੇ ਧਰ ਜਾਵਾਂ,
ਹਰ ਰਸਤੇ ਬੇਓੜਕ
ਚਾਨਣ ਹੀ ਚਾਨਣ ਕਰ ਜਾਵਾਂ।

ਬਚਪਨ ਵਿਚ ਹੀ ਦੇਸ਼ ਸੇਵਾ

ਸ਼ਹੀਦ ਸ. ਬੰਤਾ ਸਿੰਘ ਸੰਘਵਾਲ ਦਾ ਜਨਮ ਪਿੰਡ ਸੰਘਵਾਲ ਜ਼ਿਲ੍ਹਾ ਜਲੰਧਰ ਵਿਚ 1890 ਵਿਚ ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਂ ਸ. ਬੂਟਾ ਸਿੰਘ ਅਤੇ ਮਾਤਾ ਦਾ ਨਾਂ ਬੀਬੀ ਗੁਜਰੀ ਸੀ। ਆਪ ਬਚਪਨ ਤੋਂ ਹੀ ਬੜੇ ਸਾਹਸੀ, ਨਿਰਭੈ ਅਤੇ ਗੰਭੀਰ ਸਨ। ਪੜ੍ਹਨ ਵਿਚ ਬਹੁਤ ਹੀ ਹੁਸ਼ਿਆਰ ਸਨ। ਆਪ ਜੀ ਨੇ ਦਸਵੀਂ ਕਲਾਸ ਡੀ.ਏ.ਵੀ. ਜਲੰਧਰ ਤੋਂ ਪਾਸ ਕੀਤੀ।

ਸ. ਬੰਤਾ ਸਿੰਘ ਜਿਸ ਤਰ੍ਹਾਂ ਪੜ੍ਹਨ ਵਿਚ ਤੇਜ਼ ਸਨ, ਉਸ ਤਰ੍ਹਾਂ ਹੀ ਦੇਸ਼ ਸੇਵਾ ਦੀ ਭਾਵਨਾ ਵੀ ਉਨ੍ਹਾਂ ਵਿਚ ਬਹੁਤ ਸੀ। ਜਦੋਂ ਆਪ ਵਿਦਿਆਰਥੀ ਸਨ ਤਾਂ ਭਾਗਸੂ, ਜ਼ਿਲ੍ਹਾ ਕਾਂਗੜਾ ਵਿਚ ਜ਼ਬਰਦਸਤ ਭੂਚਾਲ ਆਇਆ। ਇਸ ਦਾ ਪਤਾ ਲੱਗਦਿਆਂ ਹੀ ਆਪ ਆਪਣੇ ਸਾਥੀ ਜਮਾਤੀਆਂ ਨੂੰ ਨਾਲ ਲੈ ਕੇ ਮੁਸੀਬਤ ਵਿਚ ਫਸੇ ਲੋਕਾਂ ਦੀ ਮਦਦ ਵਾਸਤੇ ਪਹੁੰਚ ਗਏ।

ਅਮਰੀਕਾ ਵਿਚ ਬਾਬਾ ਸੋਹਣ ਸਿੰਘ ਭਕਨਾ ਤੇ ਲਾਲਾ ਹਰਦਿਆਲ ਨਾਲ ਮੁਲਾਕਾਤ

ਸ. ਬੰਤਾ ਸਿੰਘ ਉੱਪਰ ਘਰੇਲੂ ਜ਼ਿੰਮੇਂਵਾਰੀਆਂ ਨਹੀਂ ਸਨ। ਇਹ ਚੰਗੇ ਰੱਜੇ-ਪੁੱਜੇ ਘਰ ਪੈਦਾ ਹੋਏ ਸਨ। ਦਸਵੀਂ ਜਮਾਤ ਪਾਸ ਕਰਨ ਤੋਂ ਬਾਅਦ ਆਪ ਜੀ ਨੇ ਵਿਦੇਸ਼ ਜਾ ਕੇ ਪੜ੍ਹਾਈ

ਕਰਨ ਦਾ ਮਨ ਬਣਾ ਲਿਆ। ਪਹਿਲਾਂ ਆਪ ਚੀਨ ਗਏ, ਫਿਰ ਹਾਂਗਕਾਂਗ ਤੋਂ ਫਿਰ ਅਮਰੀਕਾ ਪਹੁੰਚ ਗਏ। ਅਮਰੀਕਾ ਵਿਚ ਭਾਰਤੀਆਂ ਨਾਲ ਬੁਰਾ ਸਲੂਕ ਦੇਖ ਕੇ ਆਪ ਜੀ ਦੇ ਦਿਲ 'ਤੇ ਡੂੰਘੀ ਸੱਟ ਵੱਜੀ। ਲੋਕ ਸੇਵਾ, ਦੀਨ ਦੁਖੀਆਂ ਦੀ ਸੇਵਾ ਦੀ ਭਾਵਨਾ, ਦੇਸ਼ ਸੇਵਾ ਦੀ ਲਾਟ ਵਿੱਚ ਬਦਲ ਗਈ। ਅਮਰੀਕਾ ਵਿਚ ਰਹਿੰਦੇ ਹਿੰਦੁਸਤਾਨ ਪੈਰ-ਪੈਰ 'ਤੇ ਮਹਿਸੂਸ ਕਰ ਰਹੇ ਸਨ ਕਿ ਗੁਲਾਮ ਹੋਣ ਕਰਕੇ ਉਨ੍ਹਾਂ ਦੀ ਇੱਜ਼ਤ ਕਿੰਨੀ ਘੱਟ ਹੈ। ਉਨ੍ਹਾਂ ਨੇ ਪ੍ਰਣ ਕਰ ਲਿਆ ਕਿ ਜੇ ਜੀਆਂਗੇ ਤੇ ਆਜ਼ਾਦ ਹੋ ਕੇ ਨਹੀਂ ਤਾਂ ਮਿਟ ਜਾਵਾਂਗੇ, ਮਰ ਜਾਵਾਂਗੇ। ਇਸੇ ਹਾਲਤ ਵਿਚ ਆਪ ਜੀ ਦੀ ਮੁਲਾਕਾਤ ਬਾਬਾ ਸੋਹਣ ਸਿੰਘ ਭਕਨਾ ਅਤੇ ਲਾਲਾ ਹਰਦਿਆਲ ਨਾਲ ਹੋਈ। ਉਨ੍ਹਾਂ ਨਾਲ ਆਪ ਜੀ ਨੇ ਆਪਣੇ ਦੇਸ਼ ਵਾਸੀਆਂ ਨੂੰ ਨਾਲ ਲੈ ਕੇ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਦੀਆਂ ਸਕੀਮਾਂ ਬਣਾਈਆਂ। ਅਮਰੀਕਾ ਵਿਚ ਲਾਲਾ ਹਰਦਿਆਲ ਨਾਲ ਸ. ਬੰਤਾ ਸਿੰਘ ਨੇ ਗ਼ਦਰ ਗੂੰਜ ਛਾਪਣ ਵਿਚ ਵੀ ਕੰਮ ਕੀਤਾ।

ਗ਼ਦਰ ਪਾਰਟੀ ਦੀ ਵੰਗਾਰ 'ਤੇ ਸਭ ਤੋਂ ਪਹਿਲਾਂ ਨਾਮ ਲਿਖਵਾਇਆ

ਭਾਰਤੀਆਂ ਨੇ ਅਮਰੀਕਾ ਵਿਚ ਸਾਰੀਆਂ ਜਥੇਬੰਦੀਆਂ ਨੂੰ ਇਕੱਠਾ ਕਰਕੇ ਇਕ ਕੇਂਦਰੀ ਜਥੇਬੰਦੀ ਬਨਾਉਣ ਦੀ ਲੋੜ ਮਹਿਸੂਸ ਕੀਤੀ। ਜਿਸ ਦੇ ਸਿੱਟੇ ਵਜੋਂ 21 ਅਪ੍ਰੈਲ 1913 ਨੂੰ "ਹਿੰਦੀ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ" ਨਾਂ ਦੀ ਕੇਂਦਰੀ ਜਥੇਬੰਦੀ ਹੋਂਦ ਵਿਚ ਆਈ। ਬਾਅਦ ਵਿਚ ਇਹੀ ਜਥੇਬੰਦੀ 'ਹਿੰਦੋਸਤਾਨ ਗ਼ਦਰ ਪਾਰਟੀ' ਨਾਂ ਨਾਲ ਜਾਣੀ ਗਈ। ਇਸ ਜਥੇਬੰਦੀ ਨੇ ਅੰਗਰੇਜ਼ ਸਾਮਰਾਜ ਦਾ ਖ਼ਾਤਮਾ ਕਰਨ ਦਾ ਬੀੜਾ ਚੁੱਕਿਆ। ਭਾਰਤ ਅੰਦਰ ਧਰਮ ਨਿਰਪੱਖ, ਲੋਕਰਾਜ ਸਥਾਪਤ ਕਰਨ ਦਾ ਵੀ ਫੈਸਲਾ ਕੀਤਾ। ਗ਼ਦਰ ਪਾਰਟੀ ਨੇ ਭਾਰਤੀਆਂ ਨੂੰ ਤਨ ਮਨ ਧਨ ਵਾਰਨ ਦਾ ਸੱਦਾ ਦਿੱਤਾ ਤਾਂ ਬਾਬਾ ਸੋਹਣ ਸਿੰਘ ਭਕਨਾ ਨੇ ਆਪਣੀ ਜੀਵਨੀ "ਮੇਰੀ ਰਾਮ ਕਹਾਣੀ" ਵਿਚ ਅਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੇ ਆਪਣੇ ਬਿਆਨਾਂ ਵਿਚ ਦੱਸਿਆ ਕਿ ਗ਼ਦਰ ਪਾਰਟੀ ਦੀ ਵੰਗਾਰ ਉੱਪਰ ਸਭ ਤੋਂ ਪਹਿਲਾਂ ਆਪਣਾ ਨਾਮ ਲਿਖਵਾਉਣ ਵਾਲਾ ਗ਼ਦਰੀ ਸ਼ੇਰ ਬੰਤਾ ਸਿੰਘ ਸੰਘਵਾਲ ਸੀ।

ਪਹਿਲੇ ਜੱਥੇ ਵਿਚ ਸ਼ਾਮਲ ਹੋ ਕੇ ਵਤਨ ਪਰਤਣਾ

ਗ਼ਦਰ ਪਾਰਟੀ ਦਾ ਇਹ ਪ੍ਰੋਗਰਾਮ ਸੀ ਕਿ ਜਦੋਂ ਪਹਿਲੀ ਸੰਸਾਰ ਜੰਗ ਛਿੜੇਗੀ ਤਾਂ ਗ਼ਦਰ ਪਾਰਟੀ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਜੰਗ ਛੇੜ ਦੇਵਗੀ। ਇਸੇ ਸਿਲਸਿਲੇ ਵਿਚ ਗ਼ਦਰ ਪਾਰਟੀ ਨੇ 1913 ਵਿਚ 50 ਵਿਦਿਆਰਥੀਆਂ ਦਾ ਜੱਥਾ ਹਿੰਦੋਸਤਾਨ ਵਿਚ ਭੇਜਿਆ ਸੀ। ਜਿਨ੍ਹਾਂ ਨੇ ਥਾਂ-ਥਾਂ ਤੋਂ ਹਾਲਾਤ ਦਾ ਜਾਇਜ਼ਾ ਲੈ ਕੇ ਪਾਰਟੀ ਨੂੰ ਭੇਜਣਾ ਸੀ। ਮਹਾਰਾਸ਼ਟਰ ਦਾ ਇੱਕ ਵਿਦਿਆਰਥੀ ਆਪਣੀ ਰਿਪੋਰਟ ਵਿਚ ਲਿਖਦਾ ਹੈ ਕਿ It is very cold here while is very hot in America ਇਸ ਦਾ ਅਰਥ ਸੀ ਕਿ 'ਹਿੰਦੋਸਤਾਨ ਤਾਂ ਸੁੱਤਾ ਪਿਆ ਹੈ ਜਦਕਿ ਅਮਰੀਕਾ ਵਿਚ ਬੜੀ ਗਰਮਾ-ਗਰਮੀ ਹੈ।' ਭੇਜੇ ਗਏ ਵਿਦਿਆਰਥੀਆਂ ਵਿਚ ਕੇਵਲ ਬੰਤਾ ਸਿੰਘ ਸੰਘਵਾਲ ਸੀ ਜਿਸਨੇ ਹੌਂਸਲਾ ਨਾ ਛੱਡਿਆ।

ਸ਼ਾਹੂਕਾਰ ਪਿਤਾ ਦੀਆਂ ਵਹੀਆਂ ਸਾੜਨੀਆਂ

ਆਮ ਜਨਤਾ ਲਈ ਬੰਤਾ ਸਿੰਘ ਦੇ ਦਿਲ ਵਿਚ ਅਥਾਹ ਹਮਦਰਦੀ ਸੀ। ਜਦੋਂ ਬੰਤਾ ਸਿੰਘ ਅਮਰੀਕਾ ਤੋਂ ਵਾਪਸ ਆਏ ਤਾਂ ਬਾਹਰਲੇ ਲੋਕਾਂ ਦੀ ਰਹਿਣੀ ਸਹਿਣੀ ਅਤੇ ਆਪਣੇ ਦੇਸ਼ ਦੇ ਲੋਕਾਂ ਦੀ ਹਾਲਤ ਦੀ ਤੁਲਨਾ ਕਰਕੇ ਆਪ ਦੇ ਮਨ ਨੂੰ ਬਹੁਤ ਦੁਖ ਪਹੁੰਚਦਾ। ਇਨ੍ਹਾਂ ਦੇ

ਪਿਤਾ ਜੀ ਕੋਲ ਪਿੰਡ ਅਤੇ ਆਲੇ ਦੁਆਲੇ ਦੇ ਲੋਕਾਂ ਨੇ ਜ਼ਮੀਨ ਜਾਇਦਾਦਾਂ ਗਹਿਣੇ ਕਰਕੇ ਪੈਸੇ ਲਏ ਹੋਏ ਸਨ। ਇਨ੍ਹਾਂ ਨੇ ਆਪਣੇ ਪਿਤਾ ਸ਼ਾਹੂਕਾਰ ਦੀਆਂ ਹਿਸਾਬ ਕਿਤਾਬ ਦੀਆਂ ਵਹੀਆਂ ਪਾੜ ਦਿੱਤੀਆਂ ਤਾਂ ਜੋ ਗਰੀਬ ਲੋਕਾਂ ਕੋਲੋਂ ਕੋਈ ਪੈਸਾ ਵਾਪਸ ਨਾ ਲਿਆ ਜਾਵੇ। ਇਸ ਤਰ੍ਹਾਂ ਕਰਜਾਈਆਂ ਨੂੰ ਸੁਰਖ਼ਰੂ ਕਰ ਦਿੱਤਾ।

ਛੂਤ ਛਾਤ ਨੂੰ ਖਤਮ ਕਰਨਾ

ਸ. ਬੰਤਾ ਸਿੰਘ ਜੀ ਦੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ। ਸੋ ਆਪ ਜੀ ਉਪਰ ਗੁਰਬਾਣੀ ਦਾ ਬਹੁਤ ਪ੍ਰਭਾਵ ਸੀ ਹਰ ਇਕ ਦੀ ਸਮਾਨਤਾ ਲਈ ਆਪ ਦੇ ਮਨ ਵਿਚ ਇਹ ਹਰ ਵੇਲੇ ਰਹਿੰਦਾ ਸੀ-

ਅਵਲ ਅੱਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ,
ਏਕ ਨੂਰ ਤੇ ਸਭ ਉਪਜਿਆ ਕੌਣ ਭਲੇ ਕੋ ਮੰਦੇ।

ਅਮਰੀਕਾ ਵਿਚ ਜਾ ਕੇ ਲੋਕਾਂ ਦੀ ਸਮਾਨਤਾ ਅਤੇ ਸੁਤੰਤਰਤਾ ਦੇਖ ਕੇ ਇਨ੍ਹਾਂ ਵਿਚ ਇਹ ਭਾਵਨਾ ਹੋਰ ਵੀ ਪ੍ਰਬਲ ਹੋ ਗਈ ਕਿ ਉਹ ਸੁਤੰਤਰ ਹਨ ਤਾਂ ਅਸੀਂ ਕਿਉਂ ਨਹੀਂ? ਜੇ ਉਥੇ ਸਮਾਨਤਾ ਹੋ ਸਕਦੀ ਤਾਂ ਸਾਡੇ ਕਿਉਂ ਨਹੀਂ? ਗ਼ਦਰ ਪਾਰਟੀ ਵਿਚ ਵੀ ਧਰਮ, ਜਾਤ, ਨਸਲ ਨੂੰ ਕੋਈ ਜਗ੍ਹਾ ਨਹੀਂ ਹੈ। ਬੰਤਾ ਸਿੰਘ ਨੇ ਗ਼ਦਰ ਲਹਿਰ ਵਿਚ ਆਪਣੇ ਪਿੰਡ ਅਤੇ ਆਪਣੇ ਆਲੇ ਦੁਆਲੇ ਦੇ ਸਭ ਧਰਮਾਂ, ਜਾਤਾਂ ਦੇ ਲੋਕਾਂ ਨੂੰ ਸ਼ਾਮਲ ਕੀਤਾ। ਆਪਣੇ ਪਿੰਡ ਦੇ ਸੰਤਾ ਸਿੰਘ ਅਤੇ ਲੱਭੂ (ਆਦਿਧਰਮੀ) ਵੀ ਇਨ੍ਹਾਂ ਨੇ ਆਪਣੇ ਨਾਲ ਸ਼ਾਮਲ ਕੀਤੇ ਹੋਏ ਸਨ।

ਖ਼ੁਫ਼ੀਆ ਪੁਲਿਸ ਅਫਸਰ ਆਈਸਮੌਂਗਰ ਤੇ ਜੇ. ਸਲੈਟਰੀ ਦੀ ਰਿਪੋਰਟ

ਖ਼ੁਫ਼ੀਆ ਪੁਲਿਸ ਅਫਸਰ ਆਈਸਮੌਂਗਰ ਤੇ ਜੇ. ਸਲੈਟਰੀ ਦੀ ਰਿਪੋਰਟ ਮੁਤਾਬਕ 'ਜਦੋਂ ਅੰਮ੍ਰਿਤਸਰ ਦੇ ਗ਼ਦਰੀ, ਆਪਣੇ ਉਦੇਸ਼ ਦੀ ਤਿਆਰੀ ਲਈ ਸਰਗਰਮ ਸਨ ਤਾਂ ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਕਾਫੀ ਇਨਕਲਾਬੀ ਗਤੀਵਿਧੀਆਂ ਹੋ ਰਹੀਆਂ ਸਨ। ਇਨ੍ਹਾਂ ਸਾਰੀਆਂ ਗਤੀਵਿਧੀਆਂ ਦਾ ਆਗੂ ਬਲਵੰਤ ਸਿੰਘ ਉਰਫ਼ ਬੰਤਾ ਸਿੰਘ, ਜੋ ਜਲੰਧਰ ਦੇ ਪਿੰਡ ਸੰਘਵਾਲ ਦਾ ਸੀ, ਉਹ ਅਮਰੀਕਾ ਤੋਂ 1913 ਦੇ ਅਖੀਰ ਵਿਚ ਹਿੰਦੋਸਤਾਨ ਪਰਤਿਆ ਸੀ। 1914 ਦੇ ਸ਼ੁਰੂ ਵਿੱਚ ਉਸਨੇ ਆਪਣੇ ਪਿੰਡ ਅਤੇ ਗੁਆਂਢੀ ਪਿੰਡਾਂ ਦੇ ਲੋਕਾਂ ਨੂੰ ਅੰਗਰੇਜ਼ੀ ਰਾਜ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ ਸੀ। ਬੰਤਾ ਸਿੰਘ ਇੱਕ ਖਾਂਦੇ-ਪੀਂਦੇ ਪਰਿਵਾਰ ਵਿੱਚੋਂ ਸੀ। ਵਿਦੇਸ਼ ਵਿਚ ਜਾ ਕੇ ਮਿਹਨਤ-ਮਜ਼ਦੂਰੀ ਕਰਨਾ ਉਸਦਾ ਨਿਸ਼ਾਨਾ ਨਹੀਂ ਸੀ ਜਿਵੇਂ ਦੂਜੇ ਪ੍ਰਵਾਸੀ ਸਨ। ਕਿਹਾ ਜਾਂਦਾ ਹੈ ਕਿ ਉਹਦਾ ਵੱਡਾ ਮੰਤਵ ਸਿਆਸਤ ਤੋਂ ਜਾਣੂੰ ਹੋਣਾ ਤੇ ਲੈਕਚਰ ਸਿੱਖਣਾ ਸੀ। ਪੁਲਸ ਦੀ ਰਿਪੋਰਟ ਅਨੁਸਾਰ ਵੀ ਇਹ ਪ੍ਰਭਾਵੀ ਹੈ ਕਿ ਬੰਤਾ ਸਿੰਘ ਉਨ੍ਹਾਂ ਇਨਕਲਾਬੀਆਂ ਵਿੱਚੋਂ ਇੱਕ ਸੀ ਜਿਨ੍ਹਾਂ ਨੂੰ ਬਾਬਾ ਸੋਹਣ ਭਕਨਾ ਅਤੇ ਲਾਲਾ ਹਰਦਿਆਲ ਨੇ ਇਨਕਲਾਬ ਕਰਨ ਲਈ ਭੇਜਿਆ ਸੀ। ਬੰਤਾ ਸਿੰਘ ਬੜੇ ਜੋਸ਼ ਨਾਲ ਗ਼ਦਰ ਅਖ਼ਬਾਰ ਉੱਚੀ-ਉੱਚੀ ਪੜ੍ਹ ਕੇ ਸੁਣਾਉਂਦੇ ਜਿਹੜੀਆਂ ਕਿ ਉਸ ਨੂੰ ਵਿਦੇਸ਼ 'ਚੋਂ ਫਰਜ਼ੀ ਨਾਵਾਂ 'ਤੇ ਭੇਜੀਆਂ ਜਾਂਦੀਆਂ ਸਨ ਜੋ ਉਸ ਨੂੰ ਡਾਕੀਏ ਦੀ ਮਿਲੀਭੁਗਤ ਨਾਲ ਮਿਲਦੀਆਂ ਸਨ।'

ਕਰਤਾਰ ਸਿੰਘ ਸਰਾਭੇ ਨਾਲ ਉਪਰਲੀ ਕਮੇਟੀ ਵਿਚ ਨਿਯੁਕਤੀ

ਗ਼ਦਰ ਪਾਰਟੀ ਦੀ ਬਾਹਰੋਂ ਆ ਰਹੀ ਲੀਡਰਸ਼ਿਪ ਨੂੰ ਅੰਗਰੇਜ਼ੀ ਹਕੂਮਤ ਨੇ ਆਉਂਦਿਆਂ ਹੀ ਗ੍ਰਿਫਤਾਰ ਕਰ ਲਿਆ। ਪ੍ਰਧਾਨ ਭਾਈ ਸੋਹਨ ਸਿੰਘ ਭਕਨਾ, ਦੋਵੇਂ ਮੀਤ ਪ੍ਰਧਾਨ ਭਾਈ ਕੇਸਰ

ਸਿੰਘ ਠਠਗੜ੍ਹ ਤੇ ਭਾਈ ਜਵਾਲਾ ਸਿੰਘ ਠੱਠੀਆਂ, ਭਾਈ ਸ਼ੇਰ ਸਿੰਘ ਵੇਈਂਪੋਈ, ਭਾਈ ਈਸ਼ਰ ਸਿੰਘ ਮਰਹਾਣਾ, ਮਾਸਟਰ ਊਧਮ ਸਿੰਘ ਕਸੇਲ ਆਦਿ ਆਗੂਆਂ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ। ਇਸ ਤਰ੍ਹਾਂ ਅੰਗਰੇਜ਼ੀ ਹਕੂਮਤ ਵੱਲੋਂ ਅਹਿਮ ਲੀਡਰਸ਼ਿਪ ਦੇ ਫੜ੍ਹੇ ਜਾਣ ਨਾਲ ਗ਼ਦਰ ਪਾਰਟੀ ਦੀ ਪਹਿਲੀ ਬਣੀ ਜਥੇਬੰਦੀ ਦਾ ਢਾਂਚਾ ਟੁੱਟ ਗਿਆ। ਬਾਕੀ ਬਚੇ ਹੋਏ ਲੀਡਰਾਂ ਤੇ ਵਰਕਰਾਂ ਨੂੰ ਨਵੇਂ ਸਿਰਿਓਂ ਜਥੇਬੰਦੀ ਖੜ੍ਹੀ ਕਰਨੀ ਪਈ। ਭਾਈ ਕਰਤਾਰ ਸਿੰਘ ਸਰਾਭਾ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਨਿਧਾਨ ਸਿੰਘ ਚੁੱਘਾ, ਪੰਡਤ ਜਗਤ ਰਾਮ, ਭਾਈ ਪ੍ਰਿਥਵੀ ਸਿੰਘ ਲਾਲੜੂ, ਭਾਈ ਰੂੜ ਸਿੰਘ ਚੂਹੜਚੱਕ ਤੇ ਦੋ ਕੁ ਹੋਰ ਸਾਥੀਆਂ ਦੀ ਉਪਰਲੀ ਕਮੇਟੀ ਬਣਾਈ ਗਈ। ਨਵੰਬਰ 1914 ਦੇ ਦੂਸਰੇ ਹਫ਼ਤੇ ਪੰਡਤ ਕਾਂਸ਼ੀ ਰਾਮ ਖਜ਼ਾਨਚੀ ਤੇ ਤੀਸਰੇ ਹਫ਼ਤੇ ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ ਵੀ ਆ ਮਿਲੇ।

ਗ਼ਦਰ ਪਾਰਟੀ ਵੱਲੋਂ ਦੁਆਬੇ ਦਾ ਲੀਡਰ ਨਿਯੁਕਤ

ਗ਼ਦਰ ਪਾਰਟੀ ਨੇ ਵੱਧ ਤੋਂ ਵੱਧ ਪ੍ਰਚਾਰ ਦੇ ਲਈ ਵੱਖ-ਵੱਖ ਇਲਾਕਿਆਂ ਲਈ ਜ਼ਿਲੇਵਾਰ ਵਰਕਰਾਂ ਦੀਆਂ ਡਿਊਟੀਆਂ ਲਾ ਦਿੱਤੀਆਂ, ਜੋ ਬਾਹਰੋਂ ਆਏ ਬੰਦਿਆਂ ਨੂੰ ਘਰੀਂ ਜਾ ਕੇ ਮਿਲਦੇ ਤੇ ਪਾਰਟੀ ਵਲੋਂ ਛਾਪਿਆ ਹੋਇਆ 'ਐਲਾਨੇ-ਜੰਗ' ਤੇ ਹੋਰ ਗ਼ਦਰੀ ਸਾਹਿਤ ਪੜ੍ਹਨ ਤੇ ਵੰਡਣ ਨੂੰ ਦਿੰਦੇ। ਪਾਰਟੀ ਵੱਲੋਂ ਅੰਗਰੇਜ਼ਾਂ ਖਿਲਾਫ ਪ੍ਰਚਾਰ ਲਈ ਬੰਤਾ ਸਿੰਘ ਸੰਘਵਾਲ ਨੂੰ ਦੁਆਬੇ ਦਾ ਲੀਡਰ ਨਿਯੁਕਤ ਕੀਤਾ ਗਿਆ ਸੀ।

ਗ਼ਦਰ ਪਾਰਟੀ ਦਾ ਕੇਂਦਰ

ਬੰਤਾ ਸਿੰਘ ਸੰਘਵਾਲ ਦੀ ਅਗਵਾਈ ਵਿਚ ਕਿਵੇਂ ਸੰਘਵਾਲ ਦੁਆਬੇ ਦਾ ਗ਼ਦਰੀ ਬਾਬਿਆਂ ਦਾ ਇਕ ਵੱਡਾ ਕੇਂਦਰ ਬਣਿਆ, ਇਹ ਵੀ ਇਕ ਆਪਣੀ ਹੀ ਮਿਸਾਲ ਹੈ। ਗ਼ਦਰੀ ਸਰਗਰਮੀਆਂ ਵਿਚ ਹਿੱਸਾ ਲੈਂਦਿਆ ਬੰਤਾ ਸਿੰਘ ਸੰਘਵਾਲ ਨੇ ਪੂਰੇ ਪੰਜਾਬ ਨੂੰ ਹੀ ਆਪਣੇ ਕਲਾਵੇ ਵਿਚ ਵਲਿਆ ਸੀ। ਚਾਹੇ ਮੁੱਖ ਰੂਪ ਵਿਚ ਗ਼ਦਰੀ ਪ੍ਰਚਾਰ ਦਾ ਕੇਂਦਰ ਉਨ੍ਹਾਂ ਨੇ ਦੁਆਬੇ ਦੀ ਧਰਤੀ ਨੂੰ ਬਣਾਇਆ ਸੀ ਪਰੰਤੂ ਸਮੁੱਚੇ ਪੰਜਾਬ ਵਿਚ ਕ੍ਰਾਂਤੀਕਾਰੀਆਂ ਨਾਲ ਸੰਪਰਕ ਪੈਦਾ ਕਰਕੇ ਪੂਰੇ ਪੰਜਾਬ ਦੀਆਂ ਇਨਕਲਾਬੀ ਸਰਗਰਮੀਆਂ ਨੂੰ ਇਕ ਸੇਧ ਦਿੱਤੀ। ਪਿੰਡ ਸੰਘਵਾਲ ਅਤੇ ਇਲਾਕੇ ਦੇ ਅਨੇਕਾਂ ਸਾਥੀ ਇਨ੍ਹਾਂ ਨਾਲ ਤੁਰ ਪਏ ਸਨ। ਇਨ੍ਹਾਂ ਦੇ ਹੀ ਪਿੰਡ ਦੇ ਸ. ਅਰੂੜ ਸਿੰਘ, ਗੁਪਾਲ ਸਿੰਘ, ਸੰਤਾ ਸਿੰਘ ਅਤੇ ਲੱਭੂ ਨਾਲ ਤੁਰ ਪਏ ਸਨ। ਸਾਰੇ ਹਿੰਦੁਸਤਾਨ ਵਿਚੋਂ ਰਾਸ ਬਿਹਾਰੀ ਬੋਸ, ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ, ਰੰਗਾ ਸਿੰਘ, ਭਾਈ ਰਣਧੀਰ ਸਿੰਘ, ਉਤਮ ਸਿੰਘ ਹਾਂਸ, ਪਿਆਰਾ ਸਿੰਘ ਲੰਗੇਰੀ, ਜਗਤ ਸਿੰਘ, ਪ੍ਰੇਮ ਸਿੰਘ ਸੁਰਸਿੰਘੀਆ, ਚੰਨਣ ਸਿੰਘ, ਹਰਨਾਮ ਸਿੰਘ, ਗਾਂਧਾ ਸਿੰਘ, ਬੀਰ ਸਿੰਘ ਬਾਹੋਵਾਲ, ਅਰਜਨ ਸਿੰਘ ਖੁਖਰਾਣਾ, ਸੱਜਣ ਸਿੰਘ, ਬੀਬੀ ਗੁਲਾਬ ਕੌਰ, ਕਾਲਾ ਸਿੰਘ, ਜਵੰਦ ਸਿੰਘ, ਬੂਟਾ ਸਿੰਘ ਆਦਿ ਅਕਸਰ ਏਥੇ ਆਉਂਦੇ ਰਹੇ। ਬੰਤਾ ਸਿੰਘ ਦਾ ਘਰ ਅਮਰੀਕਾ ਤੋਂ ਪਰਤੇ ਹਿੰਦੋਸਤਾਨੀਆਂ ਦਾ ਕੇਂਦਰ ਬਣ ਗਿਆ।

ਬੱਬਰ ਅਕਾਲੀਆਂ ਦੀ ਅਹਿਮ ਮੀਟਿੰਗ

ਗ਼ਦਰ ਲਹਿਰ ਦੀ ਅਗਲੀ ਕੜੀ ਬੱਬਰ ਅਕਾਲੀ ਲਹਿਰ ਸਮੇਂ ਬੰਤਾ ਸਿੰਘ ਸੰਘਵਾਲ ਸਦਕਾ ਸੰਘਵਾਲ ਵਾਸੀਆਂ ਦਾ ਰਵੱਈਆ ਵੀ ਹਮਦਰਦੀ ਭਰਿਆ ਸੀ। ਝੋਲੀਚੁੱਕਾਂ ਦੀ ਦਹਿਸ਼ਤ, ਡਰਾਵੇ ਤੇ ਦੂਜੇ ਪਾਸੇ ਦੇਸ਼ ਭਗਤੀ ਦੀ ਭਾਵਨਾ, ਪਰ ਫਿਰ ਵੀ ਉਨ੍ਹਾਂ ਪਿੰਡ ਵਿਚ

ਬੱਬਰਾਂ ਨੂੰ ਪਨਾਹ ਦਿੱਤੀ ਅਤੇ ਉਨ੍ਹਾਂ ਦੇ ਦੀਵਾਨ ਕਰਾਉਣ ਵਿਚ ਉਨ੍ਹਾਂ ਦਾ ਸਾਥ ਦਿੱਤਾ। 19 ਮਾਰਚ 1922 ਨੂੰ ਪਿੰਡ ਸੰਘਵਾਲ ਵਿਚ ਬੰਤਾ ਸਿੰਘ ਦੇ ਖੂਹ ਉੱਤੇ ਸੰਤਾ ਸਿੰਘ, ਜੱਥੇਦਾਰ ਕਿਸ਼ਨ ਸਿੰਘ ਗੜਗੱਜ, ਭਾਈ ਸੁੰਦਰ ਸਿੰਘ, ਕਰਤਾਰ ਸਿੰਘ ਗੋਂਦਪੁਰ ਅਤੇ ਹਰਬੰਸ ਸਿੰਘ ਸਰਹਾਲਾ ਨੇ ਮੀਟਿੰਗ ਕੀਤੀ। ਫੈਸਲਾ ਕੀਤਾ ਗਿਆ ਕਿ ਪਹਿਲਾਂ ਹਰ ਝੋਲੀਚੁੱਕ ਨੂੰ ਤਾੜਨਾ ਕੀਤੀ ਜਾਵੇ। ਉਹ ਫੇਰ ਵੀ ਬਾਜ਼ ਨਾ ਆਉਣ ਤਾਂ ਉਨ੍ਹਾਂ ਦੇ ਕੰਨ ਤੇ ਨੱਕ ਵੱਢ ਦਿੱਤੇ ਜਾਣ। ਇਹ ਵੀ ਫੈਸਲਾ ਹੋਇਆ ਕਿ ਬੱਬਰ ਆਪਣੀ ਹਿਫਾਜ਼ਤ ਲਈ ਹਥਿਆਰ ਜ਼ਰੂਰ ਕੋਲ ਰੱਖਣ। ਸੰਘਵਾਲ ਵਿਚ ਬੱਬਰਾਂ ਦੇ ਇਸ ਇਤਿਹਾਸਕ ਐਲਾਨਨਾਮੇ ਨਾਲ ਅਫ਼ਸਰਾਂ ਤੇ ਝੋਲੀਚੁੱਕਾਂ ਦੇ ਸਾਹ ਸੂਤੇ ਗਏ ਸਨ ਤੇ ਉਨ੍ਹਾਂ ਆਪਣੀਆਂ ਜਾਨਾਂ ਬਖ਼ਸ਼ਾਉਣ ਲਈ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੱਤੇ ਸਨ।

ਪਿੰਡ ਸੰਘਵਾਲ ਵਿਚ ਪੰਚਾਇਤੀ ਰਾਜ

ਸਿਵਲ ਨਾ-ਫਰਮਾਨੀ ਅਤੇ ਨਾ-ਮਿਲਵਰਤਨ ਦੀਆਂ ਲਹਿਰਾਂ ਜੋ ਗਾਂਧੀ ਜੀ ਨੇ ਵਿਸ਼ਾਲ ਰੂਪ ਵਿਚ ਚਲਾਈਆਂ, ਇਹੋ ਜਿਹੀ ਇਕ ਸੀਮਤ ਰੂਪ ਵਿਚ ਲਹਿਰ ਬੰਤਾ ਸਿੰਘ ਨੇ ਆਪਣੇ ਪਿੰਡ ਵਿਚ ਬੜੀ ਕਾਮਯਾਬੀ ਨਾਲ ਚਲਾਈ। ਸ. ਬੰਤਾ ਸਿੰਘ ਨੇ ਆਪਣੇ ਪਿੰਡ ਵਿਚ ਇਹ ਨਿਯਮ ਬਣਾਇਆ ਹੋਇਆ ਸੀ ਕਿ ਜੇ ਕੋਈ ਵਿਅਕਤੀ ਕਿਸੇ ਪੁਲਿਸ ਵਾਲੇ ਜਾਂ ਸਰਕਾਰੀ ਅਫ਼ਸਰ ਦੀ ਖੁਸ਼ਾਮਦ ਕਰੇ ਉਸ ਨੂੰ ਪੰਜ ਰੁਪਏ ਜ਼ੁਰਮਾਨਾ ਕੀਤਾ ਜਾਵੇਗਾ। ਸਾਰਾ ਪਿੰਡ ਇਕਮੁੱਠ ਸੀ। ਉਹ ਲੋਕਾਂ ਨੂੰ ਮਾਮਲਾ ਦੇਣ ਤੋਂ ਰੋਕਦਾ ਹੀ ਨਹੀਂ ਸੀ, ਬਲਕਿ ਲੰਬੜਦਾਰਾਂ ਵੱਲੋਂ ਕੱਠੇ ਕੀਤੇ ਮਾਮਲੇ ਦੀ ਰਕਮ ਜਿਹੜੀ ਉਹ ਖਜ਼ਾਨੇ ਵਿੱਚ ਜਮ੍ਹਾਂ ਕਰਾਉਣ ਜਾਂਦੇ, ਨੂੰ ਲੁੱਟਣ ਲਈ ਕਹਿੰਦਾ। ਉਸਨੇ ਬਹੁਤ ਸਾਰੇ ਲੋਕਾਂ ਨੂੰ ਗ਼ਦਰ ਦੇ ਵਿਚਾਰਾਂ ਨਾਲ ਪ੍ਰਭਾਵਿਤ ਕਰਕੇ ਕਾਰਕੁੰਨ ਬਣਾ ਲਿਆ ਜਿਨ੍ਹਾਂ ਵਿੱਚੋਂ ਉਹਦੇ ਪਿੰਡ ਦਾ ਰੂੜ ਸਿੰਘ ਇਕ ਪ੍ਰਭਾਵੀ ਵਿਅਕਤੀ ਵੀ ਸੀ। ਉਸਨੇ ਰੂੜ ਸਿੰਘ ਨਾਲ ਮਿਲ ਕੇ ਸੰਘਵਾਲ ਪਿੰਡ ਵਿਚ ਇਕ ਪੰਚਾਇਤ ਦਾ ਗਠਿਨ ਕਰਕੇ ਸਰਕਾਰ ਵਿਰੁੱਧ ਪ੍ਰਚਾਰ ਸ਼ੁਰੂ ਕੀਤਾ। ਪਿੰਡ ਵਿੱਚ ਫੰਡ ਇਕੱਠਾ ਕਰਕੇ ਪਸ਼ੂਆਂ ਦਾ ਹਸਪਤਾਲ ਖੋਲ੍ਹਿਆ। ਇੱਕ ਸਕੂਲ ਖੋਲ੍ਹਿਆ ਤੇ ਲਾਇਬਰੇਰੀ ਖੋਲ੍ਹਣ ਦੀ ਤਜਵੀਜ਼ ਦੇ ਨਾਲ ਕਤਲ ਦੇ ਮੁਕੱਦਮਿਆਂ ਤੋਂ ਬਿਨਾਂ ਸਾਰੇ ਮੁਕੱਦਮਿਆਂ ਦਾ ਪੰਚਾਇਤ ਵਿਚ ਨਿਬੇੜਾ ਕੀਤਾ ਜਾਂਦਾ ਸੀ। ਬਜਬਜ ਘਾਟ ਦੇ ਸਾਕੇ ਤੋਂ ਬਾਅਦ ਜਦੋਂ ਵੱਡੀ ਗਿਣਤੀ ਵਿਚ ਗ਼ਦਰੀ ਪਰਤਣੇ ਸ਼ੁਰੂ ਹੋ ਗਏ ਤਾਂ ਸੰਘਵਾਲ ਦੇ ਇਸ ਗਰੁੱਪ ਨੇ ਫੈਸਲਾ ਕਰ ਲਿਆ ਕਿ ਗ਼ਦਰ ਵਿਚ ਸ਼ਾਮਿਲ ਹੋਣ ਲਈ ਟੈਲੀਫੋਨਾਂ ਦੀਆਂ ਤਾਰਾਂ ਕੱਟੀਆਂ ਜਾਣ, ਰੇਲਵੇ ਦੀਆ ਪਟੜੀਆਂ ਨੂੰ ਉਖਾੜਿਆ ਜਾਵੇ ਅਤੇ ਫੌਜੀ ਛਾਉਣੀਆਂ ਤੋਂ ਹਥਿਆਰ ਲੁੱਟੇ ਜਾਣ।

Terror to Punjab Police

ਸ. ਬੰਤਾ ਸਿੰਘ ਸੰਘਵਾਲ ਬਾਰੇ ਹਿੰਦੀ ਵਿਚ ਚਾਂਦ ਦਾ ਫਾਂਸੀ ਅੰਕ ਵਿਚ ਲਿਖਿਆ ਹੈ ਕਿ ਜਿਸ ਤਰ੍ਹਾਂ ਜਤਿੰਦਰ ਨਾਥ ਮੁਖਰਜੀ ਨੂੰ Terror to Bengal Police ਕਿਹਾ ਜਾਂਦਾ ਸੀ ਇਸੇ ਤਰ੍ਹਾਂ ਸ. ਬੰਤਾ ਸਿੰਘ ਸੰਘਵਾਲ ਨੂੰ Terror to Punjab Police ਕਿਹਾ ਜਾਂਦਾ ਸੀ।

ਸਰਕਾਰ ਵੱਲੋਂ ਦੋ ਮੁਰੱਬੇ ਅਤੇ ਦੋ ਹਜ਼ਾਰ ਰੁਪਏ ਇਨਾਮ ਦਾ ਐਲਾਨ

ਸ. ਬੰਤਾ ਸਿੰਘ ਦੀਆਂ ਸਰਗਰਮੀਆਂ ਵਧਣ ਨਾਲ ਪੁਲਿਸ ਦੀ ਨਿਗਰਾਨੀ ਵਧਦੀ ਗਈ ਤੇ ਸ. ਬੰਤਾ ਸਿੰਘ ਦੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਹੋ ਗਏ। ਅੰਗਰੇਜ਼ਾਂ ਦਾ ਨੱਕ ਵਿਚ

ਦਮ ਕਰਨ ਦੇ ਲਈ ਇਨ੍ਹਾਂ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਰੇਲਵੇ ਲਾਈਨਾਂ ਦਾ ਤੋੜਨਾ, ਟੈਲੀਫੋਨ ਤਾਰਾਂ ਦਾ ਤੋੜਨਾ, ਲਾਹੌਰ ਅਨਾਰਕਲੀ ਬਾਜ਼ਾਰ ਵਿਚ ਅੰਗਰੇਜ਼ ਅਫ਼ਸਰ ਨੂੰ ਮਾਰਨਾ, ਮੁਖ਼ਬਰ ਜ਼ੈਲਦਾਰ ਚੰਦਾ ਸਿੰਘ ਨੂੰ ਖਤਮ ਕਰਨ ਵਰਗੇ ਕਾਰਨਾਮੇ ਕੀਤੇ। ਡਾਇਨਾਮਾਈਟ ਨਾਲ ਪੁਲ ਤੋੜੇ ਅਤੇ ਵੱਲਾ ਪੁਲ ਵਿਖੇ ਹਥਿਆਰ ਖੋਹੇ। ਹਥਿਆਰ ਖੋਹਣ ਵਾਸਤੇ ਜਵੰਦ ਸਿੰਘ, ਕਾਲਾ ਸਿੰਘ, ਆਤਮਾ ਸਿੰਘ, ਚੰਨਣ ਸਿੰਘ ਅਤੇ ਹਰਨਾਮ ਸਿੰਘ ਦੀ ਡਿਊਟੀ ਇਨ੍ਹਾਂ ਨਾਲ ਲਗਾਈ ਗਈ।

ਸ. ਬੰਤਾ ਸਿੰਘ ਨੇ ਸਰਕਾਰ ਦੇ ਨੱਕ ਵਿਚ ਦਮ ਕਰ ਦਿੱਤਾ। ਪੁਲਿਸ ਨੇ ਸੰਘਵਾਲ ਵਿਚ ਚੌਂਕੀ ਪਾ ਲਈ ਅਤੇ ਪਰਿਵਾਰ ਦੇ ਮੈਂਬਰਾਂ ਨੂੰ ਨਜ਼ਰਬੰਦ ਕਰ ਲਿਆ। ਇਹ ਪੁਲਸ ਚੌਂਕੀ ਪਿੰਡ ਵਿੱਚ 7 ਸਾਲ ਰਹੀ। ਸ. ਬੰਤਾ ਸਿੰਘ ਦੇ ਕਾਰਨਾਮੇ, ਅੰਗਰੇਜ਼ੀ ਸਰਕਾਰ ਵਾਸਤੇ ਹੋਰ ਵੀ ਖ਼ਤਰਨਾਕ ਹੁੰਦੇ ਗਏ ਅਤੇ ਪੁਲਿਸ ਦੀ ਲਾਚਾਰੀ ਵਧਦੀ ਗਈ। ਆਖਰਕਾਰ ਬੰਤਾ ਸਿੰਘ ਦੀ ਗ੍ਰਿਫ਼ਤਾਰੀ ਲਈ 2 ਮੁਰੱਬੇ ਜ਼ਮੀਨ ਤੇ 2 ਹਜ਼ਾਰ ਰੁ. ਦਾ ਇਨਾਮ ਐਲਾਨ ਕਰ ਦਿੱਤਾ ਗਿਆ।

ਕਪੂਰਥਲੇ ਦੇ ਅਸਲਾਖਾਨੇ 'ਤੇ ਹਮਲੇ ਦੀ ਯੋਜਨਾ

ਗ਼ਦਰੀਆਂ ਨੇ 25 ਮਈ ਨੂੰ ਮੀਟਿੰਗ ਕੀਤੀ ਕਿ ਕਪੂਰਥਲੇ ਦੇ ਅਸਲਾਖਾਨੇ 'ਤੇ ਹਮਲਾ ਕਰਕੇ ਹਥਿਆਰ ਪ੍ਰਾਪਤ ਕੀਤੇ ਜਾਣ। ਗ਼ਦਰੀਆਂ ਦਾ ਇਹ ਕਦਮ ਕਾਫੀ ਦਲੇਰੀ ਭਰਿਆ ਸੀ। ਇਸ ਮੀਟਿੰਗ ਵਿਚ ਬੰਤਾ ਸਿੰਘ ਸੰਘਵਾਲ ਦੀ ਅਗਵਾਈ ਵਿਚ ਜਵੰਦ ਸਿੰਘ ਨੰਗਲ, ਈਸ਼ਰ ਸਿੰਘ ਢੁੱਡੀਕੇ ਤੇ ਹੋਰ ਗ਼ਦਰੀਆਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਕਿ ਨਿਰੰਜਣ ਸਿੰਘ ਪੰਡੋਰੀ ਤੇ ਅਮਰ ਸਿੰਘ ਉਸਮਾਨਪੁਰੀਆ 50-60 ਬੰਦੇ ਲੈ ਕੇ ਉਥੇ ਪਹੁੰਚਣਗੇ। ਜਵੰਦ ਸਿੰਘ ਨੰਗਲ ਕਲਾਂ ਦਾ ਕਪੂਰਥਲੇ ਦੇ ਫੌਜੀਆਂ ਵਿਚ ਅਸਰ ਰਸੂਖ ਸੀ, ਜਿਸ ਸਦਕਾ ਅਸਲਾਖਾਨੇ ਦੇ ਇੰਚਾਰਜ ਭਗਵਾਨ ਸਿੰਘ ਹਵਾਲਦਾਰ ਨੇ ਇਹ ਕਹਿ ਦਿੱਤਾ ਕਿ ਗ਼ਦਰ ਪਾਰਟੀ ਦੇ ਵਰਕਰਾਂ ਨੂੰ ਉਹ ਅਸਲਾਖਾਨੇ ਦੀਆਂ ਚਾਬੀਆਂ ਸੌਂਪ ਦੇਵੇਗਾ ਤੇ ਨਾਲ ਹੀ ਅਸਲਾ ਲੈ ਜਾਣ ਵਾਸਤੇ ਖੱਚਰਾਂ ਵੀ ਤਿਆਰ ਮਿਲਣਗੀਆਂ। ਰੇਲਵੇ ਕਰਮਚਾਰੀਆਂ ਨੂੰ ਵੀ ਤਿਆਰ ਕਰ ਲਿਆ ਗਿਆ ਪਰੰਤੂ ਮਿੱਥੀ ਤਰੀਕ 'ਤੇ ਬਹੁਤ ਘੱਟ ਬੰਦੇ ਉਥੇ ਪਹੁੰਚੇ।

ਗੁਰਚਰਨ ਸਿੰਘ ਸਹਿੰਸਰਾ ਲਿਖਦੇ ਹਨ ਕਿ ਫੇਰ 5 ਜੂਨ ਦਾ ਦਿਨ ਮੁਕਰਰ ਕੀਤਾ। ਇਸ ਹਮਲੇ ਵਾਸਤੇ 21 ਜਥੇਦਾਰ ਇਕੱਠੇ ਹੋਏ ਜਿਨ੍ਹਾਂ ਵਿਚ ਪ੍ਰੇਮ ਸਿੰਘ, ਸੁਰਸਿੰਘ, ਬੰਤਾ ਸਿੰਘ ਸੰਘਵਾਲ, ਉਤਮ ਸਿੰਘ ਹਾਂਸ, ਜਵੰਦ ਸਿੰਘ ਨੰਗਲ, ਬੂਟਾ ਸਿੰਘ ਅਕਾਲਗੜ੍ਹ, ਰੰਗਾ ਸਿੰਘ ਖੁਰਦਪੁਰ, ਕਾਲਾ ਸਿੰਘ ਜਗਤਪੁਰ, ਚੰਮ ਸਿੰਘ, ਬੂੜ ਚੰਦ, ਰੂੜ ਸਿੰਘ ਤਲਵੰਡੀ ਦੁਸਾਂਝ, ਬਿਸ਼ਨ ਸਿੰਘ ਵਰਪਾਲ, ਮਹਿੰਦਰ ਸਿੰਘ, ਈਸ਼ਰ ਸਿੰਘ ਢੁੱਡੀਕੇ, ਸ਼ਾਮ ਸਿੰਘ ਢੁੱਡੀਕੇ, ਰਾਮ ਸਿੰਘ ਫਲੇਵਾਲ, ਅਰਜਨ ਸਿੰਘ ਸਹਿਜਭਾਈ, ਹਰਦਿੱਤ ਸਿੰਘ ਤੇ ਅਰਜਨ ਸਿੰਘ ਨਕੋਤਰੀ। ਕਪੂਰਥਲੇ ਦੀ ਸਰਕਾਰ ਨੂੰ ਪਤਾ ਲੱਗ ਗਿਆ ਸੀ। ਹਮਲਾ ਕਰਨ ਲਈ ਇਨ੍ਹਾਂ ਪਾਸ ਹਥਿਆਰ ਵੀ ਨਹੀਂ ਸਨ। ਇਸ ਲਈ ਇਨ੍ਹਾਂ ਭਰੇ ਸ਼ਹਿਰ 'ਚ ਮੈਗਜ਼ੀਨ 'ਤੇ ਹਮਲਾ ਕਰਨ ਦੇ ਯੋਗ ਨਾ ਸਮਝਿਆ ਗਿਆ ਤੇ ਇਹ ਤਰੀਕ 12 ਜੂਨ ਨੀਯਤ ਕਰ ਦਿੱਤੀ ਗਈ। ਫੈਸਲਾ ਕੀਤਾ ਗਿਆ ਕਿ ਉਸ ਸਮੇਂ ਤੱਕ ਅੰਮ੍ਰਿਤਸਰ ਵਾਲੀ ਨਹਿਰ ਦੇ ਵੱਲੇ ਵਾਲੇ ਰੇਲ ਦੇ ਪੁਲ ਉੱਤੇ ਜੋ ਅੰਗਰੇਜ਼ੀ ਸਰਕਾਰ ਨੇ ਗ਼ਦਰੀਆਂ ਨੂੰ ਰੋਕਣ ਲਈ ਫੌਜੀ ਗਾਰਦ ਲਾਈ ਹੋਈ ਹੈ, ਉਸ ਕੋਲੋਂ ਹਥਿਆਰ ਖੋਹੇ ਜਾਣ, ਜੋ ਕਪੂਰਥਲੇ ਵਰਤੇ ਜਾਣ।

ਵੱਲੇ ਪੁਲ ਦੀ ਘਟਨਾ

ਗ਼ਦਰੀਆਂ ਨੇ ਵੱਲੇ ਪਿੰਡ ਲਾਗੇ ਅੰਮ੍ਰਿਤਸਰ ਵਾਲੀ ਨਹਿਰ ਦੇ ਰੇਲਵੇ ਪੁਲ 'ਤੇ ਲੱਗੀ ਗਾਰਦ ਕੋਲੋਂ ਹਥਿਆਰ ਖੋਹਣ ਦਾ ਨਿਸ਼ਚਾ ਕਰ ਲਿਆ। ਇਸ ਪੁਲ 'ਤੇ 42 ਨੰਬਰ ਦਿਉਲੀ ਪਲਟਨ ਦੀ ਡਿਊਟੀ ਸੀ। ਗ਼ਦਰੀਆਂ ਨੇ ਕਪੂਰਥਲੇ ਤੋਂ ਹੀ ਟੋਲੀਆਂ ਬਣਾ ਲਈਆਂ। ਗੁਰਚਰਨ ਸਿੰਘ ਸਹਿੰਸਰਾ ਮੁਤਾਬਿਕ ਦੂਸਰਾ ਸਾਜਿਸ਼ ਕੇਸ ਦਾ ਸਫਾ 81-83 ਹੋਮ (ਪੋਲੀਟੀਕਲ) ਓ. ਅਕਤੂਬਰ, 1915, ਕਾਰਵਾਈ ਨੰ. 671-84, ਵੱਡੇ ਪੁਲ ਦਾ ਮੁਕੱਦਮਾ (ਫੈਸਲਾ) ਤੇ 'ਗ਼ਦਰ ਸਾਜਿਸ਼ ਦੀ ਵਿਥਿਆ' ਸਫਾ 118-19 ਤੇ ਦੂਸਰਾ ਲਾਹੌਰ ਸਾਜਿਸ਼ ਮੁਕੱਦਮਾ ਸਫਾ 80-82 ਅਤੇ ਬਾਬਾ ਸੋਹਣ ਸਿੰਘ ਭਕਨਾ ਦੇ ਬਿਆਨ ਦੇ ਅਧਾਰ 'ਤੇ ਇਹ ਘਟਨਾ ਇੰਝ ਵਾਪਰੀ-

ਇਕ ਟੋਲੀ ਦੇ ਭਾਈ ਰੋਡਾ ਸਿੰਘ ਜਾਂ ਰੰਗਾ ਸਿੰਘ ਖੁਰਦਪੁਰ, ਭਾਈ ਕਾਲਾ ਸਿੰਘ ਜਗਤਪੁਰੀਆਂ ਅਤੇ ਚੰਨਣ ਸਿੰਘ ਬੂੜਚੰਦ, ਭਾਈ ਬੰਤਾ ਸਿੰਘ ਸੰਘਵਾਲ ਦੀ ਜਥੇਦਾਰੀ ਹੇਠਾਂ ਕਰਤਾਰਪੁਰ ਥਾਣੀਂ ਹੋ ਕੇ ਅੰਮ੍ਰਿਤਸਰ ਨੂੰ ਗਏ। ਬਚਨ ਸਿੰਘ ਢੁੱਡੀਕੇ, ਰੂੜ ਸਿੰਘ ਤਲਵੰਡੀ ਦੁਸਾਂਝ ਤੇ ਭਾਈ ਜਵੰਦ ਸਿੰਘ ਨੰਗਲ, ਪ੍ਰੇਮ ਸਿੰਘ ਦੂਸਰੀ ਟੋਲੀ ਵਿਚ ਸਨ। ਭਾਈ ਪ੍ਰੇਮ ਸਿੰਘ ਠੱਠੀਖਾਰੇ ਤੋਂ ਭਾਈ ਹਰਨਾਮ ਸਿੰਘ ਤੇ ਭਾਈ ਆਤਮਾ ਸਿੰਘ ਨੂੰ ਲੈ ਆਇਆ, ਜੋ ਅਮਰੀਕਾ ਵਿਚੋਂ ਆਏ ਪਿੰਡ ਵਿਚ ਨਜ਼ਰਬੰਦ ਕੀਤੇ ਹੋਏ ਸਨ। ਪ੍ਰੇਮ ਸਿੰਘ ਉਨ੍ਹਾਂ ਨੂੰ ਹਮਲਾ ਕਰਨ ਵਾਸਤੇ ਜਾਣ ਲਈ ਤਿਆਰ ਕਰਕੇ ਆਪ ਬੰਤਾ ਸਿੰਘ ਸੰਘਵਾਲ ਦੀ ਟੋਲੀ ਨੂੰ ਲੈਣ ਲਈ ਅੰਮ੍ਰਿਤਸਰ ਨੂੰ ਚਲਾ ਗਿਆ। ਪਰ ਉਹ ਟੋਲੀ ਏਥੇ ਖਾਰੇ ਆ ਗਈ ਅਤੇ ਪ੍ਰੇਮ ਸਿੰਘ ਉਨ੍ਹਾਂ ਦੀ ਭਾਲ ਵਿਚ ਫਿਰਨ ਲੱਗ ਪਿਆ ਤੇ ਵੇਲੇ ਸਿਰ ਮੁੜ ਨਾ ਸਕਿਆ। ਹੁਣ ਇਹ ਕਾਲਾ ਸਿੰਘ, ਚੰਨਣ ਸਿੰਘ, ਬੰਤਾ ਸਿੰਘ, ਜਵੰਦ ਸਿੰਘ, ਰੰਗਾ ਸਿੰਘ, ਰੂੜ ਸਿੰਘ, ਹਰਨਾਮ ਸਿੰਘ, ਆਤਮਾ ਸਿੰਘ ਤੇ ਇਕ ਹੋਰ ਆਦਮੀ ਪ੍ਰੇਮ ਸਿੰਘ ਨੂੰ ਉਡੀਕ ਬਗੈਰ ਵੱਲੇ ਪੁਲ ਉੱਤੇ ਹਮਲਾ ਕਰਨ ਲਈ ਵੱਲੇ ਪੁਲ ਨੂੰ ਆ ਗਏ। ਪਰ ਗਾਰਦ ਨੂੰ ਚੌਕੰਨੀ ਵੇਖ ਕੇ ਪਿਛਾਂਹ ਹਟ ਗਏ। ਦਿਨ ਖਾਲੀ ਸਮਝ ਕੇ ਇਹ ਸਾਰੇ ਸਰਕਾਰੀ ਮੁਖ਼ਬਰ ਕਪੂਰ ਸਿੰਘ ਪੱਧਰੀ ਨੂੰ ਸੋਧਣ ਚਲੇ ਗਏ, ਪਰ ਉਹ ਮਿਲਿਆ ਨਹੀਂ। ਪੱਧਰੀਓਂ ਆਉਂਦਿਆਂ ਦੇਰ ਹੋ ਗਈ। ਉਸ ਰਾਤ ਵੀ ਗਾਰਦ ਨੂੰ ਪਿਆ ਨਾ ਜਾ ਸਕਿਆ। ਫੇਰ ਪਿਛਾਂਹ ਹਟ ਗਏ ਤੇ ਅਗਲੀ ਰਾਤ 11 ਤੋਂ 12 ਸ਼ੁਰੂ ਹੋ ਗਈ। ਅਖੀਰ ਦੋ ਵਜੇ ਤੱਕ ਉਹ ਨਹਿਰ ਦੀ ਪਟੜੀ ਦੇ ਘਾਹ ਬੂਟ ਵਿਚ ਸ਼ਹਿ ਲਾ ਕੇ ਬੈਠੇ ਰਹੇ। ਦਾਅ ਨਾ ਲੱਗੇ। ਪਹਿਰੇ ਉੱਤੇ ਖੜਾ ਸੰਤਰੀ ਨਾ ਸੌਂਵੇਂ ਤੇ ਨਾ ਬੈਠੇ। ਪਰ ਇਨ੍ਹਾਂ ਦ੍ਰਿੜ੍ਹ ਨਿਸ਼ਚਾ ਕਰ ਲਿਆ ਕਿ 'ਅੱਜ ਰਾਤ ਕੁਝ ਨਾ ਕੁਝ ਕਰਕੇ ਹੀ ਜਾਣਾ ਹੈ।' ਉਹ ਹੌਲੀ-ਹੌਲੀ ਲੰਮੇ ਪੈ ਕੇ ਘਾਹ ਵਿਚ ਗਾਰਦ ਵੱਲ ਨੂੰ ਖਿਸਕਦੇ ਗਏ ਤੇ ਖੜੇ ਸੰਤਰੀ ਦੇ ਲਾਗੇ ਪੁੱਜ ਕੇ ਘਾਹ ਵਿਚ ਹੀ ਬਹਿ ਗਏ। ਜਵੰਦ ਸਿੰਘ ਤੇ ਬੰਤਾ ਸਿੰਘ ਮੂਹਰੇ-ਮੂਹਰੇ ਸਨ। 4 ਵਜੇ ਦੇ ਕਰੀਬ ਇਕ ਮਾਲ ਗੱਡੀ ਪੁਲ ਉੱਤੋਂ ਲੰਘੀ। ਇਸ ਦੇ ਖੜਾਕ ਵਿਚ ਜਵੰਦ ਸਿੰਘ ਤੇ ਬੰਤਾ ਸਿੰਘ ਨੇ ਸੰਤਰੀ ਨੂੰ ਪਿਸਤੌਲਾਂ ਨਾਲ ਸ਼ੂਟ ਕਰਕੇ ਸੁੱਟ ਲਿਆ। ਗੱਡੀ ਦੇ ਖੜਾਕੇ ਵਿਚ ਬਾਕੀ ਗਾਰਦ ਨੂੰ ਕੋਈ ਪਤਾ ਨਾ ਲੱਗਾ। ਸੰਤਰੀ ਦੇ ਡਿਗਦਿਆਂ ਹੀ ਬਾਕੀ ਗ਼ਦਰੀ ਗਾਰਦ ਉਤੇ ਟੁੱਟ ਕੇ ਜਾ ਪਏ। ਕਾਲਾ ਸਿੰਘ ਨੇ ਭੱਜ ਕੇ ਸੰਤਰੀ ਦੀ ਰਫਲ ਚੁੱਕ ਲਈ। ਗਾਰਦ ਦੇ ਹਵਾਲਦਾਰ ਨੇ, ਜੋ ਭੱਜੇ ਆਉਂਦੇ ਗ਼ਦਰੀਆਂ ਦਾ ਖੜਾਕ ਸੁਣ ਕੇ ਤੰਬੂ ਵਿਚੋਂ ਬਾਹਰ ਨਿਕਲ ਆਇਆ ਸੀ, ਕਾਲਾ ਸਿੰਘ ਨੂੰ ਜੱਫਾ ਮਾਰ ਲਿਆ। ਕਾਲਾ ਸਿੰਘ ਨੇ ਝਟਕੇ ਨਾਲ ਉਸ ਨੂੰ ਪਰ੍ਹਾਂ ਸੁੱਟ ਦਿੱਤਾ ਤੇ ਰਫਲ ਦੀ ਗੋਲੀ ਨਾਲ ਪਾਰ ਬੁਲਾ ਦਿੱਤਾ। ਬਾਕੀ ਦੇ ਦੋ ਤਿੰਨ

ਗਾਰਦ ਵਾਲੇ ਭੱਜ ਗਏ। ਕਾਲਾ ਸਿੰਘ ਤੇ ਬੰਤਾ ਸਿੰਘ ਨੇ ਫੌਜੀ ਵਰਦੀਆਂ ਪਾ ਲਈਆਂ। ਗ਼ਦਰੀ ਗਾਰਦ ਦੀਆਂ ਖੋਹੀਆਂ ਹੋਈਆਂ ਰਫਲਾਂ ਫੌਜੀਆਂ ਵਾਂਗ ਮੋਢੇ ਉੱਤੇ ਪਾ ਕੇ ਤੁਰ ਪਏ। ਭਾਈ ਜਵੰਦ ਸਿੰਘ, ਭਾਈ ਆਤਮਾ ਸਿੰਘ, ਭਾਈ ਬੰਤਾ ਸਿੰਘ, ਭਾਈ ਹਰਨਾਮ ਸਿੰਘ, ਭਾਈ ਕਾਲਾ ਸਿੰਘ, ਭਾਈ ਚੰਨਣ ਸਿੰਘ ਉਥੋਂ ਨਹਿਰੇ ਪੈ ਕੇ ਅਗਾਂਹ ਤਰਨਤਾਰਨ ਨੂੰ ਚਲੇ ਗਏ।

ਇਹ ਗ਼ਦਰੀ ਸੂਰਮੇ ਜੰਗੀ ਤਵਾਰੀਖ਼ ਵਿਚ ਬੇਮਿਸਾਲ ਬਹਾਦਰੀ ਦੀ ਮਿਸਾਲ ਕਾਇਮ ਕਰ ਗਏ। ਕਿਸੇ ਵਿਰਲੀ ਹੀ ਫੌਜੀ ਟੋਲੀ ਨੇ ਲੜਦੇ ਐਨਾ ਲੰਮਾ ਜਫ਼ਰ ਜਾਲਿਆ ਹੋਵੇਗਾ, ਜਿੰਨਾ ਇਨ੍ਹਾਂ ਪੰਜਾਬ ਦੀ ਧਰਤੀ ਦੇ ਗ਼ਦਰੀ ਜਾਇਆਂ ਨੇ ਜਾਲਿਆ ਸੀ।

ਗਦਾਰ ਚੰਦਾ ਸਿੰਘ ਜ਼ੈਲਦਾਰ ਨੂੰ ਮਾਰ ਮੁਕਾਉਣਾ

ਸ. ਬੰਤਾ ਸਿੰਘ ਦੇ ਜਥੇ ਵਿਚ ਭਾਈ ਪਿਆਰਾ ਸਿੰਘ ਲੰਗੇਰੀ ਵੱਧ ਚੜ੍ਹ ਕੇ ਗ਼ਦਰ ਪਾਰਟੀ ਦਾ ਪ੍ਰਚਾਰ ਕਰਦਾ ਸੀ ਅਤੇ ਨਿੱਡਰ ਵਰਕਰ ਸੀ। ਇਸ ਗੱਲ ਦਾ ਨੰਗਲ ਕਲਾਂ ਦੇ ਜ਼ੈਲਦਾਰ ਚੰਦਾ ਸਿੰਘ ਨੂੰ ਪਤਾ ਲੱਗ ਗਿਆ। ਉਸਨੇ 12 ਅਪ੍ਰੈਲ 1915 ਨੂੰ ਭਾਈ ਪਿਆਰਾ ਸਿੰਘ ਨੂੰ ਫੜਾ ਦਿੱਤਾ। ਇਹ ਗੱਲ ਸੁਣ ਕੇ ਬੰਤਾ ਸਿੰਘ ਦਾ ਦਿਲ ਤੜਫ ਉੱਠਿਆ। ਬੰਤਾ ਸਿੰਘ ਨੇ ਭਾਈ ਬੂਟਾ ਸਿੰਘ ਅਕਾਲਗੜ੍ਹ ਅਤੇ ਜਵੰਦ ਸਿੰਘ ਨੰਗਲ ਕਲਾਂ ਨੂੰ ਨਾਲ ਲੈ ਕੇ ਚੰਦਾ ਸਿੰਘ ਦੀ ਅਲਖ ਮੁਕਾ ਦਿੱਤੀ। ਇਸ ਤਰ੍ਹਾਂ ਗ਼ਦਾਰਾਂ ਨੂੰ ਸੋਧਣ ਦਾ ਕੰਮ ਵੀ ਬੰਤਾ ਸਿੰਘ ਨੇ ਬੜੇ ਜ਼ੋਰ ਸ਼ੋਰ ਨਾਲ ਸ਼ੁਰੂ ਕਰ ਦਿੱਤਾ।

ਅਨਾਰਕਲੀ ਬਾਜ਼ਾਰ ਦੀ ਘਟਨਾ

21 ਅਪ੍ਰੈਲ 1915 ਨੂੰ ਗ਼ਦਰ ਸੰਬੰਧੀ ਇਕ ਮੀਟਿੰਗ ਲਾਹੌਰ ਵਿਚ ਹੋ ਰਹੀ ਸੀ। ਇਸ ਮੀਟਿੰਗ ਵਿਚ ਹਿੱਸਾ ਲੈਣ ਵਾਸਤੇ ਸ. ਬੰਤਾ ਸਿੰਘ ਅਤੇ ਸ. ਸੱਜਣ ਸਿੰਘ ਸਰਹਿੰਦਪੁਰ ਜ਼ਿਲ੍ਹਾ ਲੁਧਿਆਣਾ ਲਾਹੌਰ ਪਹੁੰਚੇ। ਮੀਟਿੰਗ ਵਿਚ ਪਹੁੰਚਣ ਤੋਂ ਪਹਿਲਾਂ ਹੀ ਪੁਲਿਸ ਨਾਲ ਟਕਰਾ ਹੋ ਗਿਆ। ਸ਼ੱਕ ਵਜੋਂ ਇੰਸਪੈਕਟਰ ਨੇ ਇਨ੍ਹਾਂ ਨੂੰ ਰੋਕ ਲਿਆ ਅਤੇ ਤਲਾਸ਼ੀ ਲੈਣ ਲਈ ਜ਼ਿੱਦ ਕੀਤੀ। ਬੰਤਾ ਸਿੰਘ ਨੇ ਪਹਿਲਾਂ ਤਾਂ ਇੰਸਪੈਕਟਰ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਜਦ ਖਹਿੜਾ ਛੱਡਦਾ ਨਾ ਦਿੱਸਿਆ ਤਾਂ ਮਲਕੜੇ ਜਹੇ ਪਤਲੂਨ ਵਿਚੋਂ ਪਿਸਤੌਲ ਕੱਢ ਕੇ ਦੜਾ ਦੜ ਇੰਸਪੈਕਟਰ ਉਪਰ ਗੋਲੀਆਂ ਚਲਾ ਦਿੱਤੀਆਂ। ਉਸਦੇ ਡਿੱਗਣ ਦੀ ਦੇਰ ਸੀ ਸਿਪਾਹੀ ਤਾਂ ਸਹਿਮ ਗਏ। ਬੰਤਾ ਸਿੰਘ ਆਪਣੇ ਸਾਥੀ ਸਮੇਤ ਉਥੋਂ ਦੌੜ ਨਿਕਲੇ ਪਰ ਬਦਕਿਸਮਤੀ ਨਾਲ ਸੱਜਣ ਸਿੰਘ ਦਾ ਪੈਰ ਕਿਸੇ ਚੀਜ਼ ਵਿਚ ਲੱਗਣ ਕਰਕੇ ਡਿੱਗ ਪਿਆ। ਬੰਤਾ ਸਿੰਘ ਨੇ ਗੋਲੀ ਦਾ ਡਰ ਦੇ ਕੇ ਪੁਲਿਸ ਨੂੰ ਰੋਕਿਆ ਅਤੇ ਸੱਜਣ ਸਿੰਘ ਨੂੰ ਉੱਠਣ ਵਾਸਤੇ ਕਿਹਾ ਪਰ ਉਸ ਨੂੰ ਸੱਟ ਜ਼ਿਆਦਾ ਲੱਗੀ ਸੀ। ਉਹ ਦੌੜ ਨਾ ਸਕਿਆ ਤੇ ਗ੍ਰਿਫ਼ਤਾਰ ਹੋ ਗਿਆ। ਪੁਲਿਸ ਦੀਆਂ ਨਜ਼ਰਾਂ ਤੋਂ ਬਚਦੇ ਬਚਾਉਂਦੇ ਸ. ਬੰਤਾ ਸਿੰਘ ਮੀਆਂਮੀਰ ਸਟੇਸ਼ਨ ਪੁੱਜੇ। ਸਟੇਸ਼ਨ ਉਪਰ ਪੁਲਿਸ ਪਹਿਲਾਂ ਹੀ ਉਨ੍ਹਾਂ ਦੇ ਇੰਤਜ਼ਾਰ ਵਿਚ ਸੀ। ਜਦ ਗੱਡੀ ਸਟੇਸ਼ਨ ਤੇ ਆਈ ਤਾਂ ਮੌਕਾ ਪਾ ਕੇ ਬੰਤਾ ਸਿੰਘ ਪੁਲਿਸ ਦਾ ਇਰਾਦਾ ਤਾੜ ਗਏ। ਹੁਣ ਟੱਕਰ ਸੀ ਹੌਂਸਲੇ ਦੀ ਹਿੰਮਤ ਦੀ ਅਤੇ ਨਾਲ ਹੀ ਅਮਲ ਦੀ। ਉਹ ਗੱਡੀ ਵਿਚ ਚੜ੍ਹ ਗਏ। ਪੁਲਿਸ ਵੀ ਪਿੱਛੇ ਚੜ੍ਹ ਗਈ। ਗੱਡੀ ਦੀ ਰਫ਼ਤਾਰ ਤੇਜ਼ ਹੋਣ 'ਤੇ ਉਹ ਗੱਡੀ ਵਿਚੋਂ ਛਾਲ ਮਾਰਕੇ ਦੌੜ ਗਏ।

ਗ੍ਰਿਫ਼ਤਾਰੀ

ਇਨਕਲਾਬ ਦੀ ਤਿਆਰੀ ਵਿਚ ਰਾਤ ਦਿਨ ਭੱਜੇ ਫਿਰਨਾ ਅਤੇ ਵੱਲੇ ਪੁਲ ਤੋਂ ਹਥਿਆਰ

ਖੋਹਣ ਤੋਂ ਬਾਅਦ ਇਨ੍ਹਾਂ ਨੂੰ 60 ਮੀਲ ਲਗਾਤਾਰ ਪੈਦਲ ਚੱਲਣਾ ਪਿਆ, ਜਿਸ ਨਾਲ ਇਨ੍ਹਾਂ ਦੇ ਪੈਰਾਂ ਵਿਚ ਛਾਲੇ ਪੈ ਗਏ ਤੇ ਖ਼ੂਨ ਵਗਣ ਲੱਗਾ। ਇਸੇ ਹਾਲਤ ਵਿਚ ਇਹ ਬੜੀ ਮੁਸ਼ਕਲ ਨਾਲ ਆਪਣੇ ਪਿੰਡ ਪਹੁੰਚੇ ਅਤੇ ਆਪਣੇ ਘਰ ਦੇ ਇਕ ਛੋਟੇ ਜਿਹੇ ਕਮਰੇ ਵਿਚ ਮਰਹਮ ਪੱਟੀ ਕਰਦੇ ਰਹੇ। ਚਾਹੇ ਘਰ ਦੇ ਬਾਹਰ ਪੁਲਿਸ ਦਾ ਪਹਿਰਾ ਸੀ।

ਇਸ ਸਮੇਂ ਇਨ੍ਹਾਂ ਦੀ ਸਿਹਤ ਵੀ ਕੁਝ ਖਰਾਬ ਹੋ ਗਈ। ਇਨ੍ਹਾਂ ਦਾ ਇਕ ਰਿਸ਼ਤੇਦਾਰ ਪ੍ਰਤਾਪ ਸਿੰਘ ਜੌੜਾ ਇਨ੍ਹਾਂ ਕੋਲ ਆਇਆ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆਪਣੇ ਪੁੱਤਰ ਦੀ ਕਸਮ ਖਾ ਕੇ ਉਹ ਸ. ਬੰਤਾ ਸਿੰਘ ਨੂੰ ਆਪਣੇ ਨਾਲ ਲੈ ਗਿਆ। ਉੱਥੇ ਲਿਜਾ ਕੇ ਉਸ ਨੇ ਬੰਤਾ ਸਿੰਘ ਦੇ ਕਮਰੇ ਨੂੰ ਜਿੰਦਰਾ ਲਗਾ ਦਿੱਤਾ ਅਤੇ ਸੁਰੱਖਿਆ ਦੀ ਖਾਤਰ ਹੁਸ਼ਿਆਰਪੁਰ ਪੁਲਿਸ ਪਾਸ ਜਾ ਪਹੁੰਚਿਆ। ਪੁਲਿਸ ਝੱਟ ਗ੍ਰਿਫ਼ਤਾਰ ਕਰਨ ਆ ਗਈ ਤਾਂ ਪੁਲਿਸ ਨੂੰ ਦੇਖ ਕੇ ਸ. ਬੰਤਾ ਸਿੰਘ ਨੇ ਕਿਹਾ, 'ਭਾਈ ਜੇ ਮੈਨੂੰ ਪੁਲਿਸ ਹਵਾਲੇ ਹੀ ਕਰਨਾ ਸੀ ਤਾਂ ਇਕ ਛੋਟਾ ਮੋਟਾ ਡੰਡਾ ਤਾਂ ਮੇਰੇ ਕੋਲ ਰਹਿਣ ਦਿੰਦਾ ਤਾਂ ਜੋ ਮੈਂ ਲੜਦਾ ਹੋਇਆ ਬਹਾਦਰਾਂ ਦੀ ਮੌਤ ਤਾਂ ਮਰਦਾ ਅਤੇ ਇਨ੍ਹਾਂ ਕਾਇਰਾਂ ਦੇ ਹੱਥ ਇਸ ਤਰ੍ਹਾਂ ਜਿਊਂਦਾ ਨਾ ਆਉਂਦਾ।'

ਤਿੰਨ ਮੁਕੱਦਮਿਆਂ ਵਿਚ ਫਾਂਸੀ ਦੀ ਸਜ਼ਾ

ਸ. ਬੰਤਾ ਸਿੰਘ ਉੱਪਰ ਲਾਹੌਰ ਵਿਚ ਸਪੈਸ਼ਲ ਟਰੀਬਿਊਨਲ ਸਾਹਮਣੇ ਤਿੰਨ ਮੁਕੱਦਮੇ ਚਲਾਏ ਗਏ। ਇਹ ਮੁਕੱਦਮੇ ਹਨ- ਚੰਦਾ ਸਿੰਘ ਕਤਲ ਕੇਸ, ਅਨਾਰਕਲੀ ਬਜ਼ਾਰ ਲਾਹੌਰ ਕਤਲ ਕੇਸ, ਡਾਈਨਾਮਾਈਟ ਕੇਸ ਅਤੇ ਵੱਲੇ ਪੁਲ ਵਾਲਾ ਪੁਲਿਸ ਚੌਂਕੀ ਤੋਂ ਹਥਿਆਰ ਖੋਹਣ ਸੰਬੰਧੀ ਕੇਸ। ਇਨ੍ਹਾਂ ਮੁਕੱਦਮਿਆਂ ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ। ਫੈਸਲਾ ਸੁਣ ਕੇ ਸ. ਬੰਤਾ ਸਿੰਘ ਖਿੜਖਿੜਾ ਕੇ ਹੱਸੇ ਅਤੇ ਕਿਹਾ, "ਇਹ ਸਮਾਂ ਵੀ ਕਿੰਨੀ ਦੇਰ ਬਾਅਦ ਆਇਆ। ਮੈਂ ਨਿੱਤ ਸੋਚਦਾ ਸੀ ਕਿ "ਦੇਸ਼ ਸੇਵਾ ਮੁੜ ਜਨਮ ਲੈ ਕੇ ਕਰਨ ਵਿਚ ਦੇਰੀ ਹੋ ਰਹੀ ਹੈ। ਹਸ਼ਰ ਤਾਂ ਮੈਨੂੰ ਪਹਿਲਾਂ ਹੀ ਪਤਾ ਸੀ। ਇਸੇ ਕਰਕੇ ਜੇਲ੍ਹ ਦੇ ਦਿਨ ਬੜੇ ਮੁਸ਼ਕਿਲ ਬੀਤਦੇ ਸਨ ਕਿਉਂਕਿ ਮੌਤ ਦੀ ਘੜੀ ਲਾਗੇ ਨਹੀਂ ਆ ਰਹੀ ਸੀ।"

ਹੁਸ਼ਿਆਰਪੁਰ ਵਿਖੇ ਦੇਸ਼ ਵਾਸੀਆਂ ਨੂੰ ਸੰਦੇਸ਼

ਹੁਸ਼ਿਆਰਪੁਰ ਡਿਪਟੀ ਕਮਿਸ਼ਨਰ ਕੋਲ ਬੰਤਾ ਸਿੰਘ ਦੇ ਦਰਸ਼ਨਾਂ ਲਈ ਲੋਕਾਂ ਦੀ ਬੜੀ ਭੀੜ ਲੱਗੀ ਹੋਈ ਸੀ। ਡਿਪਟੀ ਕਮਿਸ਼ਨਰ ਵੀ ਬੰਤਾ ਸਿੰਘ ਦੇ ਨਿਡਰਤਾ ਭਰੇ ਚਿਹਰੇ ਨੂੰ ਦੇਖ ਕੇ ਹੈਰਾਨ ਹੋ ਗਿਆ। ਕਮਿਸ਼ਨਰ ਤੋਂ ਆਗਿਆ ਲੈ ਕੇ ਸ. ਬੰਤਾ ਸਿੰਘ ਨੇ ਲੋਕਾਂ ਵੱਲ ਮੂੰਹ ਕਰਕੇ ਸੰਦੇਸ਼ ਦਿੱਤਾ, 'ਭਾਈਓ, ਇਹ ਦੇਖ ਕੇ ਨਿਰਾਸ਼ ਨਾ ਹੋਵੋ ਕਿ ਮੈਂ ਗ੍ਰਿਫ਼ਤਾਰ ਹੋ ਗਿਆ ਹਾਂ ਅਤੇ ਮੈਨੂੰ ਫਾਂਸੀ ਲੱਗੇਗੀ। ਆਪਣੇ ਹੌਂਸਲੇ ਬੁਲੰਦ ਰੱਖੋ ਤੇ ਫਖਰ ਕਰੋ ਕਿ ਅਸੀਂ ਗੁਲਾਮੀ ਦੀ ਜ਼ਿੰਦਗੀ ਨਾਲੋਂ ਮੌਤ ਨੂੰ ਪਹਿਲ ਦਿੰਦੇ ਹਾਂ। ਆਜ਼ਾਦੀ ਸਾਨੂੰ ਘਰ ਬੈਠਿਆਂ ਨਹੀਂ ਮਿਲਣੀ। ਇਕ ਦਿਨ ਜ਼ਰੂਰ ਆਵੇਗਾ ਜਿਸ ਦਿਨ ਸਾਡੀਆਂ ਕੁਰਬਾਨੀਆਂ ਨੂੰ ਫਲ ਲੱਗੇਗਾ ਅਤੇ ਅਸੀਂ ਆਜ਼ਾਦ ਦੇਸ਼ ਦੇ ਵਾਸੀ ਹੋਵਾਂਗੇ।'

ਲਾਹੌਰ ਜੇਲ੍ਹ ਵਿਖੇ ਆਪਣੇ ਬਾਪ ਨਾਲ ਮੁਲਾਕਾਤ

ਇਨ੍ਹਾਂ ਦੇ ਪਿਤਾ ਜੀ ਸ. ਬੂਟਾ ਸਿੰਘ ਜਦੋਂ ਇਨ੍ਹਾਂ ਨਾਲ ਮੁਲਾਕਾਤ ਕਰਨ ਗਏ ਤਾਂ ਇਨ੍ਹਾਂ ਵੱਲ ਵੇਖ ਕੇ ਕੰਧਾਂ ਵਿਚ ਸਿਰ ਮਾਰਨ ਲੱਗੇ ਤਾਂ ਇਨ੍ਹਾਂ ਨੇ ਉਨ੍ਹਾਂ ਨੂੰ ਦਿਲਾਸਾ ਦੇਣ ਲਈ ਕਿਹਾ ਕਿ 'ਦੱਸੋ ਤੁਹਾਡਾ ਭਰਾ ਜਾਗਰ ਸਿੰਘ ਕਿਥੇ ਹੈ? (ਉਹ ਕਿਸੇ ਬਿਮਾਰੀ ਨਾਲ ਮਰ ਗਿਆ

ਸੀ) ਮੇਰਾ ਭਰਾ ਦੀਵਾਨ ਸਿੰਘ ਕਿੱਥੇ ਹੈ? (ਉਹ ਵੀ ਮਰ ਚੁੱਕਾ ਸੀ) ਤੁਹਾਨੂੰ ਤਾਂ ਫ਼ਖਰ ਕਰਨਾ ਚਾਹੀਦਾ ਹੈ ਕਿ ਤੁਹਾਡਾ ਇਕ ਪੁੱਤਰ ਤਾਂ ਦੇਸ਼ ਦੇ ਲਈ ਜਾਨ ਨਿਸ਼ਾਵਰ ਕਰ ਰਿਹਾ ਹੈ। ਚਲੇ ਤਾਂ ਸਭ ਨੇ ਜਾਣਾ ਹੈ ਪਰ ਆਪਣੀ ਸ਼ਾਨ ਕਾਇਮ ਰਹਿਣੀ ਚਾਹੀਦੀ ਹੈ।" ਉਨ੍ਹਾਂ ਦੇ ਦਿਲ ਦਿਮਾਗ ਉੱਪਰ ਇਹ ਜਜ਼ਬਾ ਛਾਇਆ ਹੋਇਆ ਸੀ ਕਿ,

ਜਿਸ ਧਜ ਜੇ ਕੋਈ ਮਕਤਲ ਮੇਂ ਗਯਾ, ਵੋਹ ਸ਼ਾਨ ਸਲਾਮਤ ਰਹਿਤੀ ਹੈ,
ਯਹ ਜਾਨ ਤੋ ਆਨੀ ਜਾਨੀ ਹੈ, ਇਸ ਜਾਂ ਕੀ ਤੋ ਕੋਈ ਬਾਤ ਨਹੀਂ।

ਜੇਲ੍ਹ ਵਿਚ 11 ਪੌਂਡ ਭਾਰ ਵਧਿਆ

ਅੰਤ 12 ਅਗਸਤ 1915 ਦਾ ਦਿਨ ਬੰਤਾ ਸਿੰਘ ਨੂੰ ਸ਼ਹੀਦ ਕਰਨ ਵਾਸਤੇ ਨਿਸ਼ਚਿਤ ਹੋਇਆ। ਪਰ 11 ਅਗਸਤ ਰਾਤ ਨੂੰ ਹੀ ਸ. ਬੰਤਾ ਸਿੰਘ ਨੂੰ ਲਾਹੌਰ ਤੋਂ ਨਾ ਜਾਣੇ ਕਿੱਥੇ ਲਿਜਾਇਆ ਗਿਆ। ਜਦੋਂ 11 ਅਗਸਤ ਰਾਤ ਨੂੰ ਹੀ ਸ. ਬੰਤਾ ਸਿੰਘ ਦਾ ਵਜ਼ਨ ਕੀਤਾ ਗਿਆ ਤਾਂ ਇਹ ਇਕ ਮਿਸਾਲ ਕਾਇਮ ਹੈ ਕਿ ਉਨ੍ਹਾਂ ਦਾ ਹੁਸ਼ਿਆਰਪੁਰ ਤੋਂ ਲੈ ਕੇ ਲਾਹੌਰ ਦੀ ਸ਼ਹਾਦਤ ਤਕ ਗਿਆਰਾਂ ਪੌਂਡ ਭਾਰ ਵੱਧ ਚੁੱਕਾ ਸੀ। ਉਹ ਉਸ ਸੁਪਨੇ ਦੀ ਖੁਸ਼ੀ ਸਦਕਾ ਉਨ੍ਹਾਂ ਦਾ ਖ਼ੂਨ ਠਾਠਾਂ ਮਾਰ ਰਿਹਾ ਸੀ। ਭਾਰਤ ਮਾਂ ਦੇ ਇਸ ਸਪੂਤ ਦੀ ਦੇਸ਼ ਖਾਤਰ ਮਰ ਮਿਟਣ ਦੀ ਖਾਹਿਸ਼ 'ਤੇ ਖੁਸ਼ੀ ਦਾ ਅੰਦਾਜ਼ਾ ਕੌਣ ਲਾ ਸਕਦਾ ਹੈ?

12 ਅਗਸਤ, 1915 ਆਪਣੇ ਸਾਥੀਆਂ ਨਾਲ ਫਾਂਸੀ

ਉਨ੍ਹਾਂ ਆਪਣੇ ਸਾਥੀਆਂ ਨਾਲ ਹੱਸ-ਹੱਸ ਕੇ ਫਾਂਸੀ ਦੇ ਰੱਸੇ ਚੁੰਮੇ। ਇਸ ਤਰ੍ਹਾਂ ਦੁਆਬੇ ਨੇ ਗ਼ਦਰ ਲਹਿਰ ਵਿਚ ਉਹ ਮਹਾਨ ਹੀਰੇ ਦਿੱਤੇ ਜਿਨ੍ਹਾਂ ਨੇ ਵਤਨ ਦੀ ਆਜ਼ਾਦੀ ਲਈ ਜਿਸ ਸੂਰਮਗਤੀ ਨਾਲ ਅੰਗਰੇਜ਼ੀ ਸਾਮਰਾਜ ਵਿਰੁੱਧ ਸੰਘਰਸ਼ ਕੀਤਾ। ਇਹ ਇਤਿਹਾਸ ਦਾ ਵਡਮੁੱਲਾ ਵਿਰਸਾ ਹੈ। ਇਨ੍ਹਾਂ ਦੇਸ਼ ਭਗਤਾਂ ਨੇ ਆਪਣੇ ਪਰਿਵਾਰ ਆਪਣੀ ਜਾਇਦਾਦ, ਆਪਣੀ ਜੁਆਨੀ, ਆਪਣੇ ਬੱਚਿਆਂ ਦੀ ਪ੍ਰਵਾਹ ਨਾ ਕਰਦੇ ਹੋਏ ਆਪਣੇ ਧਰਮ, ਕੌਮ, ਇਲਾਕੇ ਤੋਂ ਉੱਪਰ ਉੱਠ ਕੇ ਸਭ ਕੁਝ ਆਪਣਾ ਵਤਨ ਹੀ ਸਮਝਿਆ ਅਤੇ ਸਭ ਕੁਝ ਇਸ ਵਤਨ ਦੀ ਖਾਤਰ ਹੱਸ-ਹੱਸ ਕੇ ਕੁਰਬਾਨ ਕਰ ਦਿੱਤਾ। ਧੰਨ ਹੈ ਉਨ੍ਹਾਂ ਦੀ ਕੁਰਬਾਨੀ। ਇਨ੍ਹਾਂ ਮਹਾਨ ਸੂਰਬੀਰਾਂ ਦੇ ਜਜ਼ਬੇ ਇਨ੍ਹਾਂ ਸਤਰਾਂ ਵਿਚ ਪਰੋਏ ਹੋਏ ਹਨ:

ਅਸੀਂ ਵਤਨ ਦੇ ਲਈ, ਵਤਨ ਅਸਾਡੇ ਲਈ,
ਇਹੀ ਵਤਨ ਹੈ ਧਰਮ ਈਮਾਨ ਸਾਡਾ,
ਆਪਣੇ ਵਤਨ ਨੂੰ ਅਜ਼ਾਦ ਕਰਾਉਣ ਖਾਤਰ
ਸਭ ਕੁਝ ਵਤਨ ਦੇ ਲਈ ਕੁਰਬਾਨ ਸਾਡਾ।

✲✲✲

ਚੱਬੇ ਦਾ ਡਾਕਾ

2/3 ਫਰਵਰੀ ਦੀ ਰਾਤ ਨੂੰ ਇਨਕਲਾਬੀਆਂ ਦੀ ਇਕ ਟੋਲੀ ਨੇ ਪਿਸਤੌਲਾਂ, ਬੰਬਾਂ ਤੇ ਕੁਝ ਹੋਰ ਮਾੜੇ ਮੋਟੇ ਹਥਿਆਰਾਂ ਨਾਲ ਲੈਸ ਹੋ ਕੇ ਬਦਨਾਮ ਸ਼ਾਹੂਕਾਰ ਬੇਲੀ ਰਾਮ ਦੇ ਘਰ ਚੱਬਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਡਾਕਾ ਮਾਰਿਆ ਸੀ। ਇਸ ਡਾਕੇ ਦਾ ਸੁਝਾਅ ਚੱਬੇ ਦੇ ਨੇੜੇ ਦੇ ਪਿੰਡ ਗਿੱਲਵਾਲੀ ਦੇ ਵਸਾਵਾ ਸਿੰਘ ਵਲੋਂ ਆਇਆ ਸੀ ਕਿਉਂਕਿ ਉਹ ਇਸ ਸ਼ਾਹੂਕਾਰ ਦਾ ਕਰਜ਼ਦਾਰ ਸੀ ਤੇ ਉਸਨੇ ਇਸ ਡਾਕੇ ਲਈ ਪਿੰਡ ਦੇ ਤਿੰਨ ਬਦਮਾਸ਼ ਵੀ ਆਪਣੇ ਨਾਲ ਰਲਾ ਲਏ ਸਨ।

ਉਹ ਦਰਵਾਜ਼ਾ ਭੰਨ ਕੇ ਅੰਦਰ ਜਾ ਵੜੇ ਸਨ ਤੇ ਬੇਲੀ ਰਾਮ ਨੂੰ ਪੇਟੀ ਦੀਆਂ ਚਾਬੀਆਂ ਦੇਣ ਲਈ ਮਜਬੂਰ ਕਰ ਲਿਆ ਗਿਆ ਸੀ। ਪਰੰਤੂ ਉਹ ਬੇਹੋਸ਼ ਹੋ ਗਿਆ। ਅੰਤ ਨੂੰ ਉਹ ਸੋਨੇ ਚਾਂਦੀ ਦੇ ਗਹਿਣੇ ਲੱਭਣ ਵਿਚ ਕਾਮਯਾਬ ਹੋ ਗਏ ਤੇ ਉਥੋਂ ਮਿਲੀਆਂ ਕੁਝ ਹੁੰਡੀਆਂ ਲੂਹ ਦਿੱਤੀਆਂ ਗਈਆਂ ਸਨ।

ਪਰ ਪਿੰਡ ਵਾਲਿਆਂ ਨੇ ਉਨ੍ਹਾਂ ਜਾਣ ਲੱਗਿਆਂ ਦਾ ਪਿੱਛਾ ਕੀਤਾ ਸੀ। ਹੱਥੋ-ਹੱਥੀ ਬੜੀ ਘਮਸਾਣ ਦੀ ਲੜਾਈ ਹੋਈ ਸੀ, ਜਿਸ ਵਿਚ ਕਾਫੀ ਹਥਿਆਰ ਵੀ ਵਰਤੇ ਗਏ ਸਨ। ਦੋਹੀਂ ਪਾਸੀਂ ਕੁਝ ਮੌਤਾਂ ਵੀ ਹੋਈਆਂ ਸਨ। ਉਨ੍ਹਾਂ ਦੇ ਆਪਣੇ ਹੀ ਬੰਬਾਂ ਨਾਲ ਰਾਮ ਰੱਖਾ ਤੇ ਵਰਿਆਮ ਸਿੰਘ ਦੋ ਇਨਕਲਾਬੀ ਮਾਰੇ ਗਏ ਸਨ। ਅੰਮ੍ਰਿਤਸਰ ਦੇ ਲੋਹਾਰ ਕਾਲਾ ਸਿੰਘ ਨੂੰ ਹਮਲਾਵਰਾਂ ਦੀ ਵਾਹਰ ਨੇ ਫੜ ਲਿਆ ਸੀ। ਇਸ ਐਕਸ਼ਨ ਦੀ, ਉਨ੍ਹਾਂ ਨੂੰ ਕਾਫੀ ਵੱਡੀ ਕੀਮਤ ਚੁਕਾਉਣੀ ਪਏ ਸੀ ਤੇ ਇਯ ਨਾਲ ਸਮੁੱਚੀ ਇਨਕਲਾਬੀ ਲਹਿਰ ਨੂੰ ਬੜਾ ਵੱਡਾ ਧੱਕਾ ਲੱਗਾ ਸੀ।

[ਅੰਗਰੇਜ਼ ਜੱਜਾਂ ਨੇ]ਫ਼ੈਸਲੇ ਵਿਚ ਲਿਖਿਆ ਗਿਆ ਸੀ:

"ਇਹ ਸੰਭਵ ਹੈ ਕਿ ਡਾਕੂਆਂ ਦੀ ਟੋਲੀ ਦੇ ਵੱਡੇ ਹਿੱਸੇ ਦੀ ਕੋਈ ਵਿਸ਼ੇਸ਼ ਕਤਲ ਕਰਨ ਦੀ ਕੋਈ ਮਨਸ਼ਾ ਨਾ ਹੋਵੇ ਅਤੇ ਅਸਲ ਵਿਚ ਜੇ ਇਸ ਤੋਂ ਬਚਿਆ ਜਾ ਸਕਦਾ ਹੁੰਦਾ, ਉਹ ਬੇਲੀ ਰਾਮ ਨੂੰ ਕਤਲ ਕਰਨ ਦੇ ਵਿਰੁੱਧ ਸਨ। ਇਸਦਾ ਮਤਲਬ ਹੈ ਕਿ ਉਹ ਮਹਿਜ਼ ਕਤਲ ਲਈ ਹੀ ਕਤਲ ਕਰਨ ਦੇ ਹੱਕ ਵਿਚ ਨਹੀਂ ਸਨ, ਪਰ ਸਾਡੇ ਲਈ ਕਿਸੇ ਵੀ ਡਾਕੂ ਨੂੰ ਦਿੱਤੀ ਜਾਣ ਵਾਲੀ ਸਜ਼ਾ ਦੇ ਸਿਲਸਿਲੇ ਵਿਚ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ।"

[ਸੋਹਣ ਸਿੰਘ ਜੋਸ਼ ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਸਫ਼ਾ 144]

ਗੁੰਮਨਾਮ ਗ਼ਦਰੀ ਸੂਰਮਾ-ਸ਼ਹੀਦ ਰਾਮ ਰੱਖਾ ਸਾਹਬਾ

-ਚਰੰਜੀਲਾਲ ਕੰਗਣੀਵਾਲ

"15 ਦਸੰਬਰ 1914 ਨੂੰ ਮੈਂ ਜਨਮਿਆਂ ਤਾਂ ਉਹ ਤੜਕਸਾਰ ਚਲੇ ਗਏ। ਆਹਮਣੇ-ਸਾਹਮਣੇ ਘਰ ਸਨ, ਜਾਣ ਲਗਿਆਂ ਉਨ੍ਹਾਂ ਮੇਰੀ ਦਾਦੀ ਨੂੰ ਆਵਾਜ਼ ਮਾਰ ਕੇ ਪੁੱਛਿਆ, 'ਕੀ ਹੋਇਆ ਜ਼ਾਲਮ ਸਿੰਘ ਦੇ।'

'ਕਾਕਾ ਹੋਇਆ।' ਮੇਰੀ ਦਾਦੀ ਨੇ ਜੁਆਬ ਦਿੱਤਾ।

'ਅੱਛਾ! ਰਾਜੀ ਰਹੇ।' ਏਨਾ ਕਹਿ ਕੇ ਰਾਮ ਰਖਾ ਘਰੋਂ ਚਲੇ ਗਏ ਤੇ ਫਿਰ ਵਾਪਸ ਨਾ ਆਏ। ਸ਼ਹੀਦ ਰਾਮ ਰੱਖਾ ਮੇਰੇ ਸ਼ਰੀਕੇ 'ਚੋਂ ਦਾਦਾ ਜੀ ਲਗਦੇ ਸਨ। ਛੇ ਫੁੱਟ ਉੱਚੇ, ਗੋਰੇ ਰੰਗ ਦੇ ਉਹ ਖੂਬਸੂਰਤ ਨੌਜਵਾਨ ਸਨ।"

ਇਹ ਬੋਲ ਸਨ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਦੇ ਪਿੰਡ ਸਾਹਬਾ ਦੇ ਮੌਜੂਦਾ ਲੰਬੜਦਾਰ ਸ੍ਰੀ ਜਗਤ ਸਿੰਘ ਦੇ ਜੋ ਗ਼ਦਰੀ ਰਾਮ ਰੱਖਾ ਦੀ ਕੁਰਬਾਨੀ, ਤੇ ਫ਼ਖਰ ਨਾਲ ਖੀਵਾ ਹੋਏ ਨੇ ਮੈਨੂੰ ਕਹੇ, ਜਦੋਂ ਮੈਂ ਪਹਿਲੀ ਵਾਰ 25 ਦਸੰਬਰ 2006 ਤੇ ਦੁਬਾਰਾ 30 ਅਪ੍ਰੈਲ 2008 ਨੂੰ ਸ੍ਰੀ ਦੇਵ ਰਾਜ ਨਈਅਰ ਨਾਲ ਸਾਹਬਾ ਜਾ ਕੇ ਗ਼ਦਰੀ ਰਾਮ ਰੱਖਾ ਦੇ ਸਬੰਧ ਵਿਚ ਮਿਲਿਆ ਤੇ ਦਰਸ਼ਨ ਕੀਤੇ ਸਨ, ਖੰਡਰ ਬਣੇ ਘਰ ਦੇ ਜਿਸ ਵਿਚ ਪੈਦਾ ਹੋ ਕੇ ਰਾਮ ਰੱਖਾ ਪ੍ਰਵਾਨ ਚੜ੍ਹਿਆ ਤੇ ਸ਼ਹੀਦ ਹੋ ਗਿਆ ਦੇਸ਼ ਦੀ ਆਜ਼ਾਦੀ ਲਈ। ਲੰਬੜਦਾਰ ਜਗਤ ਸਿੰਘ ਦੀ ਗੱਲਬਾਤ ਇਸ ਕਰਕੇ ਵੀ ਮਹੱਤਵਪੂਰਨ ਹੈ ਕਿ ਗ਼ਦਰ ਲਹਿਰ ਵਿਚ ਰਾਮ ਰੱਖਾ ਦੀਆਂ ਸਰਗਰਮੀਆਂ ਨਾਲ ਇਹ ਮੇਲ ਖਾਂਦੀ ਹੈ। ਰਾਮ ਰੱਖਾ ਦੇ ਇਨਕਲਾਬੀ ਕਾਰਨਾਮਿਆਂ ਕਰਕੇ ਉਸਦੇ ਛੋਟੇ ਭਰਾ ਮੁਣਸ਼ੀ ਰਾਮ ਨੂੰ ਪੁਲੀਸ ਵਲੋਂ ਤੰਗ ਕੀਤਾ ਗਿਆ ਤੇ ਉਸਦੇ ਚਚੇਰੇ ਭਰਾ ਅਤਰੇ ਨੂੰ ਲੰਬੜਦਾਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ।

ਜ਼ਿਲ੍ਹਾ ਹੁਸ਼ਿਆਰਪੁਰ ਦੇ ਦੋ ਗ਼ਦਰੀ ਇਕੋ ਨਾਂਅ ਵਾਲੇ ਹੋਣ ਕਰਕੇ ਸਿਰਫ਼ ਇਕੋ ਰਾਮ ਰੱਖਾ ਦੀ ਗੱਲ ਕੀਤੀ ਜਾਂਦੀ ਰਹੀ, ਜਿਹੜੇ ਬਰਮਾ ਸਾਜਿਸ਼ ਕੇਸ ਵਿਚ ਮਿਲੀ ਉਮਰ ਕੈਦ ਭੁਗਤਣ ਸਮੇਂ ਅੰਡੇਮਾਨ ਜੇਲ੍ਹ ਵਿਚ ਤਸ਼ੱਦਦ ਦਾ ਸਾਹਮਣਾ ਕਰਦੇ ਹੋਏ ਸ਼ਹੀਦ ਹੋ ਗਏ ਸਨ। ਅੰਡੇਮਾਨ ਜੇਲ੍ਹ ਵਿੱਚ ਇਸ ਰਾਮ ਰੱਖੇ ਉਪਰ ਜੋ ਤਸ਼ੱਦਦ ਹੋਇਆ, ਉਸ ਨੂੰ ਅੱਖੀਂ ਦੇਖਣ ਵਾਲਿਆਂ ਗ਼ਦਰੀਆਂ ਨੇ ਅਗਲੀ ਪੀੜ੍ਹੀ ਤੱਕ ਪਹੁੰਚਾਇਆ। ਹੱਥਲੇ ਲੇਖ ਵਿਚ ਦੂਜੇ ਰਾਮ ਰੱਖੇ ਗ਼ਦਰੀ ਦੀ ਗੱਲ ਕਰ ਰਹੇ ਹਾਂ ਜਿਸ ਨੇ ਪਾਰਟੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸ਼ਹੀਦੀ ਪ੍ਰਾਪਤ ਕੀਤੀ। ਉਸ ਨਾਲ ਜੋ ਕੁਝ ਵਾਪਰਿਆ, ਉਸ ਬਾਰੇ ਜਿਨ੍ਹਾਂ ਨੇ ਸਾਡੇ ਤੱਕ ਪਹੁੰਚਾਉਣਾ ਸੀ, ਉਹ ਖ਼ੁਦ ਹੀ ਸ਼ਹੀਦ ਹੋ ਗਏ, ਫਿਰ ਸਾਨੂੰ ਦੱਸਣਾ ਕਿਸ ਨੇ ਸੀ? ਇਹ ਇਤਿਹਾਸ ਦਾ ਦੁਖਾਂਤ ਹੈ ਕਿ ਉਹ ਰਾਮ ਰੱਖੇ ਵਰਗੇ ਸੂਰਮੇ ਨੂੰ ਆਪਣੇ ਵਿੱਚ ਸਮਾਉਣ ਤੋਂ ਬਿਰਵਾ ਰਹਿ ਗਿਆ। ਆਮ ਦੀ ਤਾਂ ਕੀ ਇਤਿਹਾਸ ਨੂੰ ਜਾਨਣ ਵਾਲਿਆਂ ਵਿਚੋਂ ਵੀ ਸ਼ਾਇਦ ਹੀ ਕੋਈ ਉਸ ਰਾਮ ਰੱਖਾ

ਤੋਂ ਜਾਣੂ ਹੋਵੇ। ਉਹ ਸਰਦਾਰ ਕਰਤਾਰ ਸਿੰਘ ਸਰਾਭਾ ਦੇ ਨੇੜਲੇ ਸਾਥੀ ਸਨ ਅਤੇ ਕਰਤਾਰ ਸਿੰਘ ਸਰਾਭਾ ਵਰਗੀ ਸਖਸ਼ੀਅਤ ਤੋਂ ਬਾਅਦ ਉਹ ਦੂਜੇ ਗ਼ਦਰੀ ਸਨ ਜਿਸ ਨੇ ਪਾਰਟੀ ਪ੍ਰੋਗਰਾਮਾਂ ਨੂੰ ਨਿਭਾਉਂਦਿਆਂ ਹਰ ਵਕਤ ਜਾਨ ਹਥੇਲੀ 'ਤੇ ਟਿਕਾਈ ਰੱਖੀ। ਰਾਮ ਰੱਖਾ ਦੇ ਮੁੱਢਲੇ ਜੀਵਨ ਬਾਰੇ ਤਾਂ ਉਪਲੱਬਧ ਨਹੀਂ ਹੈ, ਪ੍ਰੰਤੂ ਸ਼ਰੀਕੇ ਵਿਚੋਂ ਉਸਦੇ ਲਗਦੇ ਪੋਤਰੇ ਸ. ਜਗਤ ਸਿੰਘ ਦੇ ਦੱਸਣ ਮੁਤਾਬਕ ਉਸਦਾ ਜਨਮ ਮਾਤਾ ਇੰਦਰ ਦੇਵੀ ਤੇ ਪਿਤਾ ਹੀਰਾ ਚੰਦ ਦੇ ਘਰ ਹੋਇਆ ਤੇ ਅੱਠਵੀਂ ਤੱਕ ਦੀ ਪੜ੍ਹਾਈ ਉਨ੍ਹਾਂ ਲਾਹੌਰ ਤੋਂ ਪ੍ਰਾਪਤ ਕੀਤੀ। ਉਸ ਸਮੇਂ ਵਿਦੇਸ਼ ਜਾਣ ਦੇ ਰੁਝਾਨ ਨੇ ਉਨ੍ਹਾਂ ਨੂੰ ਵੀ ਅਮਰੀਕਾ ਪੁਚਾ ਦਿੱਤਾ ਸੀ ਅਤੇ ਸੇਂਟ ਜੌਨ ਸ਼ਹਿਰ ਵਿਚ ਲੱਕੜ ਦੇ ਕਾਰਖਾਨੇ ਵਿਚ ਉਹ ਮਜ਼ਦੂਰੀ ਕਰਦੇ ਸਨ, ਜਿਥੇ ਕਾਂਸ਼ੀ ਰਾਮ ਮੜੌਲੀ ਠੇਕੇਦਾਰ ਸਨ।

ਅਮਰੀਕਾ ਵਿਚ ਸਿਆਸੀ ਜਾਗਰਤੀ ਦਾ ਮੁੱਢ 1911 ਵਿਚ ਬੱਝਾ ਜਦੋਂ ਜੀ.ਡੀ. ਕੁਮਾਰ ਕੈਨੇਡਾ ਛੱਡ ਕੇ ਅਮਰੀਕਾ ਵਿਚ ਆਇਆ ਤੇ ਬਾਬੂ ਹਰਨਾਮ ਸਿੰਘ ਕਾਹਰੀ ਨੂੰ ਨਾਲ ਲੈ ਕੇ ਉਹ ਕੋਲੰਬੀਆ ਵਿਚਲੇ ਹਿੰਦੀ ਪ੍ਰਵਾਸੀਆਂ ਦੇ ਡੇਰਿਆਂ ਵਿਚ ਪ੍ਰਚਾਰ ਕਰਨ ਲਈ ਫਿਰਨ ਲੱਗੇ। ਉਨ੍ਹਾਂ ਨੂੰ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਨੇ ਸਮਝਾਇਆ ਕਿ ਹੁਣ ਸਮਾਜੀ ਸੁਧਾਰਾਂ ਦਾ ਵਕਤ ਨਹੀਂ, ਕੋਈ ਸੰਗਠਨ ਬਣਾ ਕੇ ਸਿੱਧਾ ਦੇਸ਼ ਦੀ ਆਜ਼ਾਦੀ ਲਈ ਕੰਮ ਸ਼ੁਰੂ ਕਰੋ। ਸੋਹਣ ਸਿੰਘ ਭਕਨਾ, ਭਾਈ ਹਰਨਾਮ ਸਿੰਘ ਕੋਟਲਾ, ਊਧਮ ਸਿੰਘ, ਰਾਮ ਰੱਖਾ ਤੇ ਭਾਈ ਈਸ਼ਰ ਸਿੰਘ ਲੱਕੜੀ ਦੀ ਮਿੱਲ ਵਿਚ ਕੰਮ ਕਰਦੇ ਸਨ। 1912 ਦੇ ਸ਼ੁਰੂ 'ਚ ਪੋਰਟਲੈਂਡ ਵਿਚ ਹਿੰਦੀਆਂ ਦਾ ਇਕ ਇਕੱਠ ਕੀਤਾ ਗਿਆ, ਜਿਸ ਵਿਚ ਬ੍ਰਾਈਡਲਵਿਲ ਤੋਂ ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਤੇ ਉਸ ਦੇ ਸਾਥੀ, ਸੇਂਟ ਜਾਨ ਤੋਂ ਪੰਡਤ ਕਾਂਸ਼ੀ ਰਾਮ, ਰਾਮ ਰੱਖਾ ਸਾਹਬਾ ਆਪਣੇ ਸਾਥੀਆਂ ਸਮੇਤ ਮੋਨਾਰਕ ਮਿਲ ਤੋਂ ਭਾਈ ਸੋਹਣ ਸਿੰਘ ਭਕਨਾ, ਭਾਈ ਊਧਮ ਸਿੰਘ ਕਸੇਲ ਤੇ ਉਨ੍ਹਾਂ ਦੇ ਪੋਰਟਲੈਂਡ ਵਾਲੇ ਹੋਰ ਸਾਥੀ ਸ਼ਾਮਲ ਹੋਏ।

ਇਹ ਮੀਟਿੰਗ ਜਥੇਬੰਦੀ ਬਣਾਉਣ ਲਈ ਪਹਿਲਾ ਉੱਦਮ ਸੀ। ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ "ਹਿੰਦੁਸਤਾਨ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ" ਨਾਂਅ ਦੀ ਜਥੇਬੰਦੀ ਬਣਾਈ ਜਾਵੇ ਤੇ ਪੋਰਟਲੈਂਡ ਵਿਚ ਮਕਾਨ ਕਿਰਾਏ ਉਤੇ ਲੈ ਕੇ ਇਸ ਦਾ ਦਫ਼ਤਰ ਖੋਲ੍ਹਿਆ ਜਾਏ। ਇਸ ਮੀਟਿੰਗ ਵਿਚ ਰਾਮ ਰੱਖਾ ਸਮੇਤ ਸਾਰਿਆਂ ਨੇ ਇਸ ਜਥੇਬੰਦੀ ਦਾ ਮੈਂਬਰ ਬਣਨਾ ਪ੍ਰਵਾਨ ਕਰ ਲਿਆ ਸੀ। ਭਾਈ ਸੋਹਣ ਸਿੰਘ ਭਕਨਾ ਸਿਆਸੀ ਖਿਆਲਾਂ ਵਾਲੇ ਸਮਝੇ ਜਾਣ ਕਰਕੇ ਪ੍ਰਧਾਨ ਬਣਾਏ ਗਏ, ਜੀ.ਡੀ. ਕੁਮਾਰ ਜਨਰਲ ਸਕੱਤਰ ਤੇ ਪੰਡਤ ਕਾਂਸ਼ੀ ਰਾਮ ਖਜ਼ਾਨਚੀ ਚੁਣੇ ਗਏ। ਉਰਦੂ ਵਿਚ "ਹਿੰਦੁਸਤਾਨ" ਨਾਂਅ ਦਾ ਹਫ਼ਤੇਵਾਰੀ ਅਖ਼ਬਾਰ ਕੱਢਣ ਦਾ ਫੈਸਲਾ ਵੀ ਹੋਇਆ। ਇਸ ਤਰ੍ਹਾਂ ਲਾਮਬੰਦੀ ਦਾ ਸਿਲਸਿਲਾ ਚਲ ਪਿਆ ਸੀ ਕਿ ਜੀ.ਡੀ. ਕੁਮਾਰ ਬੀਮਾਰ ਹੋ ਗਏ ਤੇ ਅਖ਼ਬਾਰ ਦਾ ਕੰਮ ਤੇ ਮੀਟਿੰਗਾਂ ਹੋਣੀਆਂ ਬੰਦ ਹੋ ਗਈਆਂ।

ਇਨ੍ਹਾਂ ਹਾਲਾਤਾਂ ਬਾਰੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਵਲੋਂ ਗੁਰਚਰਨ ਸਿੰਘ ਸੈਂਹਸਰਾ ਨੂੰ ਲਿਖੇ ਖ਼ਤ, ਜਿਹੜਾ (21 ਫਰਵਰੀ 1955, ਉਰਦੂ ਵਿਚ ਲਿਖਿਆ ਪੋਸਟ ਕਾਰਡ) ਹੁਣੇ ਹੀ ਪ੍ਰਾਪਤ ਹੋਇਆ, ਵਿਚ ਅਸਟੋਰੀਆ ਦੀ ਮੀਟਿੰਗ ਦੀ ਮਹੱਤਤਾ ਬਾਰੇ ਉਨ੍ਹਾਂ ਲਿਖਿਆ, "ਅਪ੍ਰੈਲ 1913 ਦੇ ਆਖਰੀ ਐਤਵਾਰ ਕੋ ਇਸ ਇਲਾਕੇ ਮੇਂ ਹੋਨੇ ਵਾਲੀ ਚੌਥੀ ਮੀਟਿੰਗ (ਗ਼ਦਰ ਪਾਰਟੀ ਕੀ ਕਾਇਮੀ ਕੇ ਲੀਏ) ਅਸਟੋਰੀਆ, ਰਿਆਸਤ ਵਾਸ਼ਿੰਗਟਨ ਮੇਂ ਹੂਈ ਥੀ। ਇਸ ਜਗ੍ਹਾ ਪਾਰਟੀ ਕੇ ਮੁਸਤਕਲ ਅਹੁਦੇਦਾਰੋਂ ਕਾ ਚੁਨਾਉ ਆਮ ਅਜਲਾਸ ਮੇਂ ਹੋ ਗਆ ਥਾ। ਪਾਰਟੀ ਕੀ ਪੱਕੀ

ਬੁਨਿਆਦ ਕਾਇਮ ਹੋ ਕਰ ਆਈਂਦਾ ਨਾਮ ਕਾ ਪ੍ਰੋਗਰਾਮ ਤਹਿ ਹੋ ਗਯਾ ਥਾ। ਪਾਰਟੀ ਕੀ ਕਾਇਮੀ ਕਾ ਡੇਢ ਸਫ਼ੇ ਕਾ ਮੈਨੇ ਏਕ ਨੋਟ ਅਪਨੀ ਤਰਫ਼ ਸੇ ਲਿਖਾ ਥਾ, ਜਿਸ ਮੇਂ ਪੰਜਾਬ ਕੇ ਅਨਪੜ੍ਹ ਕਿਸਾਨੋ ਕੀ ਤਰਫ਼ ਸੇ ਸਿਰਫ਼ ਦੋ ਮਹੀਨੇ ਦੇ ਅਰਸਾ ਮੇਂ ਏਕ ਐਸੀ ਜ਼ਬਰਦਸਤ ਪਾਰਟੀ ਕਾਇਮ ਕਰ ਲੀ ਥੀ ਕਿ ਇਸ ਜ਼ਮਾਨਾ ਕੀ ਦੁਨੀਆਂ ਕੀ ਸਭ ਸੇ ਬੜੀ ਤਾਕਤ ਬਰਿਟਿਸ਼ ਹਕੂਮਤ ਕੇ ਖਿਲਾਫ਼ ਜੰਗ ਕਾ ਐਲਾਨ ਕਰ ਦੀਆ।"

ਦੇਸ਼ ਭਗਤੀ ਦੀ ਲੱਗੀ ਇਸ ਲਾਗ ਨੂੰ ਜਾਰੀ ਰੱਖਣ ਲਈ ਲਾਲਾ ਠਾਕਰ ਦਾਸ ਧੂਰੀ ਦੀ ਸਲਾਹ ਤੇ ਕਾਂਸ਼ੀ ਰਾਮ, ਰਾਮ ਰੱਖਾ, ਅਮਰ ਸਿੰਘ ਅਤੇ ਹੋਰਨਾਂ ਨੇ ਲਾਲਾ ਹਰਦਿਆਲ ਨੂੰ ਮਈ 1913 ਨੂੰ ਸੇਂਟ ਜੌਨ ਸੱਦਿਆ। ਔਰੇਗਾਨ ਸਟੇਟ ਵਿਚ ਲਾਲਾ ਹਰਦਿਆਲ ਦੀ ਯਾਤਰਾ ਦਾ ਇਹ ਮੁੱਢ ਸੀ। ਉਸ ਨਾਲ ਭਾਈ ਪਰਮਾ ਨੰਦ (ਲਾਹੌਰ) ਵੀ ਆਇਆ ਸੀ ਪਰ ਉਹ ਛੇਤੀਂ ਵਾਪਸ ਚਲਾ ਗਿਆ ਸੀ। ਲਾਲਾ ਹਰਦਿਆਲ ਇਕ ਹਫ਼ਤਾ ਰਾਮ ਰੱਖਾ ਹੁਣਾਂ ਪਾਸ ਸੇਂਟ ਜੌਨ ਰਿਹਾ, ਜਿਥੇ ਉਸਨੇ ਦੇਸ਼ ਦੀ ਆਜ਼ਾਦੀ ਦੇ ਪ੍ਰਚਾਰ ਲਈ "ਗ਼ਦਰ" ਨਾਮੀ ਅਖ਼ਬਾਰ ਕੱਢਣ ਲਈ ਤਜਵੀਜ਼ ਕੀਤਾ। ਸੇਂਟ ਜੌਨ ਤੋਂ ਲਾਲਾ ਹਰਦਿਆਲ ਬ੍ਰਾਈਡਿਲਵਿਲ (ਔਰੇਗਾਨ) ਗਿਆ ਅਤੇ ਇਕ ਮੀਟਿੰਗ ਨੂੰ ਸੰਬੋਧਨ ਕਰਕੇ ਅਖ਼ਬਾਰ ਲਈ ਫੰਡ ਦੀ ਅਪੀਲ ਕਰਨ 'ਤੇ ਉੱਥੋਂ ਸੱਤ-ਅੱਠ ਸੌ ਦੇ ਕਰੀਬ ਡਾਲਰ ਇਕੱਠੇ ਹੋ ਗਏ। ਇਸ ਤਰ੍ਹਾਂ ਹੀ ਪੋਰਟਲੈਂਡ, ਲਿੰਟਨ ਆਦਿ ਲਾਗਲੇ ਸ਼ਹਿਰਾਂ ਵਿਚ ਮੀਟਿੰਗਾਂ ਦਾ ਤਾਂਤਾ ਬੱਝ ਗਿਆ ਸੀ ਅਤੇ ਉਗਰਾਹੀ ਲਈ ਕਮੇਟੀਆਂ ਗਠਤ ਕੀਤੀਆਂ।

ਲਾਲਾ ਹਰਦਿਆਲ ਨਾਲ ਰਾਮ ਰੱਖਾ, ਮਾਸਟਰ ਊਧਮ ਸਿੰਘ ਕਸੇਲ, ਸੋਹਣ ਸਿੰਘ ਭਕਨਾ, ਕਾਂਸ਼ੀ ਰਾਮ, ਠਾਕਰ ਦਾਸ ਧੂਰੀ ਅਤੇ ਅਮਰ ਸਿੰਘ ਨਵਾਂਸ਼ਹਿਰ ਸਨ। ਇਨ੍ਹਾਂ ਸਰਗਰਮੀਆਂ ਬਾਰੇ ਜਗਜੀਤ ਸਿੰਘ ਲਿਖਦਾ ਹੈ, "'ਔਰੇਗਾਨ ਵਿਚ 1913 ਦੇ ਸ਼ੁਰੂ 'ਚ ਪੱਛਮੀ ਕੰਢੇ ਦੀਆਂ ਰਿਆਸਤਾਂ ਵਿਚ ਪਹਿਲਾਂ ਹੀ ਗ਼ਰਮ ਅੰਸਰ ਮੌਜੂਦ ਸੀ, ਜਿਸ ਨੂੰ ਲਾਲਾ ਹਰਦਿਆਲ ਨੇ ਮਈ 1913 ਵਿਚ ਭਖਾ ਕੇ ਭਾਂਬੜ ਬਾਲਣਾ ਸ਼ੁਰੂ ਕਰ ਦਿੱਤਾ ਸੀ।" ਜਥੇਬੰਦੀ ਦਾ ਦਫ਼ਤਰ ਸਾਨਫ੍ਰਾਂਸਿਸਕੋ ਵਿਚ ਖੋਲ੍ਹ ਕੇ ਉਸ ਨੂੰ "ਯੁਗਾਂਤਰ ਆਸ਼ਰਮ" ਦਾ ਨਾਂਅ ਦਿੱਤਾ ਗਿਆ। ਪਹਿਲੀ ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਸ਼ੁਰੂ ਕੀਤਾ ਗਿਆ। 'ਗ਼ਦਰ' ਅਖ਼ਬਾਰ ਤੇ ਜਥੇਬੰਦੀ ਸਬੰਧੀ ਨਵੇਂ ਤੱਥ ਬਾਬਾ ਟੁੰਡੀਲਾਟ ਵਲੋਂ ਉਰਦੂ ਵਿਚ 10 ਨਵੰਬਰ 1958 ਵਾਲੇ ਲਿਖੇ ਗੁਰਚਰਨ ਸਿੰਘ ਸੈਂਸਰਾਂ ਨੂੰ ਖ਼ਤ ਵਿਚੋਂ ਪ੍ਰਾਪਤ ਹੋਏ ਹਨ। ਉਸ ਵਿਚ ਲਿਖਿਆ ਹੈ, "ਗ਼ਦਰ ਅਖ਼ਬਾਰ ਜਾਰੀ ਹੋਣ ਦੀ ਤਾਰੀਖ ਬਾਰੇ ਮੈਨੂੰ ਪੁਰਾਣੇ ਸਾਥੀਆਂ ਦੀ ਮਦਦ ਨਹੀਂ ਮਿਲੀ, ਦੋ-ਤਿੰਨ ਸਾਥੀਆਂ ਨੂੰ ਪੁੱਛਿਆ, ਉਨ੍ਹਾਂ ਦੀ ਯਾਦਾਸ਼ਤ ਖ਼ਤਮ ਹੋ ਚੁੱਕੀ ਹੈ। ਮੇਰੀ ਹੀ ਇਕ ਲਿਖੀ ਕਾਪੀ ਕਾਗਜ਼ਾਂ ਵਿਚ ਦੱਬੀ ਹੋਈ ਮੈਨੂੰ ਮਿਲ ਗਈ ਹੈ ਜਿਹੜੀ ਇਸ ਬਾਰੇ ਠੀਕ ਰੌਸ਼ਨੀ ਪਾਉਂਦੀ ਹੈ। ਅਖ਼ਬਾਰ 'ਗ਼ਦਰ' ਦਾ ਪਹਿਲਾ ਪਰਚਾ ਉਰਦੂ ਵਿਚ 4 ਅਕਤੂਬਰ 1913 ਨੂੰ ਜਾਰੀ ਹੋਇਆ। ਉਰਦੂ ਦੇ ਚਾਰ ਪਰਚੇ ਨਿਕਲਣ ਪਿਛੋਂ ਗੁਰਮੁਖੀ ਪਰਚਾ ਸ਼ੁਰੂ ਹੋਇਆ। ਮੈਨੂੰ ਇਹ ਗੱਲ ਚੰਗੀ ਤਰ੍ਹਾਂ ਯਾਦ ਹੈ ਕਿ ਬਰਾਂਚਾਂ ਵਿਚ ਪਹਿਲਾ ਤੇ ਦੂਜਾ ਉਰਦੂ ਪਰਚਾ ਪਹੁੰਚਣ ਤੇ ਬੜੀ ਘਾਟ ਮਹਿਸੂਸ ਕੀਤੀ ਗਈ ਤੇ ਇਸ ਨੂੰ ਵਧਾਉਣ ਲਈ ਬਰਾਂਚਾਂ ਵਲੋਂ ਦਫ਼ਤਰ ਨੂੰ ਚਿੱਠੀਆਂ ਭੇਜਣੀਆਂ ਸ਼ੁਰੂ ਹੋ ਗਈਆਂ ਸਨ। ਬ੍ਰੈਡਵੈਲ ਬਰਾਂਚ ਦਾ ਮੈਂ ਸੈਕਟਰੀ ਸੀ। ਲਾਲਾ ਹਰਦਿਆਲ ਨੇ ਦਫ਼ਤਰ ਤੋਂ ਬਰਾਂਚਾਂ ਨੂੰ ਜਵਾਬ ਲਿਖ ਭੇਜਿਆ ਕਿ ਹੈਂਡ ਪ੍ਰੈਸ ਨਾਲ ਤਾਂ ਮੁਸ਼ਕਲ ਨਾਲ ਏਨੀ ਹੀ ਛਪੇਗੀ।

ਉਸ ਸਮੇਂ ਦਫ਼ਤਰ ਤੇ ਪ੍ਰੈਸ ਵਿਚ ਤਿੰਨ ਆਦਮੀ ਹੀ ਕਰਤਾਰ ਸਿੰਘ, ਰਘੁਵਰ ਦਿਆਲ ਗੁਪਤਾ ਦੋਨੋਂ ਅਠਾਰਾ ਸਾਲ ਦੇ ਸਨ (ਸਕੂਲੀ ਲੜਕੇ) ਅਤੇ ਤੀਜੇ ਲਾਲਾ ਜੀ। ਇਨ੍ਹਾਂ ਤਿੰਨਾਂ ਨੇ ਮਿਹਨਤ ਮੁਸ਼ੱਕਤ ਦਾ ਕਦੀ ਕੰਮ ਨਹੀਂ ਸੀ ਕੀਤਾ। ਕਰਤਾਰ ਸਿੰਘ ਪੰਜਾਬੀ ਹੋਣ ਕਰਕੇ ਕੁਝ ਮਿਹਨਤ ਕਰ ਸਕਦਾ ਸੀ। ਅਮਰੀਕੀ ਪ੍ਰੈੱਸਮੈਨ ਗੋਰਾ ਇਕੱਲਾ ਹੀ ਸੀ ਜਿਹੜਾ ਆਪਣੇ ਸਾਥੀਆਂ ਨੂੰ ਕੰਮ ਵੀ ਸਿਖਾਉਂਦਾ ਸੀ ਤੇ ਪ੍ਰੈਸ ਨੂੰ ਹੱਥ ਨਾਲ ਘੁੰਮਾਉਂਦਾ ਵੀ ਸੀ। ਇਸ ਤਰ੍ਹਾਂ ਅਖ਼ਬਾਰਾਂ ਦੀ ਮੰਗ ਪੂਰੀ ਨਾ ਹੋ ਸਕਣ ਕਰਕੇ ਜਵਾਬ ਵਿਚ ਲਾਲਾ ਹਰਦਿਆਲ ਨੇ ਸਾਰੀਆਂ ਬਰਾਂਚਾਂ ਨੂੰ ਲਿਖ ਭੇਜਿਆ ਕਿ ਇਕ ਸੈਕੰਡ ਹੈਂਡ ਬਿਜਲੀ ਨਾਲ ਚੱਲਣ ਵਾਲੀ ਪ੍ਰੈਸ ਮਸ਼ੀਨ 2200/- ਡਾਲਰ ਦੀ ਮਿਲਦੀ ਹੈ। ਇਸ ਲਈ ਡਾਲਰ ਭੇਜੋ। ਲਾਲਾ ਹਰਦਿਆਲ ਦੀ ਇਸ ਚਿੱਠੀ 'ਤੇ ਫੈਸਲਾ ਹੋਇਆ ਕਿ 2200 ਡਾਲਰ ਭੇਜ ਦਿੱਤੇ ਜਾਣ ਤੇ ਭੇਜੇ ਗਏ। ਹੁਣ ਤੱਕ ਮੈਂ ਬ੍ਰੈਡਵਿਲ ਹੀ ਸੀ। ਉਰਦੂ ਦਾ ਚੌਥਾ ਪਰਚਾ ਮੈਨੂੰ ਬ੍ਰੈਡਵਿਲ ਹੀ ਮਿਲਿਆ ਸੀ। ਹੁਣ ਤੱਕ ਨਾ ਮਸ਼ੀਨ ਪ੍ਰੈਸ ਲਗਾ ਤੇ ਨਾ ਹੀ ਗੁਰਮੁਖੀ ਪਰਚਾ ਛਪਿਆ, ਮੈਨੂੰ ਪਾਰਟੀ ਦੇ ਪ੍ਰਧਾਨ (ਬਾਬਾ ਸੋਹਣ ਸਿੰਘ ਭਕਨਾ) ਦਾ ਅਕਤੂਬਰ ਦੇ ਆਖਰੀ ਹਫ਼ਤੇ ਖ਼ਤ ਮਿਲਿਆ, ਜਿਸ ਵਿਚ ਮੈਨੂੰ ਹੁਕਮ ਕੀਤਾ ਗਿਆ ਸੀ ਕਿ ਮੈਂ ਆਪਣਾ ਕੰਮ ਛੱਡ ਕੇ ਤੁਰੰਤ ਸਾਨਫ੍ਰਾਂਸਿਸਕੋ ਪਹੁੰਚ ਜਾਵਾਂ। ਮੈਨੂੰ ਕੀਤੇ ਇਕਰਾਰ ਦੇ ਮੁਤਾਬਕ ਜਾਣਾ ਹੀ ਸੀ। ਮੇਰੇ ਪੁੱਜਣ ਤੇ ਪ੍ਰੈਸ ਮਸ਼ੀਨ ਫਿੱਟ ਹੋ ਚੁੱਕੀ ਸੀ। ਗੁਰਮੁਖੀ ਦਾ ਪਹਿਲਾ ਪਰਚਾ ਮੇਰੇ ਉਥੇ ਪਹੁੰਚਣ 'ਤੇ ਹੀ ਛਪਿਆ। ਕਰਤਾਰ ਸਿੰਘ ਸਰਾਭਾ ਨੇ ਪੁਰਾਣੀ ਮਸ਼ਹੂਰ ਪੰਜਾਬੀ ਨਜ਼ਮ "ਪਗੜੀ ਸੰਭਾਲ ਜੱਟਾ......" ਇਸ ਪਹਿਲੇ ਪਰਚੇ ਵਿਚ ਲਿਖੀ ਸੀ। ਪਹਿਲਾਂ ਛਪਦੇ ਉਰਦੂ ਪਰਚਿਆਂ ਵਿਚ ਲਾਲਾ ਹਰਦਿਆਲ ਦੀ ਕੋਸ਼ਿਸ਼ ਨਾਲ ਦੇਸ਼ ਭਗਤੀ ਦੀ ਨਜ਼ਮ ਛੱਪ ਜਾਂਦੀ ਸੀ। ਇਹ ਵਿਚਾਰ ਕਰਤਾਰ ਸਿੰਘ ਸਰਾਭੇ ਦਾ ਸੀ ਕਿ ਪੰਜਾਬੀ ਪਰਚੇ ਵਿਚ ਪੰਜਾਬੀ ਦੀ ਨਜ਼ਮ ਛਾਪੀ ਜਾਏ। ਇਹ ਉਸਨੂੰ ਜ਼ੁਬਾਨੀ ਯਾਦ ਸੀ ਤੇ 'ਗ਼ਦਰ' ਦੇ ਪਹਿਲੇ ਪਰਚੇ ਵਿਚ ਛਾਪੀ ਗਈ। ਇਸ ਤਰ੍ਹਾਂ ਗੁਰਮੁਖੀ ਦਾ ਪਹਿਲਾ ਪਰਚਾ ਮੇਰੇ ਸਾਨਫ੍ਰਾਂਸਿਸਕੋ ਪਹੁੰਚਣ ਤੇ ਮੇਰੀ ਮੌਜੂਦਗੀ ਵਿਚ ਨਵੀਂ ਖਰੀਦੀ ਮਸ਼ੀਨ ਪ੍ਰੈਸ ਤੇ ਛਪਿਆ।"

ਇਕ ਬੜੇ ਹੀ ਮਹੱਤਵਪੂਰਨ ਇਤਿਹਾਸਕ ਭੇਦ ਬਾਰੇ ਬਾਬਾ ਟੁੰਡੀਲਾਟ ਅੱਗੇ ਲਿਖਦੇ ਹਨ, "ਮਾਂਹ ਨਵੰਬਰ ਨੂੰ 'ਗ਼ਦਰ' ਅਖ਼ਬਾਰ ਛਪਣੇ ਦੀ ਤਾਰੀਖ 22 ਨਵੰਬਰ ਸੀ। ਮੇਰੀ ਮੌਜੂਦਗੀ ਵਿਚ ਲਾਲਾ ਹਰਦਿਆਲ ਨੇ ਇਹ ਤਜ਼ਵੀਜ਼ ਦਿੱਤੀ ਕਿ 22 ਤਾਰੀਖ ਨੂੰ ਛਪਣ ਵਾਲੇ ਪਰਚੇ ਦੀ ਤਾਰੀਖ ਬਦਲ ਕੇ 20 ਨਵੰਬਰ ਕੀਤੀ ਜਾਏ, ਕਿਉਂਕਿ 20 ਨਵੰਬਰ 1912 ਨੂੰ ਦਿੱਲੀ ਵਿਚ ਲਾਰਡ ਹਰਡਿੰਗ ਉੱਤੇ ਹਿੰਦੁਸਤਾਨੀ ਦੇਸ਼ ਭਗਤ ਨੇ ਬੰਬ ਸੁੱਟਿਆ ਸੀ। ਇਸ ਤਰ੍ਹਾਂ ਉਸ ਬੰਬ ਕਾਂਡ ਦੀ ਯਾਦ 'ਚ 22 ਤਾਰੀਖ ਦੀ ਬਜਾਏ 20 ਨਵੰਬਰ ਕੀਤੀ ਗਈ ਸੀ। ਅਗੋਂ ਹਮੇਸ਼ਾ ਗੁਰਮੁਖੀ ਵਾਲਾ ਗ਼ਦਰ ਅਖ਼ਬਾਰ ਹਫ਼ਤੇਵਾਰੀ ਇਸੇ ਤਾਰੀਖ ਤੇ ਛਪਦਾ ਰਿਹਾ।"

ਇਸ ਤਰ੍ਹਾਂ 'ਗ਼ਦਰ' ਅਖ਼ਬਾਰ ਦੀ ਖਿੱਚ ਤੇ ਪ੍ਰਸਿੱਧੀ ਨੇ 'ਗ਼ਦਰ' ਸ਼ਬਦ ਆਮ ਆਦਮੀ ਦੀ ਜ਼ੁਬਾਨ ਤੇ ਐਸਾ ਚੜ੍ਹਾ ਦਿੱਤਾ ਕਿ ਜਥੇਬੰਦੀ ਨੂੰ "ਗ਼ਦਰ ਪਾਰਟੀ" ਦੇ ਨਾਂਅ ਨਾਲ ਪੁਕਾਰਿਆ ਜਾਣ ਲੱਗ ਪਿਆ ਸੀ। ਸੰਸਾਰ ਜੰਗ ਸ਼ੁਰੂ ਹੋਣ ਤੇ ਜੁਲਾਈ, ਅਗਸਤ 1914 ਨੂੰ ਮੌਕੇ ਦਾ ਫਾਇਦਾ ਉਠਾਉਣ ਲਈ 5 ਅਗਸਤ ਨੂੰ ਪਾਰਟੀ ਨੇ "ਐਲਾਨੇ-ਜੰਗ" ਗ਼ਦਰ ਵਿਚ ਛਾਪ ਕੇ ਗ਼ਦਰੀਆਂ ਨੂੰ ਦੇਸ਼ ਪਰਤ ਕੇ ਅੰਗਰੇਜ਼ੀ ਸਾਮਰਾਜ ਵਿਰੁੱਧ ਹਥਿਆਰਬੰਦ ਯੁੱਧ ਕਰਨ ਦਾ ਹੁਕਮ ਦੇ ਦਿੱਤਾ ਸੀ, ਜਿਸ 'ਤੇ ਹਜ਼ਾਰਾਂ ਗ਼ਦਰੀ ਭਾਰਤ ਨੂੰ ਰਵਾਨਾ ਹੋ ਗਏ।

ਭਾਰਤ ਨੂੰ ਰਵਾਨਗੀ ਅਤੇ ਰਸਤੇ ਵਿਚ ਅਮਰੀਕਾ ਤੋਂ ਕੋਰੀਆ ਨਾਮੀਂ ਜਹਾਜ਼ ਜਪਾਨ ਦੀਆਂ ਬੰਦਰਗਾਹਾਂ, ਯੋਕੋਹਾਮਾ, ਕੋਬੇ, ਨਾਗਾਸਾਕੀ ਅਤੇ ਫਿਲਪਾਈਨ ਦੀ ਬੰਦਰਗਾਹ ਮਨੀਲਾ ਉਤੇ ਠਹਿਰਦਾ ਹੋਇਆ ਅੰਤ ਹਾਂਗਕਾਂਗ ਪੁੱਜਾ, ਜਿਥੇ ਜਹਾਜ਼ ਦਾ ਸਫ਼ਰ ਖਤਮ ਸੀ। ਯੋਕੋਹਾਮਾ ਤੋਂ ਸ੍ਰੀ ਪਰਮਾਨੰਦ ਝਾਂਸੀ ਗ਼ਦਰੀਆਂ ਵਿਚ ਸ਼ਾਮਲ ਹੋਇਆ। ਰਾਮ ਰੱਖਾ ਤੇ ਅਮਰ ਸਿੰਘ ਹਥਿਆਰ ਪ੍ਰਾਪਤ ਕਰਨ ਲਈ ਜਹਾਜ਼ ਤੋਂ ਉਤਰ ਗਏ ਸਨ। ਵੱਖ-ਵੱਖ ਜਹਾਜ਼ਾਂ ਰਾਹੀਂ ਹੋਰ ਗ਼ਦਰੀ ਵੀ ਹਾਂਗਕਾਂਗ ਪੁੱਜ ਗਏ, ਕਿਉਂਕਿ ਹਾਂਗਕਾਂਗ ਤੋਂ ਅੱਗੇ ਯੁੱਧ ਕਾਰਨ ਸਫ਼ਰ ਵਿਚ ਰੁਕਾਵਟਾਂ ਪੈਦਾ ਹੋ ਗਈਆਂ ਸਨ। ਜਹਾਜ਼ ਮਿਲਣੇ ਮੁਸ਼ਕਲ ਸਨ। ਹਾਂਗਕਾਂਗ ਦੇ ਗੁਰਦੁਆਰੇ ਵਿਚ ਮੁਸਾਫ਼ਰਾਂ ਨੂੰ ਕਈ ਦਿਨ ਰੁਕਣਾ ਪਿਆ ਤੇ ਉਹ ਉਥੇ ਪਾਰਟੀ ਦਾ ਹਕੂਮਤ ਵਿਰੁੱਧ ਖੁਲਮ-ਖੁੱਲ੍ਹਾ ਪ੍ਰਚਾਰ ਕਰਦੇ ਰਹੇ। ਉਥੋਂ ਦੇ ਉੱਚ ਅਧਿਕਾਰੀਆਂ ਨੂੰ ਮਿਲਣ 'ਤੇ ਮਾਸੀਮਾ ਮਾਰੂ ਤੇ ਤੋਸ਼ਾਮਾਰੂ ਜਹਾਜ਼ ਗ਼ਦਰੀਆਂ ਨੂੰ ਲੱਦ ਕੇ ਇਕੋ ਸਮੇਂ ਭਾਰਤ ਵਲ ਰਵਾਨਾ ਹੋ ਕੇ ਇਕੋ ਸਮੇਂ ਦੋਨੋਂ ਪੀਨਾਂਗ ਪੁੱਜ ਗਏ। ਪੀਨਾਂਗ ਵਿਚ ਵੀ ਦੋਨੋਂ ਜਹਾਜ਼ਾਂ ਨੂੰ ਕਈ ਦਿਨ ਰੁਕਣਾ ਪਿਆ ਤੇ ਇਥੇ ਹੀ ਗ਼ਦਰੀਆਂ ਨੂੰ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨਾਲ ਬਜਬਜ ਘਾਟ ਉੱਤੇ ਹੋਈ ਘਟਨਾ ਦਾ ਪਤਾ ਲੱਗਾ। ਪੀਨਾਂਗ ਤੋਂ ਮਾਸੀਮਾਂ ਮਾਰੂ ਕੋਲੰਬੋ ਚਲਾ ਗਿਆ ਜਿਥੇ ਉਹ 25 ਅਕਤੂਬਰ 1914 ਨੂੰ ਪੁੱਜਾ ਤੇ ਤੋਸ਼ਾ ਮਾਰੂ ਰੰਗੂਨ ਤੋਂ ਹੁੰਦਾ ਹੋਇਆ 29 ਅਕਤੂਬਰ ਨੂੰ ਕਲਕੱਤੇ ਪੁੱਜਾ।

ਗ਼ਦਰੀਆਂ ਦੇ ਸਫ਼ਰ ਬਾਰੇ ਇਹ ਮਹੱਤਵਪੂਰਨ ਹੈ ਕਿ ਇਹ ਦੋਨੋਂ ਜਹਾਜ਼ ਗ਼ਦਰ ਪਾਰਟੀ ਦੇ ਆਗੂਆਂ ਵਾਲੇ ਸਨ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਜਿਹੜੇ ਵੀ ਗ਼ਦਰੀ ਕਲਕੱਤੇ ਵੱਲ ਦੀ ਆਏ ਉਹ ਸਾਰੇ ਦੇ ਸਾਰੇ ਗ੍ਰਿਫਤਾਰ ਕਰਕੇ ਜੇਲ੍ਹਾਂ ਵਿਚ ਡੱਕੇ ਗਏ ਜਾਂ ਜੂਹ-ਬੰਦ ਕੀਤੇ ਗਏ। ਜਿਹੜੇ ਗ਼ਦਰੀ ਕੋਲੰਬੋ ਥਾਣੀਂ ਆਏ ਉਹ ਦੇਸ਼ ਅੰਦਰ ਦਾਖਲ ਹੋਣ ਵਿਚ ਕਾਮਯਾਬ ਹੋ ਗਏ ਸਨ ਤੇ ਉਨ੍ਹਾਂ ਗ਼ਦਰੀ ਕਾਰਵਾਈਆਂ ਵਿਚ ਹਿੱਸਾ ਲਿਆ ਸੀ। ਇਨ੍ਹਾਂ ਵਿਚ ਨਿਧਾਨ ਸਿੰਘ ਚੁੱਘਾ, ਅਮਰ ਸਿੰਘ ਅਤੇ ਵਿਸ਼ੇਸ਼ ਤੌਰ 'ਤੇ ਰਾਮ ਰੱਖਾ ਸ਼ਾਮਲ ਸਨ। ਇਨ੍ਹਾਂ ਦੇ ਤੁਰਨ ਤੋਂ ਪਹਿਲਾਂ ਸ. ਕਰਤਾਰ ਸਿੰਘ ਸਰਾਭਾ "ਨਿਪਨ ਮਾਰੂ" ਜਹਾਜ਼ ਰਾਹੀਂ 15-16 ਸਤੰਬਰ 1914 ਨੂੰ ਇਕ ਮਹੀਨਾ ਪਹਿਲਾਂ ਕੋਲੰਬੋ ਪੁੱਜ ਕੇ ਪੰਜਾਬ ਵਿੱਚ ਦਾਖਲ ਹੋ ਗਿਆ ਸੀ। ਰਾਮ ਰੱਖਾ ਤੇ ਅਮਰ ਸਿੰਘ ਨਵਾਂਸ਼ਹਿਰ ਮਾਸੀਮਾਂ ਮਾਰੂ ਰਾਹੀਂ ਕੋਲੰਬੋ ਹੁੰਦੇ ਹੋਏ ਪੰਜਾਬ ਪੁੱਜ ਗਏ ਸਨ। ਰਾਮ ਰੱਖਾ ਤੇ ਅਮਰ ਸਿੰਘ ਨੂੰ ਖੁਫ਼ੀਆ ਵਿਭਾਗ ਨੇ ਰਿਸ਼ਤੇਦਾਰ ਲਿਖਿਆ ਹੈ।

ਲਾਡੂਵਾਲ ਮੀਟਿੰਗ ਦਾ ਫੈਸਲਾ ਹਾਂਗ ਕਾਂਗ ਤੋਂ ਰੰਗੂਨ ਜਾਂਦਿਆਂ ਕੀਤਾ ਗਿਆ ਸੀ ਜਿਹੜੀ 17 ਨਵੰਬਰ 1914 ਨੂੰ ਕੀਤੀ ਗਈ। ਇਸ ਵਿਚ ਤਿੰਨ ਗੱਲਾਂ ਤੇ ਵਿਚਾਰ ਕੀਤੀ ਗਈ ਜਿਵੇਂ ਪੈਸੇ ਇਕੱਠੇ ਕਰਨਾ, ਹਥਿਆਰ ਇਕੱਠੇ ਕਰਨਾ ਤੇ ਬੰਬ ਬਣਾਉਣੇ ਅਤੇ ਤੀਜਾ ਫੌਜੀ ਛਾਉਣੀਆਂ ਵਿਚ ਗ਼ਦਰ ਦਾ ਪ੍ਰਚਾਰ ਕਰਕੇ ਫੌਜੀਆਂ ਨੂੰ ਨਾਲ ਰਲਾਉਣਾ। ਪੈਸੇ ਇਕੱਠੇ ਕਰਨ ਦੀ ਜ਼ੁੰਮੇਵਾਰੀ ਸ੍ਰੀ ਰਾਮ ਰੱਖਾ ਤੋਂ ਇਲਾਵਾ ਜਵੰਦ ਸਿੰਘ ਨੰਗਲ ਕਲਾਂ, ਬੰਤਾ ਸਿੰਘ ਸੰਘਵਾਲ, ਅਰਜਨ ਸਿੰਘ ਖੁਖਰਾਨਾ, ਗੁਰਮੁਖ ਸਿੰਘ ਲਲਤੋਂ, ਵਰਿਆਮ ਸਿੰਘ ਅਮਲੀ, ਗਾਂਧਾ ਸਿੰਘ, ਜਗਤ ਸ਼ਿੰਘ ਤੇ ਪ੍ਰੇਮ ਸਿੰਘ ਸੁਰ ਸਿੰਘ ਨੇ ਸੰਭਾਲੀ। ਇਕ ਦੋ ਥਾਵਾਂ ਤੋਂ ਬਿਨਾਂ ਗ਼ਦਰੀ ਡਾਕੇ ਵਾਲੇ ਘਰਦਿਆਂ ਨੂੰ ਸਫ਼ਲਤਾ ਪਿੱਛੋਂ ਰਕਮ ਮੋੜਨ ਦਾ ਇਕਰਾਰ ਕਰਦੇ ਸਨ।

ਕਰਤਾਰ ਸਿੰਘ ਸਰਾਭਾ ਬੰਗਾਲ ਦੇ ਇਨਕਲਾਬੀਆਂ ਨੂੰ ਮਿਲਣ ਲਈ ਬੰਗਾਲ ਗਿਆ ਅਤੇ ਗੱਲਬਾਤ ਤੈਅ ਹੋਈ ਕਿ ਰਾਸ ਬਿਹਾਰੀ ਬੋਸ ਦੇ ਪੰਜਾਬ ਪੁੱਜਣ ਤੋਂ ਪਹਿਲਾਂ ਸੁਰੱਖਿਆ ਦੇ

ਸਬੰਧ ਵਿਚ ਪੰਜਾਬ ਦੀਆਂ ਹਾਲਾਤਾਂ ਦੀ ਸਮੀਖਿਆ ਕੀਤੀ ਜਾਵੇ ਤੇ ਇਸੇ ਨਜ਼ਰੀਏ ਨਾਲ ਉਸਦਾ ਲਫਟੈਣ ਸਚਿੰਦਰ ਨਾਥ ਸਾਨਿਆਲ ਪੰਜਾਬ ਆਇਆ। ਲੁਧਿਆਣੇ ਪੁੱਜ ਕੇ ਉਹ ਕਰਤਾਰ ਸਿੰਘ ਨੂੰ ਨਾਲ ਲੈ ਜਲੰਧਰ ਨੂੰ ਗਏ ਹੋਏ, ਜਿਥੇ ਸਰਾਭੇ ਦੇ ਕਈ ਸਾਥੀ ਉਡੀਕ ਵਿਚ ਸਨ। ਜਲੰਧਰ ਪੁੱਜ ਕੇ ਸਾਨਿਆਲ ਤੇ ਸਰਾਭੇ ਨੇ ਰੇਲਵੇ ਸਟੇਸ਼ਨ ਦੇ ਨਾਲ ਲੱਗਦੇ ਬਗੀਚੇ ਵਿਚ ਪਹਿਲਾ ਇਕੱਠੇ ਹੋਏ ਗ਼ਦਰੀਆਂ ਜਿਵੇਂ ਸਰਵ ਸ੍ਰੀ ਰਾਮ ਰੱਖਾ, ਅਮਰ ਸਿੰਘ, ਪ੍ਰਿਥੀ ਸਿੰਘ ਲਾਲੜੂ ਤੇ ਹਰੀ ਸਿੰਘ ਹੇਰਾਂ (ਬੰਗੇ) ਆਦਿ ਨਾਲ ਮੀਟਿੰਗ ਕੀਤੀ। ਮੀਟਿੰਗ ਦੀ ਸਮਾਪਤੀ ਤੇ ਕਰਤਾਰ ਸਿੰਘ ਸਰਾਭਾ, ਸਾਨਿਆਲ ਦੀਆਂ ਨਜ਼ਰਾਂ ਵਿਚ ਸੱਚਮੁੱਚ ਦਾ ਇਨਕਲਾਬੀ ਵਜੋਂ ਚੜ੍ਹ ਗਿਆ। ਸਾਨਿਆਲ ਨਾਲ ਗੱਲਬਾਤ ਕਰਦਿਆਂ, ਜਦੋਂ ਅਮਰ ਸਿੰਘ ਨੇ ਬੇਬਸੀ ਦਾ ਇਜ਼ਹਾਰ ਕਰਦਿਆਂ ਕਿਹਾ, "ਸਾਡੇ ਵਿਚੋਂ ਕਿਸੇ ਨੂੰ ਵੀ ਏਨੀ ਸੋਝੀ ਨਾ ਹੋਣ ਕਰਕੇ ਸਾਡੀ ਯੋਜਨਾ ਤਹਿ ਨਹੀਂ ਹੁੰਦੀ" ਤਾਂ ਕਰਤਾਰ ਸਿੰਘ ਸਰਾਭਾ ਨੇ ਝੱਟ ਅਮਰ ਸਿੰਘ ਵਲ ਸੰਬੋਧਨ ਕਰਕੇ ਕਿਹਾ, "ਵੇਖੋ ਇਸ ਤਰ੍ਹਾਂ ਹਿੰਮਤ ਕਿਉਂ ਹਾਰਦੇ ਹੋ? ਕੰਮ ਵੇਲੇ ਵੇਖ ਲੈਣਾ ਕਿ ਤੁਹਾਡੇ ਵਿਚੋਂ ਕਿਤਨੇ ਹੀ ਛਿਪੇ ਰੁਸਤਮ ਨਿਕਲ ਆਉਣਗੇ।"

ਕਰਤਾਰ ਸਿੰਘ ਦਾ ਇਹ ਕਥਨ ਇਤਿਹਾਸਕ ਹੋ ਨਿਬੜਿਆ ਸੀ ਜਦੋਂ ਅਮਰ ਸਿੰਘ ਨੂੰ ਛੱਡ ਕੇ ਉਥੇ ਸਾਰੇ ਹਾਜ਼ਰ ਗ਼ਦਰੀ ਅਗੇ ਜਾ ਕੇ ਰੁਸਤਮ ਹੀ ਸਾਬਤ ਹੋਏ ਸਨ। ਸ੍ਰੀ ਰਾਮ ਰੱਖਾ, ਭਾਈ ਜਵੰਦ ਸਿੰਘ ਨੰਗਲ ਕਲਾਂ, ਬੰਤਾ ਸਿੰਘ ਸੰਘਵਾਲ, ਅਰਜਨ ਸਿੰਘ ਖੁਖਰਾਨਾ, ਗੁਰਮੁਖ ਸਿੰਘ ਲਲਤੋਂ, ਵਰਿਆਮ ਸਿੰਘ ਅਮਲੀ, ਗਾਂਧਾ ਸਿੰਘ, ਜਗਤ ਸਿੰਘ ਤੇ ਪ੍ਰੇਮ ਸਿੰਘ ਸੁਰ ਸਿੰਘ ਪੈਸੇ ਦੀ ਕਮੀ ਨੂੰ ਪੂਰਾ ਕਰਨ ਲਈ ਮੋਹਰੀ ਸਨ ਕਿਉਂ ਜੋ ਪਾਰਟੀ ਦਾ ਕੰਮ ਵੱਧਣ ਨਾਲ ਖ਼ਰਚੇ ਵੀ ਵੱਧ ਗਏ ਸਨ। ਸ੍ਰੀ ਰਾਮ ਰੱਖਾ ਸ਼ਾਇਦ ਇਕੋ ਵਾਰ ਘਰਦਿਆਂ ਨੂੰ ਮਿਲ ਕੇ ਪਾਰਟੀ ਦੀ ਜ਼ੁੰਮੇਵਾਰੀ ਨਿਭਾਉਂਦਿਆਂ ਹਰੇਕ ਕਾਰਵਾਈ ਵਿੱਚ ਸ਼ਾਮਲ ਸੀ। ਜਿਵੇਂ 23 ਜਨਵਰੀ 1915 ਨੂੰ ਸਾਹਨੇਵਾਲ (ਲੁਧਿਆਣਾ) ਜਿਸ ਦੀ ਦੱਸ ਕੇਹਰ ਸਿੰਘ ਨੇ ਪਾਈ ਸੀ, 27 ਜਨਵਰੀ ਨੂੰ ਮਲੇਰਕੋਟਲਾ ਰਿਆਸਤ ਦੇ ਪਿੰਡ ਝਨੇਰ ਜਿਸ ਦੀ ਦੱਸ ਸੁੰਦਰ ਸਿੰਘ ਨੇ ਪਾਈ ਸੀ, ਵਿਚ ਮਾਰੇ ਗਏ ਡਾਕਿਆਂ ਵਿਚ ਰਾਮ ਰੱਖਾ ਦੀ ਵਿਸ਼ੇਸ਼ ਭੂਮਿਕਾ ਸੀ।

ਖ਼ੁਫ਼ੀਆ ਵਿਭਾਗ 'ਤੇ ਹਕੂਮਤ ਦੇ ਝੋਲੀਚੁੱਕਾਂ ਵੱਲੋਂ ਕੀਤੇ ਪ੍ਰਚਾਰ ਕਰਕੇ ਕੁਝ ਥਾਂ ਦੁਖਦਾਈ ਘਟਨਾਵਾਂ ਵਾਪਰੀਆਂ। ਅਜਿਹੀ ਹੀ ਇਕ ਘਟਨਾ ਅੰਮ੍ਰਿਤਸਰ ਦੇ ਪਿੰਡ ਚੱਬਾ ਵਿਚ ਵਪਾਰੀ ਸੀ, ਜਿਸ ਦੀ ਦੱਸ ਗਿੱਲਵਾਲੀ ਪਿੰਡ ਦੇ ਵਸਾਵਾ ਸਿੰਘ ਨੇ ਪਾਈ ਸੀ। 2-3 ਫਰਵਰੀ 1915 ਦੀ ਰਾਤ ਨੂੰ ਪਿੰਡ ਦੇ ਮਸ਼ਹੂਰ ਸ਼ਾਹੂਕਾਰ ਬੇਲੀ ਰਾਮ ਦੇ ਘਰ ਡਾਕਾ ਮਾਰਿਆ ਗਿਆ ਸੀ। ਇਸ ਡਾਕੇ ਵਿਚ ਉਸ ਦੀਆਂ ਕੁਝ ਅਸਾਮੀਆਂ ਵੀ ਸ਼ਾਮਲ ਸਨ। ਇਸ ਲਈ ਉਹ ਅਸਾਮੀਆਂ ਦੇ ਗੁੱਸੇ ਦਾ ਸ਼ਿਕਾਰ ਹੋ ਕੇ ਮਰ ਗਿਆ ਸੀ। ਸ੍ਰੀ ਰਾਮ ਰੱਖਾ ਸਮੇਤ ਉਪਰ ਦੱਸੇ ਸਾਰੇ ਇਨਕਲਾਬੀ ਬੰਬ, ਪਿਸਤੌਲ ਲੈ ਕੇ ਅੰਮ੍ਰਿਤਸਰ ਤੋਂ ਰਵਾਨਾ ਹੋਏ ਸਨ। ਮੁਕਾਮੀ ਆਦਮੀ ਪਹਿਲਾਂ ਸੁਰੈਣ ਸਿੰਘ ਦੀ ਹਵੇਲੀ ਇਕੱਠੇ ਹੋਏ, ਜਿਥੋਂ ਉਹ ਇਕੱਠੇ ਹੋਣ ਵਾਲੀ ਉਸ ਨੀਯਤ ਥਾਂ ਤੇ ਗਏ ਜਿਥੇ ਅੰਮ੍ਰਿਤਸਰ ਵਾਲੇ ਗ਼ਦਰੀ ਵੀ ਆ ਸ਼ਾਮਿਲ ਹੋਏ ਤੇ ਬੇਲੀ ਰਾਮ ਸ਼ਾਹੂਕਾਰ ਦੇ ਘਰ ਵੱਲ ਚਲ ਪਏ। ਗ਼ਦਰੀ ਘਰ ਵਿਚ ਦਾਖ਼ਲ ਹੋਏ ਤੇ ਉਨ੍ਹਾਂ ਬੇਲੀ ਰਾਮ ਦਾ ਸੇਫ ਤੋੜਿਆ ਤੇ ਸੋਨੇ ਚਾਂਦੀ ਦੇ ਗਹਿਣੇ ਕੱਢ ਲਏ। ਗੁਆਂਢੀ ਪਿੰਡ ਗਿੱਲਵਾਲੀ ਦੇ ਭਾਈ ਬਖਸ਼ੀਸ਼ ਸਿੰਘ ਤੇ ਸੁਰੈਣ ਸਿੰਘ ਨੇ ਬੇਲੀ ਰਾਮ ਦੇ ਕਰਜ਼ਾਈਆਂ ਦੇ ਅਸ਼ਟਾਮ ਪਾੜ ਸੁੱਟੇ ਸਨ। ਜਦੋਂ ਗ਼ਦਰੀ ਘਰ ਤੋਂ ਬਾਹਰ ਨਿਕਲੇ

ਤਾਂ ਬਾਹਰ ਪਿੰਡ ਵਾਲੇ ਇਕੱਠੇ ਹੋ ਗਏ। ਭਾਈ ਅਰਜਨ ਸਿੰਘ ਨੇ ਪੇਂਡੂਆਂ ਵੱਲ ਬੰਬ ਸੁਟਿਆ ਪਰ ਚਿੱਕੜ ਵਿਚ ਡਿੱਗਣ ਕਰਕੇ ਕੋਈ ਨੁਕਸਾਨ ਨਾ ਹੋਇਆ। ਇਹ ਦੇਖ ਕੇ ਸ੍ਰੀ ਰਾਮ ਰੱਖਾ ਨੇ ਇਕ ਬੰਬ ਹੋਰ ਉਸ ਪਾਸੇ ਸੁੱਟਿਆ ਜੋ ਕੰਧ ਵਿਚ ਵੱਜ ਕੇ ਫਟ ਗਿਆ। ਇਸ ਨਾਲ ਵਰਿਆਮ ਸਿੰਘ ਅਮਲੀ ਥਾਂ ਹੀ ਸ਼ਹੀਦ ਹੋ ਗਿਆ ਅਤੇ ਰਾਮ ਰੱਖਾ ਦੇ ਦੋਨੋਂ ਹੱਥ ਉੱਡ ਗਏ। ਰਾਮ ਰੱਖਾ ਤੇ ਵਰਿਆਮ ਸਿੰਘ ਅਮਲੀ ਨੂੰ ਉਸਦੇ ਸਾਥੀ ਚੁੱਕ ਕੇ ਲੈ ਗਏ, ਜਿਸ ਲਈ ਗ਼ਦਰੀਆਂ ਨੂੰ ਹੋਰ ਬਹੁਤ ਕੁਝ ਕਰਨਾ ਪਿਆ। ਇਸ ਸਬੰਧੀ ਜਗਜੀਤ ਸਿੰਘ ਲਿਖਦਾ ਹੈ, "ਉਨ੍ਹਾਂ ਬਾਰੇ ਅੱਜ ਤੱਕ ਨਹੀਂ ਪਤਾ ਲੱਗਾ ਕਿ ਉਨ੍ਹਾਂ ਦਾ ਕੀ ਬਣਿਆ," ਅਰਜਨ ਸਿੰਘ ਨੇ ਇਕ ਹੋਰ ਬੰਬ ਭੀੜ ਤੋਂ ਬਚਣ ਤੋਂ ਲਈ ਸੁੱਟਿਆ ਤੇ ਉਸਦੇ ਧੂੰਏਂ ਦੀ ਆੜ ਵਿਚ ਗ਼ਦਰੀ ਪਿੰਡ ਤੋਂ ਬਾਹਰ ਨਿਕਲ ਗਏ। ਜਦ ਉਹ ਗਲੀ ਵਿਚੋਂ ਨਿਕਲ ਰਹੇ ਸਨ ਤਾਂ ਪੇਂਡੂਆਂ ਨੇ ਅਰਜਨ ਸਿੰਘ ਨੂੰ ਫੜ੍ਹ ਲਿਆ ਪਰ ਉਸਨੂੰ ਪ੍ਰੇਮ ਸਿੰਘ ਨੇ ਛੁਡਾ ਲਿਆ ਫਿਰ ਪ੍ਰੇਮ ਸਿੰਘ ਫੜਿਆ ਗਿਆ ਤਾਂ ਅਰਜਨ ਸਿੰਘ ਨੇ ਬੰਬ ਸੁੱਟ ਕੇ ਤੇ ਪਿਸਤੌਲ ਚਲਾ ਕੇ ਉਸਨੂੰ ਛੁਡਾਇਆ। ਕਾਲਾ ਸਿੰਘ ਲੁਹਾਰ ਜਿਸ ਨੂੰ ਸੇਫ ਤੋੜਨ ਲਈ ਨਾਲ ਲਿਆਂਦਾ ਗਿਆ ਸੀ ਨੂੰ ਪਿੰਡ ਵਾਲਿਆਂ ਫੜ੍ਹ ਲਿਆ ਸੀ। ਗ਼ਦਰੀਆਂ ਨੂੰ ਇਥੋਂ ਅਠਾਰਾਂ ਹਜ਼ਾਰ ਰੁਪਏ ਦਾ ਮਾਲ ਹੱਥ ਲੱਗਾ ਸੀ। ਇਹ ਘਟਨਾ ਗ਼ਦਰੀਆਂ ਲਈ ਬੜੇ ਘਾਟੇ ਵਾਲੀ ਸਾਬਤ ਹੋਈ ਸੀ।

ਅਜਿਹੀਆਂ ਕਾਰਵਾਈਆਂ ਸਮੇਂ ਗ਼ਦਰੀਆਂ ਨੂੰ ਹਦਾਇਤ ਸੀ ਕਿ ਕੋਈ ਜਾਨੀ ਨੁਕਸਾਨ ਨਾ ਹੋਵੇ। ਇਸ 'ਤੇ ਉਨ੍ਹਾਂ ਬੁਰਾ ਮਨਾਇਆ ਸੀ। ਭਾਵੇਂ ਏਥੇ ਉਨ੍ਹਾਂ ਨੂੰ ਆਪਣੇ ਬਚਾ ਲਈ ਹਾਲਾਤਾਂ ਨੇ ਅਜਿਹਾ ਕਰਨ ਲਈ ਮਜਬੂਰ ਕੀਤਾ ਸੀ। ਰਾਮ ਰੱਖਾ ਤੇ ਵਰਿਆਮ ਸਿੰਘ ਅਮਲੀ ਦੀਆਂ ਸ਼ਹਾਦਤਾਂ ਤੋਂ ਬਿਨਾਂ ਅੱਠ ਗ਼ਦਰੀ ਆਗੂਆਂ ਨੂੰ ਇਸ ਕੇਸ ਵਿਚ ਫਾਂਸੀ ਦੀ ਸਜ਼ਾ ਹੋ ਗਈ ਸੀ।

ਪੰਜਾਬੀ ਸਾਹਿਤ ਵਿਚ ਬੇਲੀ ਰਾਮ ਸ਼ਾਹੂਕਾਰ ਬਾਰੇ ਕੁਝ ਮਾੜੀਆਂ ਧਾਰਨਾਵਾਂ ਸਥਾਪਤ ਹਨ। ਜਦੋਂ ਸ੍ਰੀ ਦੇਵ ਰਾਜ ਨਈਅਰ ਨੂੰ ਨਾਲ ਲੈ ਅਸੀਂ ਡਾਕੇ ਵਾਲੀ ਤਾਜੌਰੀ ਲੈਣ ਲਈ ਬੇਲੀ ਰਾਮ ਦੇ ਪਰਿਵਾਰ ਨੂੰ ਮਿਲੇ ਤਾਂ ਪੁੱਛਣ ਤੇ ਉਨ੍ਹਾਂ ਦੁੱਖ ਪ੍ਰਗਟ ਕਰਦਿਆਂ ਦੱਸਿਆ ਕ਼ਿ ਉਨ੍ਹਾਂ ਦਾ ਦਾਦਾ ਇਲਾਕੇ ਦਾ ਸ਼ਾਹੂਕਾਰ ਸੀ। ਚੱਬੇ ਤੇ ਬਾਲੇ ਪਿੰਡ ਵਿਚ ਤਿੰਨ ਸੌ ਕਿਲ੍ਹੇ ਜ਼ਮੀਨ ਦਾ ਉਹ ਮਾਲਕ ਸੀ। ਅੰਮ੍ਰਿਤਸਰ ਸ਼ਹਿਰ ਵਿਚ ਕਾਫੀ ਮਕਾਨ ਕਿਰਾਏ ਤੇ ਚੜ੍ਹੇ ਹੋਏ ਸਨ। ਬੇਲੀ ਰਾਮ ਅੰਗਰੇਜ਼ਾਂ ਦਾ ਪਿੱਠੂ ਨਹੀਂ ਸੀ, ਉਹ ਸ਼ਰਾਬੀ ਕਬਾਬੀ ਵੀ ਨਹੀਂ ਸੀ। ਉਨ੍ਹਾਂ ਇਸ ਗੱਲ ਤੇ ਵੀ ਦੁੱਖ ਪ੍ਰਗਟ ਕੀਤਾ ਕਿ ਜੇ ਗ਼ਦਰੀ ਇਹ ਡਾਕਾ ਨਾ ਮਾਰਦੇ ਤਾਂ ਉਹ ਆਪਣੇ ਉਦੇਸ਼ ਵਿਚ 1947 ਤੋਂ ਪਹਿਲਾਂ ਹੀ ਸਫ਼ਲ ਹੋ ਜਾਣੇ ਸਨ। ਬੇਲੀ ਰਾਮ ਦੇ ਪਹਿਲੇ ਵਿਆਹ ਤੋਂ ਕੋਈ ਬੱਚਾ ਨਹੀਂ ਸੀ ਹੋਇਆ, ਜਿਸ ਕਰਕੇ ਉਸਨੇ ਦੂਜਾ ਵਿਆਹ ਕਰਵਾਇਆ ਤੇ ਉਸ ਦੇ ਬੱਚੇ ਪੈਦਾ ਹੋਏ। ਸ਼ਰਾਬੀ ਨਾ ਹੋਣ ਦੀ ਉਨ੍ਹਾਂ ਇਕ ਮਨ ਲਗਦੀ ਉਦਾਹਰਣ ਦੱਸੀ ਤੇ ਕਿਹਾ ਕਿ ਉਹ ਦਾਨੀ ਸੁਭਾਅ ਦਾ ਵੀ ਸੀ। ਇਸੀ ਵਜ੍ਹਾ ਕਰਕੇ ਹੀ ਪਿੰਡ ਦੇ ਲੋਕੀਂ ਗ਼ਦਰੀਆਂ ਪਿਛੇ ਪੈ ਗਏ ਸਨ। ਗ਼ਦਰੀਆਂ ਵਲੋਂ ਬੰਬਾਂ ਦੀ ਵਰਤੋਂ ਨਾਲ ਚੱਬਾ ਪਿੰਡ ਦੇ ਜੀਵਨ ਸਿੰਘ ਤੇ ਬੁਲੰਦਾ ਚੌਕੀਦਾਰ ਧੂੰਏ ਨਾਲ ਅੰਨ੍ਹੇ ਹੋ ਗਏ ਤੇ ਦਸ ਪੇਂਡੂ ਜ਼ਖ਼ਮੀ ਹੋ ਗਏ ਸਨ।

ਇਸ ਘਟਨਾ ਦੀ ਚਸ਼ਮਦੀਦ ਗਵਾਹ ਉਹ ਤਾਜੌਰੀ ਜਿਸ ਵਿਚੋਂ ਭਾਰੀ ਮਾਤਰਾ ਵਿਚ ਸੋਨੇ, ਚਾਂਦੀ ਦੇ ਗਹਿਣੇ ਗ਼ਦਰੀਆਂ ਦੇ ਹੱਥ ਲਗੇ ਸਨ, ਦੇਸ਼ ਭਗਤ ਯਾਦਗਾਰ ਹਾਲ ਦੇ

ਮਿਊਜ਼ੀਅਮ ਲਈ ਬੇਲੀ ਰਾਮ ਦੇ ਪੋਤਰਿਆਂ ਨੇ ਸ਼ਰਧਾ ਨਾਲ ਸਾਡੇ ਹਵਾਲੇ ਕੀਤੀ। ਡਾਕਿਆਂ ਬਾਰੇ ਅਦਾਲਤ ਨੇ ਲਿਖਿਆ ਕਿ, "ਇਹ ਡਾਕੇ ਸਰਕਾਰ ਵਿਰੁੱਧ ਬਗਾਵਤ ਕਰਨ ਲਈ ਹਥਿਆਰ ਖਰੀਦਣ ਅਤੇ ਬੰਬ ਬਣਾਉਣ ਵਾਸਤੇ ਮਾਰੇ ਗਏ ਸਨ ਤੇ ਸਾਨੂੰ ਪੂਰਾ ਯਕੀਨ ਹੈ ਕਿ ਲੁੱਟ ਦੇ ਮਾਲ ਵਿਚੋਂ ਬਹੁਤਾ ਇਸ ਮੰਤਵ ਲਈ ਹੀ ਵਰਤਿਆ ਗਿਆ।"

ਰਾਮ ਰੱਖਾ ਦੀ ਸ਼ਹਾਦਤ ਪਿੱਛੋਂ ਵੀ ਹਕੂਮਤ ਉਸ ਤੋਂ ਖੌਫ਼ ਖਾਂਦੀ ਰਹੀ। ਇਹ ਗੱਲ ਖੁਫ਼ੀਆ ਰਿਪੋਰਟ ਵਿਚੋਂ ਨਜ਼ਰ ਆਉਂਦੀ ਹੈ ਜਿਸ ਵਿਚ ਲਿਖਿਆ ਹੈ, "ਰਾਮ ਰੱਖੇ ਦਾ ਚੱਬਾ ਡਕੈਤੀ ਤੋਂ ਪਿਛੋਂ ਅਤਾ-ਪਤਾ ਨਹੀਂ ਲੱਗਾ, ਜਿਹੜਾ ਸਖ਼ਤ ਜ਼ਖ਼ਮੀ ਹੋ ਗਿਆ ਸੀ। 3 ਜਨਵਰੀ 1919 ਨੂੰ ਇਕ ਆਦਮੀ ਜਲੰਧਰ ਆਇਆ ਤੇ ਲੈਫਟੀਨੈਂਟ ਗਵਰਨਰ ਦੇ ਜਲੰਧਰ ਦੇ ਨਿਯਮਤ ਦੌਰੇ ਬਾਰੇ ਉਸਨੇ ਪੁੱਛਗਿੱਛ ਕੀਤੀ। ਜਿਸ ਵਿਅਕਤੀ ਤੋਂ ਉਸ ਨੇ ਪੁੱਛਗਿੱਛ ਕੀਤੀ ਸੀ ਤੁਰਦੇ ਫਿਰਦਿਆਂ ਉਸ ਦੀ ਜੇਬ ਵਿੱਚੋਂ ਰਿਵਾਲਵਰ ਡਿਗ ਪਿਆ ਸੀ। ਜਲੰਧਰ ਦੇ ਪੁਲੀਸ ਸੁਪਰਡੈਂਟ ਦਾ ਵਿਚਾਰ ਹੈ ਕਿ ਸੰਭਵ ਹੈ ਕਿ ਇਹ ਰਾਮ ਰੱਖਾ ਹੀ ਹੋਵੇ।"

ਸਾਹਬਾ ਦੇ ਲੰਬੜਦਾਰ ਜਗਤ ਸਿੰਘ ਨੇ ਦੱਸਿਆ ਕਿ ਰਾਮ ਰੱਖਾ ਦੀ ਮੌਤ ਤੋਂ ਪਿੱਛੋਂ ਪੁਲਸ ਨੇ ਇਕ ਮੁਲਾਜ਼ਮ ਰਾਮ ਰੱਖਾ ਦੇ ਘਰ ਭੇਜਿਆ ਅਤੇ ਰਾਮ ਰੱਖਾ ਦੇ ਛੋਟੇ ਭਰਾ ਮੁਣਸ਼ੀ ਰਾਮ ਨੂੰ ਆਪਣੇ ਨਾਲ ਲੈ ਗਿਆ। ਰਾਮ ਰੱਖਾ ਦੀ ਮ੍ਰਿਤਕ ਦੇਹ ਦੀ ਸਨਾਖ਼ਤ ਲਈ ਉਸ ਨੂੰ ਆਖਿਆ, ਇਕ ਮੁੰਦਰੀ ਵੀ ਦਿਖਾਈ, ਜਿਸ ਉਪਰ R.R. ਲਿਖਿਆ ਹੋਇਆ ਸੀ। ਮੁਣਸ਼ੀ ਰਾਮ ਪਛਾਨਣ ਤੋਂ ਅਸਮਰੱਥ ਸੀ। ਜਗਤ ਸਿੰਘ ਦਾ ਕਹਿਣਾ ਹੈ ਕਿ ਮੇਰੀਆਂ ਇਹ ਸੁਣੀਆਂ ਸੁਣਾਈਆਂ ਗੱਲਾਂ ਹਨ। ਉਸ ਦੀਆਂ ਇਹ ਗੱਲਾਂ ਸੱਚ ਨਹੀਂ, ਕਿਉਂਕਿ ਖੁਫ਼ੀਆ ਵਿਭਾਗ 1919 ਤੱਕ ਰਾਮ ਰੱਖਾ ਦੇ ਜੀਉਂਦੇ ਹੋਣ ਦੇ ਸ਼ੰਕੇ 'ਚ ਸੀ।

ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਨੇ ਪਿੰਡ ਸਾਹਬੇ ਦੇ ਲੰਬਰਦਾਰ ਅਤਰੇ ਨੂੰ 19 ਜਨਵਰੀ 1916 ਨੂੰ ਮੁਅੱਤਲ ਕਰ ਦਿੱਤਾ ਸੀ, ਕਿਉਂਕਿ ਉਸ ਦਾ ਕਸੂਰ ਸੀ ਕਿ ਉਸਨੇ ਰਾਮ ਰੱਖਾ ਮੁਜ਼ਰਮ ਬਾਰੇ ਰਿਪੋਰਟ ਨਹੀਂ ਕੀਤੀ, ਜਿਹੜਾ ਅਤਰੇ ਦਾ ਭਰਾ ਲਗਦਾ ਸੀ। ਰਾਮ ਰੱਖੇ ਨੂੰ ਗ੍ਰਿਫਤਾਰ ਕਰਾਉਣ ਦੀ ਹਦਾਇਤ ਕਰਕੇ ਡੀ.ਸੀ. ਨੇ ਅਤਰੇ ਦੀ ਮੁਅੱਤਲੀ ਦੇ ਹੁਕਮ ਇਕ ਹੋਰ ਸਾਲ ਲਈ ਵਧਾ ਦਿੱਤੇ ਸਨ। ਜਦੋਂ ਉਸ ਨੂੰ ਮੁਅੱਤਲ ਜਾਂ ਬਹਾਲ ਰੱਖਣ ਦਾ ਮੁੱਦਾ ਡੀ.ਸੀ. ਅੱਗੇ ਦੁਬਾਰਾ ਆਇਆ ਤਾਂ ਉਸ ਨੇ ਫੈਸਲੇ ਵਿਚ ਲਿਖਿਆ, *"ਮਾਲੂਮ ਹੁੰਦਾ ਹੈ ਕਿ ਰਾਮ ਰੱਖਾ ਲਾਪਤਾ ਹੋ ਗਿਆ ਹੈ। ਪਿੰਡ 'ਚੋਂ ਅਤਰੇ ਦੀ ਥਾਂ ਬਣੇ ਲੰਬੜਦਾਰ ਛੱਜੂ ਰਾਮ ਨੇ ਵੀ ਇਸ ਬਾਰੇ ਕੋਈ ਇਤਲਾਹ ਨਹੀਂ ਦਿੱਤੀ। ਇਸ ਲਈ ਰਾਮ ਰੱਖੇ ਨੂੰ ਨਾ ਫੜਵਾਉਣ ਦਾ ਦੋਸ਼ ਅਤਰੇ ਤੇ ਹੀ ਨਹੀਂ ਲੱਗ ਸਕਦਾ। ਇਕੋ ਸਵਾਲ ਹੀ ਹੈ ਕਿ ਕੀ ਰਾਮ ਰੱਖੇ ਬਾਰੇ ਕੋਈ ਜਾਣਕਾਰੀ ਨਾ ਦੇਣ ਕਰਕੇ ਉਸ ਨੂੰ ਪੱਕੇ ਤੌਰ 'ਤੇ ਮੁਅੱਤਲ ਰੱਖਣ ਲਈ ਵਾਜਬ ਹੈ, ਜੋ ਕਿ ਨਹੀਂ ਬਣਦਾ। ਅਸੀਂ ਇਹ ਸੋਚਦੇ ਸੀ ਕਿ ਪੜ੍ਹੇ ਲਿਖੇ ਛੱਜੂ ਰਾਮ ਤੋਂ ਪਤਾ ਲੱਗ ਜਾਏਗਾ। ਇਹ ਵੀ ਸੰਭਵ ਸੀ ਕਿ ਛੱਜੂ ਰਾਮ ਚੌਕੀਦਾਰ ਰਾਹੀਂ ਰਾਮ ਰੱਖੇ ਬਾਰੇ ਇਤਲਾਹ ਦੇ ਦਿੰਦਾ। ਹੁਣ ਇਹ ਨਹੀਂ ਪਤਾ ਕਿ ਚੌਕੀਦਾਰ ਨੂੰ ਕਿਸ ਨੇ ਭੇਜਿਆ। ਜ਼ੈਲਦਾਰ ਦਾ ਕਹਿਣਾ ਹੈ ਕਿ ਅਤਰੇ ਨੇ ਰਾਮ ਰੱਖੇ ਨੂੰ ਸੰਭਾਲਿਆ ਹੈ। ਜਾਪਦਾ ਹੈ ਕਿ ਜ਼ੈਲਦਾਰ ਦੀ ਅਤਰੇ ਨਾਲ ਜਾਤੀ ਦੁਸ਼ਮਣੀ ਕਰਕੇ ਹੈ। ਇਨ੍ਹਾਂ ਸਾਰੀਆਂ ਦਲੀਲਾਂ ਨੂੰ ਵਿਚਾਰਨ ਉਪਰੰਤ ਮੇਰਾ ਖਿਆਲ ਹੈ ਕਿ ਰਾਮ ਰੱਖੇ ਬਾਰੇ ਕੋਈ ਇਤਲਾਹ ਨਾ ਦੇਣ ਕਰਕੇ ਤਿੰਨ ਸਾਲ ਦੀ ਮੁਅੱਤਲੀ ਹੀ ਕਾਫ਼ੀ ਸਜ਼ਾ ਹੈ। ਲੰਬੜਦਾਰੀ ਰਾਜਪੂਤ ਖਾਨਦਾਨ ਵਿਚ ਹੀ*

ਰਹਿਣੀ ਚਾਹੀਦੀ ਹੈ, ਜੋ ਕਈ ਪੁਸ਼ਤਾਂ ਤੋਂ ਅਤਰੇ ਦੇ ਖ਼ਾਨਦਾਨ ਵਿਚ ਚਲੀ ਆਉਂਦੀ ਹੈ। ਇਸ ਲਈ ਮੈਂ ਅਤਰੇ ਨੂੰ ਬਤੌਰ ਲੰਬੜਦਾਰ ਬਹਾਲ ਕਰਦਾ ਹਾਂ, ਅੱਗੇ ਤੋਂ ਇਹ ਵੀ ਤਾੜਨਾ ਕਰਦਾ ਹਾਂ ਕਿ ਉਸਨੂੰ ਹਕੂਮਤ ਦੀ ਮਦਦ ਕਰਦੇ ਰਹਿਣਾ ਚਾਹੀਦਾ ਹੈ। ਇਹ ਪਤਾ ਕੀਤਾ ਜਾਂਦਾ ਰਹੇਗਾ ਕਿ ਅਤਰਾ ਅਜਿਹਾ ਕਰਦਾ ਹੈ ਜਾਂ ਨਹੀਂ।"

23-7-1919

ਏ.ਲੈਂਗਲੇ

ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ

ਲੰਬੜਦਾਰ ਜਗਤ ਸਿੰਘ ਦੇ 'ਬਚਪਨ ਦੀਆਂ ਯਾਦਾਂ' ਇਤਿਹਾਸਕ ਦਾ ਦਰਜਾ ਰੱਖਦੀਆਂ ਹਨ। ਉਹ ਦੱਸਦਾ ਹੈ ਰਾਮ ਰੱਖਾ ਅਮਰੀਕਾ ਤੋਂ ਚਮੜੇ ਦਾ ਸੂਟਕੇਸ ਲਿਆਇਆ ਸੀ, ਜਿਸ ਵਿਚ ਉਸ ਦੇ ਕੋਡਰਾਈਟ ਦੇ ਸੂਟ ਮੈਂ ਦੇਖੇ ਹਨ। ਨਿੱਕੇ ਹੁੰਦਿਆਂ ਨੇ ਹੋਰ ਘਰ ਦੇ ਬੱਚਿਆਂ ਨਾਲ ਅਸੀਂ ਉਸ ਵਿਚ ਪਈਆਂ ਕਰੀਮ ਦੀਆਂ ਡੱਬੀਆਂ ਵਿਚੋਂ ਕਰੀਮ ਕੱਢ ਕੇ ਮੂੰਹ ਉੱਪਰ ਮਲਦੇ ਹੁੰਦੇ ਸਾਂ।

ਉਸਦਾ ਦਿਲ ਭਰ ਆਇਆ ਸੀ ਜਦੋਂ ਉਸ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਰਾਮ ਰੱਖਾ ਦੀ ਸ਼ਾਦੀ ਬੀਬੀ ਧੰਨ ਦੇਈ (ਧੰਨੋ) ਨਾਲ ਅਮਰੀਕਾ ਜਾਣ ਤੋਂ ਪਹਿਲਾਂ ਹੋਈ, ਜੋ ਉਸ ਦੇ ਅਮਰੀਕਾ ਰਹਿੰਦੇ ਸਮੇਂ ਵਿਛੋੜਾ ਦੇ ਗਈ। ਇਸ ਤਰ੍ਹਾਂ ਇਹ ਲਾਸਾਨੀ ਸੂਰਮਾ ਗ਼ਦਰ ਪਾਰਟੀ ਵੱਲੋਂ ਦਿੱਤੀਆਂ ਗਈਆਂ ਜ਼ੁੰਮੇਵਾਰੀਆਂ ਨੂੰ ਨਿਭਾਉਂਦਾ ਹੋਇਆ ਆਜ਼ਾਦੀ ਲਈ ਸ਼ਹੀਦੀ ਪਾ ਗਿਆ। ਅਜਿਹੀ ਸ਼ਹੀਦੀ, ਜਿਸ 'ਤੇ ਨਾ ਕੋਈ ਸ਼ੋਕ ਸਭਾ, ਨਾ ਹੀ ਜਨਾਜ਼ਾ ਤੇ ਨਾ ਹੀ ਵੈਣ ਪਾਏ। ਲਗਦਾ ਹੈ ਕਿ ਰਾਮ ਰੱਖਾ ਦੇ ਕਰੀਬੀ ਸਾਥੀ ਸ. ਕਰਤਾਰ ਸਿੰਘ ਸਰਾਭਾ ਨੇ ਹੇਠਲੀਆਂ ਲਾਈਨਾਂ ਗ਼ਦਰੀ ਮਾਰਗ ਦੇ ਉਸ ਚਿਰਾਗ ਦੇ ਬੁੱਝ ਜਾਣ 'ਤੇ ਕਲਮਬੱਧ ਕੀਤੀਆਂ।

ਯਹੀਂ ਪਾਉਗੇ ਮਹਿਸ਼ਰ ਮੇਂ ਜਬਾਂ ਮੇਰੀ ਬਯਾਂ ਮੇਰਾ,
ਮੈਂ ਬੰਦਾ ਹਿੰਦ ਵਾਲੋਂ ਕਾ ਹੂੰ, ਹੈ ਹਿੰਦੁਸਤਾਨ ਮੇਰਾ,
ਮੈਂ ਹਿੰਦੀ, ਠੇਠ ਹਿੰਦੀ, ਖ਼ੂਨ ਹਿੰਦੀ, ਜਾਤ ਹਿੰਦੀ ਹੂੰ,
ਯਹੀ ਮਜ਼ਬ, ਯਹੀ ਫਿਰਕਾ, ਯਹੀ ਹੈ ਖਾਨਦਾਨ ਮੇਰਾ,
ਮੈਂ ਇਸ ਉਜੜੇ ਹੂਏ ਭਾਰਤ ਕੇ ਖੰਡਰ ਕਾ ਏਕ ਜਰ੍ਹਾ ਹੂੰ,
ਯਹੀਂ ਬਸ ਏਕ ਪਤਾ ਮੇਰਾ, ਯਹੀਂ ਨਾਮੋ ਨਿਸ਼ਾਨ ਮੇਰਾ,
ਤੇਰੀ ਖਿਦਮਤ ਮੇਂ ਐ ਭਾਰਤ, ਯਹ ਸਿਰ ਜਾਏ, ਯਹ ਜਾਨ ਜਾਏ,
ਤੋ ਸਮਝੂੰਗਾ, ਯਹ ਮਰਨਾ ਜਾਬਦਾ ਮੇਰਾ।

***

ਸ਼ਹੀਦ ਅਰਜਨ ਸਿੰਘ ਖੁਖਰਾਣਾ ਉਰਫ਼ ਸੱਜਣ ਸਿੰਘ

ਅਰਜਨ ਸਿੰਘ ਖੁਖਰਾਣਾ ਦਾ ਜਨਮ ਪਿੰਡ ਖੁਖਰਾਣਾ ਤਹਿਸੀਲ ਮੋਗਾ ਜ਼ਿਲ੍ਹਾ ਫਿਰੋਜ਼ਪੁਰ (ਹੁਣ ਮੋਗਾ) ਵਿਚ ਸੰਨ 1889 ਈ. ਵਿਚ ਹੋਇਆ। ਉਨ੍ਹਾਂ ਦੀ ਮਾਤਾ ਦਾ ਨਾਮ ਜਿਉਣੀ ਤੇ ਪਿਤਾ ਦਾ ਨਾਮ ਕੇਹਰ ਸਿੰਘ ਨੰਬਰਦਾਰ ਸੀ। ਬਚਪਨ ਵਿਚ ਆਪ ਨੇ ਗੁਰਮੁਖੀ ਪੜ੍ਹੀ। ਆਪ 1908 ਵਿਚ ਅਮਰੀਕਾ ਨੂੰ ਚਲੇ ਗਏ। ਗਿਆਨੀ ਹਰਭਜਨ ਸਿੰਘ ਚਮਿੰਡਾ ਆਪਣੀ ਪੁਸਤਕ 'ਲਹੂ ਭਿੰਨੀਆਂ ਯਾਦਾਂ' ਵਿਚ ਦੱਸਦਾ ਹੈ ਕਿ ਉਸਦਾ ਸੰਪਰਕ ਅਰਜਨ ਸਿੰਘ ਖੁਖਰਾਣਾ ਨਾਲ ਹੋਇਆ। ਗਿਆਨੀ ਹਰਭਜਨ ਸਿੰਘ ਚਮਿੰਡਾ ਖੁਖਰਾਣਾ ਬਾਰੇ ਆਪਣੇ ਪ੍ਰਭਾਵ ਪ੍ਰਗਟ ਕਰਦਾ ਹੈ ਕਿ 'ਇਹ ਕੱਦ ਦਾ ਛੇ ਫੁੱਟ ਤੋਂ ਬੀ ਉੱਚਾ ਤੇ ਤੀਹ ਸਾਲ ਤੋਂ ਹੇਠਾਂ ਦਾ ਹੀ ਸੂਰਬੀਰ ਤੇ ਵਤਨ ਪ੍ਰੇਮੀ ਸੀ... ਇਹ ਗ਼ਦਰ ਪਾਰਟੀ ਦਾ ਉੱਘਾ ਵਰਕਰ ਸੀ। (ਪੰਨਾ 59)... ਜੀਕੂੰ ਸੁੰਦਰ ਜਵਾਨ ਸੀ ਓਕੂੰ ਹੀ ਦਲੇਰ ਵੀ ਬੜਾ ਸੀ।' (ਪੰਨਾ 60)

ਹੋਰ ਕ੍ਰਾਂਤੀਕਾਰੀਆਂ ਵਾਂਗ ਅਰਜਨ ਸਿੰਘ ਨੇ ਵੀ ਆਪਣਾ ਨਾਂ ਬਦਲ ਕੇ ਸੱਜਣ ਸਿੰਘ ਰੱਖਿਆ ਹੋਇਆ ਸੀ।

ਅਰਜਨ ਸਿੰਘ ਉਰਫ ਸੱਜਣ ਸਿੰਘ ਖੁਖਰਾਣਾ ਸਾਨਫਰਾਂਸਿਸਕੋ ਤੋਂ ਆਏ ਗ਼ਦਰ ਪਾਰਟੀ ਦੇ ਉੱਘੇ ਵਰਕਰ ਸਨ। ਸਰਕਾਰ ਦੀ ਖੁਫ਼ੀਆ ਰਿਪੋਰਟ ਮੁਤਾਬਿਕ ਆਪ 29 ਅਗਸਤ 1914 ਨੂੰ ਭਾਰਤ ਆਏ ਤੇ 3 ਨਵੰਬਰ 1914 ਨੂੰ ਲੁਧਿਆਣਾ ਸਟੇਸ਼ਨ 'ਤੇ ਨਵਾਬ ਖਾਨ ਨੂੰ ਮਿਲੇ ਅਤੇ ਗ਼ਦਰੀ ਸਰਗਰਮੀਆਂ 'ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ।(ਗ਼ਦਰ ਡਾਇਰੈਕਟਰੀ, ਨਾਹਰ ਸਿੰਘ ਕ੍ਰਿਪਾਲ ਸਿੰਘ, ਪੰਨਾ 171)

ਅਮਰੀਕਾ ਅਤੇ ਹੋਰ ਮੁਲਕਾਂ ਵਿਚ ਕੰਮ ਚਲਾਉਣ ਲਈ ਗ਼ਦਰੀ ਪਾਰਟੀ ਨੂੰ ਪੈਸੇ ਦੀ ਕਦੀ ਤੋਟ ਨਹੀਂ ਸੀ ਆਈ। ਪਰ ਦੇਸ਼ ਵਿਚ ਇਹ ਹਾਲਤ ਨਹੀਂ ਸੀ। ਸ਼ਹਿਰਾਂ ਵਿਚ ਕੇਂਦਰ ਬਣਾਏ ਜਾਣ ਤੇ ਕੰਮ ਵਧਣ ਨਾਲ ਖਰਚ ਹੋਰ ਵੀ ਵਧ ਗਏ। ਮਕਾਨਾਂ ਦਾ ਕਿਰਾਇਆ, ਵਰਕਰਾਂ ਦੇ ਸਫ਼ਰ ਕਰਨ ਦੇ ਭਾੜੇ, ਡੁਪਲੀਕੇਟਰਾਂ ਤੇ ਕਾਗਜ਼ ਦਾ ਖਰਚ, ਸ਼ਹਿਰਾਂ ਵਿਚ ਵਰਕਰਾਂ ਦੀ ਖਾਧ-ਖੁਰਾਕ, ਪਿਸਤੌਲਾਂ ਲਈ ਗੋਲੀਆਂ ਤੇ ਬੰਬਾਂ ਲਈ ਮਸਾਲੇ ਖਰੀਦਣ ਆਦਿ ਉੱਤੇ ਖਰਚ ਲਈ ਬਹੁਤ ਪੈਸੇ ਦੀ ਲੋੜ ਸੀ ਜੋ ਚੰਦਿਆਂ ਤੇ ਦਾਨਾਂ ਦੀ ਆਮਦਨੀ ਤੋਂ ਪੂਰਾ ਨਹੀਂ ਸੀ ਹੁੰਦਾ। ਪਾਰਟੀ ਦਾ ਡਾਕੇ ਮਾਰਨ ਦਾ ਕੋਈ ਪ੍ਰੋਗਰਾਮ ਨਹੀਂ ਸੀ ਤੇ ਪਾਰਟੀ ਅੰਦਰ ਇਸ ਉੱਤੇ ਮਤਭੇਦ ਸਨ, ਪਰ ਫੇਰ ਵੀ ਪਾਰਟੀ ਦੇ ਬੰਦਿਆਂ ਨੂੰ ਫੰਡ ਹਾਸਲ ਕਰਨ ਲਈ ਬੜੀਆਂ ਹਿਚਕਚਾਹਟਾਂ ਤੇ ਜੱਕੋ ਤੱਕਿਆਂ ਤੋਂ ਬਾਅਦ ਕੁਝ ਡਾਕੇ ਮਾਰਨੇ ਪਏ। ਭਾਈ ਜਵੰਦ ਸਿੰਘ ਨੰਗਲ, ਭਾਈ ਜਗਤ ਸਿੰਘ ਤੇ ਪਰੇਮ ਸਿੰਘ ਸੁਰਸਿੰਘੀਏ, ਭਾਈ ਵਰਿਆਮ ਸਿੰਘ ਅਮਲੀ ਭਾਈ ਗਾਂਧਾ ਸਿੰਘ ਕੱਚਰਭੰਨ, ਭਾਈ ਗੁਰਮੁਖ ਸਿੰਘ ਲਲਤੋਂ, ਭਾਈ ਬੰਤਾ ਸਿੰਘ ਸੰਘਵਾਲ ਪੰਡਤ ਰਾਮ ਰੱਖਾ ਸਾਹਿਬਾ ਸੜੋਆ ਦੇ ਨਾਲ ਅਰਜਨ ਸਿੰਘ ਖੁਖਰਾਣਾ ਵੀ ਇਸ ਕੰਮ ਦੇ ਮੋਹਰੀ

ਸਨ। (ਗੁਰਚਰਨ ਸਿੰਘ ਸਹਿੰਸਰਾ, ਗ਼ਦਰ ਪਾਰਟੀ ਦਾ ਇਤਿਹਾਸ, ਪੰਨਾ 203)

14 ਫਰਵਰੀ ਨੂੰ ਲਾਹੌਰ 'ਚ ਮੋਚੀ ਦਰਵਾਜ਼ੇ ਦੇ ਇਕ ਮਕਾਨ 'ਚ ਜਿਥੇ ਗ਼ਦਰੀਆਂ ਦੀ ਮੀਟਿੰਗ ਹੋਈ ਸੀ, ਜਿਸ ਵਿਚ ਗ਼ਦਰ ਦੀ ਤਾਰੀਖ 21 ਫਰਵਰੀ ਮਿੱਥੀ ਗਈ ਸੀ। ਉਥੇ ਬਹੁਤ ਸਾਰੇ ਗ਼ਦਰੀਆਂ ਨੂੰ ਫੌਜੀ ਛਾਉਣੀਆਂ 'ਚ ਸੁਨੇਹੇ ਪਹੁੰਚਾਉਣ ਦਾ ਕੰਮ ਸੰਭਾਲਿਆ ਗਿਆ ਸੀ। ਅਰਜਨ ਸਿੰਘ ਖੁਖਰਾਣਾ ਵੀ ਉਸ ਮੀਟਿੰਗ ਵਿਚ ਹਾਜ਼ਰ ਸਨ ਤੇ ਪਾਰਟੀ ਦੇ ਮੋਹਰਲੀ ਕਤਾਰ ਦੇ ਗ਼ਦਰੀਆਂ ਵਿਚੋਂ ਸਨ।

ਬਾਅਦ 'ਚ ਗ਼ਦਰ ਕਰਨ ਦੀ ਤਰੀਕ ਬਦਲ ਦਿੱਤੀ ਗਈ, ਪਰੰਤੂ ਸਰਕਾਰ ਨੂੰ ਇਸ ਬਦਲੀ ਤਰੀਕ ਦਾ ਵੀ ਪਤਾ ਚੱਲ ਗਿਆ ਸੀ। ਗ਼ਦਰ ਦੀ ਸਕੀਮ ਫੇਲ੍ਹ ਹੋ ਗਈ। 20 ਫਰਵਰੀ 1915 ਦੀ ਸ਼ਾਮ ਨੂੰ ਅਨਾਰਕਲੀ ਬਜ਼ਾਰ ਵਿਚ ਪੁਲਸ ਦੇ ਸਬ ਇੰਸਪੈਕਟਰ ਮੁਹੰਮਦ ਸੁਅ ਤੇ ਹੌਲਦਾਰ ਮੋਹਸਲ ਅਲੀ ਸ਼ਾਹ ਨੇ ਇਕ ਟਾਂਗੇ ਨੂੰ ਰੋਕਿਆ ਜਿਸ ਉੱਤੇ ਤਿੰਨ ਆਦਮੀ ਸਵਾਰ ਸਨ। ਇਨ੍ਹਾਂ ਵਿਚੋਂ ਇਕ ਕੋਲ ਫੜੀ ਹੋਈ ਸੋਟੀ ਨੂੰ ਦੇਖਣ ਤੇ ਪਤਾ ਲੱਗਾ ਕਿ ਇਹ ਗੁਪਤੀ ਤਲਵਾਰ (Sword stick) ਸੀ। ਪੁਲਸ ਨੇ ਇਨ੍ਹਾਂ ਨੂੰ ਥਾਣੇ ਜਾਣ ਲਈ ਕਿਹਾ ਤਾਂ ਸੱਜਣ ਸਿੰਘ ਉਰਫ ਅਰਜਨ ਸਿੰਘ ਖੁਖਰਾਣਾ ਨੇ ਆਪਣੇ ਪਿਸਤੌਲ ਨਾਲ ਗੋਲੀਆਂ ਚਲਾ ਕੇ ਹੌਲਦਾਰ ਨੂੰ ਹਲਾਕ ਕਰ ਦਿੱਤਾ। ਦੌੜਦੇ ਸਮੇਂ ਅਰਜਨ ਸਿੰਘ ਤਿਲਕ ਕੇ ਪਾਣੀ ਦੀ ਨਾਲੀ ਵਿਚ ਜਾ ਡਿਗਿਆ, ਜਿਸ ਕਾਰਨ ਪੁਲਸ ਦੇ ਕਾਬੂ ਆ ਗਿਆ। ਹਰਨਾਮ ਸਿੰਘ ਕਹੂਟਾ (ਸਿਆਲਕੋਟ) ਅਤੇ ਬੰਤਾ ਸਿੰਘ ਸੰਘਵਾਲ ਦੌੜਨ ਵਿਚ ਕਾਮਯਾਬ ਹੋ ਗਏ ਸਨ।

ਅਰਜਨ ਸਿੰਘ ਖੁਖਰਾਣਾ ਨਾਲ ਆਖ਼ਰੀ ਮੁਲਾਕਾਤ ਕਰਨ ਲਈ ਜਦੋਂ ਉਨ੍ਹਾਂ ਦੀ ਮਾਤਾ ਆਈ ਤਾਂ ਕਹਿਣ ਲੱਗੀ, "ਪੁੱਤ ਕੰਮ ਤਾਂ ਤੈਂ ਮੁਲਕ ਲਈ ਚੰਗਾ ਕੀਤਾ ਹੈ, ਪਰ ਹੁਣ ਆਪਾਂ ਵਿਛੜ ਜਾਵਾਂਗੇ, ਮੈਂ ਪਿੱਛੇ ਇਕੱਲੀ ਰਹਿ ਜਾਵਾਂਗੀ।' ਤਾਂ ਵੀਰ ਨੇ ਕਿਹਾ ਕਿ, "ਮਾਤਾ! ਬੰਬ ਬਨਾਉਣ ਦਾ ਨੁਸਖਾ ਮੈਂ ਦੱਸ ਦਿੰਦਾ ਹਾਂ, ਤੂੰ ਬੰਬ ਬਣਾ ਕੇ ਡੀ.ਸੀ. ਦੇ ਸਿਰ ਵਿਚ ਮਾਰੀਂ, ਫੇਰ ਤੈਨੂੰ ਵੀ ਫਾਂਸੀ ਦੇ ਦੇਣਗੇ ਤਾਂ ਆਪਾਂ ਇਕੱਠੇ ਹੋ ਜਾਵਾਂਗੇ।" ਜੀਕੂੰ ਸੁੰਦਰ ਜਵਾਨ ਸੀ, ਦਲੇਰ ਵੀ ਬੜੇ ਸਨ। (ਗਿਆਨੀ ਹਰਭਜਨ ਸਿੰਘ ਚਮਿੰਡਾ, ਲਹੂ ਭਿੰਨੀਆਂ ਯਾਦਾਂ, ਪੰਨਾ 99)

ਆਪ ਨੂੰ ਅਨਾਰਕਲੀ ਕੇਸ 'ਚ 20.4.1915 ਨੂੰ ਲਾਹੌਰ ਵਿਚ ਫਾਂਸੀ ਲਾਇਆ ਗਿਆ। ਚਮਿੰਡਾ ਜੀ ਦੀਆਂ ਉਨ੍ਹਾਂ ਬਾਬਤ ਤੁਕਾਂ ਹਨ:

ਅਰਜਨ ਸਿੰਘ ਦੀ ਗੱਜਵੀਂ ਜ਼ੁਬਾਂ ਉੱਤੇ, ਗੂੰਜ ਗ਼ਦਰ ਦੀ ਮੈਂ ਬੜੀ ਚੜ੍ਹੀ ਦੇਖੀ।
ਸੰਥਾ ਮੈਂ ਕੀ ਲਈ ਜੋ ਓਸ ਕੋਲੋਂ, ਅੱਜ ਤੀਕ ਜ਼ੁਬਾਨ ਤੇ ਰੜ੍ਹੀ ਦੇਖੀ।
ਦੇਖੀ ਬੀਰਤਾ ਬੜੀ ਬੇਹੱਦ ਦੇਖੀ, ਢਹਿੰਦੀ ਕਲਾ ਨਾ ਕਿਸੇ ਭੀ ਘੜੀ ਦੇਖੀ।
ਪੁਲਸੀ ਧਾੜ ਜਾਂ ਸਿਰ ਤੇ ਚੜ੍ਹੀ ਆ ਕੇ, ਗੋਲੀ ਝੱਟ ਪਿਸਤੌਲ ਦੀ ਜੜੀ ਦੇਖੀ।
ਫਾਂਸੀ ਘਰ ਦੇ ਵਿਚ ਖਲੋ ਕੇ ਤੇ, ਦਿੱਤੀ ਮਾਂ ਨੂੰ ਬੜੀ ਦਿਲਬਰੀ ਦੇਖੀ।
ਲੈ ਕੇ ਦਰਦ ਸੁਨੇਹੜੇ ਵੀਰਨਾ ਤੋਂ, ਓਟ ਕਲਗੀਧਰ ਦੀ ਫੜੀ ਦੇਖੀ।
ਡੇਕਣ ਲੰਮ ਸਲੰਮੀ ਦੇਹ 'ਸਾਥੀ' ਤਖਤੇ ਫਾਂਸੀ ਦੇ ਤੇ ਚੜ੍ਹੀ ਦੇਖੀ।
ਰੂਹ ਰੰਗਲੀ ਛੱਡ ਕੇ ਪੁਤਲੇ ਨੂੰ, ਸੱਚ ਖੰਡ ਦੀ ਚੜ੍ਹਦੀ ਥੜ੍ਹੀ ਦੇਖੀ।

(ਗਿਆਨੀ ਹਰਭਜਨ ਸਿੰਘ ਚਮਿੰਡਾ, ਲਹੂ ਭਿੰਨੀਆਂ ਯਾਦਾਂ, ਪੰਨਾ 99)

ਪੇਸ਼ਕਸ਼: ਮਨਜੀਤ ਕੇਸਰ

ਗ਼ਦਰ ਲਹਿਰ ਵਿੱਚ ਮੀਆਂਮੀਰ ਛਾਉਣੀ ਦੇ 23ਵੇਂ ਰਸਾਲੇ ਦੀ ਭੂਮਿਕਾ

- ਚਰੰਜੀ ਲਾਲ ਕੰਗਣੀਵਾਲ

ਹਿੰਦੁਸਤਾਨ ਦੀ ਆਜ਼ਾਦੀ ਲਈ ਗ਼ਦਰ ਲਹਿਰ ਦੇ ਸੰਗਰਾਮ ਵਿੱਚ ਫੌਜੀਆਂ ਦੀ ਭੂਮਿਕਾ ਮਹੱਤਵਪੂਰਨ ਰਹੀ ਹੈ, ਗ਼ਦਰ ਪਾਰਟੀ ਦੀ ਅਪੀਲ 'ਤੇ ਦੇਸ਼ ਤੇ ਵਿਦੇਸ਼ ਵਿੱਚ ਜਿਥੇ ਵੀ ਦੇਸੀ ਫੌਜ ਸੀ ਉਨ੍ਹਾਂ ਗ਼ਦਰ ਵਿੱਚ ਹਿਸਾ ਪਾਇਆ। ਵਿਸ਼ੇਸ਼ ਕਰਕੇ ਸਿੰਘਾਪੁਰ ਵਿੱਚ ਤਾਇਨਾਤ ਪੰਜਵੀਂ ਰੈਜ਼ੀਮੈਂਟ ਅਤੇ ਮੀਆਂ ਮੀਰ ਛਾਉਣੀ ਲਾਹੌਰ ਵਿਚਲੇ 23ਵੇਂ ਰਸਾਲੇ ਦੇ ਫੌਜੀਆਂ ਦੀ। ਇਸ ਰਸਾਲੇ ਦੇ 18 ਫੌਜੀਆਂ ਦਾ ਡਗਸ਼ਈ ਵਿਚ ਕੋਰਟ ਮਾਰਸ਼ਲ ਕਰ ਕੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਇਸ ਗੌਰਵਮਈ ਗਾਥਾ ਦਾ ਇਤਿਹਾਸ ਹੁਣ ਤੱਕ ਅਣਗੌਲਿਆ ਰਿਹਾ ਹੈ। ਮੀਆਂਮੀਰ ਛਾਉਣੀ ਦੇ ਫੌਜੀਆਂ ਦੀ ਇਸ ਕਾਰਵਾਈ ਨੂੰ ਮਾਈਕਲ ਉਡਵਾਇਰ ਨੇ 'ਦਲੇਰਾਨਾ ਯੋਜਨਾ' ਕਰਾਰ ਦਿੱਤਾ ਸੀ। ਅਫ਼ਸੋਸ ਕਿ ਇਸ ਇਤਿਹਾਸਕ ਕਾਰਵਾਈ ਨੂੰ ਅੱਜ ਤੱਕ ਦੇਸ਼ ਦੇ ਹਾਕਮਾਂ ਨੇ ਆਪਣੇ ਮਨੋਰਥ ਲਈ ਸੁਚੇਤ ਤੌਰ 'ਤੇ ਹਾਸ਼ੀਏ ਵਿਚ ਧੱਕ ਕੇ ਰੱਖਿਆ ਅਤੇ ਲੋਕਾਂ ਅਗੇ ਇਹੀ ਪ੍ਰੋਸਿਆ ਗਿਆ ਕਿ ਅਜ਼ਾਦੀ ਅਹਿੰਸਾ ਵਾਲੀ ਨੀਤੀ ਨੇ ਦੁਆਈ। ਦੇਸ਼ ਦੇ ਲੋਕਾਂ ਦੇ ਮਨ-ਮਸਤਕ ਵਿਚ ਅਜਿਹਾ ਭਰਨ ਲਈ ਪ੍ਰਚਾਰਿਆ ਜਾਂਦਾ ਹੈ:

"ਲੈਦੀ ਹਮੇਂ ਅਜ਼ਾਦੀ, ਬਿਨਾਂ ਖੜਗ, ਬਿਨਾਂ ਢਾਲ
ਐ ਸਾਬਰਮਤੀ ਕੇ ਸੰਤ ਤੂਨੇ ਕਰ ਦੀਆ ਕਮਾਲ"

ਦੇਸੀ ਫੌਜੀਆਂ ਨੂੰ ਨਾਲ ਰਲਾ ਕੇ ਹਿੰਦੁਸਤਾਨ ਵਿਚ ਗ਼ਦਰ ਕਰਨਾ ਗ਼ਦਰ ਪਾਰਟੀ ਦੀ ਯੋਜਨਾ ਦਾ ਸ਼ੁਰੂ ਤੋਂ ਹੀ ਜ਼ਰੂਰੀ ਹਿੱਸਾ ਸੀ। ਭਾਵੇਂ ਪ੍ਰਵਾਸੀਆਂ ਵੱਲੋਂ ਨਵੀਂ ਬਣਾਈ ਪਾਰਟੀ ਲੋੜੀਂਦੀ ਤਿਆਰ ਨਾ ਹੋਣ ਕਾਰਨ ਇਸ ਯੋਗ ਨਹੀਂ ਸੀ ਫਿਰ ਵੀ ਅਗਸਤ 1914 ਵਿਚ ਜਦੋਂ ਅੰਗਰੇਜ਼ੀ ਸਾਮਰਾਜ ਜੰਗ ਵਿਚ ਜਰਮਨ ਨਾਲ ਉਲਝ ਗਿਆ ਤਾਂ ਗ਼ਦਰ ਪਾਰਟੀ ਦੇ ਆਗੂਆਂ ਨੇ ਸਮਝਿਆ ਕਿ ਯੂਰਪ ਵਿਚ ਹੁਣ ਇੰਗਲੈਂਡ ਵਾਸਤੇ ਜਾਨ ਦੀ ਬਣੀ ਹੋਈ ਹੈ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਨੂੰ "ਮੌਕਾ ਸੰਭਾਲੋ" ਦਾ ਨਾਹਰਾ ਦਿੰਦਿਆਂ ਇਸ ਮੌਕੇ ਦੀ ਮਹੱਤਤਾ ਅਤੇ ਵਰਤੋਂ ਦਾ ਪਾਰਟੀ ਦੀਆਂ ਪ੍ਰਕਾਸ਼ਨਾਵਾਂ ਰਾਹੀਂ ਹੋਕਾ ਦਿੱਤਾ। ਹਿੰਦੁਸਤਾਨੀ ਫੌਜਾਂ ਨੂੰ ਵਰਗਲਾਉਣਾ ਗ਼ਦਰੀਆਂ ਦੇ ਹਿੰਦ ਵਿਚਲੇ ਇਨਕਲਾਬੀ ਅਮਲ ਦਾ ਮੁਖ ਧੁਰਾ ਸੀ। ਉਨ੍ਹਾਂ ਫੌਜੀ ਭਰਾਵਾਂ ਨੂੰ ਵੰਗਾਰ ਪਾਈ:

ਫੌਜਾਂ ਵਾਲਿਉ ਤੁਸਾਂ ਦੀ ਮਤ ਮਾਰੀ, ਲੋਕਾਂ ਵਾਸਤੇ ਕਰੋ ਲੜਾਈਆਂ ਕਿਉਂ?
ਵੈਰੀ ਤੁਸਾਂ ਦਾ ਘੇਰਿਆ ਵਿਚ ਯੂਰਪ, ਵੇਲਾ ਸਾਂਭ ਲਉ ਢੇਰੀਆਂ ਢਾਈਆਂ ਕਿਉਂ?
(ਗ਼ਦਰ ਗੂੰਜ)

ਇਸ ਯੋਜਨਾ ਦੀ ਸਫ਼ਲਤਾ ਲਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਾਜਗਾਰ ਹਾਲਾਤਾਂ ਨੂੰ ਮੁੱਖ ਰਖਦਿਆਂ 'ਗ਼ਦਰ' ਅਖ਼ਬਾਰ ਨੇ ਫੌਜੀਆਂ ਨੂੰ ਵੰਗਾਰਦਿਆਂ ਲਿਖਿਆ,"ਤੁਸੀ ਜਾਉ ਤੇ

ਗੋਰਿਆਂ ਲਈ ਲੜੋ, ਦੂਜੇ ਦੇਸ਼ਾਂ 'ਤੇ ਹਮਲਾ ਕਰੋ। ਤੁਸੀਂ ਆਪਣਾ ਦੇਸ਼ ਆਪਣੇ ਅਧਿਕਾਰ ਵਿਚ ਕਿਉਂ ਨਹੀਂ ਲੈਂਦੇ?"

'ਗ਼ਦਰ' ਅਖ਼ਬਾਰ ਵਿਚ ਅਗੇ ਲਿਖਿਆ ਸੀ, "ਓ ਸੈਨਿਕ ਜਵਾਨੋ! ਕੀ ਤੁਹਾਡਾ ਭਾਰਤੀਆਂ ਨਾਲ ਕੋਈ ਸਬੰਧ ਨਹੀਂ? ਕੀ ਤੁਸੀਂ ਅੰਗਰੇਜ਼ਾਂ ਦੀ ਗੁਲਾਮੀ ਵਿਚ ਰਹਿਣ ਦੀ ਕਸਮ ਖਾ ਰੱਖੀ ਹੈ? ਕੀ ਤੁਹਾਡੇ ਜੀਵਨ ਦਾ ਮੁੱਲ ਸੱਤ ਰੁਪਏ ਹੈ?" ਆਦਿ। ਅਮਰੀਕਾ ਤੇ ਕਨੇਡਾ ਤੋਂ ਚੱਲ ਕੇ ਹਿੰਦੁਸਤਾਨ ਪੁੱਜਣ ਤੱਕ ਗ਼ਦਰੀ ਆਗੂ ਜਿਸ ਬੰਦਰਗਾਹ 'ਤੇ ਵੀ ਰੁਕਦੇ, ਉਥੇ ਉਹ ਦੇਸੀ ਫੌਜਾਂ ਨੂੰ ਹਕੂਮਤ ਵਿਰੁੱਧ ਪ੍ਰੇਰਨ ਦੀ ਕੋਸ਼ਿਸ਼ ਕਰਦੇ। ਸਿੰਘਾਪੁਰ, ਪੀਨਾਂਗ, ਹਾਂਗਕਾਂਗ ਵਿੱਚ ਦੇਸੀ ਫੌਜਾਂ ਨੂੰ ਪ੍ਰੇਰਿਆ। ਬੰਗਾਲ ਤੋਂ ਫਰੰਟੀਅਰ ਤੱਕ ਦੀਆਂ ਫੌਜੀ ਛਾਉਣੀਆਂ ਵਿੱਚ ਜ਼ਿੰਮੇਵਾਰੀਆਂ ਦੇ ਕੇ ਗ਼ਦਰੀਆਂ ਨੂੰ ਭੇਜਿਆ। ਕਰਤਾਰ ਸਿੰਘ ਸਰਾਭਾ ਉੱਤਰੀ ਭਾਰਤ ਦੀਆਂ ਉਨ੍ਹਾਂ ਸਾਰੀਆਂ ਛਾਉਣੀਆਂ ਵਿੱਚ ਗਿਆ, ਜਿਥੇ ਪੰਜਾਬੀ ਫੌਜੀ ਤਾਇਨਾਤ ਸਨ। ਇਸ ਸੰਦਰਭ ਵਿਚ ਮੀਆਂ ਮੀਰ ਛਾਉਣੀ ਦੇ 23ਵੇਂ ਰਸਾਲੇ ਦੇ ਸਿਰਲਥ ਫੌਜੀਆਂ ਦੀ ਭੂਮਿਕਾ ਬੜੀ ਗੌਰਵਮਈ ਹੈ।

ਮੁਗਲ ਕਾਲ ਤੋਂ ਲੈ ਕੇ ਸਿੱਖ ਰਾਜ ਤੇ ਅੰਗਰੇਜ਼ੀ ਰਾਜ ਸਮੇਂ ਮੀਆਂ ਮੀਰ ਦਾ ਸਥਾਨ ਸਮਾਜਿਕ ਤੇ ਰਾਜਨੀਤਕ ਸਰਗਰਮੀਆਂ ਦਾ ਕੇਂਦਰ ਰਿਹਾ। 1857 ਦੇ ਗ਼ਦਰ ਸਮੇਂ ਇਥੇ ਤਾਇਨਾਤ ਦੇਸੀ 400 ਫੌਜੀਆਂ ਨੇ ਬਲੀਦਾਨ ਦਿੱਤਾ। 1849 ਵਿੱਚ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰਕੇ 1852 ਵਿੱਚ ਇਥੇ ਛਾਉਣੀ ਦੀ ਸਥਾਪਨਾ ਕੀਤੀ ਅਤੇ 1906 ਵਿੱਚ ਇਸ ਨੂੰ ਮੀਆਂ ਮੀਰ ਛਾਉਣੀ ਦਾ ਨਾਂ ਦਿੱਤਾ ਗਿਆ ਸੀ। ਸਾਈ ਮੀਆਂ ਮੀਰ ਸੂਫ਼ੀ ਸੰਤ ਸਨ, ਜਿਸ ਤੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਨੀਂਹ ਪੱਥਰ ਰਖਵਾਇਆ ਗਿਆ ਸੀ।

ਸੁੱਚਾ ਸਿੰਘ ਚੋਹਲਾ ਸਾਹਿਬ: ਦਾ ਨਾਂਅ ਇਸ ਕਾਂਡ ਵਿੱਚ ਬੜਾ ਚਰਚਿਤ ਹੈ। ਇਹ 23ਵੇਂ ਰਸਾਲੇ ਵਿੱਚ ਸਵਾਰ ਸੀ। ਮੀਆਂ ਮੀਰ ਛਾਉਣੀ ਲਾਹੌਰ ਦੇ 23ਵੇਂ ਰਸਾਲੇ ਵਿਚ ਜ਼ਿਆਦਾ ਗਿਣਤੀ ਮਾਝੇ ਦੇ ਸਵਾਰਾਂ ਦੀ ਸੀ। ਅਕਤੂਬਰ 1914 ਦੇ ਅੰਤਲੇ ਦਿਨੀਂ ਇਸ ਰਸਾਲੇ ਦਾ ਸੁੱਚਾ ਸਿੰਘ ਸਵਾਰ ਜਿਹੜਾ ਤਰਨਤਾਰਨ ਦੇ ਲਾਗੇ ਚੋਹਲਾ ਸਾਹਿਬ ਪਿੰਡ ਦਾ ਸੀ, ਛੁੱਟੀ ਆਇਆ ਹੋਇਆ ਸੀ। ਉਸਨੇ ਗ਼ਦਰੀਆਂ ਬਾਰੇ ਗੱਲਾਂ ਸੁਣੀਆਂ ਤੇ ਕੁਝ ਮੀਟਿੰਗਾਂ ਵਿਚ ਵੀ ਹਿੱਸਾ ਲਿਆ। ਉਹ ਛੁੱਟੀ ਕੱਟ ਕੇ ਵਾਪਸ ਗਿਆ ਤਾਂ ਆਪਣੇ ਸਵਾਰ ਸਾਥੀਆਂ ਨੂੰ ਉਸਨੇ ਦੱਸਿਆ ਕਿ ਚੌਦਾ-ਪੰਦਰਾਂ ਸੌ ਵਿਦੇਸ਼ਾਂ ਚੋਂ ਆਏ ਗ਼ਦਰੀ, ਮੀਆਂ ਮੀਰ ਛਾਉਣੀ ਦੀ ਰੱਖ ਵਿਚ ਇਕੱਠੇ ਹੋ ਕੇ ਲਾਹੌਰ ਅਤੇ ਫਿਰੋਜ਼ਪੁਰ ਛਾਉਣੀ ਵਾਲੇ ਕਿਲ੍ਹੇ 'ਤੇ ਕਬਜ਼ਾ ਕਰਨ ਦਾ ਇਰਾਦਾ ਰੱਖਦੇ ਹਨ। ਉਸਨੇ ਇਹ ਵੀ ਦੱਸਿਆ ਕਿ ਪ੍ਰਵਾਸੀ ਗ਼ਦਰੀਆਂ ਕੋਲ ਬੰਦੂਕਾਂ, ਪਿਸਤੌਲ ਤੇ ਬੰਬ ਵੀ ਹਨ। ਉਸਨੇ ਆਪਣੇ ਰਸਾਲਦਾਰ ਲਛਮਣ ਸਿੰਘ (ਜੋ ਪਹਿਲਾਂ ਹੀ ਗ਼ਦਰ ਪਾਰਟੀ ਤੋਂ ਪ੍ਰਭਾਵਿਤ ਹੋ ਚੁੱਕਾ ਸੀ) ਨਾਲ ਵੀ ਗੱਲ ਕੀਤੀ। ਆਖਰ ਉਨ੍ਹਾਂ ਗ਼ਦਰੀਆਂ ਦੀ ਮਦਦ ਕਰਨ ਦਾ ਫੈਸਲਾ ਕਰ ਲਿਆ।

ਰਸਾਲਦਾਰ ਲਛਮਣ ਸਿੰਘ ਚੂਸਲੇਵੜ: 23ਵੇਂ ਰਸਾਲੇ ਦੇ ਰਸਾਲਦਾਰ ਲਛਮਣ ਸਿੰਘ ਚੂਸਲੇਵੜ ਕੌਮੀ ਭਾਵਨਾ ਵਾਲਾ ਅਤੇ ਨੇਕ ਦ੍ਰਿਸ਼ਟੀ ਵਾਲਾ ਹੋਣ ਕਰਕੇ ਉਸਦਾ ਆਪਣੀ ਰੈਜ਼ੀਮੈਂਟ ਦੇ ਸਿਪਾਹੀਆਂ ਉਪਰ ਚੰਗਾ ਪ੍ਰਭਾਵ ਸੀ। ਉਹ ਸੁਰ ਸਿੰਘ ਵਾਲੇ ਭਾਈ ਪ੍ਰੇਮ ਸਿੰਘ ਨੂੰ ਮਿਲਣ ਤੋਂ ਪਹਿਲਾਂ ਹੀ ਬਾਗੀਆਨਾ ਰੁਚੀ ਰੱਖਦਾ ਸੀ। ਉਸ ਉਤੇ ਸਮਕਾਲੀ ਰਾਜਸੀ ਹਾਲਾਤਾਂ

ਦਾ ਗਹਿਰਾ ਪ੍ਰਭਾਵ ਹੋ ਗਿਆ ਸੀ। ਵਾਅਦਾਮਾਫ ਮੂਲ ਸਿੰਘ ਗੁੰਬੀ ਨੇ ਉਸ ਬਾਰੇ ਕਿਹਾ, "ਜਦੋਂ ਪਲਟਨ ਦੀ ਕੋਟਾ ਵਿਚ ਬਦਲੀ ਹੋ ਗਈ ਤਾਂ ਲਛਮਣ ਸਿੰਘ ਸਿੰਘ ਸਭਾ ਦੀਆਂ ਮੀਟਿੰਗਾਂ ਵਿੱਚ ਸਿੱਖ ਲੈਕਚਰਾਰਾਂ ਨੂੰ ਸੁਨਣ ਲਈ ਜਾਂਦਾ, ਜਿਹੜੇ ਲਾਹੌਰੋਂ ਤੇ ਅੰਮ੍ਰਿਤਸਰ ਤੋਂ ਆਉਂਦੇ ਸਨ। ਲਛਮਣ ਸਿੰਘ ਜ਼ਿਆਦਾ ਭਸੌੜ ਵਾਲੀ ਸਭਾ ਤੋਂ ਪ੍ਰਭਾਵਤ ਹੋਇਆ ਸੀ ਜਿਹੜੀ ਸਿੱਖੀ ਪ੍ਰਤੀ ਉਦਾਰਚਿਤ ਸੀ। ਇਹ ਛੁੱਟੀ ਲੈ ਕੇ ਤੇਜਾ ਸਿੰਘ ਭਸੌੜ ਨੂੰ ਮਿਲਣ ਵੀ ਗਿਆ ਸੀ। ਉਹ ਆਪਣੇ ਵਿਚਾਰਾਂ ਨਾਲ 23 ਨੰਬਰ ਦੇ ਫੌਜੀਆਂ ਦੇ ਮਨ ਜਿੱਤਣ 'ਚ ਸਫ਼ਲ ਹੋ ਗਿਆ ਸੀ।

ਸਚਿੰਦਰ ਨਾਥ ਸਾਨਿਆਲ ਅਨੁਸਾਰ 'ਲਛਮਣ ਸਿੰਘ ਨੇ ਪਹਿਲਾਂ ਹੀ ਰੈਜ਼ਮੈਂਟ ਵਿਚ ਇਕ ਇਨਕਲਾਬੀ ਗਰੁੱਪ ਬਣਾਇਆ ਹੋਇਆ ਸੀ। ਉਸ ਗਰੁੱਪ ਦੀਆਂ ਗੁਪਤ ਮੀਟਿੰਗਾਂ ਹੁੰਦੀਆਂ ਰਹਿੰਦੀਆਂ ਸਨ। ਉਸ ਸਮੇਂ ਸਿੱਖ ਧਰਮ ਸਬੰਧੀ ਪੁਸਤਕਾਂ ਪੜ੍ਹੀਆਂ ਜਾਂਦੀਆਂ ਅਤੇ ਅਨੇਕ ਵਿਸ਼ਿਆਂ ਉਪਰ ਚਰਚਾ ਹੁੰਦੀ ਸੀ। ਕਈ ਵਾਰ ਇਸਦੀ ਖ਼ਬਰ ਮਿਲਣ 'ਤੇ ਅੰਗਰੇਜ਼ ਅਫ਼ਸਰ ਇਸ ਨੂੰ ਰੋਕਣ ਦਾ ਹੁਕਮ ਦਿੰਦੇ। ਇਸ ਤਰ੍ਹਾਂ ਬੰਦ ਹੋ ਕੇ ਵੀ ਇਹ ਕੰਮ ਛੋਟੇ ਰੂਪ ਵਿਚ ਕਈ ਸਾਲਾਂ ਤੋਂ ਚਲਿਆ ਆ ਰਿਹਾ ਸੀ।

ਬਾਬਾ ਮਦਨ ਸਿੰਘ ਗਾਗਾ: ਗ਼ਦਰੀ ਆਗੂਆਂ ਤੇ 23ਵੇਂ ਰਸਾਲੇ ਦੇ ਫੌਜੀਆਂ ਦੇ ਸੰਪਰਕ ਸੂਤਰ ਦਾ ਗੁਪਤ ਕੇਂਦਰ ਬਾਬਾ ਮਦਨ ਸਿੰਘ ਗਾਗਾ ਦੀ ਦੁਕਾਨ ਸੀ ਜਿਹੜੀ ਮੀਆਂ ਮੀਰ ਛਾਉਣੀ ਦੇ ਸਦਰ ਬਾਜ਼ਾਰ ਵਿਚ ਸੀ। ਜਿਥੇ ਬਾਬਾ ਲਕੜੀ ਦੇ ਸਾਮਾਨ ਵਾਲੀਆਂ ਵਸਤੂਆਂ ਬਣਾਉਂਦਾ ਰਹਿੰਦਾ ਅਤੇ ਦੁਕਾਨ ਵਿਚ ਭਾਈ ਪ੍ਰੇਮ ਸਿੰਘ ਸੁਰ ਸਿੰਘ, ਜਗਤ ਸਿੰਘ ਸੁਰ ਸਿੰਘ, ਬੰਤਾ ਸਿੰਘ ਸੰਘਵਾਲ ਦੀਆਂ ਲਗਾਤਾਰ ਮੀਟਿੰਗਾਂ ਚਲਦੀਆਂ ਰਹਿੰਦੀਆਂ ਸਨ। ਖਾਸ ਕਰਕੇ ਇਹ ਦੁਕਾਨ 23ਵੇਂ ਰਸਾਲੇ ਦੇ ਰਸਾਲਦਾਰ ਲਛਮਣ ਸਿੰਘ ਚੂਸਲੇਵੜ ਤੇ ਪ੍ਰੇਮ ਸਿੰਘ ਸੁਰ ਸਿੰਘ ਦੀਆਂ ਸਰਗਰਮੀਆਂ ਦਾ ਖੁਫ਼ੀਆ ਅੱਡਾ ਸੀ। ਬਾਬਾ ਗਾਗਾ ਅੱਗੇ ਬੈਠਾ ਠੋਕਾ-ਠੁਕਾਈ ਕਰਦਾ ਅੰਦਰ ਹੁੰਦੀਆਂ ਮੀਟਿੰਗਾਂ ਦੀ ਨਿਗਰਾਨੀ ਦੀ ਜੁੰਮੇਵਾਰੀ ਵੀ ਨਿਭਾਉਂਦਾ। ਬਾਬਾ ਮਦਨ ਸਿੰਘ ਗਾਗਾ ਨੂੰ ਗ਼ਦਰੀਆਂ ਦਾ 'ਭਾਈ ਲਾਲੋ' ਕਿਹਾ ਜਾਂਦਾ ਸੀ। ਰਸਾਲਦਾਰ ਲਛਮਣ ਸਿੰਘ ਦੀ ਬਾਬਾ ਮਦਨ ਸਿੰਘ ਗਾਗਾ ਬਾਰੇ ਰਾਏ ਸੀ, "ਭਾਈ ਮਦਨ ਸਿੰਘ ਦੀ ਸਲਾਹ ਹਮੇਸ਼ਾਂ ਬਹੁਤ ਕੀਮਤੀ ਹੁੰਦੀ ਸੀ।" ਹਕੂਮਤ ਦੀਆਂ ਨਜ਼ਰਾਂ 'ਚ 'ਉਹ ਗ਼ਦਰੀਆਂ ਦਾ ਮਿਸ਼ਨਰੀ ਬਣਨ ਤੋਂ ਪਹਿਲਾਂ ਪੰਥ ਖਾਲਸਾ ਦਾ ਪਰਚਾਰਕ ਸੀ। ਕਾਲਾ ਸਿੰਘ ਲਾਹੌਰ ਵਾਲਾ ਮਿਸਤਰੀ ਉਸੇ ਦੀ ਦੱਸ 'ਤੇ ਚੱਬੇ ਲਿਜਾਇਆ ਗਿਆ ਸੀ।'

ਸਿੰਘ ਸਭਾ, ਚੀਫ਼ ਖਾਲਸਾ ਦੀਵਾਨ ਅਤੇ ਹੋਰ ਸਿੱਖ ਜਥੇਬੰਦੀਆਂ ਲਈ ਰਕਾਬ ਗੰਜ ਗੁਰਦੁਆਰੇ ਦੀ ਕੰਧ ਦਾ ਢਾਏ ਜਾਣੇ, ਖਾਲਸਾ ਕਾਲਜ ਅੰਮ੍ਰਿਤਸਰ ਨੂੰ ਅੰਗਰੇਜ਼ੀ ਅਧਿਕਾਰ 'ਚ ਲੈਣਾ ਭਖਦਾ ਮਸਲਾ ਬਣ ਚੁੱਕਾ ਸੀ। ਸਿੰਘ ਸਭਾ ਵਿਚ ਗਰਮ ਦਲੀਏ ਆਗੂ ਭਾਈ ਹਰਚੰਦ ਸਿੰਘ ਲਾਇਲਪੁਰ, ਮਾਸਟਰ ਸੁੰਦਰ ਸਿੰਘ ਲਾਇਲਪੁਰ, ਮਾਸਟਰ ਚਤਰ ਸਿੰਘ ਇਨ੍ਹਾਂ ਮਸਲਿਆਂ ਲਈ ਅੰਗਰੇਜ਼ੀ ਹਕੂਮਤ ਵਿਰੁੱਧ ਮੈਦਾਨ 'ਚ ਨਿੱਤਰੇ ਅਤੇ ਸਿੱਖ ਐਜੂਕੇਸ਼ਨਲ ਕਾਨਫ੍ਰੰਸਾਂ ਦੇ ਉਹਲੇ ਪੰਜਾਬੀ ਤਬਕੇ ਦੇ ਸਮਾਜੀ ਸਮਾਗਮਾਂ ਵਿਚ ਇਨ੍ਹਾਂ ਦੀ ਬਹੁਤ ਚਰਚਾ ਸੀ। ਛੇਤੀਂ ਹੀ ਕਾਮਾਗਾਟਾ ਮਾਰੂ ਸਾਕੇ ਤੇ ਬਜਬਜ ਘਾਟ ਦੇ ਸ਼ਹੀਦੀ ਸਾਕੇ ਨੇ ਪੰਜਾਬੀਆਂ ਦੇ ਦਿਲਾਂ ਵਿਚ ਅੰਗਰੇਜ਼ੀ ਸਰਕਾਰ ਵਿਰੁਧ ਜੋਸ਼ ਭਰ ਦਿੱਤਾ ਸੀ। ਦੂਜੇ ਪਾਸੇ ਭਾਈ ਰਣਧੀਰ ਸਿੰਘ ਅਤੇ ਭਾਈ ਕਰਮ ਸਿੰਘ ਕੋਟਲਾ ਅਜਨੇਰ ਆਪਣੇ ਜਥੇ ਰਾਹੀਂ ਇਨ੍ਹਾਂ ਜਿਆਦਤੀਆਂ ਵਿਰੁੱਧ ਮਾਲਵੇ

ਵਿੱਚ ਪਿੰਡੋਂ ਪਿੰਡ ਪ੍ਰਚਾਰ ਕਰਕੇ ਗ਼ਦਰ ਪਾਰਟੀ ਦਾ ਸੰਦੇਸ਼ ਪਹੁੰਚਾ ਰਹੇ ਸਨ। ਮੁੱਖ ਗਵਾਹ ਭਾਈ ਮੂਲ ਸਿੰਘ ਅਜਿਹਾ ਹੀ ਆਪਣੇ ਨਾਲ ਹੋਏ ਵਾਪਰੇ ਬਾਰੇ ਦੀ ਝਾਤ ਪੁਆਂਦਾ ਹੈ, "ਮੈਂ ਵੀ ਜਦੋਂ ਛੁੱਟੀ ਦੌਰਾਨ ਪਿੰਡਾਂ ਵਿਚ ਜਾਂਦਾ ਸੀ ਤਾਂ ਲੋਕਾਂ ਦੇ ਵਿਚਾਰ ਅੰਗਰੇਜ਼ਾਂ ਦੇ ਵਿਰੁੱਧ ਸਨ। ਜਿਹੜੇ ਵੀ ਸਿਪਾਹੀ ਛੁੱਟੀ ਜਾਂਦੇ ਉਹ ਅੰਗਰੇਜ਼ਾਂ ਦੇ ਵਿਰੁੱਧ ਨਫ਼ਰਤ ਨਾਲ ਭਰੇ ਹੋਏ ਆਉਂਦੇ ਸਨ। ਉਨ੍ਹਾਂ ਦੇ ਦੋਸਤ, ਰਿਸ਼ਤੇਦਾਰ ਜਿਹੜੇ ਵਿਦੇਸ਼ਾਂ ਵਿਚ ਸਨ, ਉਹ ਵੀ ਇਸ ਕਿਸਮ ਦੀਆਂ ਚਿੱਠੀਆਂ ਇਨ੍ਹਾਂ ਨੂੰ ਪਾਉਂਦੇ ਸਨ। ਇਸ ਕਰਕੇ ਜਿਹੜੇ ਗ਼ਦਰੀ ਬਾਹਰੋਂ ਆਏ ਉਹ ਇਨ੍ਹਾਂ ਨਾਲ ਘੁਲ ਮਿਲ ਕੇ ਇਨ੍ਹਾਂ ਦੇ ਮਨ੍ਹਾਂ 'ਚ ਜੋਸ਼ ਪੈਦਾ ਕਰਦੇ ਸਨ। ਦੀਵਾਲੀ ਦੇ ਮੌਕੇ 'ਤੇ ਸੁੱਚਾ ਸਿੰਘ ਸਵਾਰ ਨੇ ਮੇਰੇ ਨਾਲ ਗ਼ਦਰ ਪਾਰਟੀ ਤੇ ਉਨ੍ਹਾਂ ਦੇ ਮਕਸਦ ਬਾਰੇ ਵਿਚਾਰ ਵੀ ਕੀਤਾ ਸੀ। ਉਸਨੇ ਇਹ ਵੀ ਦੱਸਿਆ ਕਿ ਜਦੋਂ ਉਹ ਛੁੱਟੀ ਗਿਆ ਹੋਇਆ ਸੀ ਤਾਂ ਅੰਮ੍ਰਿਤਸਰ ਦਾ ਡੀ.ਸੀ. ਪਿੰਡਾਂ ਵਿੱਚ ਬਾਹਰੋਂ ਆਏ ਬੰਦਿਆਂ (ਗ਼ਦਰੀ) ਦੇ ਵਿਰੁੱਧ ਪ੍ਰਚਾਰ ਕਰਵਾਉਂਦਾ ਸੀ।"

ਸ. ਕਰਤਾਰ ਸਿੰਘ ਸਰਾਭਾ ਦੇ ਸਿਰ ਤੋੜ ਯਤਨਾਂ ਨਾਲ ਸਚਿੰਦਰ ਨਾਥ ਸਾਨਿਆਲ ਦੀ ਮਦਦ ਨਾਲ ਪ੍ਰਸਿੱਧ ਇਨਕਲਾਬੀ ਰਾਸ ਬਿਹਾਰੀ ਬੋਸ ਨੂੰ ਗ਼ਦਰ ਦੀ ਅਗਵਾਈ ਲਈ ਪੰਜਾਬ ਲਿਆਉਣ 'ਤੇ ਉਸ ਦੀ ਸੁਰੱਖਿਆ ਦਾ ਵੱਡਾ ਕਾਰਜ ਸਾਹਮਣੇ ਸੀ। ਜਿਸ ਨੂੰ ਬਾਬਾ ਰਾਮ ਸਰਨ ਦਾਸ ਤਲਵਾੜ ਦੀ ਸੁਪਤਨੀ ਬੀਬੀ ਸਤਿਆਵਤੀ ਨੇ ਨੇਪਰੇ ਚਾੜ੍ਹ ਦਿੱਤਾ ਸੀ। ਰਾਸ ਬਿਹਾਰੀ ਬੋਸ ਲਈ ਬੀਬੀ ਸਤਿਆਵਤੀ ਦੇ ਯਤਨਾਂ ਨਾਲ ਇਕ ਮਕਾਨ ਲਾਹੌਰ ਦੇ ਮੋਚੀ ਗੇਟ ਵਿਚ ਲਿਆ ਗਿਆ ਸੀ। ਜਿਥੇ ਬਗਾਵਤ ਦੀ ਤਾਰੀਖ 21 ਫਰਵਰੀ 1915 ਮਿਥੀ ਗਈ ਸੀ। ਉਸ ਦਿਨ ਛਾਉਣੀ ਮੀਆਂ ਮੀਰ ਲਾਹੌਰ ਤੇ ਛਾਉਣੀ ਫਿਰੋਜ਼ਪੁਰ 'ਤੇ ਹਮਲਾ ਕਰਕੇ ਕਬਜ਼ਾ ਕਰਨ ਦਾ ਪਲੈਨ ਸੀ। ਇਸ ਦੀ ਕਾਮਯਾਬੀ ਪਿੱਛੋਂ ਮੇਰਠ ਛਾਉਣੀ ਦੇ 128 ਪਾਇਨੀਅਰ ਡਵੀਜਨ ਅਤੇ 12 ਨੰਬਰ ਰਸਾਲਾ ਨੇ ਵਿਸ਼ਨੂੰ ਗਣੇਸ਼ ਪਿੰਗਲੇ ਦੀ ਅਗਵਾਈ ਵਿਚ ਬਗ਼ਾਵਤ ਕਰਨੀ ਸੀ। ਮੇਰਠ 'ਤੇ ਕਬਜ਼ਾ ਕਰਕੇ ਇਸ ਫੋਰਸ ਨੇ ਦਿੱਲੀ 'ਤੇ ਹੱਲਾ ਬੋਲਣਾ ਸੀ ਅਤੇ ਕੌਮੀ ਝੰਡਾ ਲਹਿਰਾਉਣਾ ਸੀ। ਬਾਕੀ ਫੌਜੀਆਂ ਲਈ ਇਹ ਇਕ ਇਸ਼ਾਰਾ ਹੋਣਾ ਸੀ ਕਿ ਉਹ ਵੀ ਇਸ ਬਗ਼ਾਵਤ ਵਿਚ ਸ਼ਾਮਲ ਹੋਣ।

ਇਸ ਤੋਂ ਇਲਾਵਾ ਗ਼ਦਰੀ ਪ੍ਰੇਮ ਸਿੰਘ ਸੁਰ ਸਿੰਘ ਨੇ ਮੀਆਂ ਮੀਰ ਛਾਉਣੀ ਵਿਚ ਪ੍ਰਚਾਰ ਕਰ ਕੇ ਕਈ ਸਵਾਰਾਂ ਦਾ ਸਹਿਯੋਗ ਪ੍ਰਾਪਤ ਕਰ ਲਿਆ ਸੀ ਅਤੇ ਉਸਦਾ ਰਸਾਲਦਾਰ ਲਛਮਣ ਸਿੰਘ ਅਤੇ ਰਸਾਲੇ ਦੇ ਸਵਾਰਾਂ ਨਾਲ ਮੇਲ ਜੋਲ ਹੋ ਗਿਆ। ਇਸ ਦੇ ਨਤੀਜੇ ਵਜੋਂ ਗ਼ਦਰ ਪੱਖੀ ਸਵਾਰ ਫੌਜੀਆਂ ਨੇ 13 ਨਵੰਬਰ 1914 ਨੂੰ ਮੀਆਂ ਮੀਰ ਛਾਉਣੀ ਦੇ ਪਿਛਲੇ ਪਾਸੇ ਮੀਟਿੰਗ ਕਰ ਕੇ ਗ਼ਦਰ ਵਿਚ ਸ਼ਾਮਲ ਹੋਣ ਦੀਆਂ ਸੌਹਾਂ ਖਾਧੀਆਂ ਅਤੇ ਇਕਰਾਰ ਕੀਤਾ ਕਿ ਉਹ 26 ਨਵੰਬਰ 1914 ਨੂੰ ਗ਼ਦਰ ਕਰ ਕੇ ਆਪਣੇ ਅਫ਼ਸਰਾਂ ਅਤੇ ਲਾਹੌਰ ਦੀਆਂ ਗੋਰਾ ਫੌਜਾਂ ਨੂੰ ਕਤਲ ਕਰ ਦੇਣਗੇ। ਉਹ ਮੈਗਜ਼ੀਨ ਲੁੱਟ ਕੇ ਗ਼ਦਰੀਆਂ ਨਾਲ ਝਾੜ ਸਾਹਿਬ ਦੇ ਸਥਾਨ 'ਤੇ ਆ ਮਿਲਣਗੇ। ਪ੍ਰੰਤੂ ਮਿਥੇ ਸਮੇਂ ਫੌਜੀ ਸਵਾਰ ਝਾੜ ਸਾਹਿਬ ਨਾ ਆਏ, ਤਾਂ ਗ਼ਦਰੀ ਇਨਕਲਾਬੀ ਉਡੀਕ ਕੇ ਸਰਹਾਲੀ ਥਾਣੇ ਵਿੱਚੋਂ ਹਥਿਆਰ ਲੁੱਟਣ ਲਈ 27 ਨਵੰਬਰ ਨੂੰ ਇਕੱਠੇ ਹੋਣ ਦਾ ਮਤਾ ਪਕਾ ਕੇ ਆਪਣੇ ਆਪਣੇ ਪਾਸੇ ਚਲੇ ਗਏ।

ਭਾਈ ਪ੍ਰੇਮ ਸਿੰਘ ਲਾਹੌਰ ਨੂੰ ਇਹ ਪਤਾ ਕਰਨ ਚਲਾ ਗਿਆ ਕਿ 23ਵੇਂ ਰਸਾਲੇ ਦੇ ਸਵਾਰ ਕਿਉਂ ਨਹੀਂ ਆਏ। 27 ਨਵੰਬਰ ਦੀ ਰਾਤ ਨੂੰ 20-25 ਸਵਾਰ ਝਾੜ ਸਾਹਿਬ ਜਾਣ

ਵਾਸਤੇ ਇਕੱਠੇ ਹੋ ਗਏ ਤੇ ਚਾਰ ਤਾਂ ਚਲੇ ਵੀ ਗਏ। ਰਸਾਲੇ ਦੇ ਗ੍ਰੰਥੀ ਮੂਲ ਸਿੰਘ ਨੂੰ ਸਵਾਰਾਂ ਦੇ ਇਕੱਠ ਦੇ ਮੰਤਵ ਦਾ ਪਤਾ ਲੱਗਾ, ਤਾਂ ਉਸਨੇ ਉਨ੍ਹਾਂ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ ਗ਼ਦਰ ਦੀ ਕਾਮਯਾਬੀ ਦੀ ਕੋਈ ਆਸ ਤਾਂ ਨਹੀਂ, ਐਵੇਂ ਬਦੋਬਦੀ ਖਤਰਾ ਕਿਉਂ ਮੁੱਲ ਲੈਂਦੇ ਹੋ।

ਅਗਲੇ ਦਿਨ ਛਾਉਣੀ ਵਿਚ ਇਹ ਚਰਚਾ ਸ਼ੁਰੂ ਹੋ ਗਈ ਕਿ ਜੇ ਗ੍ਰੰਥੀ ਨਾ ਰੋਕਦਾ, ਤਾਂ ਫੌਜੀਆਂ ਦਾ ਸਾਰਾ ਗਰੁੱਪ ਗ਼ਦਰ ਕਰ ਦਿੰਦਾ। ਇਸ ਦਾ ਜ਼ਿਕਰ ਮੂਲ ਸਿੰਘ ਨੇ ਵੀ ਕੀਤਾ ਹੈ, "ਇਕ ਹਫਤੇ ਬਾਅਦ ਸਾਡੀ ਨੌਗਾਂਗ ਛਾਉਣੀ ਬਦਲੀ ਹੋ ਗਈ। ਜਾਣ ਤੋਂ ਪਹਿਲਾਂ ਮੈਨੂੰ ਅਬਦੁੱਲਾ ਨਾਹਲਬੰਦ ਗੁਰਦੁਆਰੇ ਕੋਲ ਮਿਲਿਆ ਤੇ ਕਹਿਣ ਲੱਗਾ, "ਉਸ ਰਾਤ ਨੂੰ ਦਖ਼ਲ ਦੇ ਕੇ ਤੂੰ ਰੁਕਾਵਟ ਪਾ ਦਿੱਤੀ ਨਹੀਂ ਤਾਂ ਦੇਖ ਦਾ ਕਿ ਕੀ ਹੋਣਾ ਸੀ।" ਜਿਹੜੇ ਚਾਰ 23ਵੇਂ ਰਸਾਲੇ ਦੇ ਸਵਾਰ ਝਾੜ ਸਾਹਿਬ ਪੁੱਜੇ ਉਨ੍ਹਾਂ ਵਿੱਚੋਂ ਇਕ ਚੰਨਣ ਸਿੰਘ ਤਾਂ ਅਗਲੇ ਦਿਨ ਹਾਜ਼ਰ ਹੋ ਗਿਆ। ਬਾਕੀ ਸੁੱਚਾ ਸਿੰਘ ਚੋਹਲਾ ਸਾਹਿਬ, ਮਹਾਰਾਜ ਸਿੰਘ ਕਸੇਲ ਤੇ ਸੁਰੈਣ ਸਿੰਘ ਪਿੰਡ ਭੂਰੇ, ਤਰਨਤਾਰਨ, ਸਰਹਾਲੀ ਅਤੇ ਦਦੇਹਰ ਆਦਿ ਗ਼ਦਰੀ ਕੇਂਦਰਾਂ ਤੇ ਗ਼ਦਰੀਆਂ ਦੀ ਤਲਾਸ਼ ਕਰਦੇ ਝਾੜ ਸਾਹਿਬ ਪੁੱਜ ਗਏ। ਇਹ ਤਿੰਨੋਂ ਗਸ਼ਤ ਕਰਦੀ ਪੁਲਸ ਨੇ ਗ੍ਰਿਫ਼ਤਾਰ ਕਰ ਕੇ ਫੌਜੀ ਅਧਿਕਾਰੀਆਂ ਦੇ ਹਵਾਲੇ ਕਰ ਦਿੱਤੇ। ਇਨ੍ਹਾਂ ਦੀ ਗ੍ਰਿਫ਼ਤਾਰੀ ਸ਼ਾਹੂਕਾਰ ਕਪੂਰ ਸਿੰਘ ਪੱਧਰੀ ਵਲੋਂ ਡੀ. ਸੀ. ਨੂੰ ਦਿੱਤੀ ਸੂਚਨਾ 'ਤੇ ਹੋਈ ਸੀ। ਇਨ੍ਹਾਂ ਨੂੰ ਡਰਾ ਧਮਕਾ ਕੇ ਪੁੱਛਗਿੱਛ ਕੀਤੀ ਗਈ, ਪਰ ਉਨ੍ਹਾਂ ਮੂੰਹੋਂ ਕੁੱਝ ਨਾ ਦਸਿਆ। ਜੰਗ ਦੇ ਕਾਰਨ ਉਨ੍ਹਾਂ ਨੂੰ ਗੈਰਹਾਜ਼ਰ ਹੋਣ ਦੇ ਦੋਸ਼ ਵਿਚ ਮਾਮੂਲੀ ਜਿਹੀ ਸਜ਼ਾ ਦੇਣ ਤੋਂ ਪਿਛੋਂ ਦੂਰ ਯੁੱਧ ਦੇ ਮੋਰਚੇ ਵਿੱਚ ਭੇਜ ਦਿੱਤਾ ਗਿਆ ਸੀ। ਗ਼ਦਰ ਪਾਰਟੀ ਨਾਲ ਫੌਜੀਆਂ ਦੇ ਮਿਲਣ ਦਾ ਭੇਦ ਇਥੇ ਹੀ ਦਬਿਆ ਗਿਆ।

19 ਫਰਵਰੀ 1915 ਤੋਂ ਪਿਛੋਂ 23ਵੇਂ ਰਸਾਲੇ ਨੂੰ ਬਸਰੇ ਜੰਗ ਦੇ ਮੋਰਚੇ ਵਿਚ ਭੇਜ ਦਿੱਤਾ ਗਿਆ ਅਤੇ ਇਸ ਦੇ ਡੀਪੂ ਨੂੰ ਯੂ.ਪੀ. ਵਿਚ ਨੌਗਾਉਂ ਦੀ ਛਾਉਣੀ ਵਿਚ ਬਦਲ ਦਿੱਤਾ, ਜੋ ਵਰਪਾਲਪੁਰ ਦੇ ਰੇਲਵੇ ਸਟੇਸ਼ਨ ਦੇ ਕੋਲ ਸੀ। ਪੂਰਨ ਸਿੰਘ ਅਤੇ ਵਸਾਵਾ ਸਿੰਘ ਸਵਾਰ ਇਸ ਵਿਚ ਸ਼ਾਮਲ ਸਨ। 13 ਮਈ 1915 ਨੂੰ ਸਟੇਸ਼ਨ ਤੋਂ ਮੀਆਂ ਮੀਰ ਛਾਉਣੀ ਦੇ ਫੌਜੀਆਂ ਦਾ ਸਮਾਨ ਉਤਾਰਦਿਆਂ ਜਿਹੜੀਆਂ ਪੇਟੀਆਂ ਪਲੇਟਫਾਰਮ 'ਤੇ ਸੁੱਟੀਆਂ ਗਈਆਂ, ਉਨ੍ਹਾਂ ਵਿੱਚੋਂ ਇਕ ਵਿਚ ਬੰਬ ਫਟ ਗਿਆ। ਸਮਾਨ ਉਤਾਰਨ ਸਮੇਂ ਇੰਚਾਰਜ ਜਮਾਂਦਾਰ ਅਸਮੈਲ ਖਾਂ ਨੇ ਜਦ ਸਾਰੇ ਸਮਾਨ ਦੀ ਤਲਾਸ਼ੀ ਲਈ, ਤਾਂ ਦਫ਼ੇਦਾਰ ਪੂਰਨ ਸਿੰਘ ਦੇ ਬਕਸੇ ਵਿੱਚੋਂ ਵੀ ਇਕ ਹੋਰ ਬੰਬ ਨਿਕਲਿਆ। ਸਵਾਰ ਵਸਾਵਾ ਸਿੰਘ ਤੇ ਪੂਰਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗ਼ੱਦਾਰ ਕ੍ਰਿਪਾਲ ਸਿੰਘ ਪੂਰਨ ਸਿੰਘ ਦਾ ਰਿਸ਼ਤੇਦਾਰ ਸੀ, ਉਸ ਨੇ ਇਨ੍ਹਾਂ ਨੂੰ ਡਰਾਇਆ। ਇਨ੍ਹਾਂ ਦੋਨਾਂ ਨੇ ਆਪਣੀਆਂ ਜਾਨਾਂ ਬਚਾਉਣ ਲਈ ਸਾਰਾ ਭੇਤ ਦੱਸ ਦਿੱਤਾ। ਇਨ੍ਹਾਂ ਨੇ ਮੀਆਂ ਮੀਰ ਛਾਉਣੀ ਦੀ ਸਾਰੀ ਇਨਕਲਾਬੀ ਯੋਜਨਾ ਬਾਰੇ ਦੱਸਦਿਆਂ ਝਾੜ ਸਾਹਿਬ ਤੋਂ ਫੜੇ ਤਿੰਨਾਂ ਸਵਾਰਾਂ ਬਾਰੇ ਵੀ ਭੇਤ ਖੋਲ੍ਹ ਦਿੱਤਾ, ਜਿਨ੍ਹਾਂ ਨੂੰ ਛੱਡ ਦਿੱਤਾ ਗਿਆ ਸੀ।

ਇਨ੍ਹਾਂ ਦੋਨਾਂ ਤੋਂ ਹੋਰ ਭੇਤ ਜਾਨਣ ਲਈ ਇਨ੍ਹਾਂ ਨੂੰ ਹੋਰ ਡਰਾਇਆ ਧਮਕਾਇਆ, ਤਾਂ ਇਨ੍ਹਾਂ ਨੇ ਮੂਲ ਸਿੰਘ ਗ੍ਰੰਥੀ ਤੇ ਰੰਘਾ ਸਿੰਘ ਦੇ ਨਾਂ ਵੀ ਲੈ ਦਿੱਤੇ ਤੇ ਉਹ ਵੀ ਫੜੇ ਗਏ। ਵਾਅਦਾ ਮੁਆਫ਼ੀ ਦੀ ਚੁੱਕ 'ਚ ਪੂਰਨ ਸਿੰਘ ਤੇ ਵਸਾਵਾ ਸਿੰਘ ਨੇ ਕਈ ਹੋਰ ਸਵਾਰ ਵੀ ਗ੍ਰਿਫ਼ਤਾਰ ਕਰਵਾਏ ਅਤੇ ਉਨ੍ਹਾਂ ਫੌਜੀਆਂ ਦੇ ਨਾਂ ਵੀ ਦੱਸ ਦਿੱਤੇ, ਜਿਹੜੇ ਬਸਰੇ ਜਾ ਚੁੱਕੇ ਸਨ। ਉਨ੍ਹਾਂ ਦੇ ਨਾਮ ਤੇ ਨੰਬਰ ਦੇ ਕੇ ਬਸਰੇ ਦੇ ਕਮਾਂਡਰ ਨੂੰ ਲਿਖਿਆ ਗਿਆ। ਕਮਾਂਡਰ ਨੇ ਨਾਸਰੀ ਸ਼ਹਿਰ

ਵਿਚ ਬਿਨਾਂ ਹਥਿਆਰਾਂ ਸਾਰੀ ਰੈਜ਼ਮੈਂਟ ਦੀ ਪ੍ਰੇਡ ਕਰਵਾ ਕੇ ਉਹ 19 ਫੌਜੀ ਛਾਂਟ ਲਏ ਜਿਨ੍ਹਾਂ ਦਾ ਭੇਤ ਦਿੱਤਾ ਗਿਆ ਸੀ। ਹਥਿਆਰਬੰਦ ਗੋਰਿਆਂ ਦੀ ਨਿਗਰਾਨੀ ਹੇਠ ਇਨ੍ਹਾਂ ਸਾਰਿਆਂ ਨੂੰ ਜਹਾਜ਼ ਵਿਚ ਚੜ੍ਹਾ ਦਿੱਤਾ ਗਿਆ। ਬੰਬਈ ਪੁੱਜ ਕੇ ਇਨ੍ਹਾਂ ਫੌਜੀਆਂ ਨੂੰ ਜ਼ਿਲ੍ਹਾ ਸ਼ਿਮਲਾ ਵਿਚ ਡਗਸ਼ਈ ਛਾਉਣੀ (ਹੁਣ ਹਿਮਾਚਲ ਪ੍ਰਦੇਸ਼) ਵਿਚ ਪੁਚਾ ਦਿੱਤਾ ਗਿਆ। ਪਿੱਛੋਂ 11 ਅਗਸਤ 1915 ਨੂੰ 23ਵੇਂ ਰਸਾਲੇ ਦੇ ਚਾਰ ਹੋਰ ਸਵਾਰ ਡਗਸ਼ਈ ਦੀ ਛਾਉਣੀ ਵਿਚ ਪਹੁੰਚਾਏ ਗਏ, ਜਿਨ੍ਹਾਂ ਦੇ ਨਾਂ ਭਾਈ ਨੱਥਾ ਸਿੰਘ, ਇੰਦਰ ਸਿੰਘ ਅਤੇ ਬਿਸ਼ਨ ਸਿੰਘ ਛੋਟਾ ਤੇ ਬਿਸ਼ਨ ਸਿੰਘ ਵੱਡਾ ਸਨ। ਡਿਗਸ਼ਈ ਵਿਚ 15 ਅਗਸਤ 1915 ਨੂੰ ਇਨ੍ਹਾਂ ਅਠਾਰਾਂ ਫੌਜੀਆਂ ਦਾ ਕੋਰਟ ਮਾਰਸ਼ਲ ਸ਼ੁਰੂ ਹੋਇਆ ਅਤੇ 26 ਅਗਸਤ 1915 ਨੂੰ ਫੈਸਲਾ ਸੁਣਾਇਆ ਗਿਆ। ਜਿਸ ਵਿਚ ਇਨ੍ਹਾਂ ਸਾਰਿਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਪਿੱਛੋਂ ਇਨ੍ਹਾਂ ਵਿਚੋਂ ਛੇ ਦੀ ਫਾਂਸੀ ਦੀ ਸਜ਼ਾ ਘਟਾ ਕੇ ਉਮਰ ਕੈਦ ਜਲਾਵਤਨ ਵਿਚ ਬਦਲ ਦਿੱਤੀ ਗਈ। ਜਿਨ੍ਹਾਂ ਦਾ ਵਿਸਥਾਰ ਇਸ ਤਰ੍ਹਾਂ ਹੈ:

ਨੰ. ਨਾਂ ਪਿੰਡ ਜ਼ਿਲ੍ਹਾ

1. ਦਫੇਦਾਰ ਲਛਮਣ ਸਿੰਘ ਸਪੁੱਤਰ ਕੱਥਾ ਸਿੰਘ ਮਾਤਾ ਈਸ਼ਰ ਕੌਰ ਚੂਸਲੇਵੜ ਅੰਮ੍ਰਿਤਸਰ
2. ਸਵਾਰ ਬੂਟਾ ਸਿੰਘ ਸਪੁੱਤਰ ਚੈਂਚਲ ਸਿੰਘ ਕਸੇਲ ਅੰਮ੍ਰਿਤਸਰ
3. ਬੁੱਧ ਸਿੰਘ ਸਪੁੱਤਰ ਹੀਰਾ ਸਿੰਘ ਮਾਤਾ ਜੀਵਨ ਕੌਰ ਢੋਟੀਆਂ ਅੰਮ੍ਰਿਤਸਰ
4. ਅਬਦੁੱਲਾ ਨਾਹਲਬੰਦ ਸਪੁੱਤਰ ਅਲ੍ਹਾਦੀਨ ਤਪਰਾਲ ਗੁਜਰਾਂਵਾਲਾ (ਪਾਕਿਸਤਾਨ)
5. ਭਾਗ ਸਿੰਘ ਸਪੁੱਤਰ ਬੂੜ ਸਿੰਘ ਮਾਤਾ ਗੁਲਾਬ ਕੌਰ ਰੂੜੀਵਾਲ ਅੰਮ੍ਰਿਤਸਰ
6. ਮੋਤਾ ਸਿੰਘ ਸਪੁੱਤਰ ਈਸ਼ਰ ਸਿੰਘ ਮਾਤਾ ਹੁਕਮ ਕੌਰ ਰੂੜੀਵਾਲ ਅੰਮ੍ਰਿਤਸਰ
7. ਤਾਰਾ ਸਿੰਘ ਸਪੁੱਤਰ ਸ਼ਾਮ ਸਿੰਘ ਮਾਤਾ ਭੋਲੀ ਰੂੜੀਵਾਲ ਅੰਮ੍ਰਿਤਸਰ
8. ਦਫ਼ੇਦਾਰ ਵਧਾਵਾ ਸਿੰਘ ਸਪੁੱਤਰ ਸੁਰੈਣ ਸਿੰਘ ਮਾਤਾ ਘਈ ਕੌਰ ਰੂੜੀਵਾਲ ਅੰਮ੍ਰਿਤਸਰ
9. ਇੰਦਰ ਸਿੰਘ ਸਪੁੱਤਰ ਜਵੰਦ ਸਿੰਘ ਮਾਤਾ ਖੇਮੀ ਜੀਉਵਾਲਾ ਅੰਮ੍ਰਿਤਸਰ
10. ਇੰਦਰ ਸਿੰਘ ਸਪੁੱਤਰ ਭਗਤ ਸਿੰਘ ਮਾਤਾ ਭਾਗਣ ਸਬਾਜਪੁਰ ਅੰਮ੍ਰਿਤਸਰ
11. ਗੁੱਜਰ ਸਿੰਘ ਸਪੁੱਤਰ ਨਿਹਾਲ ਸਿੰਘ ਮਾਤਾ ਰਤਨ ਕੌਰ ਲਹੁਕੇ ਅੰਮ੍ਰਿਤਸਰ
12. ਜੇਠਾ ਸਿੰਘ ਸਪੁੱਤਰ ਬਹਾਦਰ ਸਿੰਘ ਮਾਤਾ ਪ੍ਰੇਮ ਕੌਰ ਲਹੁਕੇ ਅੰਮ੍ਰਿਤਸਰ

ਇਨ੍ਹਾਂ 12 ਫੌਜੀਆਂ ਨੂੰ 3 ਸਤੰਬਰ 1915 ਨੂੰ ਅੰਬਾਲਾ ਜੇਲ੍ਹ ਵਿੱਚ ਫਾਂਸੀ ਲਾ ਕੇ ਮੌਤ ਦੇ ਘਾਟ ਉਤਾਰਿਆ ਗਿਆ। ਕੁਝ ਧਾਰਨਾਵਾਂ ਇਹ ਵੀ ਹਨ ਕਿ ਇਨ੍ਹਾਂ ਨੂੰ ਕੋਰਟ ਮਾਰਸ਼ਲ ਤੋਂ ਬਾਅਦ ਡਗਸ਼ਈ ਦੀ ਜੇਲ੍ਹ ਵਿੱਚ ਹੀ ਮੌਤ ਦੇ ਘਾਟ ਉਤਾਰਿਆ ਗਿਆ ਸੀ।

ਉਮਰ ਕੈਦ ਜਲਾਵਤਨੀ ਦੀ ਸਜ਼ਾ ਵਾਲੇ ਫੌਜੀਆਂ ਦੇ ਨਾਂ

ਨੰ.	ਨਾਂ	ਪਿੰਡ	ਜ਼ਿਲ੍ਹਾ
1.	ਬਿਸ਼ਨ ਸਿੰਘ ਵੱਡਾ	ਢੋਟੀਆਂ	ਅੰਮ੍ਰਿਤਸਰ
2.	ਬਿਸ਼ਨ ਸਿੰਘ ਛੋਟਾ	ਢੋਟੀਆਂ	ਅੰਮ੍ਰਿਤਸਰ
3.	ਨੱਥਾ ਸਿੰਘ	ਢੋਟੀਆਂ	ਅੰਮ੍ਰਿਤਸਰ
4.	ਕੇਹਰ ਸਿੰਘ	ਢੋਟੀਆਂ	ਅੰਮ੍ਰਿਤਸਰ
5.	ਚੰਨਣ ਸਿੰਘ	ਢੰਡ ਕਸੇਲ	ਅੰਮ੍ਰਿਤਸਰ
6.	ਨੰਦ ਸਿੰਘ	ਰਾਏ ਕਾ ਬੁਰਜ	ਅੰਮ੍ਰਿਤਸਰ

ਝਾੜ ਸਾਹਿਬ ਤੋਂ ਜਿਨ੍ਹਾਂ ਸਵਾਰਾਂ ਨੂੰ ਗ੍ਰਿਫ਼ਤਾਰ ਕਰ ਕੇ ਛੱਡ ਦਿੱਤਾ ਗਿਆ ਸੀ। ਉਨ੍ਹਾਂ ਨੂੰ ਦੁਬਾਰਾ ਗ੍ਰਿਫ਼ਤਾਰ ਕਰ ਕੇ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ ਵਿਚ ਉਮਰ ਕੈਦ ਜਲਾਵਤਨੀ ਦੀ ਸਜ਼ਾ ਦਿੱਤੀ ਗਈ। ਉਨ੍ਹਾਂ ਦੇ ਨਾਂ ਭਾਈ ਮਹਾਰਾਜ ਸਿੰਘ ਪੁੱਤਰ ਨਿਹਾਲ ਸਿੰਘ ਪਿੰਡ ਕਸੇਲ, ਭਾਈ ਸੁੱਚਾ ਸਿੰਘ ਪੁੱਤਰ ਗੁਰਦਿੱਤ ਸਿੰਘ ਪਿੰਡ ਚੋਹਲਾ ਸਾਹਿਬ, ਥਾਣਾ ਸਰਹਾਲੀ (ਅੰਮ੍ਰਿਤਸਰ) ਸਨ।

ਅਮਰੀਕਾ ਤੋਂ 'ਗ਼ਦਰ' ਅਖ਼ਬਾਰ ਨੇ ਸ਼ਿਮਲੇ ਤੋਂ ਤਾਰ ਦੇ ਜ਼ਰੀਏ ਪ੍ਰਾਪਤ ਇਸ ਲਹੂ-ਰੱਤੇ ਕਾਂਡ ਦੇ ਵੇਰਵੇ ਨੂੰ ਛਾਪਿਆ ਜੋ ਇਨ੍ਹਾਂ ਫਾਂਸੀਆਂ ਸਬੰਧੀ ਅੰਗਰੇਜ਼ ਹਕੂਮਤ ਵਲੋਂ ਅਪਣਾਈ ਗਈ ਵਹਿਸ਼ੀਆਨਾ ਨੀਤੀ ਦੀ ਪੋਲ ਖੋਲ੍ਹਦਾ ਹੈ, "ਤਾਰ ਸ਼ਿਮਲਾ, 14 ਅਗਸਤ ਨੂੰ ਡਗਸ਼ਈ ਕਸੌਲੀ ਦੇ ਨੇੜੇ ਹਿੰਦੁਸਤਾਨੀ ਫੌਜ ਦੇ 18 ਸਵਾਰਾਂ ਦਾ ਕੋਰਟ ਮਾਰਸ਼ਲ ਹੋਇਆ, ਜਿਨ੍ਹਾਂ ਵਿੱਚੋਂ ਇਕ ਲਾਂਸਰਜ਼ ਦਫ਼ੇਦਾਰ ਅਤੇ ਰਸਾਲਾ ਨੰਬਰ 23 ਦਾ ਇਕ ਦਫ਼ੇਦਾਰ ਵੀ ਸੀ। ਇਨ੍ਹਾਂ 'ਤੇ ਜ਼ੁਰਮ ਇਹ ਲਗਾਇਆ ਗਿਆ ਕਿ ਇਨ੍ਹਾਂ ਨੇ ਗ਼ਦਰ ਪਾਰਟੀ ਦੇ ਲੋਕਾਂ ਨਾਲ ਮਿਲ ਕੇ ਅੰਗਰੇਜ਼ੀ ਗੌਰਮਿੰਟ ਦੇ ਵਿਰੁੱਧ ਲੜਨ ਦਾ ਯਤਨ ਕੀਤਾ ਸੀ। ਇਹ ਲੋਕ ਬੰਬ ਬਣਾਉਣ ਅਤੇ ਤਾਰਾਂ ਕੱਟਣ ਆਦਿ ਹੋਰ ਗ਼ਦਰੀ ਕਾਰਵਾਈਆਂ ਵਿਚ ਸ਼ਾਮਲ ਸਨ ਅਤੇ ਇਹ ਆਪਣੀ ਸਾਰੀ ਫੌਜ ਨੂੰ ਗ਼ਦਰ ਕਰਨ ਲਈ ਤਿਆਰ ਕਰ ਰਹੇ ਸੀ। ਕੋਰਟ ਮਾਰਸ਼ਲ ਨੇ ਕੁਝ ਸਮਾਂ ਵੀ ਸੋਚ-ਵਿਚਾਰ 'ਤੇ ਖ਼ਰਚ ਨਹੀਂ ਕੀਤਾ ਅਤੇ ਬਹੁਤ ਜਲਦੀ ਸਜ਼ਾਵਾਂ ਬੋਲ ਦਿੱਤੀਆਂ। 12 ਨੂੰ ਫਾਂਸੀ, 5 ਨੂੰ ਉਮਰਕੈਦ, 1 ਨੂੰ ਦਸ ਸਾਲ ਕੈਦ।"

ਭਾਵੇਂ ਗ਼ਦਰ ਦਬਾ ਦਿੱਤਾ ਗਿਆ ਪ੍ਰੰਤੂ ਇਨ੍ਹਾਂ ਫੌਜੀਆਂ ਦੀਆਂ ਗਤੀਵਿਧੀਆਂ ਨੇ ਗਵਰਨਰ ਮਾਇਕਲ ਉਡਵਾਇਰ ਨੂੰ ਭੈ-ਭੀਤ ਕਰ ਦਿੱਤਾ ਸੀ। ਉਸ ਨੇ 23ਵੇਂ ਰਸਾਲੇ ਬਾਰੇ ਲਿਖਿਆ, "ਜੰਗ ਕਰਕੇ ਮੈਂ ਮਸ਼ਰੂਫ ਸਾਂ, ਮੈਂ ਇਹ ਹੀ ਨਾ ਸਮਝ ਸਕਿਆ ਕਿ ਮੇਰੇ ਅੰਗ ਰੱਖਿਅਕ ਹੀ ਮੇਰੇ ਤੋਂ ਬਾਗੀ ਹੋ ਗਏ। ਬਗ਼ਾਵਤ ਦਾ ਅਸਰ ਦੇਖ ਕੇ ਸਿੱਖ ਦਸਤੇ ਨੂੰ ਜਲਦੀ ਹੀ ਪਿੱਛੋਂ ਬਾਕੀ ਦੀ ਪਲਟਨ ਨਾਲ ਲੜਾਈ ਦੇ ਮੈਦਾਨ ਵਿਚ ਭੇਜ ਦਿੱਤਾ ਗਿਆ, ਕਿਉਂਕਿ ਜੰਗ ਦੇ ਦਿਨਾਂ ਵਿਚ ਫੌਜੀ ਹਾਕਮਾਂ ਨੇ ਇਹ ਮੁਨਾਸਬ ਨਾ ਸਮਝਿਆ ਕਿ ਕੋਰਟ ਮਾਰਸ਼ਲ ਕੀਤਾ ਜਾਏ, ਜਿਸ ਨਾਲ ਬਗ਼ਾਵਤੀ ਤਿਆਰੀਆਂ ਉਜਾਗਰ ਹੋ ਜਾਣ।" ਇਸੇ ਕਰਕੇ ਸ਼ਾਇਦ ਕੋਰਟ ਮਾਰਸ਼ਲ ਲਈ ਅੰਗਰੇਜ਼ਾਂ ਨੇ ਨਿਵੇਕਲੇ ਅਸਥਾਨ ਡਗਸ਼ਈ ਨੂੰ ਚੁਣਿਆ।

ਜ਼ਾਹਿਰ ਹੈ ਕਿ, "ਜਨਤਾ ਨਾਲੋਂ ਫੌਜੀ ਸਿਪਾਹੀ ਮੁਕਾਬਲਤਨ ਜਲਦੀ ਹੀ ਸਫ਼ਲਤਾ ਨਾਲ ਪ੍ਰੇਰੇ ਜਾ ਸਕੇ। ਜਿਸ ਕਰਕੇ ਗ਼ਦਰੀਆਂ ਦੇ ਇਨਕਲਾਬ ਦੇ ਸੱਚੇ ਅਤੇ ਇਸਨੂੰ ਅਮਲੀ ਜਾਮਾ ਪਹਿਨਾਉਣ ਵਾਲੀ ਇਨਕਲਾਬੀ ਯੋਜਨਾ ਨੂੰ ਨਿਯਤ ਕਰ ਦਿੱਤਾ ਅਰਥਾਤ ਦੇਸੀ ਫੌਜਾਂ ਤੋਂ ਬਗ਼ਾਵਤ ਕਰਵਾਕੇ ਗ਼ਦਰ ਮਚਾਉਣਾ ਯੋਜਨਾ ਦਾ ਧੁਰਾ ਬਣ ਗਿਆ। ਬਾਕੀ ਕਾਰਵਾਈਆਂ ਇਸ ਫੌਜੀ ਗ਼ਦਰ ਨੂੰ ਨੇਪਰੇ ਚਾੜ੍ਹਨ ਲਈ ਸਹਾਇਕ ਰੂਪ ਵਿਚ ਕੀਤੀਆਂ ਗਈਆਂ।"

ਗ਼ਦਰੀਆਂ ਦੀ ਇਸ ਹਥਿਆਰਬੰਦ ਜੰਗ ਬਾਰੇ ਮਾਈਕਲ ਉਡਵਾਇਰ ਲਿਖਦਾ ਹੈ, "ਗ਼ਦਰੀਆਂ ਦੀ ਇਸ ਯੋਜਨਾ ਨੇ ਅੰਗਰੇਜ਼ ਸਾਮਰਾਜ ਨੂੰ ਡਰਾ ਦਿੱਤਾ ਸੀ, ਕਿਉਂਕਿ ਗੋਰਾ ਫੌਜ ਦੀ ਬਹੁਤੀ ਗਿਣਤੀ ਫਰਾਂਸ ਜਾ ਚੁੱਕੀ ਸੀ, ਜਦੋਂਕਿ ਵਿਦੇਸ਼ਾਂ ਵਿਚੋਂ ਆਏ ਗ਼ਦਰੀਆਂ ਵਿਚੋਂ ਬਹੁਤੇ ਸਾਬਕਾ ਫੌਜੀ ਸਨ।"

ਇਹ ਵੀ ਸੱਚ ਹੈ ਕਿ ਕਿਸੇ ਲਹਿਰ ਦੇ ਫੇਲ੍ਹ ਹੋ ਜਾਣ ਪਿੱਛੋਂ ਨੁਕਤੇ ਘੜਨੇ ਸੌਖੇ ਹੁੰਦੇ

ਹਨ। ਕਿ ਇੰਜ ਹੁੰਦਾ ਜਾਂ ਉਂਝ ਚਾਹੀਦਾ ਸੀ ਅਤੇ ਇੰਜ ਨਹੀਂ। ਉਹ ਸਮੇਂ ਦੇ ਹਾਲਾਤਾਂ ਮੁਤਾਬਕ ਇਹ ਰਾਏ ਕਾਇਮ ਕਰਨੀ ਕਠਿਨ ਹੋਵੇਗੀ ਕਿ ਗ਼ਦਰ ਪਾਰਟੀ ਦਾ ਪਹਿਲੇ ਯੁੱਧ ਦੇ ਹਾਲਾਤ ਤੋਂ ਫਾਇਦਾ ਉਠਾਉਂਦਿਆਂ ਗ਼ਦਰ ਕਰਨ ਦਾ ਫੈਸਲਾ ਮੁੱਖ ਰੂਪ ਵਿਚ ਗਲਤ ਸੀ ਜਾਂ ਠੀਕ। ਇਸ ਬਾਰੇ ਰਾਏ ਕਾਇਮ ਕਰਨ ਲੱਗਿਆਂ ਗ਼ਦਰ ਪਾਰਟੀ ਦੀ ਅਸਫ਼ਲਤਾ ਨੂੰ ਸਾਹਮਣੇ ਨਹੀਂ ਲਿਆਉਣਾ ਚਾਹੀਦਾ ਅਤੇ ਨਾ ਹੀ ਉਹ ਗਲਤੀਆਂ ਜਿਹੜੀਆਂ ਗ਼ਦਰੀਆਂ ਵਲੋਂ ਹੋਈਆਂ। ਬਲਕਿ ਇਨ੍ਹਾਂ ਗਲਤੀਆਂ ਦੇ ਬਾਵਜੂਦ ਗ਼ਦਰ ਪਾਰਟੀ ਲਹਿਰ ਕਾਮਯਾਬੀ ਦੇ ਜਿਤਨੀ ਨੇੜੇ ਪੁੱਜ ਗਈ ਸੀ, ਉਹ ਗ਼ਦਰ ਪਾਰਟੀ ਦੇ ਉਪਰੋਕਤ ਮੁੱਖ ਫੈਸਲੇ ਦੇ ਠੀਕ ਹੋਣ ਦੇ ਹੱਕ ਵਿਚ ਇਕ ਵੱਡਾ ਸਬੂਤ ਹੈ। ਕਿ ਅਜ਼ਾਦੀ ਸੰਗਰਾਮ ਵਿਚ ਉੱਠੀਆਂ ਅਗਲੀਆਂ ਇਨਕਲਾਬੀ ਲਹਿਰਾਂ ਵਿਚ ਗ਼ਦਰ ਲਹਿਰ ਦਾ ਤੱਤ ਅਤੇ ਸਪਿਰਿਟ ਮੌਜੂਦ ਸੀ ਜਿਵੇਂ ਭਾਰਤ ਨੌਜਵਾਨ ਸਭਾ, ਕਿਰਤੀ ਕਿਸਾਨ ਲਹਿਰ, ਆਜ਼ਾਦ ਹਿੰਦ ਫੌਜ ਤੇ ਨੇਵੀ ਦੀ ਬਗ਼ਾਵਤ ਆਦਿ ਵਿੱਚ। ਦੁਨੀਆਂ ਦੀ ਸਿਆਸਤ ਦੇ ਤਵਾਜ਼ਨ ਨੂੰ ਜਿਹੜਾ ਰੂਸ ਦੇ ਇਨਕਲਾਬ ਆਉਣ ਨਾਲ ਬਣਿਆ ਦੇ ਪ੍ਰਭਾਵ ਹੇਠ ਆ ਕੇ ਉਨ੍ਹਾਂ ਆਪਣੀ ਯੁੱਧਨੀਤੀ ਨੂੰ ਬਦਲਿਆ ਅਤੇ ਆਖਰ ਲਾਲ ਝੰਡੇ ਨੂੰ ਸਮਰਪਤ ਹੋ ਗਏ।

ਪਹਿਲੀ ਸੰਸਾਰ ਜੰਗ ਦੇ ਸ਼ਤਾਬਦੀ ਮੌਕੇ ਦੋ ਕਿਸਮ ਦੇ ਕਿਰਦਾਰ ਵਾਲੇ ਫੌਜੀਆਂ ਨੂੰ ਇੱਕੋ ਛਾਬੇ ਵਿਚ ਤੋਲਣ ਦੇ ਯਤਨ ਹੋ ਰਹੇ ਹਨ। ਇਕ ਉਹ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਨੌਕਰੀਆਂ ਦੀ ਲਾਲਸਾ ਅਤੇ ਘਰ-ਘਾਟ ਦਾ ਮੋਹ ਤਿਆਗ ਕੇ ਦੇਸ਼ ਦੀ ਆਜ਼ਾਦੀ ਲਈ ਨਿਛਾਵਰ ਹੋ ਗਏ ਅਤੇ ਦੂਜੇ ਉਹ ਜਿਨ੍ਹਾਂ ਨੇ ਅੰਗਰੇਜ਼ੀ ਮੁਲਾਜ਼ਮਤ ਦੀ ਵਫ਼ਾਦਾਰੀ ਨੂੰ ਨਿਭਾਉਂਦਿਆਂ ਹੋਇਆ ਭਾੜੇ 'ਤੇ ਅੰਗਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਨੂੰ ਹੋਰ ਮਜ਼ਬੂਤ ਕਰਨ ਲਈ ਆਪਣੇ ਆਪ ਨੂੰ ਸਮਰਪਤ ਕੀਤਾ। ਇਸ ਸੰਦਰਭ ਛਿੜੀ ਚਰਚਾ ਲਈ ਰਿਟਾਇਰਡ ਜੱਜ ਸ੍ਰੀ ਮਾਰਕੰਡੇ ਕਾਟਜੂ ਦਾ ਕਥਨ ਸਾਹਮਣੇ ਰੱਖਣਾ ਚਾਹੀਦਾ ਹੈ ਕਿ, "ਪਹਿਲੀ ਸੰਸਾਰ ਜੰਗ ਦੌਰਾਨ ਬਰਤਾਨਵੀ ਤੇ ਫਰਾਂਸੀਸੀ ਹਿੱਤਾਂ ਲਈ ਲੜਨ ਵਾਲੇ ਭਾਰਤੀ ਫੌਜੀ ਭਾੜੇ ਦੇ ਕਾਤਲ ਸਨ।"

ਸੋਚਣ-ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਭਾਰਤੀ ਜਵਾਨ, ਕੀ ਅੰਗਰੇਜ਼ੀ ਸਾਮਰਾਜ ਦੀ ਸਲਾਮਤੀ ਅਤੇ ਵਿਸਤਾਰ ਲਈ ਲੜ ਰਿਹਾ ਸੀ? ਜਾਂ ਭਾਰਤੀ ਲੋਕਾਂ ਦੇ ਗਲੋਂ ਅੰਗਰੇਜ਼ੀ ਸਾਮਰਾਜ ਦੀ ਗ਼ੁਲਾਮੀ ਵਾਲਾ ਜੂਲਾ ਲਾਹ ਕੇ ਆਜ਼ਾਦ ਭਾਰਤ ਦੀ ਕਾਇਮੀ ਲਈ ਕੁਰਬਾਨ ਹੋ ਰਿਹਾ ਸੀ? ਦੋਹਾਂ ਤਰ੍ਹਾਂ ਦੇ ਲੜਾਕੂਆਂ ਦਰਮਿਆਨ ਇਹ ਵਿਰੋਧਾਭਾਸ, ਭਾਵਨਾਵਾਂ ਦੀ ਪੱਧਰ 'ਤੇ ਜਾਂ ਇੱਛਾ ਪੱਖੋਂ ਭਾਵੇਂ ਕਿਸੇ ਲਈ ਦੁਖਦਾਈ ਹੋਵੇ ਜਾਂ ਓਪਰਾ। ਦੇਸ਼ ਦੀ ਆਜ਼ਾਦੀ ਲਈ ਅੰਗਰੇਜ਼ੀ ਸਾਮਰਾਜ ਵਿਰੁੱਧ ਲੜਨ ਵਾਲੇ ਸ਼ਹਾਦਤਾਂ ਪਾਉਣ ਵਾਲੇ ਦੇਸ਼ ਭਗਤ ਨਾਇਕ ਹਨ। ਬਿਨਾਂ ਸ਼ੱਕ, ਅੰਗਰੇਜ਼ੀ ਰਾਜ ਦੀ ਰਾਖੀ ਕਰਨ ਵਾਸਤੇ ਲੜ ਰਿਹਾ ਵਿਅਕਤੀ ਭਾਰਤੀ ਲੋਕਾਂ ਵਾਸਤੇ ਜਾਬਰ ਸੀ, ਜ਼ਾਲਮ ਸੀ।

ਇਸ ਸਾਕੇ ਦੀ ਮਾਣਮੱਤੀ ਘਟਨਾ ਜਿਹੜੀ ਅਬਦੁੱਲਾ ਨਾਹਲਬੰਦ ਦੀ ਨੈਤਿਕਤਾ ਤੇ ਸਦਾਚਾਰ ਦੀ ਸਿਖਰ ਛੂਹਦੀ ਹੈ। ਅਬਦੁੱਲਾ ਨਾਹਲਬੰਦ ਤੇ ਰਸਾਲਦਾਰ ਲਛਮਣ ਸਿੰਘ ਇਕੱਠੇ ਮੌਤ ਦੀ ਇੰਤਜ਼ਾਰ ਵਿਚ ਸਨ ਤਾਂ ਅਬਦੁੱਲੇ ਦਾ ਇਕ ਰਿਸ਼ਤੇਦਾਰ ਜੋ ਪੁਲਿਸ ਵਿਚ ਸਬ-ਇੰਸਪੈਕਟਰ ਸੀ, ਮੁਲਾਕਾਤ ਨੂੰ ਆਇਆ। ਮੁਲਾਕਾਤ ਕਰਕੇ ਜਾਣ ਤੋਂ ਬਾਅਦ ਰਸਾਲਦਾਰ

ਲਛਮਣ ਸਿੰਘ ਨੇ ਅਬਦੁੱਲਾ ਨੂੰ ਨਿਮਰਤਾ ਨਾਲ ਸਲਾਹ ਦਿੰਦਿਆਂ ਕਿਹਾ, "ਮੌਲਵੀ ਜੀ ਇਹ ਹੁਣ ਤਹਿ ਹੈ ਕਿ ਹਰ ਹਾਲਤ ਆਪਾਂ ਵਿਛੜ ਜਾਣਾ ਹੈ। ਚੰਗਾ ਹੋਵੇਗਾ ਕਿ ਜੇ ਤੂੰ ਵਾਅਦਾ ਮੁਆਫ਼ ਗਵਾਹ ਬਣ ਕੇ ਆਪਣੇ ਆਪ ਨੂੰ ਬਚਾ ਲਵੇ।" ਅਬਦੁੱਲਾ ਨੇ ਉੱਤਰ ਦਿੱਤਾ, "ਅਸਲ ਵਿਚ ਅਜੇ ਮੈਂ ਭੀ ਜਲਾਲਤ ਸਮਝਦਾ ਹਾਂ ਅੱਠ ਕਰੋੜ ਮੁਸਲਮਾਨਾਂ ਵਿਚੋਂ ਮੈਂ ਇਕੱਲਾ ਹੀ ਹਾਂ ਤੇ ਤੁਸੀਂ ਲੱਖਾਂ ਹੀ ਸਿੱਖਾਂ ਵਿੱਚੋਂ 11 ਜਣੇ ਹੋ! ਜਿਹੜੇ ਆਜ਼ਾਦੀ ਦੀ ਬਲੀ 'ਤੇ ਕੁਰਬਾਨ ਹੋਣ ਜਾ ਰਹੇ ਹੋ। ਅੱਲਾ ਦੀ ਰਹਿਮਤ ਨਾਲ ਤੁਹਾਨੂੰ ਛੱਡ ਕੇ ਤੇ ਆਪਣੀ ਜਾਨ ਬਚਾ ਕੇ ਮੈਂ ਕਲੰਕੀ ਬਣਨਾ ਨਹੀਂ ਚਾਹੁੰਦਾ।" ਫਾਂਸੀ ਦੇ ਤਖ਼ਤੇ 'ਤੇ ਜਾਣ ਸਮੇਂ ਅਬਦੁੱਲਾ ਨੇ ਜੇਲ੍ਹਰ ਨੂੰ ਕਿਹਾ, "ਸਾਡੇ ਮਰਨ ਤੋਂ ਬਾਅਦ ਭਾਵੇਂ ਸਸਕਾਰ ਕਰਿਓ, ਭਾਵੇਂ ਦਫ਼ਨਾਇਓ, ਪਰ ਸਾਨੂੰ ਸਭ ਨੂੰ ਇਕੱਠੇ ਰਖਿਓ।"

ਉਨ੍ਹਾਂ ਮਹਾਨ ਦੇਸ਼ ਭਗਤਾਂ ਦੀ ਸਾਂਝੀਵਾਲਤਾ ਵਾਲੀ ਸੋਚ ਨੂੰ ਪਰਣਾਏ ਜਾਣ ਦੀ ਅੱਜ ਬੜੀ ਸਖ਼ਤ ਲੋੜ ਹੈ, ਜਦੋਂ ਕਿ ਹਾਕਮ ਜਮਾਤਾਂ ਵੱਲੋਂ ਵੰਡੋ ਤੇ ਰਾਜ ਕਰੋ ਦੀ ਨੀਤੀ 'ਤੇ ਚੱਲਦਿਆਂ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਲਈ ਹੱਥ-ਪੈਰ ਮਾਰੇ ਜਾ ਰਹੇ ਹਨ।

✲✲✲

ਸਿੰਘਾਪੁਰ ਗ਼ਦਰ

1915 ਦੇ ਗ਼ਦਰ ਦਾ ਇਕ ਸ਼ਾਨਾਮੱਤਾ ਕਾਂਡ 15 ਫਰਵਰੀ ਨੂੰ ਸਿੰਘਾਪੁਰ ਵਿਚ ਹਿੰਦੁਸਤਾਨੀ ਸਿਪਾਹੀਆਂ ਵਲੋਂ ਕੀਤੀ ਬਗਾਵਤ ਸੀ ਜਿਸ ਨੂੰ ਅੰਗਰੇਜ਼ ਹਕੂਮਤ ਵਲੋਂ ਬਹੁਤ ਹੀ ਬੇਰਹਿਮੀ ਨਾਲ ਕੁਚਲ ਦਿੱਤਾ ਗਿਆ ਸੀ। ਇਨ੍ਹਾਂ ਸੂਰਮਿਆਂ ਨੇ ਫੜੇ ਜਾਣ 'ਤੇ ਬਹੁਤ ਹੀ ਬਹਾਦਰੀ ਨਾਲ ਬਸਤੀਵਾਦੀ ਕੋਰਟ ਮਾਰਸ਼ਲ ਦਾ ਸਾਹਮਣਾ ਕੀਤਾ ਅਤੇ ਸ਼ਹਾਦਤਾਂ ਦਿੱਤੀਆਂ ਅਤੇ ਸਖ਼ਤ ਸਜ਼ਾਵਾਂ ਭੁਗਤੀਆਂ।

ਜਿਨ੍ਹਾਂ ਦਾ ਕਿਸੇ ਗੀਤ ਨਾ ਗਾਇਆ

-ਡਾ. ਵਰਿਆਮ ਸਿੰਘ ਸੰਧੂ

ਇਨਕਲਾਬੀ ਲਹਿਰਾਂ ਦੇ ਇਤਿਹਾਸ ਵਿਚ ਬਹੁਤ ਸਾਰੇ ਅਜਿਹੇ ਗੁੰਮਨਾਮ ਸ਼ਹੀਦ ਹੋਏ ਹਨ, ਜਿਨ੍ਹਾਂ ਦੀ ਕੁਰਬਾਨੀ ਇਤਿਹਾਸ ਦੇ ਕਿਸੇ ਪੰਨੇ ਉੱਤੇ ਦਰਜ ਨਹੀਂ। ਉਹ ਲੋਕ ਬਿਨਾਂ ਕਿਸੇ ਲਾਲਚ ਤੇ ਪ੍ਰਸਿੱਧੀ ਦੀ ਲਾਲਸਾ ਦੇ ਆਪਣੇ ਜ਼ਿੰਮੇ ਲੱਗਾ ਕੰਮ ਜਾਨ ਦੀ ਬਾਜ਼ੀ ਲਾ ਕੇ ਭੁਗਤਾ ਗਏ। ਸਮੇਂ ਦੀ ਧੁੰਦ ਵਿਚ ਗਵਾਚ ਗਏ ਅਜਿਹੇ ਨਾਇਕਾਂ ਬਾਰੇ ਨਾ ਕਦੀ ਕਿਸੇ ਨੇ ਕੋਈ ਗੀਤ ਲਿਖਿਆ, ਨਾ ਕਹਾਣੀ ਲਿਖੀ, ਨਾ ਕਿਸੇ ਨੂੰ ਉਹਨਾਂ ਦੇ ਜਨਮ ਅਸਥਾਨ ਦਾ ਪਤਾ ਤੇ ਨਾ ਹੀ ਉਹਨਾਂ ਦੇ ਨਾਂ ਦਾ ਇਲਮ ਹੈ। ਉਹਨਾਂ ਦੀ ਬਰਸੀ ਭਲਾ ਕਿਸ ਨੇ ਮਨਾਉਣੀ ਹੋਈ! ਅਜਿਹੇ ਹੀ ਗੁੰਮਨਾਮ ਸ਼ਹੀਦਾਂ ਦਾ ਗ਼ਦਰ ਲਹਿਰ ਦੇ ਇਤਿਹਾਸ ਵਿਚ ਵੀ ਘਾਟਾ ਨਹੀਂ। ਇਸ ਪ੍ਰਸੰਗ ਵਿਚ ਮੁਸਲਮਾਨ ਭਰਾਵਾਂ 'ਤੇ ਆਧਾਰਿਤ ਫੌਜ ਵੱਲੋਂ ਸਿੰਘਾਪੁਰ ਅਤੇ ਰੰਗੂਨ ਵਿਚ ਅੰਗਰੇਜ਼ ਸਰਕਾਰ ਵਿਰੁੱਧ ਕੀਤੀਆਂ ਬਗ਼ਾਵਤਾਂ ਤੇ ਦਿੱਤੀ ਕੁਰਬਾਨੀ ਦਾ ਜ਼ਿਕਰ ਕਰਨਾ ਸਭ ਤੋਂ ਢੁਕਵਾਂ ਹੋਏਗਾ(ਬੜਾ ਚਿਰ ਗੁੰਮਨਾਮ ਰਹਿਣਵਾਲੇ ਇਹਨਾਂ ਸੂਰਬੀਰਾਂ ਦੇ ਨਾਂ ਹੁਣੇ ਜਿਹੇ ਹੀ ਖੋਜ ਉਪਰੰਤ ਰੌਸ਼ਨੀ ਵਿਚ ਆਏ ਹਨ ਤੇ ਉਹਨਾਂ ਦੀ ਸੂਚੀ ਕਲੈਂਡਰ ਦੇ ਅੰਤ ਵਿਚ ਦਿੱਤੀ ਗਈ ਹੈ)। ਗ਼ਦਰੀਆਂ ਵੱਲੋਂ ਦੇਸ-ਵਿਦੇਸ਼ ਵਿਚ ਤਾਇਨਾਤ ਭਾਰਤੀ ਫੌਜਾਂ ਵਿਚ ਆਪਣੇ ਸੈੱਲ ਕਾਇਮ ਕੀਤੇ ਗਏ ਤੇ ਓਥੇ ਗ਼ਦਰ ਦਾ ਬੜਾ ਭਖ਼ਵਾਂ ਪਰਚਾਰ ਕੀਤਾ ਗਿਆ। ਉਹਨਾਂ ਦਿਨਾਂ ਵਿਚ ਸਿੰਘਾਪੁਰ ਵਿਚ ਦੋ ਦੇਸੀ ਪਲਟਨਾਂ ਤਾਇਨਾਤ ਸਨ। ਇੱਕ ਸੀ 'ਪੰਜਵੀਂ ਲਾਈਟ ਪਲਟਨ' ਤੇ ਦੂਜੀ ਸੀ 'ਮਲਾਇਆ ਰਿਆਸਤੀ ਗਾਈਡ'। ਦੋਵੇਂ ਪਲਟਨਾਂ ਮੁਸਲਮਾਨਾਂ ਦੀਆਂ ਸਨ। ਇਹਨਾਂ ਪਲਟਨਾਂ ਵਿਚ 'ਗ਼ਦਰ' ਅਖ਼ਬਾਰ ਤੇ ਹੋਰ ਗ਼ਦਰੀ ਸਾਹਿਤ ਵੰਡਿਆ ਜਾਂਦਾ ਸੀ। ਅਮਰੀਕਾ, ਕਨੇਡਾ, ਸੰ ਮਨੀਲਾ ਤੇ ਹਾਂਗਕਾਂਗ ਤੋਂ 1914 ਦੇ ਸਤੰਬਰ-ਅਕਤੂਬਰ ਵਿਚ ਲੰਘਣ ਵਾਲੇ ਸਾਥੀ ਸਿੰਘਾਪੁਰ ਵਿਚ ਜਹਾਜ਼ਾਂ ਤੋਂ ਉੱਤਰਦੇ ਅਤੇ ਗੁਰਦਵਾਰੇ ਤੇ ਪਲਟਨਾਂ ਵਿਚ ਜਾ ਕੇ ਫੌਜੀਆਂ ਅਤੇ ਲੋਕਾਂ ਨੂੰ ਇਨਕਲਾਬ ਲਈ ਉੱਠਣ ਲਈ ਪ੍ਰੇਰਦੇ। ਗ਼ਦਰ ਲਹਿਰ ਦੇ ਕਈ ਵਰਕਰ ਤੇ ਆਗੂ ਇਹਨਾਂ ਪਲਟਨਾਂ ਵਿਚ ਪਰਚਾਰ ਕਰਨ ਲਈ ਜਾਂਦੇ ਰਹੇ। ਇਹਨਾਂ ਵਿਚੋਂ ਮੁਜਤਬਾ ਹੁਸੈਨ, ਜੀਵਨ ਸਿੰਘ ਫੈਲੋਕੇ, ਹੀਰਾ ਸਿੰਘ ਚਰੜ, ਗਿਆਨ ਚੰਦ, ਸੁੰਦਰ ਸਿੰਘ ਦੌਲੋਨੰਗਲ, ਹਰਨਾਮ ਸਿੰਘ ਰਸੂਲਪੁਰ ਤੇ ਪੀਨਾਂਗ ਦਾ ਪੁਲਿਸ ਸਾਰਜੰਟ ਤਰਲੋਕ ਸਿੰਘ ਗ਼ਦਰ ਅਖ਼ਬਾਰ ਦੇ ਪਰਚੇ ਵੰਡਣ ਲਈ ਪਲਟਨਾਂ ਵਿਚ ਜਾਂਦੇ ਰਹੇ। ਇਸਦਾ ਫੌਜੀਆਂ ਉੱਤੇ ਪੂਰਾ ਅਸਰ ਪਿਆ ਤੇ ਉਹਨਾਂ ਵਿਚ ਅੰਗਰੇਜ਼ ਵਿਰੋਧੀ ਜਜ਼ਬਾ ਬੜੇ ਪ੍ਰਬਲ ਵੇਗ ਨਾਲ ਜਾਗ੍ਰਿਤ ਹੋਇਆ। ਉਧਰੋਂ ਤੁਰਕੀ ਨਾਲ ਅੰਗਰੇਜ਼ ਵਿਰੋਧ ਖੜੇ ਹੋ ਜਾਣ ਕਰਕੇ ਇਹਨਾਂ ਮੁਸਲਮਾਨ ਫੌਜੀਆਂ ਵਿਚ ਇਸਲਾਮੀ ਰਿਸ਼ਤਾ ਵੀ ਇਸ ਅੰਗਰੇਜ਼ ਵਿਰੋਧੀ ਉਤੇਜਨਾ ਨੂੰ ਵਧਾਉਣ ਦਾ ਕਾਰਨ ਬਣਿਆ। ਗ਼ਦਰੀਆਂ ਨੇ ਇਸ

ਵਿਰੋਧ ਦਾ ਵੀ ਇਸਤੇਮਾਲ ਕੀਤਾ।

ਜਦੋਂ ਗ਼ਦਰੀ ਆਪਣਾ ਪਰਚਾਰ ਕਰਦੇ ਸਿੰਘਾਪੁਰ ਵਿਚੋਂ ਲੰਘ ਰਹੇ ਸਨ ਉਦੋਂ ਉਪਰਲੀਆਂ ਦੋਵਾਂ ਪਲਟਨਾਂ ਤੋਂ ਇਲਾਵਾ ਛੱਤੀਵੀਂ ਸਿੱਖ ਪਲਟਨ ਤੇ ਇਕ ਗੋਰਾ ਪਲਟਨ ਸੀ। ਇਕ ਪਲਟਨ ਸਿੰਘਾਪੁਰ ਦੇ ਗੋਰਿਆਂ ਵਿਚੋਂ ਭਰਤੀ ਕੀਤੀ ਵਾਲੰਟੀਅਰ ਕੋਰ ਦੀ ਸੀ। ਕੋਈ ਗੁਪਤ ਚਿੱਠੀ ਹੱਥ ਲੱਗ ਜਾਣ 'ਤੇ ਸਰਕਾਰ ਨੂੰ ਬਗਾਵਤ ਦੀ ਸੂਹ ਲੱਗ ਗਈ ਤੇ ਉਸਨੇ ਮਲਾਇਆ ਰਿਆਸਤੀ ਗਾਈਡ ਨੂੰ ਸਿੰਘਾਪੁਰ ਤੋਂ ਪੀਨਾਂਗ ਤਬਦੀਲ ਕਰ ਦਿੱਤਾ। ਛੱਤੀਵੀਂ ਸਿੱਖ ਪਲਟਨ ਤੋਂ ਇਹਤਿਆਤਨ ਹਥਿਆਰ ਰਖਵਾ ਲਏ। ਪਰ ਪੰਜਵੀਂ ਪਲਟਨ ਵੱਲੋਂ ਬਗ਼ਾਵਤ ਕੀਤੇ ਜਾਣ ਦਾ ਸਰਕਾਰ ਨੂੰ ਚਿੱਤ-ਖਿਆਲ ਨਹੀਂ ਸੀ। ਪਲਟਨ ਨੇ 15 ਫਰਵਰੀ 1915 ਦਾ ਦਿਨ ਬਗ਼ਾਵਤ ਲਈ ਚੁਣਿਆਂ। ਇਸ ਦਿਨ ਦੀ ਚੋਣ ਦਾ ਵਾਸਤਾ ਹਿੰਦ ਵਿਚ ਕੀਤੇ ਜਾਣ ਵਾਲੀ ਗ਼ਦਰ ਦੀ ਤਰੀਕ ਨਾਲ ਸ਼ਾਇਦ ਕੋਈ ਨਹੀਂ ਸੀ। ਇਹ ਪਲਟਨ ਦੇ ਫੌਜੀਆਂ ਵਿਚ ਆਪ-ਮੁਹਾਰ ਉੱਠੇ ਰੋਹ ਦਾ ਪ੍ਰਤੀਕ ਸੀ। ਉਹਨਾਂ ਨੂੰ 15 ਫਰਵਰੀ ਨੂੰ ਸਵੇਰੇ ਹੁਕਮ ਸੁਣਾਇਆ ਗਿਆ ਕਿ ਪਲਟਨ ਅਗਲੇ ਦਿਨ ਹਾਂਗਕਾਂਗ ਨੂੰ ਰਵਾਨਾ ਹੋ ਰਹੀ ਹੈ। ਲੌਢੇ ਵੇਲੇ ਪਲਟਨ ਦੇ ਹਥਿਆਰ ਜਮ੍ਹਾਂ ਕੀਤੇ ਜਾਣ ਲੱਗੇ ਤਾਂ ਫੌਜੀਆਂ ਨੇ ਸੋਚਿਆ ਕਿ ਹਥਿਆਰ ਜਮ੍ਹਾਂ ਹੋਣ ਤੋਂ ਬਾਅਦ ਤਾਂ ਉਹ ਅਸਲੋਂ ਹੱਥਲ ਹੋ ਜਾਣਗੇ ਤੇ ਕੁਝ ਵੀ ਨਹੀਂ ਕਰ ਸਕਣਗੇ। ਉਹਨਾਂ ਮਿੱਥੇ ਟੀਚੇ ਤੋਂ ਪਹਿਲਾਂ ਹੀ ਗ਼ਦਰ ਮਚਾਉਣ ਦਾ ਫ਼ੈਕਰ ਲਿਆ। ਉਹਨਾਂ ਹਥਿਆਰ ਜਮ੍ਹਾਂ ਕਰਾਉਣ ਤੋਂ ਨਾਂਹ ਕਰ ਦਿੱਤੀ ਤੇ ਅਸਲਾ ਇਕੱਠਾ ਕਰਨ ਵਾਲੇ ਅੰਗਰੇਜ਼ ਅਫ਼ਸਰ ਨੂੰ ਮਾਰ ਮੁਕਾਇਆ। ਫਿਰ ਜਿਹੜਾ ਵੀ ਗੋਰਾ ਫੌਜੀ ਜਾਂ ਅਫ਼ਸਰ ਅੱਗੇ ਆਇਆ, ਉਹਨਾਂ ਕਤਲ ਕਰ ਦਿੱਤਾ। ਫੌਜੀਆਂ ਨੇ ਬਾਰਕਾਂ 'ਤੇ ਕਬਜ਼ਾ ਕਰਕੇ ਤਿੰਨ ਟੁਕੜੀਆਂ ਬਣਾ ਲਈਆਂ। ਇਕ ਜਰਮਨ ਕੈਦੀਆਂ ਦੇ ਕੈਂਪ ਵੱਲ ਉਹਨਾਂ ਨੂੰ ਛੁਡਾ ਕੇ ਆਪਣੇ ਨਾਲ ਮਿਲਾਉਣ ਤੁਰ ਪਈ। ਦੂਜੀ ਹੈੱਡਕੁਆਟਰ 'ਤੇ ਕਬਜ਼ਾ ਕਰਨ ਲਈ ਕਮਾਨ ਅਫ਼ਸਰ ਦੇ ਬੰਗਲੇ ਵੱਲ ਤੁਰ ਗਈ ਤੇ ਤੀਜੀ ਟੁਕੜੀ ਸ਼ਹਿਰ ਦੀ ਸੜਕੇ ਪੈ ਗਈ। ਜਰਮਨ ਕੈਂਪ ਉੱਤੇ ਬਾਗ਼ੀਆਂ ਕਬਜ਼ਾ ਤਾਂ ਹੋ ਗਿਆ ਪਰ ਕੈਦੀਆਂ ਨੇ ਬਾਗ਼ੀਆਂ ਦਾ ਸਾਥ ਨਾ ਦੇ ਕੇ ਉਹਨਾਂ ਨੂੰ ਨਿਰਾਸ ਕਰ ਦਿੱਤਾ। ਕਰਨਲ ਦੀ ਕੋਠੀ 'ਤੇ ਕਬਜ਼ਾ ਕਰਨ ਵਿਚ ਵੀ ਉਹਨਾਂ ਨੂੰ ਸਫ਼ਲਤਾ ਨਾ ਮਿਲੀ। ਸ਼ਹਿਰ ਨੂੰ ਗਈ ਟੋਲੀ ਨੇ ਕਈ ਗੋਰੇ ਅਫ਼ਸਰ ਤੇ ਆਮ ਗੋਰੇ ਗੋਲੀਆਂ ਨਾਲ ਉਡਾ ਦਿੱਤੇ।

ਗ਼ਦਰੀਆਂ ਦੀ ਕੋਈ ਵੀ ਟੋਲੀ ਘਾਟ ਵੱਲ ਜਾ ਕੇ ਸਮੁੰਦਰੀ ਕਿਲ੍ਹੇ 'ਤੇ ਹਮਲਾਵਰ ਨਾ ਹੋਈ ਸਗੋਂ ਐਵੇਂ ਖਿੰਡ-ਪੁੰਡ ਕੇ ਇਧਰ-ਉਧਰ ਫਿਰਦੀਆਂ ਰਹੀਆਂ। ਏਨੇ ਵਿਚ ਗਵਰਨਰ ਰਿਡਾਊਟ ਤੇ ਜੰਗੀ ਬੇੜੇ ਦੇ ਐਡਮਿਰਲ ਨੇ ਵਾਰਿਸਲੈੱਸ ਰਾਹੀਂ ਐਧਰੋਂ ਓਧਰੋਂ ਕੁਮਕ ਸੱਦ ਭੇਜੀ। ਇੱਕ ਜੰਗੀ ਜਹਾਜ਼ ਪਹਿਲਾਂ ਹੀ ਸਮੁੰਦਰ ਵਿਚ ਖੜਾ ਸੀ। ਬਹੁਤ ਸਾਰੇ ਗੋਰੇ ਸਪੈਸ਼ਲ ਪੁਲਸੀਆਂ ਵਜੋਂ ਭਰਤੀ ਕਰ ਲਏ ਗਏ। ਓਧਰ ਗ਼ਦਰੀ ਸਭ ਕੁਝ ਜਿੱਤ ਲਿਆ ਜਾਣ ਕੇ ਅਵੇਸਲੇ ਹੋ ਕੇ ਇਧਰ-ਉਧਰ ਟੁਕੜੀਆਂ ਵਿਚ ਵੰਡ ਕੇ ਬੈਰਕਾਂ ਦੇ ਬਾਹਰ ਘੁੰਮਣ ਲੱਗੇ। ਫੌਜੀਆਂ ਦੀ ਸ਼ਕਤੀ ਖਿੰਡ ਜਾਣ ਕਰਕੇ ਮੁਕਾਬਲਾ ਕਰਨ ਦੇ ਬਾਵਜੂਦ ਬੈਰਕਾਂ ਉੱਤੇ ਮੁੜ ਗੋਰਿਆਂ ਦਾ ਕਬਜ਼ਾ ਹੋ ਗਿਆ। ਹੈੱਡਕੁਆਟਰ ਉੱਤੇ ਵੀ ਆਖ਼ਰਕਾਰ ਗੋਰੇ ਕਾਬਜ਼ ਹੋ ਗਏ। ਅਗਲੇ ਦਿਨ ਇਕ ਹੋਰ ਜੰਗੀ ਜਹਾਜ਼ ਆ ਗਿਆ। ਗੋਰਿਆਂ ਨੇ ਖਿੱਲਰੇ ਹੋਏ ਬਾਗ਼ੀਆਂ ਨੂੰ ਘੇਰਨਾ ਤੇ ਫੜਨਾ ਸ਼ੁਰੂ ਕਰ ਦਿੱਤਾ। ਕਈ ਤਾਂ ਭੁੱਖ-ਤੇਹ ਦੇ ਮਾਰੇ ਕਾਬੂ ਆ ਗਏ। ਅਜੇ ਗ਼ਦਰੀ ਫੜੇ ਹੀ ਜਾ ਰਹੇ ਸਨ ਕਿ

ਕਚਹਿਰੀਆਂ ਖੜੀਆਂ ਕਰ ਦਿੱਤੀਆਂ ਗਈਆਂ। ਦੋ ਲੀਡਰਾਂ ਨੂੰ ਫਾਂਸੀ ਲਾ ਦਿੱਤਾ ਗਿਆ। ਇਸਤੋਂ ਇਲਾਵਾ 41 ਨੂੰ ਆਮ ਜਨਤਾ ਦੇ ਭਰਵੇਂ ਇਕੱਠ ਸਾਹਮਣੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਜੇ ਬਾਗ਼ੀ ਥੋੜੀ ਕੁ ਯੋਜਨਾ ਨਾਲ ਕੰਮ ਕਰਦੇ ਤਾਂ ਉਹ ਸਹਿਜੇ ਹੀ ਸਿੰਘਾਪੁਰ 'ਤੇ ਕਬਜ਼ਾ ਕਰ ਸਕਦੇ ਸਨ। ਬਿਨਾ ਕਿਸੇ ਵਿਸ਼ੇਸ਼ ਯੋਜਨਾਬੱਧ ਅਗਵਾਈ ਦੇ ਉਹਨਾਂ ਦਾ ਯਤਨ ਆਪ-ਮੁਹਾਰਾ ਤੇ ਵੇਗ-ਮੱਤਾ ਹੋਣ ਕਰਕੇ ਉਹ ਭਾਵੇਂ ਮਨਚਾਹੀ ਪ੍ਰਾਪਤੀ ਨਾ ਕਰ ਸਕੇ ਪਰ ਉਹਨਾਂ ਦੀ ਬੇਮਿਸਾਲ ਕੁਰਬਾਨੀ ਦਾ ਮਹੱਤਵ ਆਪਣੇ ਥਾਂ ਅਟੱਲ ਤੇ ਮਾਣਯੋਗ ਹੈ।

ਇਹ ਬੜੇ ਦੁੱਖ ਦੀ ਗੱਲ ਹੈ ਕਿ ਇਹਨਾਂ ਸੂਰਬੀਰਾਂ ਦੇ ਕਾਰਨਾਮੇ ਦਾ ਉਹੋ ਪੱਖ ਹੀ ਉਜਾਗਰ ਹੋਇਆ ਹੈ, ਜੋ ਪੱਖ ਸਰਕਾਰ ਨੇ ਪੇਸ਼ ਕੀਤਾ। ਉਹਨਾਂ ਦੀ ਕੁਰਬਾਨੀ ਅਜੇ ਵੀ ਓਹਲੇ ਵਿਚ ਹੈ ਅਤੇ ਕੁਰਬਾਨ ਹੋਣ ਵਾਲੇ ਉਹਨਾਂ ਸ਼ਹੀਦ-ਸੂਰਮਿਆਂ ਦਾ ਕਿਸੇ ਨੂੰ ਨਾਂ ਤੱਕ ਵੀ ਪਤਾ ਨਹੀਂ। ਪਰ ਇਸ ਵਿਚ ਸ਼ੱਕ ਨਹੀਂ ਕਿ ਇਹ ਬਗ਼ਾਵਤ ਗ਼ਦਰ ਲਹਿਰ ਦੇ ਪਰਚਾਰ ਦਾ ਹੀ ਸਿੱਟਾ ਸੀ। ਜਨਰਲ ਡਾਇਰ ਨੇ ਆਪਣੀ ਜੀਵਨੀ ਵਿਚ ਇਸ ਬਗ਼ਾਵਤ ਨੂੰ 'ਸਾਫ਼ ਤੌਰ 'ਤੇ ਗ਼ਦਰ ਸਾਜਿਸ਼ ਦਾ ਹਿੱਸਾ' ਲਿਖਿਆ ਹੈ। ਰੌਲਟ ਰੀਪੋਰਟ ਮੁਤਾਬਕ 'ਅਮਰੀਕਾ ਦੀ ਗ਼ਦਰ ਪਾਰਟੀ ਦੇ ਮੁਸਲਮਾਨਾਂ ਤੇ ਹਿੰਦੂ ਸਾਜਿਸ਼ੀਆਂ ਨੇ ਫੌਜੀਆਂ 'ਤੇ ਪਾਣ ਚਾੜ੍ਹੀ ਹੋਈ ਸੀ। ਇਸ ਲਈ (ਪੰਜਵੀਂ ਪਲਟਨ) ਬਗ਼ਾਵਤ ਨੂੰ ਰੋਕਿਆ ਨਾ ਜਾ ਸਕਿਆ।'

ਸਿੰਘਾਪੁਰ ਦੀ ਬਗ਼ਾਵਤ ਵਾਂਗ 130ਵੀਂ ਬਲੋਚ ਰਜਮੈਂਟ ਨੇ ਵੀ ਗ਼ਦਰ ਪਾਰਟੀ ਦੇ ਪ੍ਰਭਾਵ ਵਿਚ ਆ ਕੇ ਰੰਗੂਨ ਵਿਚ ਗ਼ਦਰ ਕਰ ਦਿੱਤਾ। ਇਸ ਪਲਟਨ ਵਿਚ ਵੀ ਜ਼ਿਆਦਾ ਮੁਸਲਮਾਨ ਪਠਾਣ ਸਨ। ਪਹਿਲਾਂ ਤਾਂ ਇਹਨਾਂ ਨੇ ਜੰਗ ਵਿਚ ਜਾਣ ਲਈ ਜਹਾਜ਼ 'ਤੇ ਚੜ੍ਹਨੋਂ ਨਾਂਹ ਕਰ ਦਿੱਤੀ ਤੇ ਇਕ ਗੋਰੇ ਅਫ਼ਸਰ ਨੂੰ ਮਾਰ ਦਿੱਤਾ। ਫਿਰ ਇਸਨੂੰ ਫੌਜੀ ਪਹਿਰੇ ਹੇਠ ਰੰਗੂਨ ਲਿਆਂਦਾ ਗਿਆ। ਏਥੇ ਗ਼ਦਰ ਪਾਰਟੀ ਦੇ ਮੁਸਲਮਾਨ ਮੈਂਬਰਾਂ ਨੇ ਇਹਨਾਂ ਵਿਚ 'ਗ਼ਦਰ' ਦੇ ਪਰਚੇ ਤਕਸੀਮ ਕੀਤੇ। ਪ੍ਰਭਾਵਸਰੂਪ ਪਲਟਨ ਜਨਵਰੀ 1915 ਵਿਚ ਅਸਲੋਂ ਹੀ ਬਾਗ਼ੀ ਹੋ ਕੇ ਗ਼ਦਰ ਲਈ ਤਿਆਰ ਹੋ ਗਈ। 16 ਜਨਵਰੀ ਨੂੰ ਇਹਨਾਂ ਦਾ ਕੋਰਟ ਮਾਰਸ਼ਲ ਕਰਕੇ ਦੋ ਸੌ ਆਦਮੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ। ਚਾਰ ਨੂੰ ਫਾਂਸੀ ਅਤੇ 69 ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ।

ਮੁਸਲਮਾਨ ਭਰਾਵਾਂ ਦੀ ਗ਼ਦਰ ਲਹਿਰ ਵਿਚ ਕੀਤੀ ਕੁਰਬਾਨੀ ਕਿਸੇ ਪੱਖੋਂ ਵੀ ਘਟਾ ਕੇ ਨਹੀਂ ਵੇਖੀ ਜਾ ਸਕਦੀ। ਮੁਸਤਫ਼ਾ ਹੁਸੈਨ ਜੈਪੁਰ, ਅਲੀ ਅਹਿਮਦ ਫੈਜ਼ਾਬਾਦ, ਇਸਮਾਇਲ ਖਾਂ, ਰਸੂਲਾ ਖਾਂ, ਇਮਤਿਆਜ਼ ਅਲੀ, ਰੁਕਨਉਦੀਨ, ਹਵਾਲਦਾਰ ਸੁਲੇਮਾਨ, ਨਾਇਕ ਮੁਨਸ਼ੀ ਖਾਂ, ਨਾਇਕ ਜਾਫ਼ਰ ਅਲੀ ਖਾਂ, ਨਾਇਕ ਅਬਦੁੱਲ ਰਜ਼ਾਕ ਆਦਿ ਮੁਸਲਮਾਨ ਵੱਖ-ਵੱਖ ਕੇਸਾਂ ਵਿੱਚ ਫਾਂਸੀ ਲੱਗੇ। ਡਾਕਟਰ ਅਸਦਉੱਲਾ ਗ਼ਦਰ ਲਹਿਰ ਦੇ ਪਰਚੇ ਮੰਗਵਾ ਕੇ ਈਰਾਨ ਤੇ ਮੈਸੋਪਟਾਮੀਆਂ ਦੇ ਹਿੰਦੀ ਫੌਜੀਆਂ ਵਿਚ ਵੰਡਦਾ ਰਿਹਾ। 24ਵੀਂ ਪੰਜਾਬੀ ਦੇ ਸਿਪਾਹੀ ਅਮੀਰ ਖਾਂ ਨੂੰ ਬਾਗ਼ੀਆਨਾ ਰੁਚੀਆਂ ਕਾਰਨ ਜੇਲ੍ਹ ਵਿਚ ਬੰਦ ਕੀਤਾ ਗਿਆ। ਰਹਿਮਤ ਅਲੀ ਵਜੀਦ ਕੇ ਅਤੇ ਮੌਲਵੀ ਬਰਕਤਉਲਾ ਦੀ ਦੇਣ ਅਤੇ ਕੁਰਬਾਨੀ ਤੋਂ ਕੌਣ ਮੁਨਕਰ ਹੋ ਸਕਦਾ ਹੈ।

***

ਸਿੰਘਾਪੁਰ ਗ਼ਦਰ

ਹਿੰਦੁਸਤਾਨੀ ਇਤਿਹਾਸ ਦਾ ਸ਼ਾਨਾਮੱਤਾ ਅਧਿਆਏ

-ਡਾ. ਪੀ.ਆਰ. ਕਾਲੀਆ

ਪਹਿਲੀ ਆਲਮੀ ਜੰਗ ਦੌਰਾਨ, 15 ਫਰਵਰੀ 1915 ਨੂੰ ਦਿਨ ਦੇ ਤਿੰਨ ਵਜੇ ਪੰਜਵੇਂ ਹਿੰਦੁਸਤਾਨੀ ਦੇਸੀ ਰਿਸਾਲੇ ਦੀਆਂ ਅਲੈਗਜ਼ੈਂਡਰ ਬੈਰਕਾਂ ਵਿੱਚੋਂ ਗੋਲੀਆਂ ਚੱਲਣ ਦੀ ਆਵਾਜ਼ ਆਈ। ਅੰਗਰੇਜ਼ ਅਫ਼ਸਰਾਂ ਦੀ ਕਮਾਨ ਹੇਠ ਇਹ ਹਿੰਦੁਸਤਾਨੀ ਫ਼ੌਜ ਦੀ ਬਾਕਾਇਦਾ ਬਟਾਲੀਅਨ ਸੀ। ਕਥਿਤ ਤੌਰ 'ਤੇ ਪਹਿਲੀ ਇੱਕੋਇਕ ਗੋਲੀ ਸਿਪਾਹੀ ਇਸਮਾਇਲ ਖ਼ਾਨ ਨੇ ਚਲਾਈ ਸੀ ਜੋ ਇਸ ਦਾ ਸੰਕੇਤ ਸੀ ਕਿ ਫ਼ੌਜੀ ਬਗ਼ਾਵਤ ਸ਼ੁਰੂ ਹੋ ਗਈ ਹੈ। ਇਹ ਸਿਪਾਹੀਆਂ ਲਈ ਅੰਗਰੇਜ਼ ਅਫ਼ਸਰਾਂ ਵਿਰੁੱਧ ਬਗ਼ਾਵਤ ਕਰ ਦੇਣ ਦਾ ਸੰਕੇਤ ਸੀ।

ਪਰ, ਇਸ ਪਹਿਲੇ ਫਾਇਰ ਬਾਰੇ ਇਹ ਸਮਝਿਆ ਗਿਆ ਕਿ ਇਹ ਚੀਨੀਆਂ ਵਲੋਂ ਚਲਾਇਆ ਪਟਾਕਾ ਹੈ ਜੋ ਚੰਦ੍ਰਮਾ ਕਲੰਡਰ ਅਨੁਸਾਰ ਨਵਾਂ ਸਾਲ ਚੜ੍ਹਨ ਦੇ ਜਸ਼ਨ ਮਨਾ ਰਹੇ ਸਨ। ਜ਼ਿਆਦਾਤਰ ਲੋਕ ਛੁੱਟੀ ਮਨਾਉਣ ਦੇ ਮੂਡ ਵਿਚ ਸਨ ਅਤੇ ਸਾਲਾਨਾ ਜਸ਼ਨ ਨੂੰ ਮੁੱਖ ਰੱਖਕੇ ਕਾਰੋਬਾਰੀ ਤੇ ਸਰਕਾਰੀ ਕੰਮਕਾਰ ਤਿੰਨ ਦਿਨ ਲਈ ਬੰਦ ਸਨ। ਨਾਲ ਹੀ, ਐਮਡਨ (ਜਰਮਨ ਜੰਗੀ ਜਹਾਜ਼) ਤਬਾਹ ਕਰ ਦਿੱਤੇ ਜਾਣ ਕਰਕੇ ਗੜਬੜ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਅਤੇ ਜੰਗ ਦੂਰ ਦੀ ਗੱਲ ਜਾਪਦੀ ਸੀ।[1] ਇੰਞ ਚੇਤਾਵਨੀ ਦਿੱਤੇ ਜਾਣ ਦਾ ਕੋਈ ਕਾਰਨ ਨਹੀਂ ਸੀ। ਤਾਂ ਵੀ, ਅਲੈਗਜ਼ੈਂਡਰ ਬੈਰਕਾਂ ਵਿਚ ਗੜਬੜ ਹੋ ਗਈ ਸੀ। ਨਵੇਂ ਸਾਲ ਦੇ ਚੀਨੀ ਜਸ਼ਨਾਂ ਦੇ ਓਹਲੇ ਹੇਠ, 5ਵੇਂ ਲਾਈਟ ਰਿਸਾਲੇ, ਜੋ 400 ਕੁ ਸੌ ਰਾਜਪੂਤ ਮੁਸਲਮਾਨਾਂ ਨੂੰ ਲੈ ਕੇ ਬਣਾਇਆ ਗਿਆ ਸੀ, ਨੇ ਟਰੱਕ ਵੀ ਕਬਜ਼ੇ 'ਚ ਲੈ ਲਏ ਅਤੇ ਉਹ ਗੋਲੀ-ਬਾਰੂਦ ਵੀ ਜੋ ਉਨ੍ਹਾਂ ਉਪਰ ਲੱਦਿਆ ਜਾ ਰਿਹਾ ਸੀ।[2] ਉਹ ਬੈਰਕਾਂ 'ਚੋਂ ਚੱਲ ਪਏ, ਅੰਗਰੇਜ਼ ਅਧਿਕਾਰੀਆਂ ਉਪਰ ਹਮਲੇ ਕੀਤੇ, ਅਤੇ ਜਿਹੜਾ ਵੀ ਯੂਰਪੀਅਨ ਉਨ੍ਹਾਂ ਨੂੰ ਰਾਹ ਵਿਚ ਮਿਲ ਗਿਆ ਉਸ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਅੰਗਰੇਜ਼ ਪਰਿਵਾਰ ਜਾਨ ਬਚਾਉਣ ਲਈ ਜੇਲ੍ਹ ਦੀਆਂ ਕੋਠੜੀਆਂ ਵਿਚ ਜਾ ਕੇ ਲੁਕ ਗਏ। ਜਦੋਂਕਿ ਦੋ ਅੰਗਰੇਜ਼ ਅਧਿਕਾਰੀ ਹਾਲਤ 'ਤੇ ਕਾਬੂ ਪਾਉਣ ਦੇ ਯਤਨ

[ਸਿੰਘਾਪੁਰ ਗਣਰਾਜ ਮਲਾਏ ਪ੍ਰਾਇਦੀਪ ਦੇ ਦੱਖਣੀ ਸਿਰੇ ਨਾਲ ਲਗਦਾ ਸਮੁੰਦਰੀ ਟਾਪੂ ਹੈ ਜਿਸ ਨੂੰ ਪਾਣੀ ਦੀ ਇਕ ਭੀੜੀ ਪੱਟੀ ਮਲੇਸ਼ੀਆ ਤੋਂ ਵੱਖਰਿਆਉਂਦੀ ਹੈ। ਜਿਸ ਨੂੰ ਪਾਰ ਕਰਨ ਲਈ ਪੁਲ ਉੱਪਰੋਂ ਗੁਜ਼ਰਨਾ ਪੈਂਦਾ ਹੈ ਜੋ ਸੜਕੀ ਤੇ ਰੇਲ ਦੋਵੇਂ ਤਰ੍ਹਾਂ ਦੀ ਆਵਾਜਾਈ ਦਾ ਮਾਰਗ ਹੈ। ਸਿੰਘਾਪੁਰ ਇਕ ਨਿੱਕਾ ਜਿਹਾ ਰਾਜ ਹੈ ਅਤੇ ਦੱਖਣ-ਪੂਰਬੀ ਏਸ਼ੀਆ ਦਾ ਇਕ ਸਭ ਤੋਂ ਨਿੱਕਾ ਰਾਸ਼ਟਰ ਹੈ। ਇਹ 9 ਅਗਸਤ 1965 ਨੂੰ ਇਕ ਆਜ਼ਾਦ ਮੁਲਕ ਬਣਿਆ। -ਲੇਖਕ]

ਕਰਦਿਆਂ ਮਾਰੇ ਗਏ।

ਹਿੰਦੁਸਤਾਨੀ, ਅੰਗ਼ਰੇਜ਼ ਅਤੇ ਗ਼ੈਰ-ਕਮਿਸ਼ਨਡ ਅਫ਼ਸਰਾਂ ਸਾਰਿਆਂ ਨੇ ਹੀ 'ਪਹਿਲਕਦਮੀ ਅਤੇ ਵਸੀਲਿਆਂ ਪੱਖੋਂ ਅਫਸੋਸਨਾਕ ਘਾਟ' ਦਿਖਾਈ। 'ਇਓਂ ਲੱਗਦਾ ਸੀ ਜਿਵੇਂ ਹਰ ਕੋਈ ਹੁਕਮਾਂ ਲਈ ਇਕ ਦੂਜੇ ਵੱਲ ਭੱਜ ਰਿਹਾ ਸੀ, ਜਾਂ ਫਿਰ ਲੁਕਦਾ ਫਿਰਦਾ ਸੀ ਜਾਂ ਭੱਜ ਗਿਆ ਸੀ।' ਸਾਰੇ ਪੂਰੀ ਤਰ੍ਹਾਂ ਤਵਾਜ਼ਨ ਗੁਆ ਚੁੱਕੇ ਸਨ। ਉਨ੍ਹਾਂ ਦਾ ਮੁੱਢਲਾ ਹੁੰਗਾਰਾ ਇਹ ਸੀ ਕਿ ਸੰਕਟ ਨੂੰ ਦੇਖਦੇ ਸਾਰ ਹੀ ਦਹਿਲ ਗਏ ਸਨ। ਇਸ ਤੋਂ ਪਤਾ ਚੱਲਦਾ ਸੀ ਕਿ ਫ਼ੌਜੀ ਤਿਆਰੀ ਪੱਖੋਂ ਉਨ੍ਹਾਂ ਦੀ ਹਾਲਤ ਕਿੰਨੀ ਮਾੜੀ ਸੀ। ਮੇਜਰ ਕੌਟਨ ਅਤੇ ਕੈਪਟਨ ਬਾਲ ਤੇ ਬੋਇਸ ਬੈਰਕਾਂ ਬਾਗ਼ੀਆਂ ਦੇ ਰਹਿਮ ਦੇ ਹਵਾਲੇ ਕਰਕੇ ਸਹਾਇਤਾ ਲਈ ਨੇੜਲੇ ਨਾਰਮੈਂਟਨ ਕੈਂਪ ਨੂੰ ਭੱਜ ਗਏ ਸਨ। ਪੰਜਵਾਂ ਲਾਈਟ ਰਿਸਾਲਾ ਅਕਤੂਬਰ 1914 'ਚ ਸ਼ਹਿਨਸ਼ਾਹ ਦੇ ਆਪਣੇ ਯਾਰਕਸ਼ਾਇਰ ਲਾਈਟ ਰਿਸਾਲੇ ਦੀ ਥਾਂ ਇਥੇ ਭੇਜਿਆ ਗਿਆ ਸੀ। ਸਿੰਘਾਪੁਰ ਵਿਚ ਰੈਜੀਮੈਂਟ ਨੂੰ ਵਕਤੀ ਤੌਰ 'ਤੇ ਰੱਖਿਆ ਗਿਆ ਸੀ ਅਤੇ ਇਸ ਨੂੰ ਹਾਂਗਕਾਂਗ ਭੇਜਣ ਦੇ ਹੁਕਮ ਦਿੱਤੇ ਗਏ ਸਨ। ਆਉਂਦੇ ਸਾਰ ਹੀ ਇਸ ਅੰਦਰ ਬੇਚੈਨੀ ਅਤੇ ਨਾਰਾਜ਼ਗੀ ਨਜ਼ਰ ਆ ਰਹੀ ਸੀ।[4] ਇਨਕਲਾਬੀਆਂ ਨੇ ਬਾਗ਼ੀ ਫ਼ੌਜੀਆਂ ਦੀ ਨਾਰਾਜ਼ਗੀ ਨੂੰ ਪੂਰੀ ਤਰ੍ਹਾਂ ਇਸਤੇਮਾਲ ਕੀਤਾ ਜੋ ਉਦੋਂ ਦੂਰ ਪੂਰਬ ਵਿਚ ਬਹੁਤ ਸਰਗਰਮ ਸਨ।[5]

ਅਜੇ ਇਕ ਮਹੀਨਾ ਪਹਿਲਾਂ ਹੀ 130ਵੀਂ ਬਲੋਚੀ ਰੈਜੀਮੈਂਟ, ਜੋ ਮੁੱਖ ਤੌਰ 'ਤੇ ਮੁਸਲਿਮ ਰੈਜੀਮੈਂਟ ਸੀ ਅਤੇ ਜਿਸ ਦਾ ਨਵੰਬਰ 1914 'ਚ ਬੰਬਈ ਤੋਂ ਰੰਗੂਨ ਤਬਾਦਲਾ ਕੀਤਾ ਗਿਆ ਸੀ, ਵਿਚ '*ਗ਼ਦਰ* ਅਖ਼ਬਾਰ ਦੇ ਸਿਧਾਂਤਾਂ ਦੀ ਲਾਗ' ਸਾਹਮਣੇ ਆਈ ਸੀ ਜੋ 'ਪੂਰੀ ਤਰ੍ਹਾਂ ਬੇਚੈਨ ਸੀ ਅਤੇ ਗ਼ਦਰ ਲਈ ਤਿਆਰ ਸੀ।' ਫ਼ੌਜੀ ਅਧਿਕਾਰੀਆਂ ਨੇ ਵਕਤ ਸਿਰ ਸਖ਼ਤ ਕਾਰਵਾਈ ਕਰਕੇ 21 ਜਨਵਰੀ ਨੂੰ ਇਸ ਗ਼ਦਰ ਨੂੰ ਸ਼ੁਰੂ 'ਚ ਹੀ ਦਬਾ ਦਿੱਤਾ ਸੀ, ਇਸ ਦੌਰਾਨ 200 ਸਾਜ਼ਿਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ ਸਨ। ਸੈਡੀਸ਼ਨ ਕਮੇਟੀ ਦੀ ਰਿਪੋਰਟ ਅਨੁਸਾਰ, ਸਿੰਘਾਪੁਰ ਵਾਲਾ 5ਵਾਂ ਲਾਈਟ ਰਿਸਾਲਾ ਅਤੇ ਰੰਗੂਨ ਵਿਚਲੀ 130 ਬਲੋਚੀ ਰੈਜੀਮੈਂਟ ਦੋਹਾਂ ਨੂੰ 'ਨਿਸ਼ਚੇ ਹੀ ਅਮਰੀਕਨ ਗ਼ਦਰ ਪਾਰਟੀ ਨਾਲ ਸਬੰਧਤ ਮੁਸਲਿਮ ਤੇ ਹਿੰਦੂ ਸਾਜ਼ਿਸ਼ੀਆਂ ਤੋਂ ਹੀ ਇਹ ਲਾਗ ਚਿੰਬੜੀ ਸੀ'।[6] ਭਾਵੇਂ ਅੰਗਰੇਜ਼ ਹਕੂਮਤ ਨੇ ਇਸ ਨੂੰ 'ਰੈਜੀਮੈਂਟ ਦਾ ਫ਼ਸਾਦ' ਦੱਸਿਆ, ਪਰ ਸਿੰਘਾਪੁਰ ਗ਼ਦਰ ਸਿੰਘਾਪੁਰ ਦੇ ਆਲਮੀ ਜੰਗ ਦੇ ਤਜ਼ਰਬੇ ਦੀ ਇਕ ਸਭ ਤੋਂ ਨਾਟਕੀ ਘਟਨਾ ਹੋ ਨਿੱਬੜਿਆ।[7]

ਗ਼ਦਰੀ ਸਿਪਾਹੀ ਤਿੰਨ ਟੋਲੀਆਂ ਵਿਚ ਵੰਡੇ ਗਏ: 5ਵੇਂ ਹਿੰਦੁਸਤਾਨੀ ਦੇਸੀ ਲਾਈਟ ਰਿਸਾਲੇ ਦੀਆਂ ਅੱਠ ਕੰਪਨੀਆਂ ਵਿੱਚੋਂ ਏ ਅਤੇ ਬੀ ਕੰਪਨੀਆਂ ਨੇ ਮੈਗਜ਼ੀਨ ਉਪਰ ਹੱਲਾ ਬੋਲ ਦਿੱਤਾ, ਅਤੇ ਛੇਤੀ ਹੀ ਸੀ ਤੇ ਡੀ ਕੰਪਨੀਆਂ ਦੇ ਗੈਰ-ਕਮਿਸ਼ਨਡ ਅਫ਼ਸਰ ਅਤੇ ਸਿਪਾਹੀ ਗ਼ਦਰੀਆਂ ਨਾਲ ਆ ਮਿਲੇ। ਬਾਕੀ ਚਾਰ ਕੰਪਨੀਆਂ ਦੇ ਸਿਪਾਹੀ, ਜੋ ਜ਼ਿਆਦਾਤਰ ਪਠਾਣ ਸਨ ਅਤੇ ਗ਼ਦਰ ਵਿਚ ਸ਼ਾਮਲ ਨਹੀਂ ਹੋਏ ਸਨ ਉਹ ਘਚੋਲੇ ਦੀ ਹਾਲਤ 'ਚ ਇਧਰ-ਉਧਰ ਖਿੰਡ ਗਏ।

ਗ਼ਦਰ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਨੇ ਤਿੰਨ ਟੋਲੀਆਂ ਬਣਾ ਲਈਆਂ। ਇਕ ਟੋਲੀ ਨੇ ਜਰਮਨ ਨਜ਼ਰਬੰਦਾਂ ਤਕ ਪਹੁੰਚਣਾ ਸੀ, ਦੂਜੀ ਨੇ ਕਰਨਲ ਨੂੰ ਗ੍ਰਿਫ਼ਤਾਰ ਕਰਨਾ ਤੇ ਉਸਦੇ ਬੰਗਲੇ ਉਪਰ ਹਮਲਾ ਕਰਨਾ ਸੀ ਅਤੇ ਤੀਜੀ ਨੇ ਬਾਹਰੋਂ ਆਉਣ ਵਾਲੀ ਕੁਮਕ ਨੂੰ ਰੋਕਣਾ ਸੀ।

ਫਿਰ ਗ਼ਦਰੀ ਸਿਪਾਹੀ ਸਿੰਘਾਪੁਰ ਦੇ ਵੱਖੋ-ਵੱਖਰੇ ਹਿੱਸਿਆਂ ਵਿਚ ਫੈਲ ਗਏ।

ਇਕ ਟੋਲੀ ਟਾਂਗਲਿਨ ਬੈਰਕਾਂ ਤੋਂ ਗੋਲੀ-ਬਾਰੂਦ ਕਬਜ਼ੇ 'ਚ ਲੈਣ ਲਈ ਚਲੀ ਗਈ, ਜਿਥੇ ਅੰਗਰੇਜ਼ਾਂ ਨੇ ਜਰਮਨ ਲਾਈਟ ਕਰੂਜ਼ਰ ਐੱਸ.ਐੱਮ.ਐੱਸ. ਐਮਡਨ ਦੇ ਅਮਲੇ ਸਮੇਤ 309 ਜਰਮਨਾਂ ਨੂੰ ਕੈਦ ਕੀਤਾ ਹੋਇਆ ਸੀ। ਗ਼ਦਰੀ ਸਿਪਾਹੀਆਂ ਨੇ ਬਿਨਾ ਚੇਤਾਵਨੀ ਦਿੱਤੇ ਕੈਂਪ ਦੇ ਗਾਰਡਾਂ ਤੇ ਅਫ਼ਸਰਾਂ, ਕੈਂਪ ਵਿਚ ਮੌਜੂਦ ਜੋਹੋਰ (ਮਲਾਇਆ ਦੇ ਚੋਟੀ ਦੇ ਰਬੜ ਉਤਪਾਦਕ ਸੂਬੇ) ਦੇ ਫ਼ੌਜੀ ਦਸਤਿਆਂ ਅਤੇ ਇਕ ਜਰਮਨ ਕੈਦੀ ਨੂੰ ਮਾਰ ਦਿੱਤਾ। ਤਿੰਨ ਅੰਗਰੇਜ਼ ਅਤੇ ਇਕ ਜ਼ਖ਼ਮੀ ਜਰਮਨ ਬਚ ਗਏ। ਇਸੇ ਤਰ੍ਹਾਂ ਕੈਂਪ ਦੇ ਹਸਪਤਾਲ ਵਿਚ ਮੌਜੂਦ ਅੱਠਵੀਂ ਰਾਇਲ ਆਰਮੀ ਮੈਡੀਕਲ ਕਾਰਪਸ ਦੇ ਅਮਲੇ ਨਾਲ ਹੋਇਆ, ਉਨ੍ਹਾਂ ਵਿੱਚੋਂ ਇਕ ਭਾਰੀ ਗੋਲੀਬਾਰੀ ਦੌਰਾਨ ਬਚਕੇ ਨਿਕਲ ਗਿਆ ਅਤੇ ਉਸਨੇ ਖ਼ਤਰੇ ਦਾ ਘੁੱਗੂ ਵਜਾ ਦਿੱਤਾ।

ਗ਼ਦਰੀ ਸਿਪਾਹੀਆਂ ਨੇ ਜਰਮਨਾਂ ਨੂੰ ਆਪਣੇ ਨਾਲ ਮਿਲਣ ਲਈ ਪ੍ਰੇਰਿਆ ਪਰ ਅਚਾਨਕ ਵਾਪਰੀ ਹਿੰਸਾ ਨੇ ਉਨ੍ਹਾਂ ਦੀ ਸੁਰਤ ਮਾਰ ਦਿੱਤੀ ਸੀ ਅਤੇ ਉਨ੍ਹਾਂ ਨੇ ਬਾਗ਼ੀਆਂ ਦਾ ਸਾਥ ਦੇਣ ਤੋਂ ਨਾਂਹ ਕਰ ਦਿੱਤੀ।[8] ਕੁਝ ਜਰਮਨ ਮਲਾਹ ਅਤੇ ਰਾਖਵੇਂ ਫ਼ੌਜੀ ਗ਼ਦਰੀ ਸਿਪਾਹੀਆਂ ਦਾ ਸਾਥ ਦੇਣਾ ਚਾਹੁੰਦੇ ਸਨ ਪਰ ਬਹੁਗਿਣਤੀ ਬੰਦੀਆਂ ਨੇ ਹਿੰਦੁਸਤਾਨੀਆਂ ਵਲੋਂ ਕੀਤੀ ਰਾਈਫ਼ਲਾਂ ਦੀ ਪੇਸ਼ਕਸ਼ ਠੁਕਰਾਉਂਦੇ ਹੋਏ ਨਿਰਪੱਖ ਰਹਿਣ ਦਾ ਪੈਂਤੜਾ ਅਖ਼ਤਿਆਰ ਕੀਤਾ। ਪੈਂਤੀ ਜਰਮਨ ਬਚਕੇ ਨਿਕਲ ਗਏ ਪਰ ਬਾਕੀ ਬੈਰਕਾਂ ਵਿਚ ਹੀ ਟਿਕੇ ਰਹੇ।

ਦੂਜੀ ਟੋਲੀ ਨੇ 5ਵੇਂ ਇੰਡੀਅਨ ਦੇਸੀ ਲਾਈਟ ਰਿਸਾਲੇ ਦੇ ਕਮਾਨ ਅਫ਼ਸਰ, ਲੈਫਟੀਨੈਂਟ ਕਰਨਲ ਈ.ਵੀ.ਮਾਰਟਿਨ ਦੇ ਬੰਗਲੇ ਨੂੰ ਘੇਰਾ ਪਾ ਲਿਆ, ਜਿਸ ਨਾਲ ਸਿੰਘਾਪੁਰ ਨੂੰ ਜਾਂਦਾ ਰਸਤਾ ਬੰਦ ਹੋ ਗਿਆ। ਕਰਨਲ ਮਾਰਟਿਨ ਅਤੇ ਮਲਾਇਆ ਸਟੇਟ ਵਾਲੰਟੀਅਰ ਰਾਈਫ਼ਲਜ਼ ਦਾ ਇਕ ਦਸਤਾ 15 ਦੀ ਸਾਰੀ ਰਾਤ ਡਟੇ ਰਹੇ ਤੇ ਰੁਕ-ਰੁਕਕੇ ਗੋਲੀਆਂ ਚਲਾਉਂਦੇ ਰਹੇ। ਵਫ਼ਾਦਾਰ ਸਿਪਾਹੀਆਂ ਨੇ ਉਨ੍ਹਾਂ ਦਾ ਸਾਥ ਦੇਣ ਦਾ ਯਤਨ ਕੀਤਾ, ਪਰ ਉਨ੍ਹਾਂ ਨੂੰ 'ਮਹਿਫੂਜ਼ ਥਾਂ ਉਪਰ ਚਲੇ ਜਾਣ' ਦਾ ਹੁਕਮ ਦਿੱਤਾ ਗਿਆ ਤਾਂ ਜੋ ਹਨੇਰੇ ਵਿਚ ਭੁਲੇਖੇ ਨਾਲ ਉਨ੍ਹਾਂ ਨੂੰ ਬਾਗ਼ੀ ਨਾ ਸਮਝ ਲਿਆ ਜਾਵੇ।

ਦਿਨ ਚੜ੍ਹਨ 'ਤੇ ਘਿਰੇ ਹੋਏ ਦਸਤੇ ਰੈਜੀਮੈਂਟ ਦੀਆਂ ਬੈਰਕਾਂ ਉਪਰ ਦੁਬਾਰਾ ਕਬਜ਼ਾ ਕਰਨ 'ਚ ਕਾਮਯਾਬ ਹੋ ਗਏ। ਪਰ ਇਸ ਕਾਰਵਾਈ ਵਿਚ ਇਕ ਜਣਾ ਮਾਰਿਆ ਗਿਆ ਅਤੇ ਪੰਜ ਜਖ਼ਮੀ ਹੋਏ। ਗ਼ਦਰੀ ਸਿਪਾਹੀ ਖਿੰਡ ਗਏ ਅਤੇ ਗੋਲੀਬਾਰੀ ਦੇ ਬਾਵਜੂਦ ਲੋਕ ਆਮ ਤੌਰ 'ਤੇ ਸ਼ਾਂਤ ਬਣੇ ਰਹੇ ਜਦੋਂਕਿ ਵਾਲੰਟੀਅਰ, ਜਹਾਜ਼ੀ ਅਤੇ ਸਮੁੰਦਰੀ ਫ਼ੌਜ ਦੇ ਸਿਪਾਹੀ ਬਾਗ਼ੀਆਂ ਨਾਲ ਰੁਕ-ਰੁਕੇ ਝੜਪਾਂ ਲੈਂਦੇ ਰਹੇ।[9]

ਇਸ ਦੌਰਾਨ ਬਾਕੀ ਗ਼ਦਰੀ ਸਿਪਾਹੀਆਂ ਨੇ ਪਸੀਰ ਪੰਜਾਂਗ ਵਿਚ, ਸਿੰਘਾਪੁਰ ਦੇ ਦੱਖਣੀ-ਪੱਛਮੀ ਹਿੱਸਿਆਂ ਅਤੇ ਚਾਈਨਾਟਾਊਨ ਵਿਚ ਤਬਾਹੀ ਮਚਾ ਦਿੱਤੀ, ਉਨ੍ਹਾਂ ਨੂੰ ਜਿਹੜਾ ਵੀ ਅੰਗਰੇਜ਼ ਮਿਲ ਗਿਆ ਉਸ ਨੂੰ ਨਿਸ਼ਾਨਾ ਬਣਾਇਆ ਗਿਆ।

ਕੁਲ-ਮਿਲਾਕੇ ਅੱਠ ਯੂਰਪੀ ਅਫ਼ਸਰ, ਇਕ ਅਫ਼ਸਰ ਦੀ ਪਤਨੀ, 9 ਸਿਪਾਹੀ ਅਤੇ ਦੁਵੱਲੀ ਗੋਲਬਾਰੀ ਵਿਚ ਘਿਰੇ 16 ਆਮ ਨਾਗਰਿਕ ਮਾਰੇ ਗਏ। ਬਾਗ਼ੀਆਂ ਵਾਲੇ ਪਾਸੇ ਮੌਤਾਂ ਦੀ ਤਾਦਾਦ ਕਿਤੇ ਜ਼ਿਆਦਾ ਸੀ। ਪਰ 24 ਫਰਵਰੀ 1915 ਨੂੰ ਲੰਦਨ ਦੇ ਅਖ਼ਬਾਰਾਂ ਵਿਚ ਜੋ ਗੋਲਮੋਲ ਸੂਚਨਾ ਨਸ਼ਰ ਕੀਤੀ ਗਈ ਉਸ ਵਿਚ ਅੰਗਰੇਜ਼ਾਂ ਨੇ ਗ਼ਦਰ ਦੇ ਪ੍ਰਚਾਰ ਦੇ ਅਸਰ ਉਪਰ

ਪਰਦਾ ਪਾਉਂਦੇ ਹੋਏ ਜਾਨੀ ਨੁਕਸਾਨ ਦੀ ਸਹੀ ਰਿਪੋਰਟ ਨਹੀਂ ਦਿੱਤੀ ਸੀ। ਪੇਪਰ ਨੇ ਰਿਪੋਰਟ ਦਿੱਤੀ ਕਿ ਜਦੋਂ ਦੋ ਦਿਨ ਬਾਦ ਇਕ ਅੰਗਰੇਜ਼ ਸਲੂਪ ਜਹਾਜ਼ ਉਪਰ ਕੁਮਕ ਸਹਾਇਤਾ ਲਈ ਪਹੁੰਚੀ ਓਦੋਂ ਤਕ ਸਿਰਫ਼ ਇਕ ਦਰਜਨ ਅੰਗਰੇਜ਼ ਅਫ਼ਸਰ ਅਤੇ ਤਕਰੀਬਨ ਇੰਨੇ ਕੁ ਆਮ ਨਾਗਰਿਕ ਹੀ ਮਾਰੇ ਗਏ ਸਨ।[10]

ਇਸ ਬਗ਼ਾਵਤ ਦੇ ਆਗੂ ਚਿਸਤੀ ਖ਼ਾਨ, ਅਬਦੁਲ ਗ਼ਨੀ ਅਤੇ ਦਾਊਦ ਖ਼ਾਨ ਸਨ।[11]

ਇਤਹਾਦੀ ਤਾਕਤਾਂ ਨਾਲ ਘਮਸਾਣ ਦੀ ਲੜਾਈ: 17 ਫਰਵਰੀ ਨੂੰ ਬ੍ਰਿਗੇਡੀਅਰ ਜਨਰਲ ਰਿਡੌਟ ਨੇ ਮਾਰਸ਼ਲ ਲਾਅ ਐਲਾਨ ਕਰ ਦਿੱਤਾ ਅਤੇ ਆਪਣੇ ਨੇੜਲੇ ਰੂਸੀ, ਫਰਾਂਸੀਸੀ ਅਤੇ ਜਰਮਨ ਜੰਗੀ ਜਹਾਜ਼ਾਂ ਤੋਂ ਮਦਦ ਮੰਗ ਲਈ। ਨਾਲ ਹੀ, ਅੰਗਰੇਜ਼ ਵਾਈਸ-ਐਡਮਿਰਲ ਸਰ ਮਾਰਟਿਨ ਜੈਰਮ ਨੇ ਰੇਡੀਓ ਪੈਗ਼ਾਮ ਜਾਰੀ ਕਰਕੇ ਨੇੜਲੇ ਇਤਹਾਦੀ ਜੰਗੀ ਜਹਾਜ਼ਾਂ ਨੂੰ ਮਦਦ ਦੀ ਗੁਜ਼ਾਰਿਸ਼ ਕੀਤੀ।[12]

ਸਿੰਘਾਪੁਰ ਵਾਲੰਟੀਅਰ ਤੋਪਖ਼ਾਨੇ ਤੋਂ ਇਲਾਵਾ, ਵਧੀਕ ਅੰਗਰੇਜ਼ ਸਿਪਾਹੀਆਂ, ਜੋਹੋਰ ਦੇ ਸੁਲਤਾਨ ਵਲੋਂ ਬੁਲਾਏ ਫ਼ੌਜੀਆਂ, ਰੂਸੀ ਆਗਜ਼ਿਲਰੀ ਕਰੂਜ਼ਰ ਓਰਲ ਤੋਂ ਬਾਦ ਫਰਾਂਸੀਸੀ ਕਰੂਜ਼ਰ ਮੌਂਟਕਾਮ ਵੀ ਆ ਪਹੁੰਚੇ। ਓਟੋਵਾ ਤੇ ਸੁਸ਼ੀਮਾ ਜਪਾਨੀ ਜਹਾਜ਼ ਵੀ ਆ ਪਹੁੰਚੇ ਅਤੇ ਅਲੈਗਜ਼ੈਂਡਰ ਬੈਰਕ ਉਪਰ ਕਬਜ਼ਾ ਕਰ ਲਿਆ, ਹਾਲਾਂਕਿ ਬਾਦ ਵਿਚ ਅੰਗਰੇਜ਼ਾਂ ਨੇ ਉਨ੍ਹਾਂ ਦੀ ਭੂਮਿਕਾ ਤੋਂ ਇਨਕਾਰ ਕੀਤਾ ਜਾਂ ਉਸ ਨੂੰ ਘਟਾਕੇ ਪੇਸ਼ ਕੀਤਾ ਗਿਆ।[13]

ਇਤਹਾਦੀ ਸਮੁੰਦਰੀ ਫ਼ੌਜਾਂ ਨੂੰ ਤੁਰੰਤ ਲਾਮਬੰਦ ਕਰ ਲਿਆ ਗਿਆ ਅਤੇ ਬਾਗ਼ੀਆਂ ਉਪਰ ਚੜ੍ਹਾਈ ਕਰ ਦਿੱਤੀ। ਘਮਸਾਣ ਦੀ ਲੜਾਈ ਹੋਈ ਜਿਸ ਵਿਚ ਬਹੁਤ ਸਾਰੇ ਬਾਗ਼ੀ ਮਾਰੇ ਗਏ ਜਾਂ ਜ਼ਖ਼ਮੀ ਹੋ ਗਏ।

20 ਫਰਵਰੀ ਨੂੰ ਸ਼ਰੌਪਸ਼ਾਇਰ ਲਾਈਟ ਰਿਸਾਲੇ (ਟੈਰੀਟੋਰੀਅਲਜ਼) ਦੀਆਂ ਪਹਿਲੀ/ਚੌਥੀ ਕੰਪਨੀਆਂ ਜਹਾਜ਼ੀਆਂ ਅਤੇ ਸਮੁੰਦਰੀ ਫ਼ੌਜੀਆਂ ਨੂੰ ਸਾਹ ਦਿਵਾਉਣ ਲਈ ਰੰਗੂਨ ਤੋਂ ਇਥੇ ਆ ਪਹੁੰਚੀਆਂ। ਵੱਡੀ ਤਾਦਾਦ 'ਚ ਬਾਗ਼ੀਆਂ ਨੇ ਤੁਰੰਤ ਹਥਿਆਰ ਸੁੱਟ ਦਿੱਤੇ, ਅਤੇ ਬਾਕੀ ਦੇ ਇਤਹਾਦੀ ਤਾਕਤਾਂ ਨਾਲ ਛਾਪਾਮਾਰ ਲੜਾਈ ਲੜਨ ਲਈ ਜੰਗਲਾਂ ਵਿਚ ਖਿੰਡ ਗਏ। ਕਈਆਂ ਨੇ ਜਲ-ਡਮਰੂਆਂ ਨੂੰ ਪਾਰ ਕਰਨ ਦਾ ਯਤਨ ਕੀਤਾ, ਪਰ ਜੋਹੋਰ ਦੇ ਸੁਲਤਾਨ ਦੀ ਫ਼ੌਜ ਨੇ ਉਨ੍ਹਾਂ ਨੂੰ ਤੁਰੰਤ ਘੇਰਾ ਪਾਕੇ ਫੜ ਲਿਆ। ਉਨ੍ਹਾਂ ਨੇ ਆਖ਼ਰੀ ਬਾਗ਼ੀ ਵੀ ਫਟਾਫਟ ਦਬੋਚ ਲਏ। ਇੰਞ ਮਾਰਚ 1915 ਦੇ ਸ਼ੁਰੂ ਵਿਚ, ਬਾਗ਼ੀਆਂ ਦੀ ਬਹੁਗਿਣਤੀ ਫੜੀ ਜਾ ਚੁੱਕੀ ਸੀ ਅਤੇ ਸਿੰਘਾਪੁਰ ਵਿਚ ਜ਼ਿੰਦਗੀ ਸਹਿਜ ਹੋ ਗਈ ਸੀ।

ਫੜੇ ਗਏ ਬਹਾਦਰ ਸਿਪਾਹੀਆਂ ਵਿੱਚੋਂ 41 ਨੂੰ ਸ਼ਰੇਆਮ ਗੋਲੀ ਮਾਰ ਦਿੱਤੀ ਗਈ, ਉਨ੍ਹਾਂ ਵਿੱਚੋਂ ਤਿੰਨ ਨੂੰ ਫਾਹੇ ਲਾ ਦਿੱਤਾ ਗਿਆ, ਅਤੇ 161 ਨੂੰ ਵੱਖੋ-ਵੱਖਰੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।[14] ਬਾਕੀਆਂ ਵਿੱਚੋਂ ਕੁਛ ਨੂੰ ਕੈਦ ਜਾਂ ਪੂਰਬੀ ਅਫ਼ਰੀਕਾ ਭੇਜੇ ਜਾਣ ਵਿੱਚੋਂ ਇਕ ਸਜ਼ਾ ਚੁਨਣ ਲਈ ਕਿਹਾ ਗਿਆ। ਜ਼ਿਆਦਾਤਰ ਨੇ ਪੂਰਬੀ ਅਫ਼ਰੀਕਾ ਚਲੇ ਜਾਣ ਦੀ ਚੋਣ ਕੀਤੀ; ਉਥੇ ਉਨ੍ਹਾਂ ਨੂੰ ਆਵਾਜਾਈ ਲਾਈਨਾਂ ਵਿਛਾਉਣ ਦਾ ਕੰਮ ਦਿੱਤਾ ਗਿਆ ਜਿਥੇ ਉਨ੍ਹਾਂ ਦੀ ਜ਼ਿੰਦਗੀ ਡਾਹਢੀ ਮੁਸ਼ਕਲ ਅਤੇ ਨਾਖੁਸ਼ਗਵਾਰ ਸੀ ਅਤੇ ਹੋਰ ਰੈਜੀਮੈਂਟਾਂ ਉਨ੍ਹਾਂ ਨੂੰ "ਸਪੇਰੇ" ਕਹਿਕੇ ਮਖ਼ੌਲ ਉਡਾਉਂਦੀਆਂ ਸਨ।[15] ਉਥੇ ਵੀ ਗ਼ਦਰ ਦਾ ਇਕ ਕੇਂਦਰ ਸੀ। ਅਗਲੇ ਤਿੰਨ ਹਫ਼ਤੇ ਤਕ ਪੂਰੇ ਇਲਾਕੇ ਵਿਚ ਛੇ ਸੌ ਬਾਗ਼ੀ ਸਿਪਾਹੀਆਂ ਦਾ ਖ਼ੁਰਾ ਨੱਪਣ ਦੀ ਮੁਹਿਮ

ਜਾਰੀ ਰਹੀ। ਇਕਵੰਜਾ ਅਜੇ ਵੀ ਲਾਪਤਾ ਸਨ, ਜਿਨ੍ਹਾਂ ਬਾਰੇ ਸਮਝਿਆ ਜਾਂਦਾ ਸੀ ਕਿ ਜਾਂ ਤਾਂ ਉਹ ਭੇਸ ਵਟਾ ਕੇ ਛੁਪ ਗਏ ਜਾਂ ਚਕਮਾ ਦੇ ਗਏ।[16]

ਮਜ਼ਬੂਤ ਲੀਡਰਸ਼ਿਪ ਦੀ ਘਾਟ ਅਤੇ ਉਨ੍ਹਾਂ ਦੇ ਜਰਮਨ ਹਮਾਇਤੀਆਂ ਵਲੋਂ ਸਾਥ ਨਾ ਦਿੱਤੇ ਜਾਣ ਨਾਲ ਗ਼ਦਰ ਛੇਤੀ ਹੀ ਦਿਸ਼ਾ ਖੋਹ ਬੈਠਾ, ਜਿਸ ਦੇ ਮੁੱਖ ਕਾਰਨ ਇਹ ਸਨ:

ੳ) ਬਗ਼ਾਵਤ ਤੋਂ ਬਾਦ ਇਕੋ-ਇਕ ਕਮਾਨ ਅਤੇ ਕਾਰਵਾਈ ਦੀ ਯੋਜਨਾ ਦੀ ਘਾਟ;

ਅ) ਅਮਰੀਕਾ ਅਤੇ ਹੋਰ ਮੁਲਕਾਂ ਦੇ ਗ਼ਦਰੀਆਂ ਵਲੋਂ ਸੰਚਾਰ ਅਤੇ ਅਗਵਾਈ-ਸੇਧ ਨਾ ਦਿੱਤੇ ਜਾਣ ਦੀ ਘਾਟ;

ੲ) ਬਾਗ਼ੀਆਂ ਦਾ ਵਿਦਰੋਹ ਨੂੰ ਸਿਆਸੀ ਬਗਾਵਤ 'ਚ ਬਦਲਣ 'ਚ ਨਾਕਾਮ ਰਹਿਣਾ

ਸ) ਮਾੜਾ ਸਿਆਸੀ ਜਾਇਜ਼ਾ; ਨਹੀਂ ਤਾਂ ਬਾਗ਼ੀ ਕੇਂਦਰੀ ਪੁਲਿਸ ਤਾਕਤ ਉਪਰ ਹਮਲਾ ਕਰਕੇ ਦੋ ਸਿੱਖ ਪੁਲਿਸ ਗਾਰਡਾਂ ਨੂੰ ਜ਼ਖ਼ਮੀ ਨਾ ਕਰਦੇ। ਜਿਸ ਦਾ ਸਿੱਟਾ ਸਿੱਖ ਪੁਲਿਸ ਫੋਰਸ ਦੇ ਉਨ੍ਹਾਂ ਤੋਂ ਪਾਸਾ ਵੱਟ ਲੈਣ 'ਚ ਨਿਕਲਿਆ।

ਹ) 'ਐਮਡਨ' ਜੰਗੀ-ਜਹਾਜ਼ ਤੋਂ ਫੜਕੇ ਬੰਦੀ ਬਣਾਕੇ ਸਿੰਘਾਪੁਰ ਵਿਚ ਰੱਖੇ ਜਰਮਨ ਕੈਦੀਆਂ ਨੂੰ ਜਦੋਂ ਰਿਹਾਅ ਕਰ ਦਿੱਤਾ ਗਿਆ ਤਾਂ ਉਨ੍ਹਾਂ ਵਲੋਂ ਬਗ਼ਾਵਤ ਵਿਚ ਸ਼ਾਮਲ ਨਾ ਹੋਣਾ।

ਕ) ਨੇੜਲੇ ਸਮੁੰਦਰੀ ਪਾਣੀਆਂ ਵਿਚ ਮੌਜੂਦ ਜੰਗ 'ਚ ਸ਼ਾਮਲ ਸਮੁੰਦਰੀ ਫ਼ੌਜਾਂ ਵਲੋਂ ਕੀਤੀ ਮਦਦ।[17]

ਇਤਫ਼ਾਕਨ, ਸਿੰਘਾਪੁਰ ਦੀ ਏਸ਼ੀਆਈ ਵਸੋਂ ਦਾ ਇਹ ਆਮ ਖ਼ਿਆਲ ਸੀ ਕਿ ਉਨ੍ਹਾਂ ਨੂੰ ਸਜ਼ਾ ਦੇ ਕੇ 'ਨਿਆਂ ਕੀਤਾ ਗਿਆ ਹੈ'। ਬਗ਼ਾਵਤ ਦੌਰਾਨ, ਚੀਨੀ, ਮਲਾਇਆ ਵਾਸੀਆਂ ਅਤੇ ਤਾਮਿਲਾਂ ਨੇ ਜ਼ਿਆਦਾਤਰ ਕੋਈ ਸਰੋਕਾਰ ਨਹੀਂ ਦਿਖਾਇਆ। ਇਸ ਬੇਮੁੱਖਤਾ ਦੇ ਉਲਟ, ਹਿੰਦੁਸਤਾਨੀਆਂ ਦੇ ਧਨਾਢ ਵਰਗ ਨੇ ਬਾਗ਼ੀਆਂ ਨਾਲੋਂ ਤੁਰੰਤ ਨਾਤਾ ਤੋੜ ਲਿਆ। ਮਜ਼ਦੂਰ ਜਮਾਤ ਦੇ ਇਕ ਨਿੱਕੇ ਜਹੇ ਹਿੱਸੇ ਨੇ ਹੀ ਬਾਗ਼ੀਆਂ ਦੀ ਹੋਣੀ ਨਾਲ ਥੋੜ੍ਹੀ ਹਮਦਰਦੀ ਜਤਾਈ। ਸ਼ਰੇਆਮ ਫਾਂਸੀ ਦਿੱਤੇ ਜਾਣ ਦਾ ਅਵਾਮ ਦੇ ਮਨਾਂ ਉਪਰ ਭਿਆਨਕ ਅਸਰ ਪਿਆ।[18]

ਗ਼ਦਰ ਦੀ ਸਮੁੱਚੀ ਅਸਫ਼ਲਤਾ ਦਾ ਵਿਸ਼ਲੇਸ਼ਣ ਕਰਦੇ ਹੋਏ ਡਾ. ਪੁਰੀ ਕਹਿੰਦੇ ਹਨ:

"ਇਕ ਲਿਹਾਜ਼ ਨਾਲ ਇਸ ਨੇ ਅਸਫ਼ਲ ਹੋਣਾ ਹੀ ਸੀ। ਉਨ੍ਹਾਂ ਦੀ ਜਥੇਬੰਦੀ ਅਤੇ ਹਥਿਆਰਾਂ ਦਾ ਉਸ ਵਕਤ ਅੰਗਰੇਜ਼ ਸਲਤਨਤ ਦੇ ਪ੍ਰਸ਼ਾਸਨ ਅਤੇ ਫ਼ੌਜੀ ਤਾਕਤ ਨਾਲ ਕੋਈ ਮੁਕਾਬਲਾ ਨਹੀਂ ਸੀ। ਗ਼ਦਰ ਪਾਰਟੀ ਅਜੇ ਅਮਰੀਕਾ ਵਿਚ ਬਣਨ ਦੇ ਮੁੱਢਲੇ ਪੜਾਅ 'ਤੇ ਹੀ ਸੀ ਜਦੋਂ ਪਹਿਲੀ ਆਲਮੀ ਜੰਗ ਛਿੜ ਗਈ। ਦਰਅਸਲ *ਗ਼ਦਰ* ਅਖ਼ਬਾਰ ਹੀ ਉਨ੍ਹਾਂ ਲਈ ਲਾਮਬੰਦੀ ਦਾ ਇੱਕੋਇਕ ਜ਼ਰੀਆ ਸੀ। ਇਸ ਨੂੰ ਨਿਕਲਦੇ ਨੂੰ ਅਜੇ ਦਸ ਮਹੀਨੇ ਹੀ ਹੋਏ ਸਨ ਜਦੋਂ ਗ਼ਦਰੀਆਂ ਨੇ ਜੰਗ ਵਲੋਂ ਮੁਹੱਈਆ ਕੀਤੇ ਮੌਕੇ ਦਾ ਲਾਹਾ ਲੈਣ ਦਾ ਫ਼ੈਸਲਾ ਕਰ ਲਿਆ।"[19]

ਹਿੰਦੁਸਤਾਨੀ ਫ਼ੌਜ 5ਵੇਂ ਇੰਡੀਅਨ ਦੇਸੀ ਲਾਈਟ ਰਿਸਾਲੇ ਦੀ ਮੁਸਲਿਮ ਸ਼ਾਖਾ ਸੀ, ਜੋ ਮੁੱਖ ਤੌਰ 'ਤੇ ਰੰਘੜ (ਰਾਜਪੂਤ ਪਿਛੋਕੜ ਵਾਲਾ ਮੁਸਲਮਾਨਾਂ ਦਾ ਇਕ ਨਸਲੀ-ਸਭਿਆਚਾਰਕ ਗਰੁੱਪ ਜੋ ਪੰਜਾਬ ਤੇ ਸਿੰਧ ਵਿਚ ਮਿਲਦਾ ਹੈ) ਅਤੇ ਪਠਾਣਾਂ ਨੂੰ ਲੈ ਕੇ ਬਣਾਈ ਗਈ ਸੀ। ਇਸ ਦੀ ਕਮਾਨ ਅੰਗਰੇਜ਼ ਅਤੇ ਹਿੰਦੁਸਤਾਨੀ ਅਫ਼ਸਰਾਂ ਦੇ ਹੱਥ ਸੀ। ਇਸਦੇ ਬਾਕੀ ਸਿਪਾਹੀ, ਜਿਨ੍ਹਾਂ ਦੀ ਤਾਦਾਦ 588 ਸੀ ਅਤੇ ਸੱਤ ਅੰਗਰੇਜ਼ ਤੇ ਹਿੰਦੁਸਤਾਨੀ ਅਫ਼ਸਰ ਸਨ, 3 ਜੁਲਾਈ 1915

ਨੂੰ ਕੈਮਰੂਨਜ਼ ਅਤੇ ਜਰਮਨਾਂ ਦੇ ਕਬਜ਼ੇ ਵਾਲੇ ਪੂਰਬੀ ਅਫ਼ਰੀਕਾ ਵਿਚ ਸਰਗਰਮ ਫ਼ੌਜੀ ਭੂਮਿਕਾ ਨਿਭਾਉਣ ਲਈ ਸਿੰਘਾਪੁਰ ਚਲੇ ਗਏ ਸਨ। ਕਰਨਲ ਮਾਰਟਿਨ ਉਨ੍ਹਾਂ ਨਾਲ ਨਹੀਂ ਸੀ ਗਿਆ, ਜਿਸ ਦੀ ਇਕ ਅਦਾਲਤੀ ਜਾਂਚ ਵਲੋਂ ਤਿੱਖੀ ਆਲੋਚਨਾ ਕੀਤੀ ਗਈ ਅਤੇ ਫਿਰ ਫ਼ੌਜ ਦੀ ਨੌਕਰੀ ਤੋਂ ਰਿਟਾਇਰ ਕਰ ਦਿੱਤਾ ਗਿਆ।

1922 'ਚ 5ਵਾਂ ਇੰਡੀਅਨ ਦੇਸੀ ਲਾਈਟ ਰਿਸਾਲਾ ਭੰਗ ਕਰ ਦਿੱਤਾ ਗਿਆ। ਇਹ ਬਟਾਲੀਅਨ ਲੰਮਾ ਵਕਤ ਪਹਿਲਾਂ 1803 ਵਿਚ ਬਣਾਈ ਗਈ ਸੀ। ਲਗਭਗ ਇਹੀ ਹੋਣੀ ਮਲਾਏ ਸਟਰੇਟਸ ਗਾਈਡਜ਼ ਦੀ ਸੀ; ਅਪ੍ਰੈਲ 1915 'ਚ ਉਨ੍ਹਾਂ ਨੂੰ ਪਸੀਰ ਪੁਤੇਹ ਵਿਖੇ ਟੌਂਕ ਜਾਂਗੁਟ ਬਗ਼ਾਵਤ ਨੂੰ ਕੁਚਲਣ ਲਈ ਮਲਾਇਆ ਵਿਚ ਕੇਲੈਂਟਨ ਭੇਜਿਆ ਗਿਆ ਸੀ। ਬਾਦ ਵਿਚ ਗਾਈਡਜ਼ ਨੂੰ ਅਫ਼ਰੀਕਾ ਵਿਚ ਲੜਨ ਲਈ ਘੱਲ ਦਿੱਤਾ ਗਿਆ ਅਤੇ 1919 'ਚ ਇਸ ਨੂੰ ਤੋੜ ਦਿੱਤਾ ਗਿਆ।

ਬਗ਼ਾਵਤ ਬਾਰੇ ਰਿਪੋਰਟਾਂ: ਅੰਗਰੇਜ਼ੀ ਦੇ ਇਕ ਰੋਜ਼ਾਨਾ ਅਖ਼ਬਾਰ *ਦ ਜਪਾਨ ਕਰੋਨੀਕਲ*, ਜਿਸ ਦਾ ਸੰਪਾਦਨ ਰੋਬਰਟ ਯੰਗ ਕਰਦਾ ਸੀ, ਨੇ 24 ਫਰਵਰੀ 1915 ਨੂੰ ਲਿਖਿਆ ਕਿ ਜਪਾਨੀ ਸਮੁੰਦਰੀ ਫ਼ੌਜ ਨੇ ਐਲਾਨ ਕੀਤਾ ਕਿ ਸਿਪਾਹੀਆਂ ਦੀ ਬਗ਼ਾਵਤ ਪੂਰੀ ਤਰ੍ਹਾਂ ਕੁਚਲ ਦਿੱਤੀ ਗਈ ਸੀ ਅਤੇ ਕਾਨੂੰਨ ਬਹਾਲ ਕਰ ਦਿੱਤਾ ਗਿਆ ਸੀ। ਅਖ਼ਬਾਰ ਨੇ ਰਿਪੋਰਟ ਦਿੱਤੀ ਕਿ ਇਕ ਦਰਜਨ ਜਾਂ ਇਸ ਤੋਂ ਵਧੇਰੇ ਅੰਗਰੇਜ਼ ਸਿਪਾਹੀ ਅਤੇ ਨਾਗਰਿਕ ਬਗ਼ਾਵਤ ਵਿਚ ਮਾਰੇ ਗਏ ਸਨ, ਪਰ ਜਪਾਨੀਆਂ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਸੀ।[20] ਸਿੰਘਾਪੁਰ ਵਿਚ ਜਪਾਨੀ ਕੌਂਸਲ ਫੂਜੀ ਮਿਨਰੂ ਵਲੋਂ ਹਿੰਦੁਸਤਾਨੀ ਸਿਪਾਹੀਆਂ ਦੀ ਬਗ਼ਾਵਤ ਬਾਰੇ ਭੇਜੀ ਰਿਪੋਰਟ ਵੀ ਇਕ ਅਹਿਮ ਅਧਿਕਾਰਤ ਦਸਤਾਵੇਜ਼ ਹੈ ਜੋ ਜਪਾਨੀ ਹਕੂਮਤ ਦੀ ਤਰਫ਼ੋਂ ਲਿਖੀ ਗਈ ਸੀ। ਫੂਜੀ ਦੀ ਰਿਪੋਰਟ ਲਿਖਦੀ ਹੈ ਕਿ ਜਪਾਨੀਆਂ ਨੇ ਤਾਂ ਸਿਪਾਹੀਆਂ ਦੀ ਬਗ਼ਾਵਤ ਨੂੰ ਦਬਾਉਣ ਵਿਚ ਅੰਗਰੇਜ਼ਾਂ ਦਾ ਸਾਥ ਦਿੱਤਾ, ਪਰ ਤੀਜੇ ਸਕੂਐਡਰਨ ਦੇ ਕਮਾਂਡਰ, ਸੂਚਿਆ, ਨੇ ਆਪਣੇ ਜਵਾਨਾਂ ਨੂੰ ਹਦਾਇਤ ਦਿੱਤੀ ਸੀ ਕਿ ਹਿੰਦੁਸਤਾਨੀ ਬਾਗ਼ੀ ਸਿਪਾਹੀਆਂ ਨੂੰ ਮਿੱਥਕੇ ਨਹੀਂ ਮਾਰਨਾ ਸਗੋਂ ਉਨ੍ਹਾਂ ਤੋਂ ਹਥਿਆਰ ਸੁਟਵਾ ਲਉ।[21]

ਕੌਂਸਲ ਫੂਜੀ ਦੀ ਰਿਪੋਰਟ ਅਤੇ ਅਦਾਲਤੀ ਜਾਂਚ ਦੋਹਾਂ ਵਿਚ ਇਕ ਜਪਾਨੀ ਨਾਈ, ਸ਼੍ਰੀਮਾਨ ਓਂਡਾ, ਦੀ ਗਵਾਹੀ ਦਿੱਤੀ ਗਈ ਹੈ ਜੋ ਓਦੋਂ ਜਰਮਨ ਜੰਗੀ ਕੈਦੀਆਂ ਦੇ ਖ਼ੇਮੇ ਵਿਚ ਕੰਮ ਕਰ ਰਿਹਾ ਸੀ।[22] ਓਂਡਾ ਵਲੋਂ ਅਦਾਲਤੀ ਜਾਂਚ ਅੱਗੇ ਦਿੱਤੀ ਗਵਾਹੀ ਦਾ ਸਬੰਧਤ ਹਿੱਸਾ ਇਸ ਤਰ੍ਹਾਂ ਸੀ:

"15 ਫਰਵਰੀ ਨੂੰ ਦਿਨ ਦੇ ਸਾਢੇ ਤਿੰਨ ਵਜੇ, ਜਦੋਂ ਮੈਂ ਜੰਗੀ ਕੈਦੀਆਂ ਦੇ ਖ਼ੇਮੇ ਵਿਚ ਸੀ, ਮੈਂ ਗੋਲੀਆਂ ਚੱਲਣ ਦੀ ਆਵਾਜ਼ ਸੁਣੀ। ਇਸ ਕਰਕੇ ਮੈਂ ਇਹ ਦੇਖਣ ਲਈ ਉੱਚੀ ਜਗ੍ਹਾ 'ਤੇ ਜਾ ਚੜ੍ਹਿਆ ਕਿ ਕੀ ਹੋ ਰਿਹਾ ਸੀ। ਮੈਂ ਦੇਖਿਆ ਕਿ ਕੁਝ ਬੰਗਾਲੀ ਸਿਪਾਹੀ ਉਨ੍ਹਾਂ ਅੰਗਰੇਜ਼ਾਂ ਉਪਰ ਗੋਲੀਆਂ ਚਲਾ ਰਹੇ ਸਨ ਜੋ ਜਰਮਨਾਂ ਨੂੰ ਖਾਣਾ ਸਪਲਾਈ ਕਰਨ ਵਾਲੇ ਇਕ ਠੇਕੇਦਾਰ ਦੇ ਚੀਨੀ ਭਵਨ ਵਿਚ ਲੁਕੇ ਹੋਏ ਸਨ। ਕੁਝ ਅੰਗਰੇਜ਼ਾਂ ਨੂੰ ਮਾਰਨ ਤੋਂ ਬਾਦ ਉਹ ਕੈਦੀਆਂ ਦੇ ਖ਼ੇਮੇ ਦੇ ਮੁੱਖ ਦੁਆਰ 'ਤੇ ਆ ਗਏ। ਮੈਂ ਨਹੀਂ ਜਾਣਦਾ ਉਨ੍ਹਾਂ ਦੀ ਤਾਦਾਦ ਕਿੰਨੀ ਸੀ, ਪਰ ਤੇਰਾਂ ਦੇ ਕਰੀਬ ਕੈਦੀਆਂ ਦੇ ਖ਼ੇਮੇ ਦੇ ਅੰਦਰ ਆ ਗਏ। ਮੈਂ 'ਐਮਡਨ' ਭਵਨ ਨੇੜੇ ਜਰਮਨ ਕੈਦੀਆਂ ਦਰਮਿਆਨ ਇਕ ਉੱਚੀ ਜਗ੍ਹਾ 'ਤੇ ਖੜ੍ਹਾ ਸੀ। ਸੰਤਰੀ ਨੂੰ ਗੋਲੀ ਮਾਰਕੇ ਉਨ੍ਹਾਂ ਨੇ ਉਸ ਤੋਂ ਕੁੰਜੀਆਂ ਲੈ

ਲਈਆਂ। ਤੇਰਾਂ ਜਣੇ ਖ਼ੇਮੇ ਦੇ ਅੰਦਰ ਆ ਗਏ ਅਤੇ ਅਠਾਰਾਂ ਦੇ ਕਰੀਬ ਰਾਈਫ਼ਲਾਂ 'ਐਮਡਨ' ਵਾਲਿਆਂ ਨੂੰ ਦੇ ਦਿੱਤੀਆਂ।''[23][ਐੱਸਐੱਮਐੱਸ ਐਮਡਨ ਚੀਨ ਅਧਾਰਤ ਜਰਮਨੀ ਦੀ ਸ਼ਾਹੀ ਸਮੁੰਦਰੀ ਫ਼ੌਜ ਦਾ ਹਿਸਾ ਸੀ ਜਿਸ ਨੂੰ ਪਹਿਲੀ ਆਲਮੀ ਜੰਗ ਸ਼ੁਰੂ ਹੋਣ 'ਤੇ ਹਿੰਦ ਮਹਾਂਸਾਗਰ ਵਿਚ ਇਤਹਾਦੀ ਹਿੱਤਾਂ ਉਪਰ ਹਮਲਾ ਕਰਨ ਦਾ ਹੁਕਮ ਦਿੱਤਾ ਗਿਆ ਸੀ। 9 ਨਵੰਬਰ 1914 ਨੂੰ ਐੱਚਐੱਮਏਐੱਸ ਸਿਡਨੀ ਨੇ ਇਸ ਨੂੰ ਕੋਕੋਸ ਟਾਪੂਆਂ ਤੋਂ ਦੂਰ ਸਮੁੰਦਰ ਵਿਚ ਡੁਬੋ ਦਿੱਤਾ ਸੀ।]

ਓਂਡਾ ਦੀ ਟਿੱਪਣੀ ਦੋ ਥਾਂਵਾਂ 'ਤੇ 'ਸਾਬਤ ਕਰਦੀ' ਹੈ ਕਿ ਜਦੋਂ ਬਾਗ਼ੀ ਸਿਪਾਹੀਆਂ ਨੇ ਉਨ੍ਹਾਂ ਦੇ ਕੈਂਪ ਉਪਰ ਹਮਲਾ ਕੀਤਾ ਤਾਂ ਜਰਮਨ ਕੈਦੀ ਸ਼ਾਂਤ ਰਹੇ, ਜਦੋਂਕਿ ਫ਼ੂਜੀ ਦੀ ਰਿਪੋਰਟ ਤੋਂ ਇਹ ਪ੍ਰਭਾਵ ਪੈਂਦਾ ਹੈ ਕਿ ਜਰਮਨ ਜੰਗੀ ਕੈਦੀਆਂ ਨੂੰ ਬਗ਼ਾਵਤ ਦੀ ਪਹਿਲਾਂ ਹੀ ਜਾਣਕਾਰੀ ਸੀ। ਇਸਦੇ ਉਲਟ ਅਦਾਲਤੀ ਜਾਂਚ ਦੀ ਰਿਪੋਰਟ ਇਸ ਬਾਰੇ ਸੰਕੋਚ ਨਾਲ ਬਿਆਨ ਕਰਦੀ ਹੈ ਕਿ 'ਜਰਮਨ ਜੰਗੀ ਕੈਦੀਆਂ ਦੇ ਜਿਸ ਵੱਡੇ ਹਿੱਸੇ ਨੇ ਗਾਰਦਾਂ ਅਤੇ ਹਸਪਤਾਲ ਦੇ ਅਫ਼ਸਰਾਂ ਤੇ ਸਿਪਾਹੀਆਂ ਨੂੰ ਸਹਿਯੋਗ ਦਿੱਤਾ ਉਨ੍ਹਾਂ ਦੇ ਸਹੀ ਵਿਹਾਰ ਤੋਂ ਇਹ ਰਾਇ ਪੱਕੀ ਹੁੰਦੀ ਹੈ ਕਿ ਜੇ ਕੋਈ ਜਰਮਨ ਸਾਜ਼ਿਸ਼ ਸੀ ਤਾਂ ਇਹ ਬਹੁਤ ਥੋੜ੍ਹੇ ਬੰਦਿਆਂ ਤਕ ਸੀਮਤ ਸੀ'।[24] ਇਕ ਜਰਮਨ ਕਾਰੋਬਾਰੀ ਅਤੇ ਕੈਂਪ ਦਾ ਇਕ ਆਗੂ ਉਨ੍ਹਾਂ ਵਿੱਚੋਂ ਇਕ ਸੀ, ਪਰ ਉਹ ਵੀ 'ਨਹੀਂ ਸੀ ਜਾਣਦਾ ਕਿ ਅੱਗੇ ਕੀ ਕਰਨਾ ਹੈ'।[25]

ਮੁਕੱਦਮਾ ਅਤੇ ਸ਼ਰੇਆਮ ਮੌਤ ਦੀਆਂ ਸਜ਼ਾਵਾਂ: ਸਿੰਘਾਪੁਰ ਗ਼ਦਰ ਸਿੰਘਾਪੁਰ ਵਿਚ ਅੰਗਰੇਜ਼ ਬਸਤੀਵਾਦੀ ਅਥਾਰਟੀਜ਼ ਉਪਰ ਸੱਟ ਸੀ ਕਿਉਂਕਿ ਇਸ ਤੋਂ ਇਹ ਸੰਕੇਤ ਮਿਲਿਆ ਕਿ ਜਿਸ ਨੂੰ ਓਦੋਂ ਉਨ੍ਹਾਂ ਦੀਆਂ ਦੂਰ ਪੂਰਬ ਦੀਆਂ ਸਭ ਤੋਂ ਕੀਮਤੀ ਬਸਤੀਆਂ ਵਿੱਚੋਂ ਇਕ ਸਮਝਿਆ ਜਾਂਦਾ ਸੀ ਉਸ ਉਪਰ ਉਨ੍ਹਾਂ ਦਾ ਕਾਬੂ ਨਹੀਂ ਸੀ। ਟਾਪੂ ਦੀ ਯੁੱਧਨੀਤਕ ਅਤੇ ਵਪਾਰਕ ਦੋਵੇਂ ਤਰ੍ਹਾਂ ਦੀ ਅਹਿਮੀਅਤ ਤੋਂ ਜਾਣੂ ਅੰਗਰੇਜ਼ ਅਥਾਰਟੀ ਨੇ ਵਕਤ ਜ਼ਾਇਆ ਨਾ ਕਰਕੇ ਕਸੂਰਵਾਰਾਂ ਨੂੰ ਫਟਾਫਟ ਸਜ਼ਾਵਾਂ ਦੇ ਦਿੱਤੀਆਂ।

23 ਫਰਵਰੀ 1915 ਨੂੰ ਪਹਿਲਾਂ ਖ਼ੁਫ਼ੀਆ ਅਤੇ ਫਿਰ ਜਨਤਕ ਤੌਰ 'ਤੇ ਇਹ ਦਿਖਾਉਣ ਲਈ ਇਕ ਅਦਾਲਤੀ ਜਾਂਚ ਕਰਵਾਈ ਗਈ ਕਿ ਸ਼ਹਿਨਸ਼ਾਹ ਦੀ ਬਸਤੀ ਵਿਚ ਨਿਰਪੱਖ ਮੁਕੱਦਮਾ ਚਲਾਇਆ ਗਿਆ ਹੈ। ਇਹ 15 ਮਈ 1915 ਤਕ ਚੱਲਦਾ ਰਿਹਾ। ਭਾਵੇਂ 5ਵੇਂ ਲਾਈਟ ਰਿਸਾਲੇ ਦੇ ਅਫ਼ਸਰਾਂ ਤੇ ਸਿਪਾਹੀਆਂ ਵਿਚ ਵਿਆਪਕ ਅਣਬਣ ਸਾਹਮਣੇ ਆਈ ਪਰ ਗ਼ਦਰ ਦਾ ਕਾਰਨ ਨਿਸ਼ਚਿਤ ਨਹੀਂ ਕੀਤਾ ਜਾ ਸਕਿਆ।

ਜਦੋਂਕਿ ਜਾਂਚ ਇਸ ਦੀ ਕਾਇਲ ਸੀ ਕਿ ਬਾਗ਼ੀ ਸਿਪਾਹੀਆਂ ਨੂੰ ਉਨ੍ਹਾਂ ਨਾਲ ਹੁੰਦੇ ਅਨਿਆਂ ਵਿਰੁੱਧ ਇਕਜੁੱਟ ਹੋਣ ਲਈ ਵਿਸਾਹਘਾਤੀ ਏਜੰਟਾਂ ਨੇ ਉਕਸਾਇਆ ਸੀ, ਜੋ ਰਾਸ਼ਟਰਵਾਦੀ ਜਾਂ ਧਾਰਮਿਕ ਵਹਿਣ 'ਚ ਵਹਿ ਗਏ ਸਨ। 200 ਤੋਂ ਵੱਧ ਸਿਪਾਹੀਆਂ ਦਾ ਕੋਰਟ-ਮਾਰਸ਼ਲ ਹੋਇਆ, ਕਾਸਿਮ ਮਨਸੂਰ ਸਮੇਤ 47 ਨੂੰ ਸਜ਼ਾ-ਏ-ਮੌਤ ਦਿੱਤੀ ਗਈ। ਨੂਰ ਆਲਮ ਸ਼ਾਹ ਉਪਰ ਮੁਕੱਦਮਾ ਨਹੀਂ ਚਲਾਇਆ ਗਿਆ, ਹਾਲਾਂਕਿ ਬਤੌਰ ਇਕ ਹਿੰਦੁਸਤਾਨੀ ਰਾਸ਼ਟਰਵਾਦੀ ਉਸਦੇ ਗ਼ਦਰ ਨਾਲ ਸੰਪਰਕ ਦਾ ਪਤਾ ਲੱਗ ਗਿਆ ਸੀ। ਇਸ ਦੀ ਬਜਾਏ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਜਲਾਵਤਨ ਕਰ ਦਿੱਤਾ ਗਿਆ, ਕਿਉਂਕਿ ਅੰਗਰੇਜ਼ ਨਹੀਂ ਸੀ ਚਾਹੁੰਦੇ ਕਿ ਉਨ੍ਹਾਂ ਦੀ ਮੁਸਲਿਮ ਪਰਜਾ ਵਿਚ ਕੋਈ ਗੜਬੜ ਪੈਦਾ ਹੋਵੇ। 64 ਨੂੰ ਉਮਰ ਕੈਦ ਦੀ ਸਜ਼ਾ ਦੇਕੇ

ਜਲਾਵਤਨ ਕਰ ਦਿੱਤਾ ਗਿਆ ਅਤੇ 73 ਜਣਿਆਂ ਨੂੰ 7 ਤੋਂ ਲੈ ਕੇ 20 ਸਾਲ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।

ਇਹ ਹੈਰਾਨੀ ਦੀ ਗੱਲ ਸੀ ਕਿ ਕੋਰਟ ਮਾਰਸ਼ਲ ਦੇ ਸਿਖ਼ਰ 'ਤੇ ਇਹ ਐਲਾਨ ਕੀਤਾ ਗਿਆ ਕਿ ਮੌਤ ਦੀ ਸਜ਼ਾ ਸ਼ਰੇਆਮ ਦਿੱਤੀ ਜਾਵੇਗੀ। ਟਾਪੂ ਬਸਤੀਆਂ ਦਾ ਕੈਡਟ ਅਧਿਕਾਰੀ ਆਰਥਰ ਹੈਰਲਡ ਡਿਕਸਨ ਬਿਆਨ ਕਰਦਾ ਹੈ:

"ਮਿਥੇ ਵਕਤ ਤੋਂ ਪਹਿਲਾਂ ਹੀ ਗੋਲਾਕਾਰ ਖੇਡ ਮੈਦਾਨ ਲੋਕਾਂ ਨਾਲ ਖਚਾਖਚ ਭਰਿਆ ਹੋਇਆ ਸੀ। ਪਹਿਲੇ ਦਿਨ ਦੁਪਹਿਰ ਢਾਈ ਵਜੇ ਸ਼ਾਹੀ ਤੋਪਖ਼ਾਨੇ ਦੇ ਦਸ ਸਿਪਾਹੀਆਂ ਦੀ ਫਾਇਰਿੰਗ ਟੋਲੀ ਨੇ ਮੈਦਾਨ ਵਿਚ ਮਾਰਚ ਕੀਤਾ, ਉਹ ਰੁਕ ਗਏ ਅਤੇ ਅਰਾਮ ਨਾਲ ਖੜ੍ਹੇ ਹੋ ਗਏ। ਕੁਛ ਮਿੰਟ ਬਾਦ ਸਿੱਖ ਪੁਲਿਸ ਦੇ ਹਥਿਆਰਬੰਦ ਪਹਿਰੇ ਹੇਠ ਉਨ੍ਹਾਂ ਦੋ ਬਾਗ਼ੀਆਂ ਨੂੰ ਜੇਲ੍ਹ ਦੇ ਮੁੱਖ ਦੁਆਰ ਤੋਂ ਬਾਹਰ ਲਿਆਂਦਾ ਗਿਆ ਜਿਨ੍ਹਾਂ ਨੂੰ ਸਜ਼ਾ-ਏ-ਮੌਤ ਦਿੱਤੀ ਜਾਣੀ ਸੀ। ਮੇਜਰ ਡੇਵਰ ਕਮਾਨ ਕਰ ਰਿਹਾ ਸੀ। ਆਮ ਪਹਿਰਾਵੇ ਵਿਚ ਸੂਬੇਦਾਰ ਡੂੰਡਾ ਖ਼ਾਨ ਅਤੇ ਜਮਾਂਦਾਰ ਚਿਸਤੀ ਖ਼ਾਨ ਪਹਿਰੇ ਹੇਠ ਸਿੱਧੇ ਮੌਤ ਦੇ ਚਬੂਤਰੇ ਉਪਰ ਆ ਕੇ ਖੜ੍ਹੇ ਹੋ ਗਏ, ਉਨ੍ਹਾਂ ਦੇ ਗਿੱਟੇ ਚਬੂਤਰੇ ਨਾਲ ਨੂੜ ਦਿੱਤੇ ਗਏ। ਉਹ ਦੇ ਅੱਗੇ ਅੱਠ ਕਰਮਾਂ ਦੀ ਵਿੱਥ 'ਤੇ ਫਾਇਰਿੰਗ ਟੋਲੀ ਅਡੋਲ ਖੜ੍ਹੀ ਸੀ। ਦੰਡਿਤ ਇਨਸਾਨ ਸਾਵਧਾਨ ਖੜ੍ਹੇ ਸਨ। ਉਨ੍ਹਾਂ ਦੀਆਂ ਅੱਖਾਂ ਬੰਨ੍ਹੀਆਂ ਨਹੀਂ ਗਈਆਂ ਸਨ। ਉਨ੍ਹਾਂ ਦਾ ਜੁਰਮ ਕੋਈ ਵੀ ਹੋਵੇ, ਆਖ਼ਰੀ ਪਲਾਂ 'ਚ ਉਨ੍ਹਾਂ ਦੀ ਅਡੋਲਤਾ ਅਤੇ ਸ਼ਾਨ ਦਿਲਫਰੇਬ ਸੀ।"[26]

ਬਾਕੀ ਮੁਜਰਮਾਂ ਨੂੰ ਵੀ ਇਸੇ ਤਰੀਕੇ ਨਾਲ ਸਜ਼ਾ-ਏ-ਮੌਤ ਦਿੱਤੀ ਗਈ।

ਫਾਇਰਿੰਗ ਟੋਲੀ ਵਲੋਂ ਸ਼ਰੇਆਮ ਗੋਲੀ ਮਾਰਨ ਦੀ ਇਹ ਸਜ਼ਾ ਆਊਟਰਮ ਜੇਲ੍ਹ ਵਿਖੇ ਦਿੱਤੀ ਗਈ ਜਿਥੇ ਅੰਦਾਜ਼ਨ 15,000 ਤੋਂ ਉਪਰ ਲੋਕ ਇਸ ਨੂੰ ਦੇਖਣ ਲਈ ਮੌਜੂਦ ਸਨ। ਦ *ਸਟਰੇਟਸ ਟਾਈਮਜ਼* ਨੇ ਰਿਪੋਰਟ ਦਿੱਤੀ:

"ਬੇਥਾਹ ਹਜੂਮ, ਭਰੋਸੇਯੋਗ ਅੰਦਾਜ਼ੇ ਅਨੁਸਾਰ ਇਹ 15,000 ਤੋਂ ਉਪਰ ਸੀ, ਖਚਾਖਚ ਭਰੀ ਸਿਪਾਹੀ ਲਾਈਨਜ਼ ਦੀਆਂ ਢਲਾਣਾਂ ਉਪਰ ਬੈਠਾ ਇਹ ਨਜ਼ਾਰਾ ਦੇਖ ਰਿਹਾ ਸੀ। ਪਹਿਲਾਂ ਵਾਂਗ ਪੱਕੇ ਦਰਸ਼ਕ, ਸਥਾਨਕ ਪੁਲਿਸ ਵਾਲੰਟੀਅਰ ਅਤੇ ਸਿੰਘਾਪੁਰ ਵਾਲੰਟੀਅਰਜ਼ ਕਾਪਸ (ਐੱਸ.ਵੀ.ਸੀ.) ਦੇ ਕਰਨਲ ਡੈਰਿਕ ਦੀ ਕਮਾਨ ਹੇਠ ਸ਼ਰੌਪਸ਼ਾਇਰ ਵਰਗਾਕਾਰ ਘੇਰਾ ਬਣਾਈ ਬੈਠੇ ਸਨ। ਫਾਇਰਿੰਗ ਟੋਲੀ ਕੈਪਟਨ ਟੌਂਗ ਅਤੇ ਲੈਫਟੀਨੈਂਟ ਬਲੇਅਰ ਤੇ ਹੇਅ ਦੀ ਅਗਵਾਈ ਵਿਚ ਐੱਸ.ਵੀ.ਸੀ. ਦੀਆਂ ਵੱਖੋ-ਵੱਖਰੀਆਂ ਕੰਪਨੀਆਂ ਦੇ ਜਵਾਨਾਂ ਨੂੰ ਲੈ ਕੇ ਬਣਾਈ ਗਈ ਸੀ।"

ਨਿਸ਼ੀਮੁਰਾ ਟਾਕੇਸ਼ਿਰੋ, ਜੋ 1903 ਤੋਂ ਲੈ ਕੇ ਸਿੰਘਾਪੁਰ ਵਿਚ ਮੈਡੀਕਲ ਪ੍ਰੈਕਟੀਸ਼ਨਰ ਅਤੇ ਜਪਾਨੀ ਐਸੋਸੀਏਸ਼ਨ ਦਾ ਅਹੁਦੇਦਾਰ ਸੀ, ਹਿੰਦੁਸਤਾਨੀ ਬਾਗ਼ੀਆਂ ਨੂੰ ਸ਼ਰੇਆਮ ਦਿੱਤੀ ਸਜ਼ਾ-ਏ-ਮੌਤ ਦਾ ਗਵਾਹ ਸੀ। ਉਸਨੇ ਆਖ਼ਰੀ ਵੇਲੇ ਉਨ੍ਹਾਂ ਵਲੋਂ ਦਿਖਾਏ ਅਡੋਲ ਜਜ਼ਬੇ ਦੀ ਤਾਰੀਫ਼ ਕੀਤੀ ਹੈ।[27] ਇਹ ਮੰਜਰ ਉਸਦੀ ਡਾਇਰੀ ਵਿਚ ਦਰਜ ਹੈ।

ਆਰਥਰ ਥਾਪਸਨ ਲਿਖਦਾ ਹੈ, "ਸਾਜ਼ਿਸ਼ ਦੀ ਅਸਫ਼ਲਤਾ ਮੁੱਖ ਤੌਰ 'ਤੇ ਦੋ ਬੰਦਿਆਂ ਕਾਰਨ ਹੋਈ ਸੀ। ਪਹਿਲਾ ਸੀ ਰਾਜਪੂਤ ਬਿਗਲਚੀ, ਜਿਸਨੇ ਪਹਿਲੀ ਗੋਲੀ ਚੱਲਦੇ ਸਾਰ ਖ਼ਤਰੇ ਦਾ ਘੁੱਗੂ ਵਜਾ ਦਿੱਤਾ, ਤਾਂ ਕਿ ਹਰ ਰਾਜਪੂਤ ਆਪਣੀ ਰਾਈਫ਼ਲ ਸੰਭਾਲ ਲਏ ਅਤੇ ਇੰਦ

ਸਾਜ਼ਿਸ਼ੀਆਂ ਵਲੋਂ ਵਾਅਦੇ ਅਨੁਸਾਰ ਆਪਣੀਆਂ ਰਾਈਫ਼ਲਾਂ ਜਰਮਨਾਂ ਦੇ ਹਵਾਲੇ ਕਰਨ ਵਿਚ ਵਿਘਨ ਪੈ ਗਿਆ....।"[28]

ਇੰਞ, ਹੋਇਆ ਸਿੰਘਾਪੁਰ ਗ਼ਦਰ ਦਾ ਅੰਤ ਜੋ ਝੱਟਪੱਟ ਉਸੇ ਤਰ੍ਹਾਂ ਖ਼ਤਮ ਹੋ ਗਿਆ ਜਿਵੇਂ ਇਹ ਸ਼ੁਰੂ ਹੋਇਆ ਸੀ। ਅਤੇ ਫਿਰ ਵੀ ਡਿਕਨਸਨ ਲਿਖਦਾ ਹੈ, ਜੇ ਬਾਗ਼ੀ ਸਿਪਾਹੀਆਂ ਦੀ ਯੋਜਨਾਬੰਦੀ ਅਤੇ ਅਗਵਾਈ ਐਨੀ ਬੁਰੀ ਤਰ੍ਹਾਂ ਫੇਲ੍ਹ ਨਾ ਹੁੰਦੀ ਤਾਂ ਕਹਾਣੀ ਹੀ ਹੋਰ ਹੋਣੀ ਸੀ।"[29]

ਸਿੰਘਾਪੁਰ ਗ਼ਦਰ ਦੇ ਕਾਰਨ ਅਤੇ ਇਸ ਤੋਂ ਬਾਦ: ਹਿੰਦੁਸਤਾਨ ਲਈ ਸਟੇਟ ਸਕੱਤਰ ਨੇ 2 ਮਾਰਚ 1915 ਨੂੰ ਸੰਸਦ ਵਿਚ ਬਿਆਨ ਕੀਤਾ ਕਿ ਇਹ ਨਿਰਾ ਇਕ ਰੈਜੀਮੈਂਟ ਦਾ ਫ਼ਸਾਦ ਸੀ ਅਤੇ ਹਕੀਕਤ ਵਿਚ ਫ਼ੌਜੀ ਗ਼ਦਰ ਬਿਲਕੁਲ ਨਹੀਂ ਸੀ। ਨਾ ਹੀ ਇਹ ਅੰਗਰੇਜ਼ ਹਕੂਮਤ ਵਿਰੁੱਧ ਕੋਈ ਨਸਲੀ ਜਾਂ ਧਾਰਮਿਕ ਬਗ਼ਾਵਤ ਸੀ।[30] ਜਦੋਂਕਿ, ਬਰਤਾਨਵੀ ਖ਼ੁਫ਼ੀਆ ਅਧਿਕਾਰੀਆਂ ਆਈਸਮੌਂਗਰ ਅਤੇ ਸਲੇਟਰੀ ਨੇ ਵਿਆਖਿਆ ਕੀਤੀ ਕਿ ਇਸ ਘਟਨਾ ਨੂੰ ਅੰਜਾਮ ਦੇਣ ਵਿਚ ਇਨਕਲਾਬੀਆਂ ਨੇ ਕੀ ਹਿੱਸਾ ਪਾਇਆ ਸੀ ਭਾਵੇਂ ਇਹ ਕਦੇ ਵੀ ਸਪਸ਼ਟ ਨਹੀਂ ਹੋਇਆ ਪਰ 'ਇਹ ਸ਼ੱਕ ਕਰਨ ਦੀ ਕੋਈ ਵਜ੍ਹਾ ਨਹੀਂ ਕਿ ਰੈਜੀਮੈਂਟ ਦੇ ਸ਼ਿਕਵੇ-ਸ਼ਿਕਾਇਤਾਂ ਕੋਈ ਵੀ ਹੋਣ ਜਾਂ ਉਨ੍ਹਾਂ ਵਿਚ ਕਿੰਨੀ ਵੀ ਅਨੁਸ਼ਾਸਨਹੀਣਤਾ ਹੋਵੇ, ਗ਼ਦਰ ਪਾਰਟੀ ਦੇ ਉਕਸਾਉਣ ਤੋਂ ਬਗ਼ੈਰ ਇਹ ਬਗ਼ਾਵਤ ਜ਼ਿਆਦਾਤਰ ਅਸੰਭਵ ਹੁੰਦੀ'।[31]

ਗ਼ਦਰ ਦੇ ਕਾਰਨਾਂ ਬਾਰੇ ਸੂਤਰ ਜਿਵੇਂ ਬਸਤੀਆਂ ਲਈ ਸਟੇਟ ਸਕੱਤਰ ਦੇ ਨਾਂ ਸਟਰੇਟਸ ਸੈਂਟਲਮੈਂਟਸ ਦੇ ਗਵਰਨਰ ਦੇ ਖ਼ਤ, ਚਿਸਤੀ ਖ਼ਾਨ ਦੀਆਂ ਤਕਰੀਰਾਂ ਅਤੇ ਹਿੰਦੁਸਤਾਨ ਨੂੰ ਵਾਪਸ ਆਏ ਸਿਪਾਹੀਆਂ ਦੇ ਖ਼ਤ ਦਰਸਾਉਂਦੇ ਸਨ ਕਿ 5ਵੇਂ ਲਾਈਟ ਰਿਸਾਲੇ ਦੇ ਸਿਪਾਹੀਆਂ ਦੇ ਨਜ਼ਰੀਏ ਉਪਰ ਤੁਰਕੀ ਵਿਰੁੱਧ ਜੰਗ ਅਤੇ ਗ਼ਦਰ ਪ੍ਰਚਾਰ ਦਾ ਪ੍ਰਭਾਵ ਸੀ।

ਨਿਊਯਾਰਕ ਟਾਈਮਜ਼ ਦੇ ਇਕ ਤਬਸਰੇ ਨੇ ਇਸ ਤੱਥ ਵੱਲ ਇਸ਼ਾਰਾ ਕੀਤਾ ਸੀ ਕਿ ਉਥੇ ਪਹੁੰਚਣ ਦੇ ਵਕਤ ਤੋਂ ਹੀ ਉਨ੍ਹਾਂ ਦਸਤਿਆਂ ਵਿਚ ਬੇਚੈਨੀ ਦੇ ਆਸਾਰ ਨਜ਼ਰ ਆ ਰਹੇ ਸਨ, ਅਤੇ ਇਸ ਦੇ ਕਾਰਨ ਮਹਿਜ਼ ਤਰੱਕੀ ਨੂੰ ਲੈ ਕੇ ਨਾਰਾਜ਼ਗੀ ਤੋਂ ਕਿਤੇ ਜ਼ਿਆਦਾ 'ਡੂੰਘੇ ਅਤੇ ਪੇਚੀਦਾ' ਸਨ।[32] ਬਹੁਤ ਸਾਰਿਆਂ ਨੇ 1857 ਦੇ ਗ਼ਦਰ ਦੀ ਵਿਰਾਸਤ ਨੂੰ ਭੁਲਾਇਆ ਨਹੀਂ ਸੀ। ਉਸ ਗ਼ਦਰ ਦੀਆਂ ਦੰਦ-ਕਥਾਵਾਂ ਅਤੇ ਕਹਾਣੀਆਂ ਹਰਮਨਪਿਆਰੇ ਰਾਸ਼ਟਰਵਾਦੀ ਸਾਹਿਤ ਦੇ ਮਿਥਿਹਾਸ ਦਾ ਹਿੱਸਾ ਸਨ। ਭਾਈ ਪਰਮਾਨੰਦ ਨੇ ਆਪਣੀਆਂ ਯਾਦਾਂ ਵਿਚ ਲਿਖਿਆ ਕਿ ਸਿੰਘਾਪੁਰ ਵਿਚ 200 ਹਿੰਦੁਸਤਾਨੀ ਸਿਪਾਹੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਉਸਨੇ ਖ਼ੁਦ 1857 ਨੂੰ ਚੇਤੇ ਕਰਨ ਦਾ ਹੋਕਾ ਦਿੱਤਾ ਸੀ ਅਤੇ *ਗ਼ਦਰ* ਤੇ *ਗ਼ਦਰ ਦੀ ਗੂੰਜ* ਦੀਆਂ ਕਾਪੀਆਂ ਉਨ੍ਹਾਂ ਵਿਚ ਵੰਡੀਆਂ ਸਨ।[33]

ਬਗ਼ਾਵਤ ਬਾਰੇ ਤਬਸਰਾ ਕਰਦਿਆਂ ਰਾਮ ਚੰਦਰ ਨੇ ਲਿਖਿਆ ਕਿ ਇਹ ਜ਼ਾਹਿਰ ਸੀ ਕਿ ਬਾਗ਼ੀ ਸਿਪਾਹੀ ਲੁੱਟਮਾਰ ਦੀ ਨੀਅਤ ਨਾਲ ਬੈਰਕਾਂ 'ਚੋਂ ਬਾਹਰ ਨਹੀਂ ਆਏ ਸਨ, ਕਿਉਂਕਿ ਉਨ੍ਹਾਂ ਨੇ ਖਾਲੀ ਪਏ ਜਾਂ ਜਰਮਨਾਂ ਦੇ ਘਰਾਂ ਨੂੰ ਛੂਹਿਆ ਵੀ ਨਹੀਂ ਅਤੇ ਸਿਰਫ਼ ਅੰਗਰੇਜ਼ਾਂ ਨੂੰ ਮਾਰਿਆ। ਲਿਹਾਜ਼ਾ ਹਮਲਾ ਬਰਤਾਨਵੀ ਸੱਤਾ ਅਤੇ ਅੰਗਰੇਜ਼ਾਂ ਦੇ ਵਿਰੁੱਧ ਸੀ। ਉਸਨੇ ਇਹ ਗ਼ੌਰ ਕਰਨਾ ਵੀ ਜ਼ਰੂਰੀ ਸਮਝਿਆ ਕਿ ਬਾਗ਼ੀ ਸਿਪਾਹੀ ਇਕ ਕੈਦੀ ਖ਼ੇਮੇ ਵਿਚ ਗਏ, ਪਹਿਰੇਦਾਰਾਂ ਨੂੰ ਮਾਰ ਮੁਕਾਇਆ, ਦਰਵਾਜ਼ੇ ਭੰਨ ਦਿੱਤੇ, ਅਤੇ "ਜਰਮਨ! ਜਰਮਨ! ਇਸਲਾਮ! ਇਸਲਾਮ!"

ਪੁਕਾਰਦੇ ਹੋਏ ਅੰਦਰ ਜਰਮਨਾਂ ਵੱਲ ਨੂੰ ਬੰਦੂਕਾਂ ਵਗਾਹ ਮਾਰੀਆਂ।[34]

ਉਸ ਵਕਤ ਦੂਰ ਪੂਰਬ ਵਿਚ ਹਿੰਦੁਸਤਾਨੀ ਇਨਕਲਾਬੀ ਬਹੁਤ ਸਰਗਰਮ ਸਨ, ਉਨ੍ਹਾਂ ਨੂੰ 5ਵੇਂ ਲਾਈਟ ਰਿਸਾਲੇ ਦੇ ਜਵਾਨਾਂ ਨੂੰ ਪ੍ਰਭਾਵਿਤ ਕਰਨ ਦਾ ਮੌਕਾ ਮਿਲ ਗਿਆ ਸੀ। ਇਸ ਘਟਨਾ ਵਿਚ ਸਿਰਕੱਢ ਭੂਮਿਕਾ ਨਿਭਾਉਣ ਵਾਲਾ ਗ਼ਦਰੀ ਆਗੂ ਮੁਜਤਬਾ ਹੁਸੈਨ ਉਰਫ਼ ਮੂਲ ਚੰਦ ਸੀ ਜੋ ਕਾਨਪੁਰ ਵਿਚ ਵਾਰਡਾਂ ਦੀ ਅਦਾਲਤ ਵਿਚ ਜ਼ੈਲਦਾਰ ਰਿਹਾ ਸੀ। ਪਹਿਲਾਂ ਉਹ ਮਨੀਲਾ ਗਿਆ ਜਿਥੇ ਉਹ ਗ਼ਦਰ ਪਾਰਟੀ ਦੇ ਸੰਪਰਕ ਵਿਚ ਆਇਆ ਅਤੇ ਫਿਰ ਸਿੰਘਾਪੁਰ ਚਲਾ ਗਿਆ ਜਿਥੇ ਉਸਨੇ ਗ਼ਦਰ ਕਰਵਾਉਣ ਵਿਚ ਮਦਦ ਕੀਤੀ। ਸਿੰਘਾਪੁਰ ਦੀ ਰੈਜੀਮੈਂਟ ਨੂੰ ਗ਼ਦਰ ਲਈ ਉਕਸਾਉਣ ਵਿਚ ਜਿਨ੍ਹਾਂ ਹੋਰ ਗ਼ਦਰੀਆਂ ਹੱਥ ਸੀ ਉਹ ਸਨ ਰਸੂਲਪੁਰ (ਅੰਮ੍ਰਿਤਸਰ) ਤੋਂ ਹਰਨਾਮ ਸਿੰਘ, ਚਰੜ ਤੋਂ ਹੀਰਾ ਸਿੰਘ ਅਤੇ ਗਿਆਨ ਚੰਦ।[35]

ਸਿੰਘਾਪੁਰ ਦੇ ਬਾਗ਼ੀ ਸਿਪਾਹੀਆਂ ਦੇ ਨਾਕਾਮ ਰਹਿਣ ਦਾ ਵਿਸ਼ਲੇਸ਼ਣ ਕਰਦਿਆਂ ਲੈਫਟੀਨੈਂਟ ਜਨਰਲ ਜਾਰਜ ਮੈਕਮਨ ਨੇ ਟਿੱਪਣੀ ਕੀਤੀ:

"ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੰਘਾਪੁਰ ਗ਼ਦਰ ਬਹੁਤ ਹੀ ਗੰਭੀਰ ਬਣ ਸਕਦਾ ਸੀ। ਇਹ ਇਸ ਕਰਕੇ ਅਸਫ਼ਲ ਰਿਹਾ ਕਿ ਬਾਗ਼ੀਆਂ ਦਾ ਕੋਈ ਨਿਸ਼ਾਨਾ, ਕੋਈ ਯੋਜਨਾ ਅਤੇ ਉਨ੍ਹਾਂ ਨੂੰ ਕੋਈ ਇਨਕਲਾਬੀ ਅਗਵਾਈ ਦੇਣ ਵਾਲਾ ਨਹੀਂ ਸੀ। ਉਨ੍ਹਾਂ ਵਿਚ ਬੇਗਾਨੇ ਮਾਲਕਾਂ ਵਿਰੁੱਧ ਗੁੱਸਾ ਸੀ ਪਰ ਉਨ੍ਹਾਂ ਵਿਚ ਸਿਆਸੀ ਇਨਕਲਾਬ ਵਾਲਾ ਜਜ਼ਬਾ ਨਹੀਂ ਸੀ ਅਤੇ ਮੁਕਾਮੀ ਵਸੋਂ ਦੀ ਉਨ੍ਹਾਂ ਨਾਲ ਕੋਈ ਹਮਦਰਦੀ ਨਹੀਂ ਸੀ।"[36]

ਹਰੀਸ਼ ਪੁਰੀ ਇਹ ਨੁਕਤਾ ਉਠਾਉਂਦਾ ਹੈ ਕਿ ਇਸ ਘਟਨਾ ਨੇ ਦਿਖਾ ਦਿੱਤਾ ਕਿ 'ਫ਼ੌਜ ਦੀਆਂ ਰੈਜੀਮੈਂਟਾਂ ਵਿਚ ਹਾਲਤ ਕਿੰਨੀ ਭੜਕਾਹਟ ਵਾਲੀ ਸੀ ਅਤੇ ਜੇ ਇਨਕਲਾਬੀਆਂ ਦੀ ਸਹੀ ਢੰਗ ਨਾਲ ਤਿਆਰੀ ਹੁੰਦੀ ਤਾਂ ਉਨ੍ਹਾਂ ਲਈ ਇਸ ਦਾ ਲਾਹਾ ਲੈਣਾ ਕਿੰਨਾ ਸੌਖਾ ਸੀ'।[37]

ਪਰ, ਨਿਸ਼ਚੇ ਹੀ ਰਿਪੋਰਟਾਂ ਨੇ ਸਾਬਤ ਕੀਤਾ ਕਿ ਸਿੰਘਾਪੁਰ ਦਾ ਗ਼ਦਰ 'ਅਮਰੀਕੀ ਗ਼ਦਰ ਪਾਰਟੀ ਦੇ ਮੁਸਲਿਮ ਤੇ ਹਿੰਦੂ ਸਾਜ਼ਿਸ਼ੀਆਂ' ਵਲੋਂ ਕੀਤੇ ਇਨਕਲਾਬੀ ਪ੍ਰਚਾਰ ਕਾਰਨ ਹੋਇਆ ਸੀ। ਇੰਞ, ਗ਼ਦਰੀ ਪ੍ਰਚਾਰ ਦੇ ਜਾਦੂਮਈ ਅਸਰ ਹੇਠ 5ਵੇਂ ਲਾਈਟ ਰਿਸਾਲੇ ਨੇ ਪਹਿਲੀ ਜਨਵਰੀ ਦੇ ਕਰੀਬ ਹਾਂਗਕਾਂਗ ਭੇਜੇ ਜਾਣ ਦੀ ਖ਼ਬਰ ਮਿਲਣ 'ਤੇ ਫ਼ੌਜੀ ਅਥਾਰਟੀ ਵਿਰੁੱਧ ਬਗ਼ਾਵਤ ਕਰਨ ਦਾ ਫ਼ੈਸਲਾ ਕੀਤਾ।[38]

ਗ਼ਦਰ ਦੀ ਤਾਰੀਕ ਸਮੁੰਦਰੀ ਜਹਾਜ਼ ਨੀਲ ਦੇ ਆਉਣ ਦੀ ਉਮੀਦ ਤੋਂ ਇਕ ਦਿਨ ਪਹਿਲਾਂ, 17 ਫਰਵਰੀ ਤੈਅ ਕੀਤੀ ਗਈ ਸੀ ਜਿਸ ਨੇ ਰੈਜੀਮੈਂਟ ਨੂੰ ਲੈ ਕੇ ਜਾਣਾ ਸੀ। ਪਰ ਨੀਲ ਦੋ ਦਿਨ ਪਹਿਲਾਂ ਹੀ 15 ਫਰਵਰੀ ਨੂੰ ਪਹੁੰਚ ਗਿਆ। ਇਸ ਨੇ ਬਾਗ਼ੀਆਂ ਦੀਆਂ ਯੋਜਨਾਵਾਂ ਉਲਟ-ਪੁਲਟ ਕਰ ਦਿੱਤੀਆਂ, ਅਤੇ ਪਹਿਲੀ ਗੋਲੀ ਦੋ ਦਿਨ ਪਹਿਲਾਂ ਹੀ 15 ਤਾਰੀਕ ਨੂੰ ਚਲਾ ਦਿੱਤੀ ਗਈ।[39] ਇਕ ਵਿਚਾਰ ਇਹ ਹੈ ਕਿ ਦੱਖਣ-ਪੂਰਬੀ ਏਸ਼ੀਆ ਦੀਆਂ ਜੰਗ ਦੌਰਾਨ ਦੀਆਂ ਬਗ਼ਾਵਤਾਂ 'ਗ਼ਦਰ ਅਤੇ ਖ਼ਿਲਾਫ਼ਤ ਦੀਆਂ ਵਿਚਾਰਧਾਰਾਵਾਂ' ਇਤਿਹਾਸਕ ਘਟਨਾਵਾਂ ਦੀ ਮਹਿਮਾ ਅਤੇ ਸਿਆਸੀ ਰੀਝਾਂ ਨਾਲ ਹੇਲਮੇਲ' ਸਨ।[40] ਇਨ੍ਹਾਂ ਤੱਥਾਂ ਦੀ ਰੋਸ਼ਨੀ 'ਚ, ਸਿੰਘਾਪੁਰ ਗ਼ਦਰ ਨੂੰ ਹਿੰਦੁਸਤਾਨ ਦੇ ਆਜ਼ਾਦੀ ਸੰਗਰਾਮ ਦੇ ਅਨਿੱਖੜ ਅੰਗ ਵਜੋਂ ਲਿਆ ਜਾ ਸਕਦਾ ਹੈ।

ਇਸ ਘਟਨਾ ਨਾਲ ਸਿੰਘਾਪੁਰ ਦੇ ਜ਼ਿਆਦਾਤਰ ਅੰਗਰੇਜ਼ ਭਾਈਚਾਰੇ ਨੂੰ ਇਹ ਜਚ ਗਿਆ ਕਿ ਉਹ ਇਸ ਬਸਤੀ ਦੀ ਹਿਫ਼ਾਜ਼ਤ ਲਈ ਹੁਣ ਹਿੰਦੁਸਤਾਨੀ ਸਿਪਾਹੀਆਂ ਉਪਰ ਟੇਕ

ਨਹੀਂ ਰੱਖ ਸਕਦੇ। ਭਾਵੇਂ ਜਪਾਨੀ, ਫਰਾਂਸੀਸੀ ਅਤੇ ਰੂਸੀ ਜਹਾਜ਼ੀਆਂ ਅਤੇ ਸਮੁੰਦਰੀ ਸਿਪਾਹੀਆਂ ਨੇ ਬਗ਼ਾਵਤ ਨੂੰ ਕੁਚਲਣ ਵਿਚ ਮਦਦ ਕੀਤੀ ਸੀ ਪਰ ਇਹ ਬੇਯਕੀਨੀ ਵਧਦੀ ਜਾ ਰਹੀ ਸੀ ਕਿ ਕੀ ਭਵਿੱਖ ਵਿਚ ਆਪਣੀ ਸਲਤਨਤ ਨੂੰ ਬਰਕਰਾਰ ਰੱਖਣ ਲਈ ਬਰਤਾਨੀਆ ਦੇ ਜੰਗੀ ਇਤਹਾਦੀਆਂ ਦੀ ਮਦਦ ਉਪਰ ਭਰੋਸਾ ਕੀਤਾ ਜਾ ਸਕਦਾ ਸੀ। ਇਸ ਤੋਂ ਪਿੱਛੋਂ, ਸਿੰਘਾਪੁਰ ਵਿਚ ਹਿੰਦੁਸਤਾਨੀ ਨਾਗਰਿਕਾਂ ਲਈ ਰਜਿਟਰੇਸ਼ਨ ਕਰਵਾਉਣਾ ਜ਼ਰੂਰੀ ਕਰ ਦਿੱਤਾ ਗਿਆ ਸੀ ਜਿਸ ਦਾ ਭਾਈਚਾਰੇ ਨੇ ਬੁਰਾ ਮਨਾਇਆ ਜੋ ਭਾਰੂ ਤੌਰ 'ਤੇ ਵਫ਼ਾਦਾਰ ਸੀ।[41] ਟਰਨਬੁਲ ਲਿਖਦਾ ਹੈ: "ਅਮਨਪਸੰਦ ਨਾਗਰਿਕਾਂ ਤੋਂ ਬਾਗ਼ੀਆਂ ਦਾ ਨਿਖੇੜਾ ਕਰਨ ਲਈ, ਸਾਰੇ ਹਿੰਦੁਸਤਾਨੀ ਬਾਸ਼ਿੰਦਿਆਂ ਲਈ ਰਜਿਸਟਰੇਸ਼ਨ ਕਰਵਾਉਣਾ ਅਤੇ ਪਾਸ ਹਾਸਲ ਕਰਨਾ ਜ਼ਰੂਰੀ ਕਰ ਦਿੱਤਾ ਗਿਆ ਸੀ। ਇਸ ਨਾਲ ਕਾਫ਼ੀ ਨਾਰਾਜ਼ਗੀ ਪੈਦਾ ਹੋ ਗਈ। ਕੁਛ ਰਜਿਸਟਰੇਸ਼ਨ ਅਧਿਕਾਰੀਆਂ ਦੇ ਲਾਪ੍ਰਵਾਹ ਵਤੀਰੇ ਨੇ ਇਸ ਵਿਚ ਹੋਰ ਵਾਧਾ ਕਰ ਦਿੱਤਾ ਜੋ ਇੰਞ ਪੇਸ਼ ਆਉਂਦੇ ਸਨ ਜਿਵੇਂ ਸਾਰੇ ਹਿੰਦੁਸਤਾਨੀ ਕਸੂਰਵਾਰ ਹੁੰਦੇ ਹਨ'।[42] *ਦ ਸਟਰੇਟਸ ਟਾਈਮਜ਼* ਨੇ ਹਕੂਮਤ ਦੇ ਦਾਅਵੇ ਨੂੰ ਜ਼ੋਰਦਾਰ ਢੰਗ ਨਾਲ ਰੱਦ ਕੀਤਾ ਕਿ ਹਿੰਦੁਸਤਾਨੀ, ਮੁਸਲਮਾਨ ਜਾਂ ਹੋਰ ਆਮ ਹੀ ਸ਼ੱਕੀ ਹਨ। ਇਸਨੇ ਇਕ ਹਿੰਦੁਸਤਾਨੀਆਂ ਪੱਖੀ ਧੜੱਲੇਦਾਰ ਸੰਪਾਦਕੀ ਲਿਖਕੇ ਰਜਿਸਟਰੇਸ਼ਨ ਦੀ ਲੋੜ ਹੋਣ ਦੀ ਗੱਲ ਤਾਂ ਕੀਤੀ ਪਰ ਜ਼ੋਰ ਦਿੱਤਾ ਕਿ ਇਸ ਨੂੰ ਜਿੱਥੋਂ ਤਕ ਸੰਭਵ ਹੋ ਸਕੇ ਧਿਆਨ ਨਾਲ ਲਾਗੂ ਕਰਨਾ ਹੋਵੇਗਾ। ਡੇਵਿਡ ਪੈਟਰੀ ਜਿਸਦਾ 1918 ਦੇ ਅਖ਼ੀਰ 'ਚ ਸਿੰਘਾਪੁਰ ਵਿਚ ਕ੍ਰਿਮੀਨਲ ਇੰਟੈਲੀਜੈਂਸ ਡਿਪਾਰਟਮੈਂਟ (ਸੀ.ਆਈ.ਡੀ.) ਬਣਾਉਣ ਵਿਚ ਯੋਗਦਾਨ ਸੀ ਨੇ ਨਵੇਂ ਵਿਭਾਗ ਨੂੰ ਹਿੰਦੀਆਂ, ਚੀਨੀਆਂ ਅਤੇ ਜਪਾਨੀਆਂ ਉਪਰ ਨਜ਼ਰ ਰੱਖਣ ਉਪਰ ਧਿਆਨ ਕੇਂਦਰਤ ਕਰਨ ਅਤੇ ਚੀਨੀ ਤੇ ਜਪਾਨੀ ਖ਼ੁਫ਼ੀਆ ਵਿੰਗ ਬਣਾਉਣ ਦੀ ਸਲਾਹ ਦਿੱਤੀ।[43]

ਦੂਜਾ, ਸਿੰਘਾਪੁਰ ਗ਼ਦਰ ਦਾ ਇਕ ਮਲਾਏ ਸੂਬੇ ਕੇਲਾਂਟਨ ਦੇ ਕਿਸਾਨਾਂ ਦੀ 1915 ਦੀ ਬਗ਼ਾਵਤ ਉਪਰ ਅਸਰ ਪਿਆ ਸੀ। ਬਾਨ ਕਾ ਚੂਨ ਨੇ ਸਿੰਘਾਪੁਰ ਵਿਚ ਸਪੈਸ਼ਲ ਬਰਾਂਚ ਦੀਆਂ ਕਾਰਵਾਈਆਂ ਬਾਰੇ ਆਪਣੀ ਕਿਤਾਬ ਵਿਚ ਇਸ ਮਜ਼ਮੂਨ ਬਾਰੇ ਚਰਚਾ ਕੀਤੀ ਹੈ। ਇਥੇ ਗ਼ੌਰਤਲਬ ਇਹ ਤੱਥ ਹੈ ਕਿ ਕੇਲਾਂਟਨ ਦੇ ਕਿਸਾਨਾਂ ਉਪਰ ਸਿਰਫ਼ ਆਲਮੀ ਆਰਥਿਕਤਾ ਦਾ ਹੀ ਅਸਰ ਨਹੀਂ ਸੀ ਪਿਆ ਸਗੋਂ 5ਵੇਂ ਲਾਈਟ ਰਿਸਾਲੇ ਦੇ ਜਵਾਨਾਂ ਦੀ ਜੰਗ ਪ੍ਰਤੀ ਬੇਗਾਨਗੀ ਦੀ ਭਾਵਨਾ ਅਤੇ ਉਨ੍ਹਾਂ ਦੀਆਂ ਕਾਰਵਾਈਆਂ ਵੀ ਲੋਕਾਂ ਦੀ ਜੰਗ ਬਾਰੇ ਸੋਚ ਅਤੇ ਕੇਲਾਂਟਨ ਵਿਚ ਬਗ਼ਾਵਤ ਉਪਰ ਅਸਰਅੰਦਾਜ਼ ਹੋਏ ਸਨ। ਫਰਵਰੀ ਵਿਚ ਸਿੰਘਾਪੁਰ ਗ਼ਦਰ ਸ਼ੁਰੂ ਹੋ ਜਾਣ 'ਤੇ ਪੂਰੇ ਕੇਲਾਂਟਨ ਵਿਚ ਯੂਰਪੀਅਨਾਂ ਦੇ ਕਤਲੇਆਮ ਅਤੇ ਬਾਗ਼ੀਆਂ ਦੀ ਕਾਮਯਾਬੀ ਦੀਆਂ ਕਹਾਣੀਆਂ ਜੰਗਲ ਦੀ ਅੱਗ ਵਾਂਗ ਫੈਲ ਗਈਆਂ। ਇਹ ਆਮ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਕਿ ਸਾਰੇ ਹੀ ਯੂਰਪੀਅਨ ਫ਼ੌਜੀ ਦਸਤੇ ਅਤੇ ਬਰਤਾਨਵੀ ਜੰਗੀ ਜਹਾਜ਼ ਕੁਵਾਜੀਮਾ ਪੂਰਬ ਤੋਂ ਯੂਰਪ ਲਈ ਰਵਾਨਾ ਹੋ ਗਏ ਸਨ। ਲਿਹਾਜ਼ਾ ਕੇਲਾਂਟਨ ਦੇ ਮਲਾਏ ਲੋਕਾਂ ਦੀ ਸੋਚ ਸੀ ਕਿ ਇਸ ਵਕਤ ਅੰਗਰੇਜ਼ਾਂ ਦੀ ਹਾਲਤ ਬਹੁਤ ਪਤਲੀ ਸੀ।

ਇਹ ਠੀਕ ਹੀ ਦਲੀਲ ਦਿੱਤੀ ਗਈ ਹੈ ਕਿ ਇਹ ਗ਼ਦਰ ਮਹਿਜ਼ ਅੰਗਰੇਜ਼ਾਂ ਲਈ ਅਚਿੰਤੇ ਬਾਜ ਆ ਪੈਣਾ ਹੀ ਨਹੀਂ ਸੀ ਸਗੋਂ ਇਸ ਨੇ ਸਿੰਘਾਪੁਰ ਵਿਚ ਅੰਗਰੇਜ਼ ਰਾਜ ਦੀਆਂ ਨੀਂਹਾਂ ਹਿਲਾ ਦਿੱਤੀਆਂ। ਉਨ੍ਹਾਂ ਨੂੰ ਜਿਸ ਅਗਲੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਉਹ ਸੀ ਪਹਿਲੀ ਆਲਮੀ ਜੰਗ ਮੁੱਕ ਜਾਣ 'ਤੇ ਖ਼ਿਲਾਫ਼ਤ ਲਹਿਰ ਸ਼ੁਰੂ ਹੋ ਜਾਣ ਨਾਲ ਬਰਤਾਨਵੀ

ਬਸਤੀਆਂ ਮਲਾਇਆ ਅਤੇ ਸਿੰਘਾਪੁਰ ਵਿਚ ਮੁਸਲਮਾਨਾਂ ਦਾ ਲਾਮਬੰਦ ਹੋਣਾ। ਇੱਥੋਂ ਤੱਕ ਕਿ 1924 'ਚ ਖ਼ਿਲਾਫ਼ਤ ਲਹਿਰ ਦੇ ਖ਼ਤਮ ਹੋ ਜਾਣ ਤੋਂ ਬਾਦ ਵੀ ਹਿੰਦੁਸਤਾਨ ਮੁਸਲਿਮ ਪਰਜਾ ਦਾ ਗੁੱਸਾ ਬਰਕਰਾਰ ਰਹੇਗਾ ਅਤੇ ਦੂਜੀ ਆਲਮੀ ਜੰਗ ਲੱਗ ਜਾਣ 'ਤੇ ਜਪਾਨੀ ਅਤੇ ਹਿੰਦੁਸਤਾਨੀ ਰਾਸ਼ਟਰਵਾਦੀ ਦੋਵੇਂ ਇਸ ਦਾ ਲਾਹਾ ਲੈਣਗੇ। ਫਿਰ ਜਦੋਂ ਹਿੰਦੁਸਤਾਨ ਦੀ ਬਸਤੀਆਂ ਦੀ ਪਰਜਾ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਾਲੀ ਆਜ਼ਾਦ ਹਿੰਦ ਫ਼ੌਜ ਦੇ ਹੱਕ 'ਚ ਹੋ ਗਈ ਤਾਂ ਇਹ ਸ਼ਾਇਦ ਹੀ ਹੈਰਾਨੀਜਨਕ ਸੀ ਜੋ ਏਸ਼ੀਆ ਵਿਚ ਬਰਤਾਨਵੀ ਤਾਕਤਾਂ ਦੀ ਹਾਰ ਤੋਂ ਬਾਦ ਬਰਤਾਨੀਆ ਦੇ ਖ਼ਿਲਾਫ਼ ਹੋ ਗਈ ਸੀ। ਅਤੇ ਨਿਸ਼ਚੇ ਹੀ ਇਹ ਵੀ ਇਤਫ਼ਾਕ ਨਹੀਂ ਕਿ ਆਈ.ਐੱਨ.ਏ. 1942 'ਚ ਸਿੰਘਾਪੁਰ ਵਿਚ ਬਣਾਈ ਗਈ ਸੀ ਜੋ ਸਮੁੱਚੀ ਸਲਤਨਤ ਦੀ ਇਕ ਬਸਤੀ ਦੇ ਰੂਪ 'ਚ ਸਭ ਤੋਂ ਵੱਡੀ ਮਹਾਂਨਗਰੀ ਵਪਾਰਕ ਚੌਕੀ ਸੀ। ਜੋਹੋਰ ਦੇ ਅੰਗਰੇਜ਼ ਸਲਾਹਕਾਰ, ਰੋਬਰਟ ਸੀ.ਡੀ. ਬਰੈਡਲੇ, ਦੇ 'ਅੱਖੀਂ ਡਿੱਠਾ' ਵੇਰਵੇ ਦੇ ਉਲਟ, 'ਅੰਗਰੇਜ਼ ਰਾਜ ਦੀ ਸਿਆਣਪ ਅਤੇ ਤਾਕਤ ਉਪਰ ਮੁਕੰਮਲ ਭਰੋਸਾ' ਡੋਲਣਾ ਸ਼ੁਰੂ ਹੋ ਗਿਆ ਸੀ।

ਬਦੇਸ਼ੀ ਸਲਤਨਤ ਪ੍ਰਤੀ ਵਫ਼ਾਦਾਰੀ ਉਪਰ ਸਵਾਲ ਖੜ੍ਹਾ ਹੋ ਗਿਆ ਸੀ। ਨਿਰਣਾਇਕ ਗੱਲ ਇਹ ਸੀ ਕਿ ਸਿੰਘਾਪੁਰ ਦੇ ਹਿੰਦੁਸਤਾਨੀ ਮੁਸਲਮਾਨਾਂ ਅਤੇ ਇਸ ਦੇ ਨਾਲ ਹੀ ਹਿੰਦੁਸਤਾਨੀ ਪਿਛੋਕੜ ਵਾਲੇ ਹੋਰ ਪ੍ਰਵਾਸੀਆਂ ਦੀ ਅੰਗਰੇਜ਼ ਸਲਤਨਤ ਅਤੇ ਉਨ੍ਹਾਂ ਦੇ ਨਵੇਂ ਘਰ ਵਜੋਂ ਸਿੰਘਾਪੁਰ ਪ੍ਰਤੀ ਵਫ਼ਾਦਾਰੀ ਉਪਰ ਸਵਾਲ ਖੜ੍ਹਾ ਹੋ ਗਿਆ ਸੀ। ਗ਼ਦਰ ਲਹਿਰ ਵਿਚ ਸ਼ਾਮਲ ਹੋਏ ਮੁਸਲਮਾਨਾਂ ਨੇ ਸ਼ੁਰੂ 'ਚ ਆਪਣੇ ਤੁਰਕ ਸਫ਼ੀਰਾਂ ਨਾਲ ਆਪਣੇ ਸੰਪਰਕਾਂ ਜ਼ਰੀਏ ਮਦਦ ਕੀਤੀ ਸੀ। ਨਵੰਬਰ 1914 'ਚ ਤੁਰਕੀ *ਜਿਹਾਦ* ਦਾ ਐਲਾਨ ਕਰਕੇ ਜਰਮਨੀ ਦਾ ਸਾਥ ਦੇਣ ਲਈ ਪਹਿਲੀ ਆਲਮੀ ਜੰਗ ਵਿਚ ਸ਼ਾਮਲ ਹੋ ਗਿਆ ਸੀ। ਜੰਗ ਵਿਚ ਸ਼ਾਮਲ ਹੋਣ ਦਾ ਇਕ ਫੌਰੀ ਸਿੱਟਾ ਤੁਰਕਾਂ ਦਾ ਉਸ ਤਾਕਤ ਵਿਰੁੱਧ ਹਿੰਦੁਸਤਾਨੀ ਇਨਕਲਾਬੀਆਂ ਨਾਲ ਆਪਣੇ ਜੰਗ ਦੌਰਾਨ ਦੇ ਸੰਪਰਕਾਂ ਵਿਚ ਰੂਹ ਫੂਕਣਾ ਅਤੇ ਉਨ੍ਹਾਂ ਨੂੰ ਜੋੜਨਾ ਸੀ ਜਿਸ ਨੂੰ ਉਹ ਸਾਂਝਾ ਦੁਸ਼ਮਣ ਮੰਨਦੇ ਸਨ। ਬਰਤਾਨੀਆ ਦੇ ਪ੍ਰਸੰਗਿਕ ਪਾਰਲੀਮੈਂਟਰੀ ਦਸਤਾਵੇਜ਼ ਦੱਸਦੇ ਹਨ ਕਿ ਇਹ ਗ਼ਦਰ ਦੇ ਕਾਰਕੁਨਾਂ ਅਤੇ ਤੁਰਕੀ ਦੇ ਯੰਗ ਤੁਰਕਾਂ ਦਰਮਿਆਨ ਇਕ ਸੋਚੀ-ਸਮਝੀ ਯੋਜਨਾ ਸੀ।

ਆਉਣ ਵਾਲੇ ਸਾਲਾਂ ਵਿਚ, ਹਿੰਦੁਸਤਾਨੀ ਪਿਛੋਕੜ ਵਾਲੀ ਬਸਤੀਵਾਦੀ ਪਰਜਾ ਤੋਂ ਸਲਤਨਤ ਅਤੇ ਅੰਗਰੇਜ਼ ਸ਼ਹਿਨਸ਼ਾਹ ਪ੍ਰਤੀ ਵਫ਼ਾਦਾਰੀ ਦਿਖਾਉਣ ਦੀ ਵਾਰ-ਵਾਰ ਉਮੀਦ ਕੀਤੀ ਗਈ; ਵਾਰ-ਵਾਰ ਸਲਤਨਤ ਅਤੇ ਆਪਣੀ ਪਰਜਾ ਉਪਰ ਇਸ ਦੀ ਜਕੜ ਦੀਆਂ ਸੀਮਾਵਾਂ ਦੀ ਪਰਖ ਹੋਵੇਗੀ। ਇੰਞ, ਅੱਜ ਭਾਵੇਂ ਸਿੰਘਾਪੁਰ ਗ਼ਦਰ ਬਹੁਤ ਘੱਟ ਜਾਣਿਆ ਜਾਂਦਾ ਹੈ, ਸਿੰਘਾਪੁਰ ਵਿਚ ਇਸ ਦੇ ਪ੍ਰਭਾਵ ਦੀਆਂ ਗੂੰਜਾਂ ਲਗਾਤਾਰ ਪੈ ਰਹੀਆਂ ਹਨ।

ਯਾਦਗਾਰ: ਉਸ ਘਟਨਾ ਅਤੇ ਗ਼ਦਰ ਦੌਰਾਨ ਮਾਰੇ ਗਏ ਅੰਗਰੇਜ਼ ਸਿਪਾਹੀਆਂ ਅਤੇ ਨਾਗਰਿਕਾਂ ਦੀ ਯਾਦ ਵਿਚ ਵਿਕਟੋਰੀਆ ਯਾਦਗਾਰੀ ਹਾਲ ਦੇ ਮੁੱਖ ਦੁਆਰ ਉਪਰ ਦੋ ਯਾਦਗਾਰੀ ਤਖ਼ਤੀਆਂ ਅਤੇ ਸੇਂਟ ਐਂਡਰਿਊ ਗਿਰਜਾਘਰ ਵਿਚ ਚਾਰ ਤਖ਼ਤੀਆਂ ਲਗਾਈਆਂ ਗਈਆਂ ਹਨ।[44] ਇਨ੍ਹਾਂ ਤੋਂ ਇਲਾਵਾ, ਬਾਦ ਵਿਚ ਦੋ ਸੜਕਾਂ ਦਾ ਨਾਂ ਦੋ ਮਰਨ ਵਾਲਿਆਂ, ਕਾਰਪੋਰਲ ਜੇ. ਹਾਰਪਰ ਅਤੇ ਪ੍ਰਾਈਵੇਟ ਏ.ਜੇ. ਹੌਲਟ, ਦੇ ਨਾਂ 'ਤੇ ਕ੍ਰਮਵਾਰ ਹਾਰਪਰ ਰੋਡ ਅਤੇ ਹੌਲਟ ਰੋਡ ਰੱਖਿਆ ਗਿਆ।[45]

ਸੇਂਟ ਐਂਡਰਿਊ ਗਿਰਜਾਘਰ ਦੇ ਪੂਜਾ ਵਾਲੇ ਹਾਲ ਵਿਚ ਘੁੰਮਦਿਆਂ ਕੰਧ ਉਪਰ ਜੜੀਆਂ

ਯਾਦਗਾਰੀ ਤਖ਼ਤੀਆਂ ਤੁਹਾਡਾ ਧਿਆਨ ਖਿੱਚਦੀਆਂ ਹਨ। ਇਨ੍ਹਾਂ ਵਿੱਚੋਂ ਕੁਛ ਸਧਾਰਨ ਯਾਦਗਾਰਾਂ 1915 ਦੇ ਸਿੰਘਾਪੁਰ ਗ਼ਦਰ ਦੀ ਮਾਰਮਿਕ ਯਾਦ ਦਾ ਕੰਮ ਕਰਦੀਆਂ ਹਨ।

ਪੈਗ਼ਾਮ: ਸ਼ਾਨਾਮੱਤੀ ਗ਼ਦਰ ਲਹਿਰ ਦੀ ਸ਼ਤਾਬਦੀ ਮਨਾਉਂਦਿਆਂ, ਆਓ ਆਪਣੇ ਲੋਕਾਂ ਨੂੰ ਚੇਤੇ ਕਰਾਈਏ ਕਿ ਕਿਵੇਂ ਬਸਤੀਵਾਦੀ ਅਤੇ ਆਲਮੀ ਪਿਛਾਖੜੀ ਤਾਕਤਾਂ ਨੂੰ ਹਰਾਉਣ ਲਈ ਹਿੰਦੂਆਂ, ਸਿੱਖਾਂ ਅਤੇਂ ਮੁਸਲਮਾਨਾਂ ਨੇ ਮਿਲਕੇ ਸੰਘਰਸ਼ ਕੀਤਾ।[47] ਬਦਕਿਸਮਤੀ ਨਾਲ, ਆਜ਼ਾਦੀ ਦੇ ਸੰਘਰਸ਼ ਵਿਚ ਮੁਸਲਮਾਨਾਂ ਦੀ ਭੂਮਿਕਾ ਨੂੰ ਸਾਹਮਣੇ ਲਿਆਉਣ ਲਈ ਨਾ ਹਿੰਦੁਸਤਾਨੀ ਹਕੂਮਤ ਵਲੋਂ ਉਚੇਚ ਕੀਤਾ ਗਿਆ ਨਾ ਮੀਡੀਆ ਵਲੋਂ। ਮੁਸਲਮਾਨਾਂ ਸਮੇਤ ਵੱਖੋ-ਵੱਖਰੇ ਭਾਈਚਾਰਿਆਂ ਨੇ ਕਿਵੇਂ ਮਿਲਕੇ ਰਾਸ਼ਟਰ ਦੀ ਆਜ਼ਾਦੀ ਲਈ ਲੜਾਈ ਲੜੀ ਇਸ ਬਾਰੇ ਨੌਜਵਾਨ ਪੀੜ੍ਹੀ ਵਿਚ ਜਾਗਰੂਕਤਾ ਪੈਦਾ ਕਰਨੀ ਬਹੁਤ ਜ਼ਰੂਰੀ ਹੈ। ਇਹ ਇਨਸਾਨੀਅਤ ਨਾਲ ਉਨ੍ਹਾਂ ਦਾ ਪ੍ਰੇਮ ਸੀ ਜਿਸ ਨਾਲ ਉਹ ਹਿੰਦੁਸਤਾਨ ਦੀ ਆਜ਼ਾਦੀ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹੋ ਗਏ।

ਗ਼ਦਰੀਆਂ ਨੂੰ ਬਿਹਤਰੀਨ ਸ਼ਰਧਾਂਜਲੀ ਇਹੀ ਹੋਵੇਗੀ ਕਿ ਜੰਗਬਾਜ਼ ਸਾਮਰਾਜੀ ਤਾਕਤਾਂ ਦੇ ਨਵੇਂ ਆਲਮੀ ਖ਼ਤਰੇ ਦਾ ਸਾਹਮਣਾ ਕਰਨ ਲਈ ਸਾਰੇ ਫਿਰਕੇ ਸਾਂਝਾ ਮੁਹਾਜ਼ ਬਣਾਉਣ। ਹਰ ਬੰਦੇ ਤਕ ਇਹ ਪੈਗ਼ਾਮ ਲੈਕੇ ਜਾਣ ਲਈ ਇਸ ਸੁਨਹਿਰੀ ਮੌਕੇ ਦਾ ਲਾਹਾ ਲੈਣਾ ਚਾਹੀਦਾ ਹੈ ਅਤੇ ਨੌਜਵਾਨ ਪੀੜ੍ਹੀ ਵਿਚ ਅਪਣੱਤ ਤੇ ਸਦਭਾਵਨਾ ਵਾਲਾ ਮਾਹੌਲ ਉਸਾਰਨ 'ਚ ਮਦਦ ਕਰਨੀ ਚਾਹੀਦੀ ਹੈ ਜੋ ਅਸਲ ਤੱਥਾਂ ਅਤੇ ਸਹੀ ਮਾਅਨਿਆਂ 'ਚ ਇਤਿਹਾਸ ਤੋਂ ਵਾਕਫ਼ ਨਹੀਂ ਹਨ। ਲੋਕਾਂ ਨੂੰ ਆਪਣੀ ਤਾਕਤ ਅਤੇ ਫੁੱਟ ਪਾਊ ਤਾਕਤਾਂ ਦੇ ਮਨਸੂਬਿਆਂ ਨੂੰ ਸਮਝਣਾ ਚਾਹੀਦਾ ਹੈ ਅਤੇ ਗ਼ਦਰ ਲਹਿਰ ਦੇ ਸਾਡੇ ਮਹਾਨ ਸ਼ਹੀਦਾਂ ਦੇ ਅਮਲਾਂ ਤੇ ਸਿਖਿਆਵਾਂ ਦੇ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ।

NOTES AND REFERENCES

1. The German cruiser *Emden,* which conducted a raiding cruise and destroyed many British vessels, was hunted down on 9 November at Keeling Cocos Island, and destroyed. The British cruisers aided by the French, Russian, Japanese vessels, HMAS *Melbourne* and *Sydney* working in harmony, drove the *Emden* ashore and burnt it. The captain of the *Emden* (Captain von Muller) and Prince Franz Joseph of Hohenzollern were taken in custody.
2. All the Indian soldiers in this regiment were recruited from two different villages in India and were divided accordingly into two groups; the 'Left wing' consisting of Pathan Muslims, and the 'Right wing' of Rajput Muslims.
3. Report of Court of Enquiry enclosed in Confidential Dispatch from Governor Young to Secretary of State, Harcourt, 19 August 1915, C0273/423. In the Court's opinion, Martin 'showed marked weakness throughout.... ' and he 'did not take any ostensible steps to quell the mutiny either before or after reinforcements of the 81 men of MSVR had arrived' at his bungalow where he

was besieged by one group of mutineers. See also, T.M. Winsley, *A History of the Singapore Volunteer Corps* 1857-1937, Singapore, 1938, pp. 1-2 and G.Corr, *The War of the Springing Tigers,* London, 1975, chapters 1 and 2.

4. *New York Times,* 2 May 1915.
5. 'Report in connection with the mutiny of 5th Light Infantry at Singapore 1915', Simla, 1915, India Office Library, London.
6. Maia Ramnath, *Haj to Utopia, How the Ghadar Movement Charted Global Radicalism and Attempted to Overthrow the British Rule in India,* Berkeley: University of California Press, 2011, p.191.
7. House of Lords Official Report, 2 March 1915, *C0273/434.* The Marquis of Crewe, the Lord Privy Seal and Secretary of State for India claimed that the outbreak was in 'the nature of a regimental riot' and therefore, the word 'mutiny' was not 'the proper word to use'. He feared repercussions of the mutiny in India where the Indian nationalists were becoming more radical. The Government of India also pressed for rigid exercise of censorship of news of the outbreak.
8. Harish K. Puri, *Ghadar Movement: A Short History,* New Delhi: National Book Trust of India, 2011, p.138.
9. Narrative of Their Doings in the Mutiny', *The Straits Times,* 26 April 1915.
10. The *New York Times,* 24 February 1915.
11. Raj Kumar, *Essays on Indian Freedom Movement,* Delhi: Discovery Publishing House, 2003, p. 76 .
12. T.R. Sareen, ed., *Secret Documents on Singapore Mutiny,* 1915, New Delhi: Mounto Publishing House, 1995, pp. 11-14.
13. National Archives of India (NAI), Koji Tsukuda, translation in Foreign Department, External B, Confidential B of 1918, pp. 41-60.
14. Martyrs of Singapore Military Revolt', *Calendar 1913-2013,* Jalandhar: Desh Bhagat Yadgar Committee, 2013.
15. Letter of C. D. Bradley, British Advisor in Johore State, addressed to Major F.I. Lugard, 28 September 1933. See Zarina Patel, *Unquiet: The Life and Times of Makhan Singh,* Nairobi: Zand Graphics, 2006 and Ramnath, *Haj to Utopia,* pp. 190-92.
16. Ramnath, *Haj to Utopia"* p. 192.
17. *The Heritage,* Jalandhar: Desh Bhagat Yaadgar Committee, November 2000.
18. Report of W.G Maxwell, Confidential Dispatch 283, 286 to War Office, 25 March 1915.
19. Harish K. Puri, 'Dreams of the Ghadar Party Heroes', *Mainstream* weekly, 15 August 1998.

20. Sho Kuwajima 'Indian Mutiny in Singapore, 1915: People who observed the scene and people who heard the news', New Zealand Journal of Asian Studies Vol. 11, No.1, 2009. p. 378.
21. Foreign Ministry of Japan, ed., Nihon Gaiko Monzyo Documents of Japanese Foreign Policy, Taisho Yonen,2 March 191 5 ;Tokyo, 1969 pp. 1194-1207. Nishimura Takeshiro, a long resident Japanese medical doctor in Singapore, wrote that Fujii assumed office as Japanese Consul of Singapore in August 1913.
22. Monzyo, *Documents,* p.1197.
23. Sareen, ed., *Secret Documents on Singapore Mutiny,* pp. 231-32.
24. Ibid., p. 41.
25. R.W.E. Harper and Harry Miller, *Singapore Mutiny,* Singapore: Oxford University Press, 1984, p. 64.
26. A. H. Dickenson, 'Dickenson's Account', Royal Commonwealth Society, London. [Dickenson was an Officer-Cadet of the Straits Settlement Police at the time of the mutiny and submitted his account to the Royal Common-wealth Society.]
27. Nishimura Takeshiro, *Singapore Sanjyugo Nen (Thirty-five Years in Singapore),* Tokyo: Tohsui Sha, 1941, p.148.
28. The Singapore mutiny of the 5th Light Infantry material written or collected by Musgrave Arthur Thompson discussed the causes, course, punishment and impact of the mutiny and included a lengthy memoir. Thompson's memoir also records notes on the *Malay State Guides,* the German cruiser *Emden* and the Russian cruiser *Zhemchug,* and an uprising against the French in Cambodia. There are letters exchanged between Colonel Archer Cust, Secretary General of the Society and Thompson, providing more detail of the latter's work as Provost Marshal which included counter-espionage.
29. Dickenson, 'Dickenson's Account'.
30. Government of India (GOI), *Sedition Committee Report* 1918 [first published in 1918], Calcutta: New Age Publishers, 1973, rpt., p.121.
31. F.C. Isemonger and J. Slattery, *An Account of Ghadar Conspiracy 1913-1915* [first published in 1919], Berkeley: Folklore Institute, 1998, rpt., p. 152.
32. *New York Times,* 2 May 1950.
33. Ramnath, *Haj to Utopia,* p. 193. Also see Sho Kuwajima, *Indian Mutiny in Singapore,* 1915, p28.
34. Ram Chandra, *San Francisco Examiner,* 13 June 1916.
35. *New York Times,* 24 February 1915.
36. New Zealand Institute for the Study of Competition and Regulation (ISCR) p.125.

37. Puri, *Ghadar Movement,* p.138.
38. *Sedition Committee Report,* p. 170.
39. *New York Times,* 22 May 1915.
40. Ramnath, *Haj to Utopia,* p.193.
41. T. R. Sareen, 'Proclamation under Martial Law', *Select Documents on the Ghadr Party,* New Delhi: Mounto Publishing House, 1994, p. 822.
42. C. M. Turnbull, *Dateline Singapore: 150 Years of The Straits Time"* Singapore: Singapore Press Holdings, 1995, p.76.
43. Ban Kah Choon, *Absent History: The Untold Story of Special Branch Operations in Singapore* 1915-1942, Singapore: SNP Media Asia. 2001' p. 68.
44. "1915 Indian (Singapore Mutiny", Singapore Infopaedia. Archived from the original on 12 June 2007' Retrieved 007 -06-14.
45. Savage, p.145,150.
46. Farish A. Noor, S. Rajaratnam School of International Studies: Working Paper no 206; From Empire to the War on Terro r: The 1915 Indian Sepoy Mutiny in Singapore 2010 page 16.
47. The Indian Muslims initially got involved with the Ghadr movement through their contact with Turkish emissaries. Turkey entered the First world, war in November 1914 on the side of the Germany proclaiming it as a jihad. On the Turkish side one of the immediate consequences of going to war ' their attempt to galvanize and band together their war time's connection with the Indian revolutionaries again st what they perceived as the common enemy. Reading the British parliamentary paper suggest that it was well thought out plan between the Ghadr personnel and the Young Turk of Turkey.

15 ਫਰਵਰੀ 1915 ਨੂੰ ਸਿੰਘਾਪੁਰ ਵਿਚ ਸ਼ਹੀਦ ਕੀਤੇ ਗਏ ਫੌਜੀ

ਨੰ.	ਨਾਮ	ਪਿਤਾ ਦਾ ਨਾਂ	ਪਿੰਡ/ਸ਼ਹਿਰ
1.	ਅਬਦੁਲ ਗਨੀ ਖਾਂ	ਸੈਦ ਖਾਨ	ਜਾਤੂਸਨਾ, ਗੁੜਗਾਂਓ
2.	ਅਬਦੁਲ ਗਨੀ ਖਾਂ	ਸੈਦੂ ਖਾਨ	ਕਾਲੂਵਾਸ, ਜੀਂਦ
3.	ਅਹਿਮਦ ਖਾਂ	ਮੱਖਣ ਖਾਨ	ਬੁਰਤਨਾ, ਹਿਸਾਰ
4.	ਇਨਾਅਤ	ਬਾਲੀ ਮੋਹਨ ਖਾਂ	
5.	ਇਬਰਾਹੀਮ	ਨਾਜ਼ਰ ਖਾਨ	ਜਮਾਲਪੁਰ, ਹਿਸਾਰ
6.	ਇਬਰਾਹੀਮ	ਸ਼ੈਲੂ ਜੱਟ	ਟੁਰਾਨੀ, ਰੋਹਤਕ
7.	ਇਮਤਿਆਜ਼ ਅਲੀ	ਗੁਲਾਮ ਰਸੂਲ ਖਾਂ	
8.	ਇਸਮਾਇਲ	ਮੱਖਣ ਖਾਨ	ਬੈਂਸੀ, ਰੋਹਤਕ

9.	ਉਮਰਾਓ ਅਲੀ	ਮੱਖਣ ਖਾਨ ਪਠਾਨ	ਕਰਮਪੁਰ, ਗੁੜਗਾਂਓ
10.	ਗਫ਼ਾਰ ਅਲੀ ਖਾਂ	ਹਾਕਮ ਖਾਨ	ਪਤੇਨ, ਹਿਸਾਰ
11.	ਚਿਸ਼ਤੀ ਖਾਂ	ਮੁਸਲਮ ਖਾਨ	ਕਿਰਾਵਡ, ਹਿਸਾਰ
12.	ਜਮਾਲੁਦੀਨ	ਬਖਸ਼ ਖਾਨ	ਜਤੌਲੀ, ਗੁੜਗਾਂਓ
13.	ਡੂੰਡੇ ਖਾਂ	ਖਾਨ ਮੁਹੰਮਦ ਖਾਂ	ਬਾਜ਼ਪੁਰ, ਗੁੜਗਾਂਓ
14.	ਤਾਜ ਮੁਹੰਮਦ ਖਾਂ	ਗੁਲਾਮ ਮੁਹੰਮਦ ਖਾਨ	ਬਨੀਆਨੀ, ਰੋਹਤਕ
15.	ਨੱਥੇ ਖਾਂ	ਦਾਗੀ ਖਾਨ	ਕੁਸਨੀ, ਮੁਜ਼ੱਫ਼ਰ ਨਗਰ
16.	ਨਵਾਬ ਖਾਂ	ਹੈਦਰ ਖਾਨ	ਤੁਸਾਨੀ, ਹਿਸਾਰ
17.	ਨਿਆਜ਼ ਮੁਹੰਮਦ	ਅਲੀ ਅਕਬਰ ਖਾਨ	ਕਨੌਹਰ, ਰੋਹਤਕ
18.	ਨਿਸ਼ਾਨ ਅਲੀ ਖਾਂ	ਮੁਜ਼ਫ਼ਰ ਖਾਨ	ਰੜ੍ਹ, ਕਰਨਾਲ
19.	ਨੂਰ ਮੁਹੰਮਦ	ਮੱਖਣ ਖਾਨ	ਜਟਸੂਆਨਾ, ਗੁੜਗਾਂਓ
20.	ਫਜ਼ਲ ਅਲੀ	ਕਬੀਰ ਖਾਨ	ਚੰਗ, ਹਿਸਾਰ
21.	ਫਿਰੋਜ਼ ਖਾਂ	ਅਲਾਦਿੱਤਾ ਖਾਨ	ਖੇੜੀ ਨੰਗਲ, ਗੁੜਗਾਂਓ
22.	ਫੈਜ਼ ਮੁਹੰਮਦ	ਰਹੀਮ ਅਲੀ ਖਾਨ	ਸਾਮਾ ਗੋਪਾਲਪੁਰ, ਰੋਹਤਕ
23.	ਬਸ਼ਰਤ ਅਲੀ	ਰਨਮਸਤ ਖਾਨ	ਬਲੀਆ ਅਲੀ, ਹਿਸਾਰ
24.	ਬਾਕਰ ਅਲੀ	ਉਮੈਦ ਖਾਨ	ਗਜਰਾਮ, ਹਿਸਾਰ
25.	ਭੂਰੇ ਖਾਂ	ਫੈਜ਼ ਖਾਨ	ਰਾਜਪੂਤ ਪਰਤਲ, ਨਾਭਾ
26.	ਮੁਨਸ਼ੀ ਖਾਂ	ਮਜ਼ਹਰ ਖਾਨ	ਬਲਿਆਲੀ, ਹਿਸਾਰ
27.	ਮੁਰਾਦ ਅਲੀ ਖਾਂ	ਕਰਮ ਅਲੀ ਖਾਨ	ਜਮਾਲਪੁਰ, ਹਿਸਾਰ
28.	ਮੁਹੰਮਦ ਬਖ਼ਸ਼	ਜਾਨ ਮੁਹੰਮਦ ਖਾਨ	ਜਮਾਲਪੁਰ, ਹਿਸਾਰ
29.	ਰਸੂਲ ਅਲੀ		
30.	ਰਹਿਮਤ ਅਲੀ	ਲਖਮੀਰ ਖਾਨ	ਜੌਬਰੀ, ਰੋਹਤਕ
31.	ਰਹੀਮ ਦਾਦ	ਗਫ਼ਾਰ ਖਾਨ	ਚੰਨੀ, ਹਿਸਾਰ
32.	ਰੁਕਨਉਦੀਨ	ਫਰੀਕ ਖਾਨ, ਜੱਟ	ਕਾਨੀ, ਰੋਹਤਕ
33.	ਲਾਲ ਖਾਂ	ਕਰੀਮ ਬਖ਼ਸ਼ ਚੌਹਾਨ	ਗੁਜਰਾਨੀ, ਹਿਸਾਰ
34.	ਸਈਦ ਮੁਹੰਮਦ	ਲਛਕਰੀ ਖਾਨ	ਬੈਆਲੀ, ਹਿਸਾਰ
35.	ਰਫੀ ਮੁਹੰਮਦ	ਅਮਰ ਅਲੀ ਖਾਨ ਚੌਹਾਨ ਜਸਤੂਆਨਾ	
36.	ਸਮਾਧ ਖਾਂ	ਸਹਿਯਾਦ ਖਾਨ	ਚੌਧਰੀਵਾਸ
37.	ਸ਼ਮਸੁਦੀਨ	ਬਨਿਆਨੀ,	ਰੋਹਤਕ
38.	ਸੁਲੇਮਾਨ ਖਾਂ	ਰਸੂਲ ਖਾਨ	ਬਲਨਾਲੀ, ਹਿਸਾਰ
39.	ਸੁਲੇਮਾਨ ਖਾਂ	ਇਮਾਨੂਦੀਨ	ਗੜ੍ਹੀ, ਰੋਹਤਕ
40.	ਸੁਲੇਮਾਨ ਖਾਂ	ਮਹਿਬੂਬ ਖਾਨ	ਕਨੌਹਰ, ਰੋਹਤਕ
41.	ਹਕੀਮ ਅਲੀ		

ਸਿੰਘਾਪੁਰ ਵਿਚ 15 ਫਰਵਰੀ 1915 ਨੂੰ 3 ਫੌਜੀਆਂ ਨੂੰ ਫਾਂਸੀ ਦਿੱਤੀ ਗਈ

1.	ਮੋਮਨ ਆਸਤਾ ਖਾਨ	ਬਸ,	ਪਟਿਆਲਾ
2.	ਰਫੀ ਮੁਹੰਮਦ	ਨਵਾਬ ਅਲੀ ਖਾਨ	ਕਲਾਨੌਰ, ਰੋਹਤਕ
3.	ਸ਼ਾਮੁਦੀਨ	ਮਨੀਉਦੀਨ	ਮੇਹਿਮ, ਰੋਹਤਕ

130ਵੀਂ ਬਲੋਚ ਰਜਮੈਂਟ ਦੀ ਭੂਮਿਕਾ

ਸਿੰਘਾਪੁਰ ਵਾਂਗ ਹੀ 130ਵੀਂ ਬਲੋਚ ਰਜਮੈਂਟ ਨੇ ਰੰਗੂਨ ਵਿਚ ਗ਼ਦਰ ਪਾਰਟੀ ਦੀ ਸੰਗਤ ਵਿਚ ਆ ਕੇ ਗ਼ਦਰ ਕੀਤਾ। ਇਸ ਪਲਟਨ ਵਿਚ ਜ਼ਿਆਦਾ ਮਹੰਮਦ ਸਨ, ਜੋ ਸਰਹੱਦੀ ਸੂਬੇ ਦੇ ਮਲਾਕੰਡ ਤੋਂ ਉਤੇ ਆਜ਼ਾਦ ਇਲਾਕੇ ਦੇ ਮੁਹੰਮਦ ਜ਼ਈ ਪਠਾਣਾਂ ਵਿਚੋਂ ਸਨ। ਇਹ ਰਜਮੈਂਟ ਜਦ ਨਵੰਬਰ, 1914 ਦੇ ਮਹੀਨੇ ਜੰਗ ਨੂੰ ਭੇਜਣ ਵਾਸਤੇ ਜਹਾਜ਼ ਚੜ੍ਹਾਉਣ ਲਈ ਬੰਬਈ ਲਿਆਂਦੀ ਗਈ ਤਾਂ ਇਹਨਾਂ ਮਹੰਮਦਾਂ ਨੇ ਜੰਗ ਨੂੰ ਜਾਣੋਂ ਨਾਂਹ ਕਰ ਦਿਤੀ ਤੇ ਹੁਕਮ ਚਲਾਉਣ ਵਾਲੇ ਇਕ ਗੋਰੇ ਅਫਸਰ ਨੂੰ ਮਾਰ ਦਿਤਾ। ਇਸ ਪਲਟਨ ਨੂੰ ਬੰਬਈ ਤੋਂ ਹਟਾਕੇ ਫੌਜੀ ਪਹਿਰੇ ਵਿਚ ਰੰਗੂਨ ਲੈ ਆਂਦਾ ਗਿਆ। ਇਸ ਵਿਚ ਰੰਗੂਨ ਦੀ ਗ਼ਦਰ ਪਾਰਟੀ ਦੇ ਮੁਸਲਮਾਨ ਮੈਂਬਰਾਂ ਨੇ 'ਗ਼ਦਰ' ਦੇ ਪਰਚੇ ਵੰਡੇ। ਇਹ ਪਲਟਨ ਜਨਵਰੀ 1915 ਤਕ ਬਿਲਕੁਲ ਵਿਗੜ ਗਈ ਤੇ ਗ਼ਦਰ ਵਾਸਤੇ ਤਿਆਰ ਹੋ ਗਈ। ਪਰ 16 ਜਨਵਰੀ ਨੂੰ ਇਹਨਾਂ ਦਾ ਕੋਰਟ ਮਾਰਸ਼ਲ ਹੋਇਆ ਤੇ 200 ਆਦਮੀਆਂ ਨੂੰ ਸਜ਼ਾਵਾਂ ਦਿਤੀਆਂ ਗਈਆਂ। ਜਿਨ੍ਹਾਂ ਵਿਚੋਂ ਚਾਰ ਫਾਂਸੀ ਤੇ 69 ਉਮਰ ਕੈਦ ਕੀਤੇ, ਬਾਕੀ 126 ਨੂੰ ਘੱਟ ਸਜ਼ਾਵਾਂ ਹੋਈਆਂ। ਇਹਨਾਂ ਤੋਂ ਇਲਾਕਾ ਬਾਕੀ ਪਲਟਨੀਏ "ਹਿੰਦ ਅੰਦਰ ਆਉਣ ਦੇ 1914 ਦੇ ਪੰਜਵੇਂ ਫੁਰਮਾਨ" ਹੇਠ ਗਰਿਫਤਾਰ ਕਰਕੇ ਪੰਜਾਬ ਦੀਆਂ ਜੇਲ੍ਹਾਂ ਵਿਚ ਕੁਝ ਚਿਰ ਡਕ ਰੱਖਣ ਤੋਂ ਬਾਅਦ ਵਿਚ ਦੇਸ਼ ਬਦਰ ਕਰਕੇ ਮਹੰਮਦ ਜ਼ਈ ਨੂੰ ਭੇਜ ਦਿਤੇ ਗਏ।

[ਗ਼ਦਰ ਪਾਰਟੀ ਦਾ ਇਤਿਹਾਸ, ਭਾਗ 1, ਸਫ਼ਾ 240]

ਬਾਲਾਸੋਰ ਸਾਕਾ ਅਤੇ ਹੋਰ ਸ਼ਹੀਦ

-ਬੂਟਾ ਸਿੰਘ

ਗ਼ਦਰ ਲਹਿਰ ਦੇ ਪੰਜਾਬ ਤੋਂ ਬਾਹਰ ਫੈਲਾਅ ਨੂੰ ਸਮਝੇ ਬਗ਼ੈਰ ਗ਼ਦਰੀ ਲਹਿਰ ਦੀ ਗਾਥਾ ਅਧੂਰੀ ਹੈ। ਇਹ ਸਹੀ ਹੈ ਕਿ ਵਿਸ਼ਨੂੰ ਗਣੇਸ਼ ਪਿੰਗਲੇ ਦੇ ਸੰਪਰਕ ਜ਼ਰੀਏ ਬੰਗਾਲੀ ਇਨਕਲਾਬੀ ਰਾਸ ਬਿਹਾਰੀ ਬੋਸ ਤੇ ਸਚਿੰਦਰਨਾਥ ਸਾਨਿਆਲ ਪੰਜਾਬ ਆਏ ਅਤੇ ਫਰਵਰੀ 1915 ਦੇ ਗ਼ਦਰ ਦੀ ਤਿਆਰੀ 'ਚ ਉਨ੍ਹਾਂ ਨੇ ਬਹੁਤ ਅਹਿਮ ਭੂਮਿਕਾ ਨਿਭਾਈ। ਇੰਞ ਪਿੰਗਲੇ ਪੰਜਾਬ ਅਤੇ ਬੰਗਾਲ ਦੇ ਇਨਕਲਾਬੀਆਂ ਦਾ ਸਿੱਧਾ ਸੰਪਰਕ ਕਰਵਾਉਣ ਵਾਲੀ ਮੁੱਖ ਕੜੀ ਸਨ। ਕਰਤਾਰ ਸਿੰਘ ਸਰਾਭਾ ਪਿੰਗਲੇ ਜ਼ਰੀਏ ਜਤਿੰਦਰਨਾਥ ਮੁਖਰਜੀ ਨੂੰ ਮਿਲੇ ਸਨ। ਉਨ੍ਹਾਂ ਦਾ ਸੁਨੇਹਾ ਲੈ ਕੇ ਸਾਨਿਆਲ ਨੇ ਰਾਸ ਬਿਹਾਰੀ ਬੋਸ ਨਾਲ ਬਨਾਰਸ ਆ ਕੇ ਸੰਪਰਕ ਕੀਤਾ ਸੀ। ਸਾਨਿਆਲ ਅਤੇ ਰਾਸ ਬਿਹਾਰੀ ਬੋਸ ਦਾ ਪੰਜਾਬ ਆਕੇ ਗ਼ਦਰ ਦੀ ਤਿਆਰੀ 'ਚ ਸ਼ਾਮਲ ਹੋਣਾ ਗ਼ਦਰੀ ਤਾਣੇਬਾਣੇ, ਖ਼ਾਸ ਕਰਕੇ ਬੰਗਾਲ ਦੇ ਇਨਕਲਾਬੀਆਂ ਵਲੋਂ ਇਸ ਸਿਲਸਿਲੇ ਵਿਚ ਅੰਗਰੇਜ਼ ਰਾਜ ਨੂੰ ਉਲਟਾਉਣ ਲਈ ਕੀਤੇ ਯਤਨਾਂ ਦੀ ਪੂਰੀ ਤਸਵੀਰ ਨਹੀਂ ਹੈ। ਇਸ ਪਹਿਲੂ ਨੂੰ ਸਮਝਣ ਲਈ ਉਨ੍ਹਾਂ ਯੋਜਨਾਵਾਂ 'ਤੇ ਝਾਤ ਪਾਉਣੀ ਜ਼ਰੂਰੀ ਹੈ ਜਿਨ੍ਹਾਂ ਨੂੰ ਅੰਜਾਮ ਦੇਣ ਲਈ ਉਨ੍ਹਾਂ ਦਿਨਾਂ ਵਿਚ ਬੰਗਾਲ ਦੇ ਇਨਕਲਾਬੀਆਂ ਨੇ ਸਿਰ ਤਲੀ 'ਤੇ ਧਰਕੇ ਦਿਨ-ਰਾਤ ਇਕ ਕੀਤਾ ਹੋਇਆ ਸੀ।

ਅਮਰੀਕਾ ਦੇ ਗ਼ਦਰੀ ਸਦਰ-ਮੁਕਾਮ ਤੋਂ ਸ਼ੁਰੂ ਹੋ ਕੇ ਪੰਜਾਬ, ਬੰਗਾਲ, ਮਹਾਂਰਾਸ਼ਟਰ ਅਤੇ ਹੋਰ ਖੇਤਰਾਂ ਨਾਲ ਜੁੜੀਆਂ ਗ਼ਦਰ ਦੀ ਯੋਜਨਾ ਦੀਆਂ ਕੜੀਆਂ ਦੇ ਪਿਛੋਕੜ ਵਿਚ ਉਨ੍ਹਾਂ ਵਤਨ ਪ੍ਰੇਮੀਆਂ ਵਲੋਂ ਬਦੇਸ਼ਾਂ ਵਿਚ ਸਾਲਾਂ ਤੋਂ ਜੁਟਾਏ ਜਾ ਰਹੇ ਯਤਨ ਸਨ ਜਿਨ੍ਹਾਂ ਨੂੰ ਖੁਫ਼ੀਆ ਇਨਕਲਾਬੀ ਸੰਸਥਾਵਾਂ ਨੇ ਖ਼ਾਸ ਮਨੋਰਥ ਤਹਿਤ ਬਾਹਰ ਭੇਜਿਆ ਸੀ ਜਾਂ ਜੋ ਬਦੇਸ਼ ਵਿਚ ਰਹਿੰਦੇ ਹੋਏ ਇਨ੍ਹਾਂ ਸੰਸਥਾਵਾਂ ਨਾਲ ਕਿਸੇ ਨਾ ਕਿਸੇ ਪੱਧਰ 'ਤੇ ਜੁੜੇ ਹੋਏ ਸਨ। ਇਨ੍ਹਾਂ ਵਿੱਚੋਂ ਇਕ ਅਹਿਮ ਕੜੀ ਜਤਿੰਦਰਨਾਥ ਮੁਖਰਜੀ ਦੇ ਯੁਗਾਂਤਰ ਗਰੁੱਪ ਦੇ ਬਦੇਸ਼ਾਂ ਵਿਚ ਸੰਪਰਕ ਸਨ। ਤਾਰਕਨਾਥ ਦਾਸ ਯੁਗਾਂਤਰ ਨਾਲ ਜੁੜੇ ਹੋਏ ਸਨ ਅਤੇ 1907 ਤੋਂ ਹੀ ਗੁਰੂ ਦੱਤ ਕੁਮਾਰ, ਸੁਰਿੰਦਰਮੋਹਨ ਬੋਸ ਆਦਿ ਨਾਲ ਮਿਲਕੇ ਵੈਨਕੂਵਰ ਤੇ ਸਾਨ ਫਰਾਂਸਿਸਕੋ ਵਿਚ ਹਿੰਦੁਸਤਾਨੀ ਆਵਾਸੀਆਂ (ਜਿਨ੍ਹਾਂ ਵਿਚ ਬਹੁਗਿਣਤੀ ਸਿੱਖ ਤੇ ਹਿੰਦੂ ਸਨ) ਦੇ ਈਵਨਿੰਗ ਸਕੂਲ ਚਲਾ ਰਹੇ ਸਨ। ਜਿਸ ਦੇ ਲੰਦਨ ਅਤੇ ਕਲਕੱਤਾ ਵਿਚ ਕੰਮ ਕਰ ਰਹੇ ਇਨਕਲਾਬੀਆਂ ਨਾਲ ਲਗਾਤਾਰ ਸੰਪਰਕ ਸੀ। ਉਧਰ ਪੈਰਿਸ ਅਤੇ ਬਰਲਿਨ ਇਨਕਲਾਬੀ ਸਰਗਰਮੀਆਂ ਦੇ ਵੱਡੇ ਕੇਂਦਰ ਸਨ ਜੋ ਬਦੇਸ਼ੀ ਰਾਜ ਦੀ ਗ਼ੁਲਾਮੀ ਦਾ ਕਲੰਕ ਮਿਟਾਉਣ ਲਈ ਸਰਗਰਮੀਆਂ ਵਿਚ ਜੁੱਟੇ ਹੋਏ ਸਨ। ਇਨ੍ਹਾਂ ਸਾਰਿਆਂ ਦਾ ਕਿਸੇ ਨਾ ਕਿਸੇ ਰੂਪ 'ਚ ਆਪਸ ਵਿਚ ਅਤੇ ਯੂਰਪ ਤੇ ਉਤਰੀ ਅਮਰੀਕਾ

ਦੇ ਸਮਾਜਵਾਦੀ ਤੇ ਹੋਰ ਅਗਾਂਹਵਧੂ ਹਲਕਿਆਂ ਨਾਲ ਸੰਪਰਕ ਬਣਿਆ ਹੋਇਆ ਸੀ ਅਤੇ ਆਪਸ ਵਿਚ ਆਦਾਨ-ਪ੍ਰਦਾਨ ਹੁੰਦਾ ਰਹਿੰਦਾ ਸੀ।

ਤਾਰਕਨਾਥ ਵਲੋਂ ਆਇਰਿਸ਼ ਇਨਕਲਾਬੀਆਂ ਅਤੇ ਵੈਨਕੂਵਰ ਵਿਚ ਸਰਗਰਮ ਹਿੰਦੁਸਤਾਨੀ ਦੇਸ਼ਭਗਤਾਂ ਦੀ ਮਦਦ ਨਾਲ *ਫਰੀ ਹਿੰਦੁਸਤਾਨ* (ਅੰਗਰੇਜ਼ੀ) ਅਤੇ *ਸਵਦੇਸ਼ ਸੇਵਕ* (ਗੁਰਮੁਖੀ) ਅਖ਼ਬਾਰ ਕੱਢੇ ਗਏ। ਜਿਨ੍ਹਾਂ ਦੀ ਉਥੇ ਰਹਿ ਰਹੇ ਹਿੰਦੁਸਤਾਨੀਆਂ ਵਿਚ ਆਪਣੇ ਹੱਕਾਂ ਲਈ ਮਿਲਕੇ ਲੜਨ ਦੀ ਜਾਗਰੂਕਤਾ ਲਿਆਉਣ 'ਚ ਭੂਮਿਕਾ ਤਾਂ ਹੈ ਹੀ ਸੀ ਉਹ ਉਨ੍ਹਾਂ ਵਿਚ ਮੁਲਕ ਦੀ ਆਜ਼ਾਦੀ ਲਈ ਲੜਨ ਦਾ ਜਜ਼ਬਾ ਪੈਦਾ ਕਰਨ ਦਾ ਸਾਧਨ ਬਣੇ। ਇਹ ਮੁੱਢਲੀਆਂ ਸਰਗਰਮੀਆਂ ਕੈਨੇਡਾ ਅਤੇ ਅਮਰੀਕਾ ਵਿਚ ਆਵਾਸੀ ਹਿੰਦੁਸਤਾਨੀਆਂ ਦੇ ਇਕਜੁੱਟ ਹੋਣ ਅਤੇ ਗ਼ਦਰ ਪਾਰਟੀ ਦੇ ਬਣਨ ਵਿਚ ਬਹੁਤ ਮਦਦਗਾਰ ਸਾਬਤ ਹੋਈਆਂ। ਇਨ੍ਹਾਂ ਨੇ ਮੁਲਕ ਦੇ ਵੱਖ-ਵੱਖਰੇ ਸੂਬਿਆਂ ਦੇ ਵਤਨ-ਪ੍ਰੇਮੀਆਂ ਨੂੰ ਖੇਤਰੀ ਤੇ ਫਿਰਕੂ ਦਾਇਰਿਆਂ ਤੋਂ ਉਪਰ ਉਠਕੇ ਆਜ਼ਾਦੀ ਦੇ ਸਾਂਝੇ ਕਾਜ ਦੀ ਵਿਸ਼ਾਲ ਸੋਚ ਨਾਲ ਜੋੜਿਆ। ਇਸ ਪ੍ਰੇਰਣਾ ਨਾਲ ਹੀ ਲਾਲਾ ਹਰਦਿਆਲ, ਜੋ ਮਸ਼ਹੂਰ ਇਨਕਲਾਬੀ ਰਾਸ ਬਿਹਾਰੀ ਬੋਸ ਦਾ ਸ਼ਗਿਰਦ ਰਹਿ ਚੁੱਕਾ ਸੀ, ਨੇ ਬਰਕਲੇ ਯੂਨੀਵਰਸਿਟੀ ਦੀ ਅਧਿਆਪਕ ਦੀ ਨੌਕਰੀ ਛੱਡੀ ਅਤੇ ਬਰਤਾਨਵੀ ਸਾਮਰਾਜਵਾਦ ਵਿਰੁੱਧ ਧੜੱਲੇਦਾਰ ਪ੍ਰਚਾਰਕ ਬਣਕੇ ਅੱਗੇ ਆਇਆ। ਉਸ ਦੀ ਬੌਧਿਕ ਕਾਬਲੀਅਤ ਅਤੇ ਜੋਸ਼ੀਲੀਆਂ ਤਕਰੀਰਾਂ ਨੇ ਆਵਾਸੀ ਪੰਜਾਬੀਆਂ ਉਪਰ ਡੂੰਘਾ ਪ੍ਰਭਾਵ ਪਾਇਆ। ਗ਼ਦਰ ਪਾਰਟੀ ਬਣਾਈ ਗਈ, *ਗ਼ਦਰ* ਅਖ਼ਬਾਰ ਸ਼ੁਰੂ ਹੋਇਆ ਅਤੇ ਹਜ਼ਾਰਾਂ ਆਵਾਸੀਆਂ ਨੇ ਆਪਣੀ ਨਿੱਜੀ ਜ਼ਿੰਦਗੀ ਦੀ ਬਿਹਤਰੀ ਅਤੇ ਸੁਖ-ਸਹੂਲਤਾਂ ਦੀ ਥਾਂ ਮੁਲਕ ਦੀ ਆਜ਼ਾਦੀ ਨੂੰ ਆਪਣਾ ਇਕੋਇਕ ਨਿਸ਼ਾਨਾ ਮਿੱਥ ਲਿਆ। ਇਹ ਸੁਪਨਾ ਅੱਖਾਂ ਵਿਚ ਸੰਜੋਈ ਉਹ ਸਭ ਕੁਛ ਤਿਆਗਕੇ ਹਥਿਆਰਬੰਦ ਗ਼ਦਰ ਕਰਨ ਲਈ ਆਪਣੇ ਵਤਨ ਵਾਪਸ ਪਰਤ ਆਏ।

ਗ਼ਦਰ ਦੀ ਇਹ ਯੋਜਨਾ ਬੰਗਾਲ ਦੇ ਆਪਾਵਾਰ ਇਨਕਲਾਬੀਆਂ ਲਈ ਬਹੁਤ ਖ਼ੁਸ਼ੀ ਦੀ ਖ਼ਬਰ ਸੀ ਜੋ ਅੰਗਰੇਜ਼ ਸਲਤਨਤ ਦੇ ਦੁਸ਼ਮਣਾਂ ਤੋਂ ਹਥਿਆਰ ਤੇ ਹੋਰ ਸਹਾਇਤਾ ਲੈਣ ਅਤੇ ਦੇਸੀ ਸਿਪਾਹੀਆਂ ਨੂੰ ਬਦੇਸ਼ੀ ਰਾਜ ਵਿਰੁੱਧ ਬਗ਼ਾਵਤ ਕਰਨ ਲਈ ਪਹਿਲਾਂ ਹੀ ਲਗਾਤਾਰ ਯਤਨ ਕਰ ਰਹੇ ਸਨ। ਬਦੇਸ਼ਾਂ ਵਿਚਲੇ ਸੰਪਰਕਾਂ ਦੇ ਅਧਾਰ 'ਤੇ ਵਿਸ਼ਨੂੰ ਗਣੇਸ਼ ਪਿੰਗਲੇ ਨੇ ਬੰਗਾਲ ਅਤੇ ਪੰਜਾਬ ਦੇ ਇਨਕਲਾਬੀਆਂ ਦਾ ਤਾਲਮੇਲ ਕਰਵਾਇਆ ਅਤੇ ਬਦੇਸ਼ੋਂ ਪਰਤੇ ਪੰਜਾਬੀ ਗ਼ਦਰੀਆਂ ਵਲੋਂ ਰਾਸ ਬਿਹਾਰੀ ਬੋਸ ਨਾਲ ਡੂੰਘਾ ਮਸ਼ਵਰਾ ਕਰਕੇ ਗ਼ਦਰ ਦਾ ਪੂਰਾ ਪ੍ਰੋਗਰਾਮ ਉਲੀਕਿਆ ਗਿਆ ਸੀ। ਜਿਸ ਦੀ ਮੁੱਖ ਟੇਕ ਫ਼ੌਜੀ ਛਾਉਣੀਆਂ ਵਿਚ ਗ਼ਦਰ ਸੀ। ਬਰਤਾਨੀਆ ਦੀਆਂ ਦੁਸ਼ਮਣ ਤਾਕਤਾਂ ਤੋਂ ਹਥਿਆਰ ਤੇ ਹੋਰ ਮਦਦ ਹਾਸਲ ਕਰਨਾ ਇਸ ਤਿਆਰੀ ਦਾ ਬਹੁਤ ਹੀ ਅਹਿਮ ਹਿੱਸਾ ਸੀ। ਗ਼ਦਰੀ ਸਦਰ ਮੁਕਾਮ ਵਲੋਂ ਸਮੁੰਦਰੀ ਜਹਾਜ਼ਾਂ ਰਾਹੀਂ ਜੋ ਹਥਿਆਰ ਭੇਜਣ ਦੀ ਯੋਜਨਾ ਸੀ ਉਨ੍ਹਾਂ ਨੂੰ ਹਾਸਲ ਕਰਕੇ ਖੁਫ਼ੀਆ ਤੌਰ 'ਤੇ ਸੰਭਾਲਣ ਲਈ ਇਕ ਬੱਝਵੀਂ ਤਾਕਤ ਦੀ ਲੋੜ ਸੀ। ਇਸ ਲਈ ਬੰਗਾਲ ਦੀ ਖਾੜੀ ਨੂੰ ਇਕ ਸਭ ਤੋਂ ਢੁਕਵੀਂ ਥਾਂ ਮੰਨਿਆ ਗਿਆ। ਇਹ ਤੈਅ ਕੀਤਾ ਗਿਆ ਕਿ ਬੰਗਾਲ ਦੇ ਇਨਕਲਾਬੀ ਇਹ ਹਥਿਆਰ ਹਾਸਲ ਕਰਕੇ ਮਿੱਥੀ ਯੋਜਨਾ ਅਨੁਸਾਰ ਗ਼ਦਰ ਕਰਨ ਵਾਲੀਆਂ ਤਾਕਤਾਂ ਨੂੰ ਦੇਣਗੇ।

ਇਹ ਜ਼ਿੰਮੇਵਾਰੀ ਓਟਣ ਵਾਲੀ ਇਕ ਮੁੱਖ ਤਾਕਤ ਯੁਗਾਂਤਰ ਗਰੁੱਪ ਸੀ ਜੋ ਬੰਗਾਲ ਦੇ

ਇਨਕਲਾਬੀਆਂ ਦੀ ਕੇਂਦਰੀ ਸੰਸਥਾ ਮੰਨੀ ਜਾਂਦੀ ਸੀ। ਯੁਗਾਂਤਰ ਦੇ ਸਿਰਕੱਢ ਆਗੂ ਜਤਿੰਦਰਨਾਥ ਮੁਖਰਜੀ ਸਨ ਜੋ ਅਨੁਸ਼ੀਲਨ ਸੰਮਤੀ ਦੇ ਬਾਨੀਆਂ ਵਿੱਚੋਂ ਸੀ ਅਤੇ ਉਸ ਦਾ ਬਦੇਸ਼ੀ ਹਕੂਮਤ ਵਿਰੁੱਧ ਖਾੜਕੂ ਕਾਰਵਾਈਆਂ ਵਿਚ ਸਿਰਕੱਢ ਨਾਂ ਸੀ। ਪਹਿਲੀ ਆਲਮੀ ਜੰਗ ਤੋਂ ਥੋੜ੍ਹਾ ਪਹਿਲਾਂ ਉਸ ਨੇ ਕਲਕੱਤਾ ਵਿਚ ਜਰਮਨ ਦੇ ਕਰਾਊਨ-ਪ੍ਰਿੰਸ ਨਾਲ ਮੁਲਾਕਾਤ ਕਰਕੇ ਉਸ ਤੋਂ ਇਹ ਵਾਅਦਾ ਲੈ ਲਿਆ ਸੀ ਕਿ ਜਰਮਨੀ ਉਨ੍ਹਾਂ ਨੂੰ ਅੰਗਰੇਜ਼ ਹਕੂਮਤ ਵਿਰੁੱਧ ਲੜਨ ਲਈ ਹਥਿਆਰ ਤੇ ਗੋਲੀਸਿੱਕਾ ਦੇਵੇਗਾ।

ਉਸਦਾ ਜਨਮ 7 ਦਸੰਬਰ 1879 ਨੂੰ ਨਦੀਆ ਜ਼ਿਲ੍ਹੇ (ਹੁਣ ਪੱਛਮੀ ਬੰਗਾਲ) ਦੀ ਕੁਸ਼ਤੀਆ ਤਹਿਸੀਲ ਦੇ ਕਾਇਆਗ੍ਰਾਮ ਪਿੰਡ ਵਿਚ ਸ਼ਰਤਸ਼ਸ਼ੀ ਅਤੇ ਉਮੇਸ਼ਚੰਦਰ ਮੁਖਰਜੀ ਦੇ ਪੜ੍ਹੇਲਿਖੇ ਪਰਿਵਾਰ ਵਿਚ ਹੋਇਆ ਸੀ। ਪੰਜ ਸਾਲ ਦੀ ਉਮਰ 'ਚ ਹੀ ਉਸਦੇ ਪਿਤਾ ਦਾ ਦੇਹਾਂਤ ਹੋ ਗਿਆ ਸੀ ਅਤੇ ਮਾਂ ਦੇ ਖ਼ਿਆਲਾਂ ਦਾ ਉਸਦੀ ਖ਼ੁਦਦਾਰ ਸ਼ਖਸੀਅਤ ਨੂੰ ਘੜਨ ਵਿਚ ਵੱਡਾ ਯੋਗਦਾਨ ਸੀ। ਉਸ ਦੇ ਮਾਤਾ ਜੀ ਆਪਣੇ ਜ਼ਮਾਨੇ ਦੇ ਸਮਾਜੀ ਅਤੇ ਸਿਆਸੀ ਬਦਲਾਓ ਨਾਲ ਬਾਵਸਤਾ ਸਨ ਜਿਨ੍ਹਾਂ ਦੇ ਕਾਨੂੰਨਦਾਨ ਭਰਾ ਦੀ ਮਸ਼ਹੂਰ ਕਵੀ ਟੈਗੋਰ ਨਾਲ ਗੂੜ੍ਹੀ ਸਾਂਝ ਸੀ। ਮਨੁੱਖਤਾ ਨਾਲ ਡੂੰਘਾ ਲਗਾਓ ਜਤਿਨ ਦੇ ਸੁਭਾਅ ਦੀ ਖ਼ਾਸ ਖ਼ੂਬੀ ਸੀ। ਇਕ ਵਾਰਤਾਲਾਪ ਵਿਚ ਮਹਾਤਮਾ ਗਾਂਧੀ ਨੇ ਵੀ ਮੰਨਿਆ ਕਿ ਜਤਿਨ "ਦੈਵੀ ਸ਼ਖਸੀਅਤ" ਸਨ। ਜਦੋਂ ਜਤਿੰਦਰਨਾਥ ਵੱਡਾ ਹੋਇਆ ਤਾਂ ਦਿਆਲੂ ਅਤੇ ਹਸਮੁੱਖ ਹੋਣ ਦੇ ਨਾਲ ਨਾਲ ਮਜ਼ਬੂਤ ਜੁੱਸੇ ਅਤੇ ਬੇਮਿਸਾਲ ਜ਼ੋਰ ਵਾਲੇ ਦਲੇਰ ਨੌਜਵਾਨ ਵਜੋਂ ਉਸ ਦੀ ਵਿਸ਼ੇਸ਼ ਪਛਾਣ ਬਣ ਗਈ। ਉਸ ਦੀਆਂ ਬਹਾਦਰੀ ਦੀਆਂ ਕਹਾਣੀਆਂ ਲੋਕ-ਗਾਥਾ ਬਣ ਗਈਆਂ। ਇਕ ਵਾਰ ਉਸਨੇ ਇਕੱਲੇ ਨੇ ਹੀ ਸ਼ੇਰ ਨਾਲ ਦਸਤਪੰਜਾ ਲੈ ਕੇ ਖੁੱਖਰੀ ਨਾਲ ਉਸ ਦੀ ਅਲਖ ਮੁਕਾ ਦਿੱਤੀ ਸੀ ਅਤੇ ਓਦੋਂ ਤੋਂ ਹੀ ਉਹ 'ਬਾਘਾ ਜਤਿਨ' ਵਜੋਂ ਜਾਣਿਆ ਜਾਣ ਲੱਗਿਆ।

ਮੈਟ੍ਰਿਕ ਦਾ ਇਮਤਿਹਾਨ ਪਾਸ ਕਰਕੇ ਉਸਨੇ ਕਲਕੱਤਾ ਸੈਂਟਰਲ ਕਾਲਜ (ਹੁਣ ਇਸ ਦਾ ਨਾਂ ਖੁਦੀਰਾਮ ਬੋਸ ਕਾਲਜ ਹੈ) ਵਿਚ ਫਾਈਨ ਆਰਟਸ ਵਿਚ ਦਾਖ਼ਲਾ ਲੈ ਲਿਆ ਅਤੇ ਨਾਲ ਦੀ ਨਾਲ ਸਟੈਨੋਗ੍ਰਾਫ਼ੀ ਸਿੱਖਣੀ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਉਹ ਸਵਾਮੀ ਵਿਵੇਦਾਨੰਦ ਦੇ ਖ਼ਿਆਲਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਦੀ ਪ੍ਰੇਰਣਾ ਨਾਲ ਉਸਨੇ ਅੰਬੂ ਗੁਹਾ ਦੇ ਅਖਾੜੇ ਵਿਚ ਕੁਸ਼ਤੀ ਦਾ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ। ਬਸਤੀਵਾਦੀ ਸਿੱਖਿਆ ਪ੍ਰਬੰਧ ਤੋਂ ਉਪਰਾਮ ਹੋ ਕੇ 1899 'ਚ ਉਸ ਨੇ ਪੜ੍ਹਾਈ ਛੱਡ ਦਿੱਤੀ ਅਤੇ ਬੈਰਿਸਟਰ ਪ੍ਰਿੰਗਲ ਕੈਨੇਡੀ ਦਾ ਸਕੱਤਰ ਬਣਕੇ ਮੁਜ਼ੱਫ਼ਰਪੁਰ ਚਲਾ ਗਿਆ ਜੋ *ਤ੍ਰਿਹੁਟ ਕੁਰੀਅਰ* ਦੇ ਬਾਨੀ ਅਤੇ ਸੰਪਾਦਕ ਸਨ। ਉਸ ਦੇ ਸਿਆਸੀ ਖ਼ਿਆਲਾਂ ਦਾ ਜਤਿਨ ਨੇ ਬਹੁਤ ਅਸਰ ਕਬੂਲਿਆ ਜੋ ਗੋਰਾਸ਼ਾਹੀ ਵਲੋਂ ਹਿੰਦੁਸਤਾਨ ਦੀ ਲੁੱਟਮਾਰ ਦਾ ਜਵਾਬ ਆਜ਼ਾਦ ਫ਼ੌਜ ਬਣਾਕੇ ਦੇਣ ਦਾ ਹਾਮੀ ਸੀ।

ਅਗਸਤ 1901 ਉਸਨੂੰ ਬੰਗਾਲ ਸਕੱਤਰੇਤ ਵਿਚ ਨੌਕਰੀ ਮਿਲ ਗਈ। ਸੰਨ 1900 'ਚ ਉਸਦਾ ਵਿਆਹ ਇੰਦੂਬਾਲਾ ਬੈਨਰਜੀ ਨਾਲ ਹੋਇਆ। 1903 'ਚ ਸ੍ਰੀ ਅਰਵਿੰਦੋ ਘੋਸ਼ ਨਾਲ ਮੁਲਾਕਾਤ 'ਚ ਉਸ ਨੇ ਸ੍ਰੀ ਅਰਵਿੰਦੋ ਨਾਲ ਮਿਲਕੇ ਕੰਮ ਕਰਨ ਦਾ ਫ਼ੈਸਲਾ ਕਰ ਲਿਆ। ਇਹ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਦੇ ਪ੍ਰੋਗਰਾਮ ਵਿਚ ਅੰਗਰੇਜ਼ੀ ਫ਼ੌਜ ਦੇ ਹਿੰਦੁਸਤਾਨੀ ਸਿਪਾਹੀਆਂ ਨੂੰ ਆਪਣੇ ਨਾਲ ਜੋੜਨ ਦੀ ਮੱਦ ਉਸੇ ਦੇ ਸੁਝਾਅ 'ਤੇ ਸ਼ਾਮਲ ਕੀਤੀ ਗਈ ਸੀ। 1905 'ਚ ਬੰਗਾਲ ਦੀ ਵੰਡ ਦੇ ਖ਼ਿਲਾਫ਼ ਗੁੱਸੇ ਦੀ ਲਹਿਰ ਤੋਂ ਜਤਿਨ ਵਰਗਾ ਦਲੇਰ ਇਨਕਲਾਬੀ ਕਿਵੇਂ

ਅਣਭਿੱਜ ਰਹਿ ਸਕਦਾ ਸੀ। ਉਹ ਘਰ-ਪਰਿਵਾਰ ਤੋਂ ਬੇਪ੍ਰਵਾਹ ਹੋ ਕ ਲਹਿਰ ਵਿਚ ਕੁੱਦ ਪਿਆ ਅਤੇ ਫਿਰ ਹਮੇਸ਼ਾ ਲਈ ਖੁਫ਼ੀਆ ਇਨਕਲਾਬੀ ਸਰਗਰਮੀਆਂ ਨੂੰ ਸਮਰਪਿਤ ਹੋ ਗਿਆ। ਉਹ ਇਸ ਕਦਰ ਬੇਖ਼ੌਫ਼ ਤੇ ਦਲੇਰ ਸੀ ਕਿ 1905 'ਚ ਕਲਕੱਤਾ ਵਿਚ ਵੇਲਜ਼ ਦੇ ਸ਼ਹਿਜਾਦੇ ਦੀ ਫੇਰੀ ਦੇ ਜਸ਼ਨੀਂ ਜਲੂਸ ਵਿਚ ਉਸਨੇ ਉਨ੍ਹਾਂ ਗੋਰਿਆਂ ਨੂੰ ਸ਼ਰੇ ਬਜ਼ਾਰ ਕੁਟਾਪਾ ਚਾੜ੍ਹ ਦਿੱਤਾ ਸੀ ਜੋ ਹਿੰਦੁਸਤਾਨੀ ਔਰਤਾਂ ਨਾਲ ਬਦਤਮੀਜ਼ੀ ਕਰ ਰਹੇ ਸਨ। ਇਸੇ ਤਰ੍ਹਾਂ 1908 'ਚ ਸਿਲੀਗੁੜੀ ਰੇਲਵੇ ਸਟੇਸ਼ਨ ਉਪਰ ਜਤਿਨ ਨੇ ਕੈਪਟਨ ਮਰਫ਼ੀ ਅਤੇ ਲੈਫਟੀਨੈਂਟ ਸੋਮਰਵਿਲੇ ਵਰਗੇ ਗੋਰੇ ਫ਼ੌਜੀ ਅਫ਼ਸਰਾਂ ਦੇ ਘਸੁੰਨ ਜੜਕੇ ਉਨ੍ਹਾਂ ਦੀ ਸੁਰਤ ਬੌਂਦਲਾ ਦਿੱਤੀ ਸੀ ਅਤੇ ਨੌਬਤ ਮੁਕੱਦਮੇ ਤਕ ਜਾ ਪਹੁੰਚੀ ਸੀ। ਇਹ ਇਕ ਖ਼ੁਦਦਾਰ ਹਿੰਦੁਸਤਾਨੀ ਦਾ ਆਪਣੇ ਹਮਵਤਨੀਆਂ ਨਾਲ ਗੋਰਿਆਂ ਵਲੋਂ ਕੀਤੀ ਜਾ ਰਹੀ ਬਦਸਲੂਕੀ ਦਾ ਨਾਬਰ ਪ੍ਰਤੀਕਰਮ ਸੀ।

ਮਈ 1904 ਤੋਂ ਲੈ ਕੇ ਉਸਨੇ ਵਿੱਤ ਸਕੱਤਰ ਹੈਨਰੀ ਵ੍ਹੀਲਰ ਦੇ ਕਲਰਕ ਵਜੋਂ ਕੰਮ ਕੀਤਾ। 1907 'ਚ ਉਸਨੂੰ ਕਿਸੇ ਖ਼ਾਸ ਕੰਮ 'ਚ ਦਾਰਜੀਲਿੰਗ ਭੇਜਿਆ। ਉਥੇ ਉਹ ਯੂਰਪੀਨਾਂ ਨਾਲ ਦੋ-ਹੱਥ ਕਰਦਿਆਂ ਮਸ਼ਹੂਰ ਹੋ ਗਿਆ। 1908 'ਚ ਉਥੇ ਆਪਣੇ ਸਾਥੀਆਂ ਨਾਲ ਮਿਲਕੇ ਉਸਨੇ ਅਨੁਸ਼ੀਲਨ ਸੰਮਤੀ ਦੀ ਸ਼ਾਖਾ ਬਣਾ ਲਈ।

ਜਤਿਨ ਦਾ ਰੂਪੋਸ਼ ਸਰਗਰਮੀ ਕਰਕੇ ਬੰਗਾਲ ਦੇ ਵੱਖ-ਵੱਖ ਸ਼ਹਿਰਾਂ ਵਿਚ ਅਨੁਸ਼ੀਲਨ ਸੰਮਤੀ ਦੀਆਂ ਸ਼ਾਖਾਵਾਂ ਬਣਾਉਣ 'ਚ ਮੁੱਖ ਯੋਗਦਾਨ ਸੀ। ਉਸ ਦੀ ਪਹਿਲਕਦਮੀਂ ਨਾਲ ਯੁਗਾਂਤਰ ਅਖ਼ਬਾਰ ਅਤੇ ਨਾਲ ਹੀ ਇਕ ਬੰਬ ਫੈਕਟਰੀ ਸ਼ੁਰੂ ਕੀਤੀ ਗਈ। ਉਸ ਦੀ ਅਗਵਾਈ ਹੇਠ ਸਰਗਰਮੀਆਂ ਦੌਰਾਨ ਹੀ ਪ੍ਰਾਫੁਲ ਚਾਕੀ ਤੇ ਖੁਦੀਰਾਮ ਬੋਸ, ਕਨਾਈਲਾਲ ਦੱਤ ਅਤੇ ਸਤਿਯਨ ਬਾਸੂ ਸ਼ਹੀਦ ਹੋਏ। ਚਾਰੂ ਚੰਦਰ ਬੋਸ ਨੂੰ ਭਰੀ ਕਚਹਿਰੀ ਵਿਚ ਪੁਲਿਸ ਮੁਖ਼ਬਰ ਨੂੰ ਗੋਲੀ ਮਾਰਨ ਕਰਕੇ 19 ਮਾਰਚ 1909 ਨੂੰ ਫਾਂਸੀ ਦੇ ਦਿੱਤੀ ਗਈ। ਬਿਰੇਨ ਦੱਤਾ ਗੁਪਤਾ ਵਲੋਂ ਪੁਲਿਸ ਦੇ ਡੀ.ਐੱਸ.ਪੀ.ਨੂੰ ਕਤਲ ਕਰ ਦਿੱਤਾ ਗਿਆ। ਇਨ੍ਹਾਂ ਜਾਂਬਾਜ਼ ਕਾਰਵਾਈਆਂ ਨਾਲ ਅੰਗਰੇਜ਼ ਹਕੂਮਤ ਬੁਰੀ ਤਰ੍ਹਾਂ ਬੁਖਲਾ ਗਈ ਅਤੇ ਇਨਕਲਾਬੀਆਂ ਦੀ ਫੜੋ-ਫੜਾਈ ਵੱਡੇ ਪੱਧਰ 'ਤੇ ਸ਼ੁਰੂ ਹੋ ਗਈ।

1910 'ਚ ਹੋਰ ਇਨਕਲਾਬੀਆਂ ਸਮੇਤ 'ਹਾਵੜਾ ਸਾਜ਼ਿਸ਼ ਕੇਸ' ਵਿਚ ਜਤਿਨ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਇਕ ਸਾਲ ਜੇਲ੍ਹ ਵਿਚ ਰਹਿਕੇ ਫਰਵਰੀ 1911 'ਚ ਉਸ ਦੀ ਰਿਹਾਈ ਹੋਈ। ਉਸ ਦੀ ਨੌਕਰੀ ਬਰਖ਼ਾਸਤ ਕਰ ਦਿੱਤੀ ਗਈ ਸੀ। ਮੁਕੱਦਮੇ ਦੌਰਾਨ ਉਨ੍ਹਾਂ ਉਪਰ ਮੁੱਖ ਇਲਜ਼ਾਮ "ਸ਼ਹਿਨਸ਼ਾਹ ਵਿਰੁੱਧ ਜੰਗ ਛੇੜਨ" ਅਤੇ "ਹਿੰਦੁਸਤਾਨੀ ਸਿਪਾਹੀਆਂ ਨੂੰ ਹਕੂਮਤ ਵਿਰੁੱਧ ਭੜਕਾਉਣ" (ਖ਼ਾਸ ਕਰਕੇ 10ਵੀਂ ਜਾਟ ਰੈਜੀਮੈਂਟ, ਜੋ ਫੋਰਟ ਵਿਲੀਅਮ ਵਿਖੇ ਤਾਇਨਾਤ ਸੀ ਅਤੇ ਅੱਪਰ ਇੰਡੀਅਨ ਛਾਉਣੀਆਂ ਦੇ ਸਿਪਾਹੀਆਂ ਨੂੰ ਭੜਕਾਉਣ) ਦਾ ਸੀ।

ਜੇਲ੍ਹ ਤੋਂ ਬਾਹਰ ਆਉਂਦੇ ਸਾਰ ਉਹ ਫਿਰ ਇਨਕਲਾਬੀ ਸਰਗਰਮੀਆਂ ਵਿਚ ਲੱਗ ਗਏ। ਜ਼ਾਲਮ ਪੁਲਿਸ ਅਧਿਕਾਰੀਆਂ ਅਤੇ ਮੁਖ਼ਬਰਾਂ ਉਪਰ ਹਮਲੇ ਫਿਰ ਸ਼ੁਰੂ ਹੋ ਗਏ। ਬੰਗਾਲ ਦੇ ਇਨਕਲਾਬੀਆਂ ਦੀ ਅੰਦੋਲਨ ਲਈ ਪੈਸਾ ਜੁਟਾਉਣ ਦੀ ਮੁੱਖ ਟੇਕ ਡਾਕਿਆਂ ਉਪਰ ਸੀ। ਨਵੇਂ-ਨਵੇਂ ਢੰਗ ਅਪਣਾਕੇ ਵੱਡੇ ਡਾਕੇ ਮਾਰੇ ਗਏ। ਯੁਗਾਂਤਰ ਗਰੁੱਪ ਦੇ "ਕੈਬ ਡਾਕਾ" ਅਤੇ "ਕਿਸ਼ਤੀ ਡਾਕਾ" ਬੜੇ ਮਸ਼ਹੂਰ ਹੋਏ। ਇਨਕਲਾਬੀਆਂ ਨੇ ਅਸਲ੍ਹਾ ਸਪਲਾਇਰ ਰਾਡਾ ਕੰਪਨੀ

ਦੀ ਗੱਡੀ ਕਬਜ਼ੇ ਵਿਚ ਲੈ ਕੇ 52 ਮੌਜ਼ਰ ਪਿਸਤੌਲ ਅਤੇ 50 ਹਜ਼ਾਰ ਰੁਪਏ ਲੁੱਟ ਲਏ। ਬਸਤੀਵਾਦੀ ਹਕੂਮਤ ਇਨਕਲਾਬੀਆਂ ਦੀਆਂ ਇਨ੍ਹਾਂ ਸਰਗਰਮੀਆਂ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੀ ਸੀ ਅਤੇ ਪੁਲਿਸ ਇਨਕਲਾਬੀਆਂ ਦੀ ਭਾਲ ਵਿਚ ਹਰਲ-ਹਰਲ ਕਰਦੀ ਫਿਰਦੀ ਸੀ। ਹਕੂਮਤ ਨੂੰ ਬਦੇਸ਼ਾਂ ਤੋਂ ਵਹੀਰਾਂ ਘੱਤਕੇ ਗ਼ਦਰ ਕਰਨ ਲਈ ਆ ਰਹੇ ਗ਼ਦਰੀਆਂ ਦੀ ਯੋਜਨਾ ਦੀ ਪੂਰੀ ਜਾਣਕਾਰੀ ਸੀ ਅਤੇ ਫਰਵਰੀ 1915 'ਚ ਪੰਜਾਬ ਸਮੇਤ ਉੱਤਰੀ ਹਿੰਦੁਸਤਾਨ ਵਿਚ ਗ਼ਦਰ ਦੇ ਅਸਫ਼ਲ ਯਤਨ ਅਤੇ ਇਸ "ਇਨਕਲਾਬੀ ਸਾਜ਼ਿਸ਼" ਦੇ ਬੰਗਾਲ ਤਕ ਫੈਲੇ ਤਾਣੇਬਾਣੇ ਤੋਂ ਅੰਗਰੇਜ਼ ਹੁਕਮਰਾਨ ਬੁਰੀ ਤਰ੍ਹਾਂ ਕੰਬ ਗਏ ਸਨ। ਉਹ ਇਨਕਲਾਬੀਆਂ ਦੇ ਮੁੜ ਜਥੇਬੰਦ ਹੋਣ ਅਤੇ ਬਗ਼ਾਵਤ ਦੇ ਅਗਲੇ ਕਿਸੇ ਵੀ ਯਤਨ ਨੂੰ ਨਾਕਾਮ ਕਰਨਾ ਚਾਹੁੰਦੇ ਸਨ। [ਪੁਲਿਸ ਮੁਖੀ ਚਾਰਲਸ ਟੇਗਰਟ ਬਾਗ਼ੀ ਜਥੇਬੰਦੀਆਂ ਬਾਰੇ ਆਪਣੀ "ਰਿਪੋਰਟ 5" ਵਿਚ ਜ਼ਿਕਰ ਕਰਦਾ ਹੈ ਕਿ ਯੁਗਾਂਤਰ ਵਾਲੇ ਇਨਕਲਾਬੀਆਂ ਨੇ ਦਕਸ਼ਿਣੇਸ਼ਵਰ ਗੰਨਪਾਊਡਰ ਮੈਗਜ਼ੀਨ ਵਿਖੇ ਤਾਇਨਾਤ ਸਿੱਖ ਸਿਪਾਹੀਆਂ ਨਾਲ ਇਕ ਤਰ੍ਹਾਂ ਨਾਲ ਕਾਮਯਾਬੀ ਨਾਲ ਸੰਪਰਕ ਬਣਾ ਲਿਆ ਸੀ ਅਤੇ ਸਤੇਂਦਰ ਸੇਨ ਦੇ ਨਾਲ ਜਤਿਨ ਮੁਖਰਜੀ ਸਿਪਾਹੀਆਂ ਨੂੰ ਜਾ ਕੇ ਮਿਲਿਆ ਸੀ। ਸਤੇਂਦਰ ਸੇਨ ਵਿਸ਼ਨੂੰ ਗਣੇਸ਼ ਪਿੰਗਲੇ ਨਾਲ ਬਦੇਸ਼ ਤੋਂ ਆਇਆ ਸੀ।]

ਗ਼ਦਰੀ ਸਦਰ ਮੁਕਾਮ ਅਤੇ ਬਰਲਿਨ ਕੇਂਦਰ ਵਲੋਂ ਜਰਮਨੀ ਦੀ ਮਦਦ ਨਾਲ ਮਾਵਰਿਕ ਅਤੇ ਐਨੀ ਲਾਰਸਨ ਮਿਸ਼ਨ ਰਾਹੀਂ ਹਥਿਆਰਾਂ ਦੀ ਖੇਪ ਭੇਜਣ ਦੇ ਯਤਨ ਅਸਫ਼ਲ ਕੀਤੇ ਗਏ। ਬੰਗਾਲੀ ਇਨਕਲਾਬੀ ਇਸ ਮਿਸ਼ਨ ਦੀ ਅਹਿਮ ਕੜੀ ਸਨ। ਸ਼ਰਿਸ਼ ਸੇਨ ਜ਼ਰੀਏ ਬਰਲਿਨ ਤੋਂ ਅਤੇ ਸਤਿਅਨ ਸੇਨ ਤੇ ਪਿੰਗਲੇ ਜ਼ਰੀਏ ਅਮਰੀਕਾ ਤੋਂ ਮਿਲੇ ਸੁਨੇਹਿਆਂ ਦੇ ਅਧਾਰ 'ਤੇ ਜਤਿਨ ਨੇ ਬਾਹਰੋਂ ਭੇਜੇ ਗਏ ਹਥਿਆਰਾਂ ਨੂੰ ਸਾਂਭਣਾ ਸੀ।

ਜਤਿਨ , ਜਾਦੂ ਗੋਪਾਲ ਮੁਖਰਜੀ ਅਤੇ ਅਤੁਲ ਘੋਸ਼ ਨੇ ਮਿਲਕੇ ਬਦੇਸ਼ ਤੋਂ ਆਉਣ ਵਾਲੇ ਹਥਿਆਰਾਂ ਦੀ ਖੇਪ ਨੂੰ ਤਿੰਨ ਹਿੱਸਿਆਂ ਵਿਚ ਵੰਡਕੇ ਕ੍ਰਮਵਾਰ ਹਟੀਆ, ਕਲਕੱਤਾ ਅਤੇ ਬਾਲਾਸੋਰ ਭੇਜਣ ਦੀ ਯੋਜਨਾ ਬਣਾਈ। ਬੰਗਾਲ ਨੂੰ ਜੋੜਦੀਆਂ ਤਿੰਨ ਮੁੱਖ ਰੇਲਵੇ ਲਾਈਨਾਂ ਦੇ ਪੁਲ ਉਡਾਕੇ ਫ਼ੌਜ ਤੇ ਪੁਲਿਸ ਦੀ ਆਮਦ ਨੂੰ ਰੋਕਿਆ ਜਾਣਾ ਸੀ। ਜਤਿਨ ਦੀ ਅਗਵਾਈ ਵਾਲੇ ਗਰੁੱਪ ਨੇ ਬਾਲਾਸੋਰ ਤੋਂ ਮਦਰਾਸ ਵਾਲੀ ਰੇਲਵੇ ਲਾਈਨ ਨੂੰ ਰੋਕਣਾ ਸੀ। ਭੋਲਾਨਾਥ ਚੈਟਰਜੀ ਨੇ ਬੰਗਾਲ-ਨਾਗਪੁਰ ਰੇਲਵੇ ਦਾ ਮੋਰਚਾ ਸੰਭਾਲਣਾ ਸੀ ਅਤੇ ਸਤੀਸ਼ ਚੰਦਰ ਚਕਰਵਰਤੀ ਨੂੰ ਈਸਟ ਇੰਡੀਆ ਰੇਲਵੇ ਨਾਲ ਨਜਿੱਠਣ ਦੀ ਜ਼ਿੰਮੇਵਾਰੀ ਸੌਂਪੀ ਗਈ। ਨਰੇਂਦਰ ਚੌਧਰੀ ਅਤੇ ਫਨੀਂਦਰ ਚਕਰਵਰਤੀ ਨੇ ਹਟੀਆ ਜਾਕੇ ਜਰਮਨਾਂ ਦੀ ਮਦਦ ਨਾਲ ਫ਼ੌਜੀ ਤਾਕਤ ਤਿਆਰ ਕਰਨੀ ਸੀ। ਉਨ੍ਹਾਂ ਨੇ ਪਹਿਲਾਂ ਪੂਰਬੀ ਬੰਗਾਲ ਦੇ ਜ਼ਿਲ੍ਹਿਆਂ ਉਪਰ ਕਬਜ਼ਾ ਕਰਨਾ ਸੀ ਅਤੇ ਫਿਰ ਕਲਕੱਤਾ ਵੱਲ ਕੂਚ ਕਰਨਾ ਸੀ। ਨਰੇਨ ਭੱਟਾਚਾਰਜੀ ਅਤੇ ਬਿਪਿਨ ਗਾਂਗੁਲੀ ਦੀ ਅਗਵਾਈ ਹੇਠਲੀ ਕਲਕੱਤੇ ਵਾਲੀ ਟੋਲੀ ਨੇ ਪਹਿਲਾਂ ਕਲਕੱਤਾ ਦੇ ਇਰਦ-ਗਿਰਦ ਦੇ ਹਥਿਆਰਾਂ ਅਤੇ ਗੋਲੀ-ਸਿੱਕੇ ਨੂੰ ਹਥਿਆਉਣਾ ਸੀ ਅਤੇ ਫਿਰ ਫੋਰਟ ਵਿਲੀਅਮ ਉਪਰ ਧਾਵਾ ਬੋਲਕੇ ਕਲਕੱਤੇ ਉਪਰ ਕਬਜ਼ਾ ਕਰਨਾ ਸੀ। ਜਹਾਜ਼ ਤੋਂ ਹਥਿਆਰ ਲਾਹੁਣ ਦਾ ਜ਼ਿੰਮਾ ਜਾਦੂ ਗੋਪਾਲ ਮੁਖਰਜੀ ਦਾ ਸੀ। ਉਸਨੇ ਰਾਏ ਮੰਗਲ ਦੇ ਜ਼ਮੀਦਾਰ ਦੇ ਬੰਦਿਆਂ ਅਤੇ ਰਾਹ-ਦਸੇਰਿਆਂ ਦੀ ਮਦਦ ਨਾਲ ਇਸ ਨੂੰ ਨੇਪਰੇ ਚਾੜ੍ਹਨਾ ਸੀ। ਹਥਿਆਰ ਵੰਡਣ ਦੀ ਤਾਰੀਕ ਪਹਿਲੀ ਜੁਲਾਈ 1915 ਮਿਥੀ ਗਈ ਸੀ।

ਇਨਕਲਾਬੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਵਲੋਂ ਚਲਾਈ ਮੁਹਿੰਮ ਨੂੰ ਦੇਖਦੇ ਹੋਏ ਯੁਗਾਂਤਰ ਦੇ ਮੈਂਬਰਾਂ ਦੀ ਸਲਾਹ 'ਤੇ ਜਤਿਨ ਨੇ ਕਲਕੱਤਾ ਛੱਡਕੇ ਕਿਸੇ ਹੋਰ ਮਹਿਫੂਜ਼ ਥਾਂ 'ਤੇ ਚਲੇ ਜਾਣ ਦਾ ਫ਼ੈਸਲਾ ਕਰ ਲਿਆ। ਜਤਿਨ ਨੇ ਮਾਵਰਿਕ ਮਿਸ਼ਨ ਦੇ ਇੰਤਜ਼ਾਮਾਂ ਨੂੰ ਮੁੱਖ ਰੱਖਦੇ ਹੋਏ ਆਪਣੇ ਕੁਛ ਸਾਥੀਆਂ ਸਮੇਤ ਬਾਲਾਸੋਰ ਤੋਂ ਤੀਹ ਮੀਲ ਦੂਰ ਦੇਸੀ ਰਿਆਸਤ ਮਾਯੁਰਭੰਜ ਵਿਚ ਕਾਪਤੀਪਾੜਾ ਪਿੰਡ ਦੇ ਬਾਹਰਵਾਰ ਟਿਕਾਣਾ ਬਣਾ ਲਿਆ। ਸੂਚਨਾ ਦੇ ਆਦਾਨ-ਪ੍ਰਦਾਨ ਲਈ ਕਲਕੱਤਾ ਦੀ ਹੈਰੀ ਐਂਡ ਸੰਨਜ਼ ਦੀ ਸ਼ਾਖਾ ਵਜੋਂ ਬਾਲਾਸੋਰ ਵਿਚ "ਯੂਨੀਵਰਸਲ ਇੰਪੋਰੀਅਮ" ਦੇ ਨਾਂ ਹੇਠ ਇਕ ਕਾਰੋਬਾਰ ਖੋਲ੍ਹਿਆ ਗਿਆ ਸੀ ਜੋ ਦਰਅਸਲ ਜਤਿਨ ਅਤੇ ਬਾਹਰਲੇ ਇਨਕਲਾਬੀਆਂ ਦਰਮਿਆਨ ਤਾਲਮੇਲ ਕਰਨ ਤੇ ਹਥਿਆਰ ਹਾਸਲ ਕਰਨ ਦੇ ਇੰਤਜ਼ਾਮਾਂ ਦੀ ਵਿਉਂਤਬੰਦੀ ਕਰਨ ਦੇ ਮਨੋਰਥ ਨਾਲ ਬਣਾਇਆ ਗਿਆ ਸੀ। ਅਪ੍ਰੈਲ 1915 'ਚ ਬਾਲਾਸੋਰ ਤੋਂ ਜਤਿਨ ਨੇ ਆਪਣੇ ਇਕ ਨੇੜਲੇ ਸਾਥੀ ਨਰੇਨ ਭੱਟਾਚਾਰਜੀ, ਜੋ ਬਾਦ ਵਿਚ ਐੱਮ.ਐੱਨ ਰਾਏ ਵਜੋਂ ਜਾਣਿਆ ਗਿਆ, ਨੂੰ ਬਟਾਵੀਆ (ਜਕਾਰਤਾ) ਭੇਜਿਆ ਤਾਂ ਜੋ ਹਥਿਆਰਾਂ ਦੀ ਸਪਲਾਈ ਅਤੇ ਜਰਮਨ ਪੈਸਾ ਹਾਸਲ ਕਰਨ ਸਬੰਧੀ ਅਗਲੀ ਵਿਉਂਤਬੰਦੀ ਹੋ ਸਕੇ। ਜਰਮਨ ਅਧਿਕਾਰੀਆਂ ਨੇ ਉਸ ਨੂੰ ਯਕੀਨ ਦਿਵਾਇਆ ਕਿ 30,000 ਰਾਈਫ਼ਲਾਂ, 400 ਰਾਊਂਡ ਗੋਲੀਸਿੱਕੇ ਅਤੇ ਦੋ ਲੱਖ ਰੁਪਏ ਸਮੇਤ ਇਕ ਸਮੁੰਦਰੀ ਕਿਸ਼ਤੀ ਉਨ੍ਹਾਂ ਵਲੋਂ ਪਹਿਲਾਂ ਹੀ ਕਰਾਚੀ ਵੱਲ ਭੇਜਿਆ ਜਾ ਚੁੱਕੀ ਹੈ। ਰਾਏ ਦੇ ਸੁਝਾਅ 'ਤੇ ਇਸ ਨੂੰ ਰਾਏਮੰਗਲ (ਸੁੰਦਰਬਣ) ਭੇਜਣ 'ਤੇ ਸਹਿਮਤੀ ਹੋ ਗਈ ਅਤੇ ਜੂਨ ਦੇ ਅੱਧ ਵਿਚ ਉਹ ਲੋੜੀਂਦੇ ਇੰਤਜ਼ਾਮ ਕਰਨ ਲਈ ਵਾਪਸ ਆ ਗਿਆ।

ਹਥਿਆਰ ਸਾਂਭਣ ਲਈ ਭੋਲਾਨਾਥ ਚੱਟੋਪਾਧਿਆਏ ਨੂੰ ਗੋਆ ਨੇੜੇ ਗੋਕਾਰਨੀ ਅਤੇ ਡਾ. ਜਤਿਨ ਘੋਸਲ ਅਤੇ ਹਰੀਕੁਮਾਰ ਚਕਰਵਰਤੀ ਨੂੰ ਸੁੰਦਰਬਣ ਭੇਜਿਆ। ਜਤਿਨ ਖ਼ੁਦ ਇਸੇ ਸਿਲਸਿਲੇ 'ਚ ਬਾਲਾਸੋਰ 'ਚ ਸਨ। ਜਰਮਨ ਜਹਾਜ਼ ਮਾਵਰਿਕ ਮਿੱਥੇ ਥਾਂ 'ਤੇ ਪਹੁੰਚ ਨਾ ਸਕਿਆ। ਇਸ ਨੂੰ ਉਡੀਕਦੀ ਹੋਈ ਟੋਲੀ ਥੱਕ-ਹਾਰਕੇ ਸੁੰਦਰਬਣ ਤੋਂ ਵਾਪਸ ਆ ਗਈ। ਇਸ ਦੌਰਾਨ ਭੋਲਾਨਾਥ ਫੜੇ ਗਏ।

ਮਦਰਾਸ ਆਕੇ ਰਾਏ ਨੇ ਕਲਕੱਤਾ ਵਿਚ ਇਨਕਲਾਬੀ ਆਗੂ ਜਾਦੂ ਗੋਪਾਲ ਮੁਖਰਜੀ ਨੂੰ ਤਾਰ ਭੇਜਕੇ ਦੱਸਿਆ ਕਿ 'ਰਾਤ ਨੂੰ ਮੈਂ ਬਾਲਾਸੋਰ ਲਈ ਚਲ ਪਵਾਂਗਾ, ਉਥੇ ਕਿਸੇ ਨੂੰ ਮਿਲਣਾ ਹੈ।' ਬਾਹਰੋਂ ਹਥਿਆਰ ਭੇਜਣ ਦੀ ਯੋਜਨਾ ਦੇ ਕਾਫ਼ੀ ਸੁਰਾਗ਼ ਚੈਕੋਸਲੋਵੈਕ ਵਾਲਿਆਂ ਨਾਲ ਮੇਲ-ਮਿਲਾਪ ਰਾਹੀਂ ਨਸ਼ਰ ਹੋ ਕੇ ਬਰਤਾਨਵੀ ਖ਼ੁਫ਼ੀਆ ਤਾਣੇਬਾਣੇ ਦੇ ਹੱਥ ਪਹਿਲਾਂ ਹੀ ਲੱਗ ਚੁੱਕੇ ਸਨ। ਸਰਕਾਰ ਨੂੰ ਰਾਏ ਮੰਗਲ ਵਿਚ ਹਥਿਆਰ ਭੇਜੇ ਜਾਣ ਦੀ ਯੋਜਨਾ ਦੀ ਭਿਣਕ ਵੀ ਪੈ ਗਈ। ਫਰਮ ਨੇ ਜਰਮਨਾਂ ਤੋਂ ਪੈਸਾ ਮੰਗਵਾਉਣ ਲਈ ਇਕ ਤਾਰ 'ਮਾਰਟਿਨ' (ਰਾਏ) ਨੂੰ ਭੇਜੀ ਸੀ। ਬੈਂਕ ਡਰਾਫਟ ਤੁੜਵਾਕੇ ਹਾਸਲ ਕੀਤੇ ਇਨ੍ਹਾਂ ਅਦਾਇਗੀਆਂ ਦੇ ਨੋਟਾਂ ਦੇ ਨੰਬਰਾਂ ਦੀ ਜਾਂਚ ਕਰਨ 'ਤੇ ਪੁਲਿਸ ਫਰਮ ਤਕ ਪਹੁੰਚ ਗਈ। ਬਟਾਵੀਆ ਤੋਂ ਜਰਮਨ ਅਧਿਕਾਰੀ ਹੈਲਫਰਿਖ ਵਲੋਂ ਭੇਜੇ ਗਏ ਕੁਲ 43000 ਰੁਪਏ ਵਿੱਚੋਂ ਆਖ਼ਰੀ 10000 ਰੁਪਏ ਦੀ ਅਦਾਇਗੀ ਪੁਲਿਸ ਦੇ ਹੱਥ ਲੱਗ ਗਈ। ਰਾਏ ਦੀ ਤਾਰ, ਹੈਰੀ ਐਂਡ ਸੰਨਜ਼ ਅਤੇ ਬਾਲਾਸੋਰ ਦੇ ਯੂਨੀਵਰਸਨ ਇੰਪੋਰੀਅਮ ਦਾ ਰਹੱਸਮਈ ਸਬੰਧ ਜਾਨਣ ਲਈ 7 ਅਗਸਤ ਨੂੰ ਪੁਲਿਸ ਨੇ ਇੰਪੋਰੀਅਮ ਦੀ ਛਾਣਬੀਣ ਕੀਤੀ। ਆਖ਼ਿਰ ਫਰਜ਼ੀ ਫਰਮ ਹੈਰੀ ਐਂਡ ਸੰਨਜ਼ ਦਾ ਭੇਤ ਖੁੱਲ੍ਹ ਗਿਆ। ਸਮੁੱਚੇ

ਇਲਾਕੇ ਵਿਚ ਪੁਲਿਸ ਅਤੇ ਸੂਹੀਆ ਤੰਤਰ ਨੂੰ ਚੌਕਸ ਕਰ ਦਿੱਤਾ ਗਿਆ। ਇਸ ਸਮੁੰਦਰੀ ਖੇਤਰ ਦੇ ਸਾਰੇ ਰਸਤੇ ਖੁਫ਼ੀਆ ਪੁਲਿਸ ਨੇ ਸੀਲ ਕਰ ਲਏ। ਇੰਪੋਰੀਅਮ ਦੇ ਪ੍ਰਬੰਧਕ ਸੈਲੇਸ਼ਵਰ ਬੋਸ ਦੀ ਪੁੱਛਗਿੱਛ ਤੋਂ ਉਸਦੇ ਬਿਨਾ ਵਜ੍ਹਾ ਵਾਰ-ਵਾਰ ਕਾਪਟੀਪਾੜਾ ਪਿੰਡ ਜਾਂਦੇ ਰਹਿਣ ਦਾ ਮਾਮਲਾ ਸਾਹਮਣੇ ਆਇਆ। 6 ਸਤੰਬਰ ਨੂੰ ਪੁਲਿਸ ਨੇ ਮੁਕਾਮੀ ਮੈਜਿਸਟ੍ਰੇਟ ਨੂੰ ਲੈ ਕੇ ਕਾਪਟੀਪਾੜਾ ਦੀ ਜਾਂਚ ਕੀਤੀ ਤਾਂ ਉੱਥੋਂ ਡੇਢ ਕੁ ਮੀਲ 'ਤੇ ਜੰਗਲ ਵਿਚ ਰਹਿੰਦੇ ਕੁਛ ਬੰਗਾਲੀਆਂ ਦਾ ਪਤਾ ਚੱਲ ਗਿਆ। ਪੁਲਿਸ ਅਧਿਕਾਰੀਆਂ ਨੂੰ ਸ਼ੱਕ ਹੋ ਗਿਆ ਕਿ ਉਹ ਜ਼ਰੂਰ ਹੀ ਬਾਘਾ ਜਤਿਨ ਤੇ ਉਨ੍ਹਾਂ ਦੇ ਸਾਥੀ ਹੋਣਗੇ। ਅਗਲੇ ਦਿਨ ਛਾਪਾ ਮਾਰਿਆ ਗਿਆ।

ਇਧਰ ਇਨਕਲਾਬੀ ਵੀ ਪੁਲਿਸ ਦੀ ਨਕਲੋ-ਹਰਕਤ ਤੋਂ ਸੁਚੇਤ ਸਨ। ਉਹ ਦੋ ਸਾਥੀਆਂ ਨੂੰ ਉਡੀਕ ਰਹੇ ਸਨ ਜੋ ਕਿਸੇ ਸਬੰਧ 'ਚ ਉਥੋਂ ਨੌ ਮੀਲ ਦੂਰ ਸਨ। ਜਦੋਂ ਜਤਿਨ ਆਪਣੇ ਸਾਥੀਆਂ ਨਾਲ ਉਹ ਜਗ੍ਹਾ ਛੱਡਣ ਹੀ ਵਾਲੇ ਸਨ ਤਾਂ ਰਾਜ ਮੋਹੰਤੀ ਨਾਂ ਦੇ ਇਕ ਪੁਲਿਸ ਅਧਿਕਾਰੀ ਨੇ ਪਿੰਡ ਦੇ ਲੋਕਾਂ ਦੀ ਮਦਦ ਨਾਲ ਉਨ੍ਹਾਂ ਨੂੰ ਫੜ੍ਹਨ ਲਈ ਛਾਪਾ ਮਾਰਿਆ। ਹਜੂਮ ਨੂੰ ਖਿੰਡਾਉਣ ਲਈ ਜਤਿਨ ਨੇ ਗੋਲੀ ਚਲਾ ਦਿੱਤੀ। ਪੁਲਿਸ ਅਧਿਕਾਰੀ ਮੋਹੰਤੀ ਮਾਰਿਆ ਗਿਆ। ਪੁਲਿਸ ਇਨਕਲਾਬੀਆਂ ਨੂੰ ਤਾਂ ਗ੍ਰਿਫ਼ਤਾਰ ਕਰ ਨਹੀਂ ਸਕੀ ਪਰ ਉਨ੍ਹਾਂ ਨੂੰ ਉੱਥੋਂ ਸੁੰਦਰਬਣ ਦਾ ਨਕਸ਼ਾ, ਮਾਵਰਿਕ ਬਾਰੇ ਪਿਨਾਂਗ ਦੇ ਇਕ ਅਖ਼ਬਾਰ ਦੀ ਕਾਤਰ ਅਤੇ ਨੇੜਲੇ ਰੁਖ਼ਾਂ ਉਪਰ ਗੋਲੀਆਂ ਦੇ ਨਿਸ਼ਾਨ ਹੱਥ ਲੱਗ ਗਏ ਜੋ ਇਕ ਵੱਡੀ ਯੋਜਨਾ ਦੀ ਦੱਸ ਪਾਉਂਦੇ ਸਨ।

ਇਸ ਮੁਕਾਬਲੇ ਦੀ ਖ਼ਬਰ ਮਿਲਦੇ ਸਾਰ ਜ਼ਿਲ੍ਹਾ ਮੈਜਿਸਟ੍ਰੇਟ ਕਿਲਵੀ ਪੁਲਿਸ ਤੇ ਫ਼ੌਜ ਦੇ ਵੱਡੇ ਲਸ਼ਕਰ ਲੈ ਕੇ ਉੱਥੇ ਪਹੁੰਚ ਗਿਆ। ਅੰਗਰੇਜ਼ ਪ੍ਰਸ਼ਾਸਨ ਨੇ ਪੂਰੇ ਇਲਾਕੇ ਨੂੰ ਘੇਰ ਲਿਆ। ਇਨਕਲਾਬੀਆਂ ਦੀ ਟੋਲੀ ਦੋ ਦਿਨ ਮਾਯੂਰਭੰਜ ਦੇ ਜੰਗਲ ਤੇ ਪਹਾੜੀਆਂ ਵਿਚ ਲੁਕਦੀ ਛਿਪਦੀ ਹੋਈ 9 ਸਤੰਬਰ ਨੂੰ ਬਾਲਾਸੋਰ ਰੇਲਵੇ ਸਟੇਸ਼ਨ ਨੇੜੇ ਪਹੁੰਚ ਗਈ। ਦਲਦਲ ਅਤੇ ਕੰਡਿਆਲੇ ਜੰਗਲ ਵਿਚ ਪੁਲਿਸ ਦੇ ਲਗਾਤਾਰ ਘੇਰੇ ਵਿਚ ਆਏ, ਲਗਾਤਾਰ ਮੁਕਾਬਲਾ ਕਰ ਰਹੇ ਭੁੱਖੇ-ਤਿਹਾਏ ਇਨਕਲਾਬੀ ਥੱਕਕੇ ਚੂਰ ਹੋ ਚੁੱਕੇ ਸਨ। ਆਖ਼ਿਰ ਉਨ੍ਹਾਂ ਨੇ ਚਾਸ਼ਾਖੰਡ ਵਿਖੇ ਇਕ ਝਾੜੀ ਵਿਚ ਮੋਰਚਾ ਮੱਲ ਲਿਆ। ਜਤੀਸ਼ ਬੀਮਾਰ ਸੀ। ਜਤਿਨ ਉਸਨੂੰ ਇਕੱਲਾ ਛੱਡਕੇ ਜਾਣ ਲਈ ਨਹੀਂ ਮੰਨੇ। ਸਰਕਾਰੀ ਲਸ਼ਕਰ ਨੇੜੇ ਆ ਪਹੁੰਚੇ। ਮੌਜ਼ਰ ਪਿਸਤੌਲਾਂ ਨਾਲ ਲੈਸ ਪੰਜ ਇਨਕਲਾਬੀਆਂ ਦਾ ਰਾਈਫ਼ਲਾਂ ਨਾਲ ਲੈਸ ਫ਼ੌਜ ਤੇ ਪੁਲਿਸ ਦੇ ਵੱਡੇ ਲਸ਼ਕਰ ਨਾਲ 75 ਮਿੰਟ ਅਸਾਵਾਂ ਅਤੇ ਗਹਿਗੱਚ ਮੁਕਾਬਲਾ ਹੋਇਆ। ਚਿਤਪ੍ਰਿਯਾ ਰਾਏ ਬੁਰੀ ਤਰ੍ਹਾਂ ਜ਼ਖ਼ਮੀ ਹੋਕੇ ਸ਼ਹੀਦ ਹੋ ਗਏ। ਉਹ ਪਿੰਡ ਮਾਦਾਰੀਪੁਰ (ਪੂਰਬੀ ਬੰਗਾਲ) ਤੋਂ ਸਨ। ਜਤਿਨ ਦਾ ਜਿਸਮ ਗੋਲੀਆਂ ਨਾਲ ਛਲਣੀ ਹੋ ਚੁੱਕਾ ਸੀ। ਮਨੋਰੰਜਨ ਨੇ ਉਸ ਨੂੰ ਚੁੱਕਕੇ ਨਦੀ ਵੱਲ ਲਿਜਾਣ ਦਾ ਯਤਨ ਕੀਤਾ। ਇਹ ਦੇਖਕੇ ਅੰਗਰੇਜ਼ ਅਧਿਕਾਰੀ ਕਿਲਵੀ ਨੇ ਗੋਲੀ ਬੰਦ ਕਰਨ ਦਾ ਆਦੇਸ਼ ਦੇ ਦਿੱਤਾ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਗੋਲੀਸਿੱਕਾ ਖ਼ਤਮ ਹੋ ਜਾਣ ਕਰਕੇ ਦੋ ਇਨਕਲਾਬੀ ਮਨੋਰੰਜਨ ਸੇਨ ਗੁਪਤਾ ਅਤੇ ਨਿਰੇਨ ਦਾਸ ਗੁਪਤਾ ਵੀ ਗ੍ਰਿਫ਼ਤਾਰ ਕਰ ਲਏ ਗਏ। ਨਿਰੇਨ ਦਾਸ ਗੁਪਤਾ (ਨਰੇਂਦਰ ਨਾਥ ਦਾਸਗੁਪਤਾ) ਅਤੇ ਮਨੋਰੰਜਨਸੇਨ ਗੁਪਤਾ ਦੋਵੇਂ ਫ਼ਰੀਦਪੁਰ, ਪੂਰਬੀ ਬੰਗਾਲ ਤੋਂ ਸਨ। ਦੋਵਾਂ ਨੂੰ 22 ਨਵੰਬਰ 1915 ਨੂੰ ਬਾਲਾਸੋਰ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਜਤੀਸ਼ ਚੰਦਰ ਪਾਲ ਨੂੰ ਕਾਲੇਪਾਣੀ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਸੈਲੂਲਰ ਜੇਲ੍ਹ ਦੇ ਜ਼ੁਲਮਾਂ ਵਿਰੁੱਧ ਬਹਾਦਰੀ ਨਾਲ ਟੱਕਰ ਲੈਂਦਿਆਂ ਇਕ ਮਹੀਨੇ ਦੇ ਮਰਨ ਵਰਤ ਉਪਰੰਤ ਉਨ੍ਹਾਂ ਦੀ

ਹਾਲਤ ਬਹੁਤ ਜ਼ਿਆਦਾ ਵਿਗੜ ਗਈ। ਉਨ੍ਹਾਂ ਨੂੰ ਬੰਗਾਲ ਦੀ ਬਹਿਰਾਮਪੁਰ ਜੇਲ੍ਹ ਵਿਚ ਭੇਜ ਦਿੱਤਾ ਗਿਆ ਜਿਥੇ 4 ਦਸੰਬਰ 1924 ਨੂੰ ਉਹ ਸ਼ਹੀਦ ਹੋ ਗਏ।

ਗ੍ਰਿਫ਼ਤਾਰ ਕੀਤੇ ਜਾਣ ਵਕਤ ਜਤਿਨ ਨੇ ਕਿਲਵੀ ਨੂੰ ਕਿਹਾ, 'ਗੋਲੀ ਮੈਂ ਤੇ ਚਿਤਪ੍ਰਿਯਾ ਹੀ ਚਲਾ ਰਹੇ ਸੀ। ਬਾਕੀ ਦੇ ਤਿੰਨੋਂ ਸਾਥੀ ਬੇਕਸੂਰ ਹਨ।' ਜਤਿਨ ਨੂੰ ਬਾਰਾਬਟੀ ਹਸਪਤਾਲ ਲਿਜਾਇਆ ਗਿਆ ਜਿਥੇ 10 ਸਤੰਬਰ ਨੂੰ ਉਨ੍ਹਾਂ ਨੇ ਆਖ਼ਰੀ ਸਾਹ ਲਏ। ਜ਼ਖ਼ਮੀ ਇਨਕਲਾਬੀਆਂ ਉਪਰ ਮੁਕੱਦਮੇ ਦੌਰਾਨ ਅੰਗਰੇਜ਼ ਅਧਿਕਾਰੀ ਨੇ ਟਿੱਪਣੀ ਕੀਤੀ ਕਿ ਜੇ ਇਹ ਆਦਮੀ ਜਿਊਂਦਾ ਰਹਿ ਜਾਂਦਾ ਇਹ ਦੁਨੀਆ ਦੀ ਅਗਵਾਈ ਕਰਨ ਦੀ ਕਾਬਲੀਅਤ ਰੱਖਦਾ ਸੀ।

ਬੰਗਾਲ ਦੇ ਇੰਟੈਲੀਜੈਂਸ ਚੀਫ਼ ਅਤੇ ਪੁਲਿਸ ਕਮਿਸ਼ਨਰ ਚਾਰਲਸ ਟੇਗਰਟ ਨੇ ਉਸਦੀ ਸੂਰਮਗਤੀ ਤੋਂ ਪ੍ਰਭਾਵਿਤ ਹੋ ਕੇ ਕਿਹਾ,"ਭਾਵੇਂਕਿ ਮੈਂ ਆਪਣਾ ਫਰਜ਼ ਨਿਭਾਇਆ ਸੀ, ਮੇਰੇ ਮਨ ਵਿਚ ਉਸ ਲਈ ਬਹੁਤ ਕਦਰ ਹੈ। ਉਸ ਨੇ ਗਹਿਗੱਚ ਲੜਾਈ ਲੜਦਿਆਂ ਮੌਤ ਨੂੰ ਗਲੇ ਲਗਾਇਆ।" ਇਸ ਟੱਕਰ ਦੀ ਅਹਿਮੀਅਤ ਬਾਰੇ ਮਸ਼ਹੂਰ ਲੇਖਕ ਹਿਰੇਂਦਰਨਾਥ ਮੁਖਰਜੀ ਲਿਖਦਾ ਹੈ, "ਬਾਲਾਸੋਰ ਦੀ ਟੱਕਰ, ਜਿਥੇ ਜਤਿਨ ਨੇ ਆਪਣੇ ਕੁਛ ਸਾਥੀਆਂ ਨਾਲ ਜਾਨ ਦੀ ਅਹੁਤੀ ਦਿੱਤੀ, ਅੰਗਰੇਜ਼ ਸਾਮਰਾਜਵਾਦ ਦੀ ਗ਼ੁਲਾਮੀ ਤੋਂ ਹਿੰਦੁਸਤਾਨ ਦੇ ਆਜ਼ਾਦੀ ਦੇ ਸੰਗਰਾਮ ਵਿਚ ਇਕ ਸ਼ਾਨਦਾਰ ਮੀਲ-ਪੱਥਰ ਹੈ।" ਅਜੇ ਚੰਦਰ ਬੈਨਰਜੀ ਅਨੁਸਾਰ ਜਤਿਨ "ਉਸ ਬੁਲੰਦ ਖਾੜਕੂ ਰਾਸ਼ਟਰਵਾਦ ਦੀ ਨੁਮਾਇੰਦਗੀ ਕਰਦਾ ਸੀ ਜੋ ਕੌਮਾਂਤਰੀ ਪਸਾਰਾਂ ਵਾਲੀ ਇਨਕਲਾਬੀ ਜੰਗ ਦੀ ਧਾਰਨਾ ਦਾ ਸਿਖ਼ਰ ਸੀ।... ਉਸ ਵਕਤ ਜਦੋਂ ਹਿੰਦੁਸਤਾਨੀ ਰਵਾਇਤੀ ਰਾਸ਼ਟਰਵਾਦ ਨੇ ਹਿੰਦੁਸਤਾਨ ਦੀ ਆਜ਼ਾਦੀ ਬਾਰੇ ਸੋਚਿਆ ਵੀ ਨਹੀਂ ਸੀ, ਜਤਿਨ ਮੁਕੰਮਲ ਆਜ਼ਾਦੀ ਵਿਚ ਵਿਸ਼ਵਾਸ ਰੱਖਦਾ ਸੀ। ਪਹਿਲੇ ਇਨਕਲਾਬੀਆਂ ਨੇ ਕੌਮਾਂਤਰੀ ਹਾਲਤ ਨੂੰ ਇਸਤੇਮਾਲ ਕਰਨ ਵੱਲ ਬਹੁਤਾ ਧਿਆਨ ਨਹੀਂ ਦਿੱਤਾ, ਜਤਿਨ ਦੀ ਦ੍ਰਿਸ਼ਟੀ ਹਿੰਦੁਸਤਾਨ ਦੀਆਂ ਸਰਹੱਦਾਂ ਤੋਂ ਪਾਰ ਜਾਂਦੀ ਸੀ।" ਜਤਿਨ ਬਾਘਾ ਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਨਾਲ ਸੂਰਮਗਤੀ ਅਤੇ ਕੁਰਬਾਨੀ ਦਾ ਨਵਾਂ ਸ਼ਾਨਾਮੱਤਾ ਕਾਂਡ ਸਿਰਜਿਆ ਗਿਆ। ਉਨ੍ਹਾਂ ਦੀਆਂ ਕੁਰਬਾਨੀਆਂ ਮੁਲਕ ਦੀ ਜਵਾਨੀ ਲਈ ਨਵੀਂ ਮਿਸਾਲ ਬਣਕੇ ਹਰ ਬੰਦੇ ਦੀ ਜ਼ਬਾਨ 'ਤੇ ਚੜ੍ਹ ਗਈਆਂ ਅਤੇ ਆਜ਼ਾਦੀਪਸੰਦ ਨੌਜਵਾਨ ਹੋਰ ਵੀ ਵਧੇਰੇ ਜੋਸ਼ ਨਾਲ ਆਜ਼ਾਦੀ ਸੰਗਰਾਮ ਵਿਚ ਸ਼ਾਮਲ ਹੁੰਦੇ ਗਏ।

ਹਾਰਡਿੰਗ ਬੰਬ ਕੇਸ ਅਤੇ ਬਸੰਤ ਕੁਮਾਰ ਬਿਸਵਾਸ ਦੀ ਸ਼ਹਾਦਤ

ਦੇਸ਼ਭਗਤ ਬਸੰਤ ਕੁਮਾਰ ਬਿਸਵਾਸ ਦਾ ਜਨਮ 6 ਫਰਵਰੀ 1895 ਨੂੰ ਪੱਛਮੀ ਬੰਗਾਲ ਦੇ ਨਦੀਆ ਜ਼ਿਲ੍ਹੇ ਵਿਚ ਪੋਰਾਗਾਚਾ ਵਿਖੇ ਹੋਇਆ ਸੀ। ਉਹ ਨੀਲ ਵਿਦਰੋਹ ਦੇ ਸਰਗਰਮ ਆਗੂ ਬਿਸ਼ਨੂਚਰਨ ਬਿਸਵਾਸ ਅਤੇ ਮੰਮਥਨਾਥ ਬਿਸਵਾਸ ਦੇ ਪਰਿਵਾਰ ਵਿੱਚੋਂ ਸੀ। ਉਹ ਆਪਣੇ ਸਕੂਲ ਦੇ ਪ੍ਰਿੰਸੀਪਲ ਖਿਰੋਧ ਚੰਦਰ ਗਾਂਗੁਲੀ ਦੀ ਪ੍ਰੇਰਨਾ ਨਾਲ ਜੰਗੇ-ਆਜ਼ਾਦੀ ਵਿਚ ਸ਼ਾਮਲ ਹੋਏ ਅਤੇ ਰਾਸ ਬਿਹਾਰੀ ਬੋਸ ਦੀ ਅਗਵਾਈ ਹੇਠ ਕੰਮ ਕਰਨ ਲੱਗੇ। ਬਹੁਤ ਛੋਟੀ ਉਮਰ ਵਿਚ ਹੀ ਉਹ ਹਥਿਆਰ ਚਲਾਉਣੇ ਅਤੇ ਬੰਬ ਬਣਾਉਣੇ ਸਿੱਖ ਗਏ।

23 ਦਸੰਬਰ 1912 ਨੂੰ ਬਿਸਵਾਸ ਨੇ ਇਕ ਬਹੁਤ ਹੀ ਜੁਅਰਤਮੰਦ ਕਾਰਨਾਮਾ ਕਰਦੇ ਹੋਏ ਔਰਤ ਦੇ ਭੇਖ ਵਿਚ ਲਾਰਡ ਚਾਰਲਸ ਹਾਰਡਿੰਗ ਉਪਰ ਬੰਬ ਸੁੱਟਿਆ ਜਦੋਂ ਉਹ ਚਾਂਦਨੀ ਚੌਂਕ ਦਿੱਲੀ ਵਿਚ ਹਾਥੀ 'ਤੇ ਸਵਾਰ ਹੋ ਕੇ ਜਾ ਰਿਹਾ ਸੀ। ਹਾਰਡਿੰਗ ਬਚ ਗਿਆ ਪਰ ਉਸਦਾ

ਮਹੌਤ ਮਾਰਿਆ ਗਿਆ। ਖੁਫ਼ੀਆ ਏਜੰਸੀਆਂ ਦੇ ਕੁਲ ਯਤਨਾਂ ਦੇ ਬਾਵਜੂਦ ਬੰਬ ਸੁੱਟਣ ਵਾਲੇ ਦੀ ਲੰਮਾ ਸਮਾਂ ਕੋਈ ਸੂਹ ਨਾ ਮਿਲੀ।

ਆਖ਼ਿਰਕਾਰ ਭੇਦ ਖੁੱਲ੍ਹ ਜਾਣ 'ਤੇ 26 ਫਰਵਰੀ 1914 ਨੂੰ ਇਨਕਲਾਬੀ ਬਸੰਤ ਕੁਮਾਰ ਨੂੰ ਓਦੋਂ ਗ੍ਰਿਫ਼ਤਾਰ ਕਰ ਲਿਆ ਗਿਆ ਜਦੋਂ ਉਹ ਆਪਣੇ ਪਿਤਾ ਦੀਆਂ ਅੰਤਮ ਰਸਮਾਂ ਲਈ ਪੋਰਾਗਾਚਾ ਗਿਆ। 23 ਮਈ 1914 ਨੂੰ ਦਿੱਲੀ ਵਿਚ ਦਿੱਲੀ-ਲਾਹੌਰ ਸਾਜ਼ਿਸ਼ ਮੁਕੱਦਮਾ ਚਲਾਇਆ ਗਿਆ। ਪੰਜ ਅਕਤੂਬਰ ਨੂੰ ਬਸੰਤ ਕੁਮਾਰ ਨੂੰ ਦੋਸ਼ੀ ਕਰਾਰ ਦੇ ਕੇ ਨਾਬਾਲਗ ਹੋਣ ਕਾਰਨ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਇਸ ਮੁਕੱਦਮੇ ਵਿਚ ਅਮੀਰ ਚੰਦ, ਅਬਧ ਬਿਹਾਰੀ ਅਤੇ ਬਾਲਮੁਕੰਦ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ।

ਪਰ ਹਕੂਮਤ ਤਾਂ ਹਰ ਹਾਲਤ ਵਿਚ ਬਸੰਤ ਕੁਮਾਰ ਨੂੰ ਵੀ ਫਾਹੇ ਲਾਉਣਾ ਚਾਹੁੰਦੀ ਸੀ। ਇਸ ਲਈ ਹਕੂਮਤ ਨੇ ਲਾਹੌਰ ਹਾਈ ਕੋਰਟ ਵਿਚ ਇਕ ਅਪੀਲ ਦਾਇਰ ਕਰਨ ਦਾ ਨਾਟਕ ਰਚਿਆ। ਅੰਬਾਲਾ ਜੇਲ੍ਹ ਦੇ ਰਿਕਾਰਡ ਵਿਚ ਭੰਨਤੋੜ ਕੀਤੀ ਗਈ ਤਾਂ ਜੋ ਇਹ ਦਿਖਾਇਆ ਜਾ ਸਕੇ ਕਿ ਉਹ ਬਾਲਗ ਹੈ ਅਤੇ ਉਸ ਨੂੰ ਮੌਤ ਦੀ ਸਜ਼ਾ ਦੇਣਾ ਕ਼ਾਨੂੰਨੀ ਤੌਰ 'ਤੇ ਗ਼ਲਤ ਨਹੀਂ। ਅਪੀਲ ਮਨਜ਼ੂਰ ਹੋ ਗਈ ਅਤੇ ਬਿਸਵਾਸ ਦੀ ਸਜ਼ਾ ਵਧਾਕੇ ਫਾਂਸੀ ਦੀ ਸਜ਼ਾ ਕਰ ਦਿੱਤੀ ਗਈ।

10 ਮਈ 1915 ਨੂੰ ਉਸ ਨੂੰ ਅੰਬਾਲਾ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ।

ਸੁਸ਼ੀਲ ਕੁਮਾਰ ਸੇਨ ਦੀ ਸ਼ਹਾਦਤ

ਕਲਕੱਤਾ ਦੇ ਚੀਫ਼ ਪ੍ਰੈਜ਼ੀਡੈਂਸੀ ਮੈਜਿਸਟ੍ਰੇਟ ਕਿੰਗਸਫੋਰਡ ਦੇ ਦਫ਼ਤਰ ਨੂੰ ਕਿਸੇ ਨੇ ਇਕ ਬਾਰਾਂ ਸੌ ਸਫ਼ਿਆਂ ਦੀ ਕਿਤਾਬ ਭੇਜੀ ਜੋ ਬਹੁਤ ਹੀ ਸਲੀਕੇ ਨਾਲ ਟੀਨ ਦੇ ਇਕ ਬਕਸੇ ਵਿਚ ਲਪੇਟੀ ਗਈ ਸੀ। ਦਰਅਸਲ ਇਹ ਇਨਕਲਾਬੀਆਂ ਵਲੋਂ ਬਣਾਇਆ ਬੰਬ ਸੀ ਜਿਸ ਨੇ ਇਸ ਉਪਰ ਲਪੇਟਿਆ ਧਾਗਾ ਖੋਲ੍ਹਦੇ ਸਾਰ ਫਟ ਜਾਣਾ ਸੀ। ਭੇਜਣ ਵਾਲਾ ਦਫ਼ਤਰ ਦੇ ਚਪੜਾਸੀ ਜ਼ਰੀਏ ਇਹ ਕਿਤਾਬ ਕਿੰਗਸਫੋਰਡ ਦੇ ਮੇਜ ਉਪਰ ਰਖਵਾਉਣ 'ਚ ਕਾਮਯਾਬ ਹੋ ਗਿਆ। ਪਰ ਉਸਨੇ ਇਹ ਸੋਚਕੇ ਇਹ ਅਲਮਾਰੀ ਵਿਚ ਰੱਖ ਦਿੱਤੀ ਕਿ ਉਸਦਾ ਦੋਸਤ ਉਸਦੀ ਦਿੱਤੀ ਕਿਤਾਬ ਪੜ੍ਹਕੇ ਵਾਪਸ ਮੋੜ ਗਿਆ ਹੈ। ਬੰਬ ਭੇਜਣ ਵਾਲਾ ਬੰਗਾਲੀ ਇਨਕਲਾਬੀ ਸੁਸ਼ੀਲ ਕੁਮਾਰ ਸੇਨ ਸੀ। ਇਹ ਮੈਜਿਸਟ੍ਰੇਟ ਇਨਕਲਾਬੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਬਦਨਾਮ ਸੀ।

26 ਅਗਸਤ 1907 ਨੂੰ ਇਨਕਲਾਬੀਆਂ ਉਮਰ ਚਲ ਰਹੇ ਇਕ ਮੁਕੱਦਮੇ ਵਿਚ ਅਦਾਲਤ ਵਿਚ ਬਹੁਤ ਸਾਰੇ ਇਨਕਲਾਬੀ ਉਨ੍ਹਾਂ ਨੂੰ ਹੌਸਲਾ ਦੇਣ ਲਈ ਪਹੁੰਚੇ ਹੋਏ ਸਨ। ਮੈਜਿਸਟ੍ਰੇਟ ਦੇ ਹੁਕਮਾਂ 'ਤੇ ਉਨ੍ਹਾਂ ਉਪਰ ਬੇਤਹਾਸ਼ਾ ਲਾਠੀਚਾਰਜ ਕੀਤੇ ਜਾਣ ਨਾਲ ਭਗਦੜ ਮੱਚ ਗਈ। ਪੁਲਿਸ ਨੇ ਸਾਰਜੰਟ ਦੇ ਇਸ਼ਾਰੇ 'ਤੇ ਉਨ੍ਹਾਂ ਦਾ ਦੂਰ ਤਕ ਪਿੱਛਾ ਕਰਕੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਇਕ ਪੰਦਰਾਂ ਸਾਲ ਦੇ ਸੁਸ਼ੀਲ ਕੁਮਾਰ ਤੋਂ ਇਹ ਬਰਦਾਸ਼ਤ ਨਾ ਹੋਇਆ। ਉਸਨੇ ਉਥੇ ਹੀ ਘਸੁੰਨ ਮਾਰਕੇ ਸਾਰਜੰਟ ਦੀ ਹੋਸ਼ ਭੁਲਾ ਦਿੱਤੀ। ਮੈਜਿਸਟ੍ਰੇਟ ਦੇ ਹੁਕਮ 'ਤੇ ਉਸਨੂੰ ਪੰਦਰਾਂ ਕੋੜੇ ਮਾਰੇ ਗਏ। ਅਗਲੇ ਦਿਨ ਉਸ ਨੂੰ ਸੁਰੇਂਦਰਨਾਥ ਬੈਨਰਜੀ ਵਲੋਂ ਗੋਲਡ ਮੈਡਮ ਨਾਲ ਸਨਮਾਨਿਆ ਗਿਆ। ਸ਼ਹਿਰ ਵਿਚ ਉਸ ਦੇ ਸਨਮਾਨ ਵਿਚ ਲੋਕਾਂ ਨੇ ਉਸ ਉਪਰ ਫੁੱਲ ਵਰਸਾਏ।

ਫਿਰ ਉਸਨੂੰ ਇਨਕਲਾਬੀ ਸਰਗਰਮੀਆਂ ਬਦਲੇ ਸੱਤ ਸਾਲ ਦੀ ਸਜ਼ਾ ਹੋਈ ਪਰ ਕਸੂਰ ਸਾਬਤ ਨਾ ਹੋਣ 'ਤੇ ਬਰੀ ਹੋ ਗਿਆ। ਉਹ ਹੋਰ ਵੀ ਜੋਸ਼ ਨਾਲ ਇਨਕਲਾਬੀ ਕੰਮਾਂ ਵਿਚ ਹਿੱਸਾ ਲੈਣ ਲੱਗਾ। ਹਥਿਆਰ ਖ਼ਰੀਦਣ ਲਈ ਉਨ੍ਹਾਂ ਨੇ ਅੰਗਰੇਜ਼ਾਂ ਦੇ ਝੋਲੀਚੁਕਾਂ ਦੇ ਡਾਕੇ ਮਾਰਨ ਦਾ ਫ਼ੈਸਲਾ ਕੀਤਾ। 28 ਅਪ੍ਰੈਲ 1915 ਨੂੰ ਪਰਾਗਪੁਰ (ਜ਼ਿਲ੍ਹਾ ਨਦੀਆ) ਵਿਚ ਜਦੋਂ ਇਨਕਲਾਬੀ ਡਾਕਾ ਮਾਰਕੇ ਅਤੇ ਫਿਰ ਕਿਸ਼ਤੀ ਰਾਹੀਂ ਦਰਿਆ ਪਾਰ ਕਰਕੇ ਇਕ ਵਾੜੇ ਵਿਚ ਖਾਣਾ ਬਣਾ ਰਹੇ ਸਨ ਤਾਂ ਸੂਹ ਮਿਲਣ 'ਤੇ ਪੁਲਿਸ ਨੇ ਘੇਰਾ ਪਾ ਲਿਆ। ਦਰਿਆ ਕੰਢੇ ਜੰਮ ਕੇ ਮੁਕਾਬਲਾ ਹੋਇਆ। ਥਾਂ ਗਿੱਲੀ ਹੋਣ ਕਾਰਨ ਇਕ ਇਨਕਲਾਬੀ ਸਾਥੀ ਦਾ ਪੈਰ ਤਿਲਕ ਗਿਆ ਅਤੇ ਉਸਦਾ ਨਿਸ਼ਾਨਾ ਖੁੰਝਕੇ ਗੋਲੀ ਸੁਸ਼ੀਲ ਕੁਮਾਰ ਦੇ ਜਾ ਲੱਗੀ। ਉਸਦੇ ਸਾਥੀ ਉਸਨੂੰ ਕਿਸ਼ਤੀ ਵਿਚ ਬਿਠਾਕੇ ਉੱਥੋਂ ਨਿਕਲਣ ਵਿਚ ਕਾਮਯਾਬ ਹੋ ਗਏ। ਪ੍ਰਾਣ ਤਿਆਗਦੇ ਹੋਏ ਉਸਨੇ ਆਪਣੇ ਸਾਥੀਆਂ ਨੂੰ ਕਿਹਾ ਕਿ ਉਸਦਾ ਸਿਰ ਕੱਟਕੇ ਉੱਥੇ ਛੁਪਾ ਦੇਣ ਅਤੇ ਆਪ ਨਿਕਲ ਜਾਣ ਤਾਂ ਜੋ ਇਹ ਪਤਾ ਨਾ ਲੱਗੇ ਕਿ ਇਹ ਕਾਰਵਾਈ ਕਿਸ ਜਥੇਬੰਦੀ ਦੀ ਸੀ। ਇਸ ਤਰ੍ਹਾਂ ਇਹ ਇਨਕਲਾਬੀ ਮੁਲਕ ਦੀ ਆਜ਼ਾਦੀ ਲਈ ਸ਼ਹੀਦ ਹੋ ਗਿਆ ਅਤੇ ਅਗਲੀਆਂ ਪੀੜ੍ਹੀਆਂ ਲਈ ਕੁਰਬਾਨੀ ਦੀ ਮਿਸਾਲ ਕਾਇਮ ਕਰ ਗਿਆ।

***

ਲਾਰਡ ਹਾਰਡਿੰਗ ਬੰਬ ਕੇਸ ਦੇ ਨਾਇਕ

-ਗੁਰਮੀਤ

ਅੰਗਰੇਜ਼ਾਂ ਵੱਲੋਂ 1849 ਵਿੱਚ ਪੰਜਾਬ ਉੱਤੇ ਮੁਕੰਮਲ ਕਬਜ਼ਾ ਕਰ ਲੈਣ ਨਾਲ ਹੀ ਪੂਰੇ ਭਾਰਤ ਉੱਤੇ ਉਨ੍ਹਾਂ ਦਾ ਰਾਜ ਹੋ ਗਿਆ ਸੀ। ਪਰ ਪੰਜਾਬੀਆਂ ਨੇ ਪਹਿਲੇ ਦਿਨ ਤੋਂ ਹੀ ਅੰਗਰੇਜ਼ਾਂ ਵਿਰੁੱਧ ਆਪਣੀ ਲੜਾਈ ਸ਼ੁਰੂ ਕਰ ਦਿੱਤੀ ਸੀ... 1857 ਦੇ ਗ਼ਦਰ ਤੋਂ ਬਾਅਦ ਲਗਾਤਾਰ ਅੰਗਰੇਜ਼ ਸਾਮਰਾਜ ਵਿਰੁੱਧ ਲੜਾਈ ਚੱਲਦੀ ਰਹੀ। ਭਾਵੇਂ ਉਹ 1872 ਦਾ ਕੂਕਾ ਅੰਦੋਲਨ ਸੀ ਜਾਂ 1905-07 ਦੀ ਪਗੜੀ ਸੰਭਾਲ ਜੱਟਾ ਲਹਿਰ, ਜਿਹੜੀਆਂ 1913 ਵਿੱਚ ਗ਼ਦਰ ਪਾਰਟੀ ਅਤੇ ਬਾਅਦ ਵਿੱਚ ਕਿਰਤੀ, ਨੌਜਵਾਨ ਸਭਾ, ਬੱਬਰ ਅਕਾਲੀ, ਆਈ.ਐੱਨ.ਏ. ਸੰਗਰਾਮ ਆਦਿ ਲਹਿਰਾਂ ਦੀ ਸ਼ਕਲ ਵਿੱਚ ਅੰਗਰੇਜ਼ਾਂ ਨੂੰ ਹਿੰਦੋਸਤਾਨ 'ਚੋਂ ਕੱਢਣ ਤੱਕ ਚੱਲਦੀਆਂ ਰਹੀਆਂ।

ਸੰਗਰਾਮ ਦੇ ਇਤਿਹਾਸ ਵਿੱਚ ਹਾਰਡਿੰਗ ਬੰਬ ਕੇਸ ਵੀ ਇਕ ਮਾਣਮੱਤਾ ਕਾਂਡ ਹੈ। ਇਹ ਘਟਨਾ 23 ਦਸੰਬਰ 1912 ਦੀ ਹੈ ਜਦੋਂ ਅੰਗਰੇਜ਼ਾਂ ਨੇ 1911 ਵਿੱਚ ਕਲਕੱਤੇ ਤੋਂ ਬਦਲ ਕੇ ਦਿੱਲੀ ਨੂੰ ਆਪਣੀ ਰਾਜਧਾਨੀ ਬਣਾਇਆ ਤਾਂ ਉਸ ਵੇਲੇ ਦਿੱਲੀ ਦੇ ਵਾਇਸਰਾਏ ਲਾਰਡ ਹਾਰਡਿੰਗ ਨੇ ਆਪਣੀ ਹਕੂਮਤ ਦੇ ਸਿੱਕੇ ਦੀ ਧਾਂਕ ਜਮਾਉਣ ਲਈ ਦਿੱਲੀ ਦੇ ਬਾਜ਼ਾਰਾਂ ਵਿੱਚ ਹਾਥੀ 'ਤੇ ਚੜ੍ਹ ਕੇ ਇਕ ਸ਼ਾਹੀ ਜਲੂਸ ਕੱਢਿਆ। ਪਰ ਹਿੰਦੁਸਤਾਨ ਦੇ ਅਣਖੀਲੇ ਸਪੂਤਾਂ ਨੂੰ ਇਹ ਮੰਜ਼ੂਰ ਨਹੀਂ ਸੀ। ਉਨ੍ਹਾਂ ਲਾਰਡ ਹਾਰਡਿੰਗ 'ਤੇ ਬੰਬ ਸੁਟਿਆ, ਜਿਸ ਵਿੱਚ ਲਾਰਡ ਹਾਰਡਿੰਗ ਜ਼ਖਮੀ ਹੋ ਕੇ ਥੱਲੇ ਡਿੱਗ ਪਿਆ ਤੇ ਇਕ ਸੇਵਾਦਾਰ ਮਾਰਿਆ ਗਿਆ। ਜਿਨ੍ਹਾਂ ਚਾਰ ਕ੍ਰਾਂਤੀਕਾਰੀਆਂ ਵਿਰੁੱਧ ਬੰਬ ਸੁੱਟਣ ਦਾ ਦੋਸ਼ ਲੱਗਾ, ਉਨ੍ਹਾਂ ਵਿਚ ਸ਼ਾਮਲ ਸਨ: ਭਾਈ ਬਾਲਮੁਕੰਦ ਜੀ, ਮਾਸਟਰ ਅਮੀਰ ਚੰਦ, ਅਵੱਧ ਬਿਹਾਰੀ ਅਤੇ ਬਸੰਤ ਕੁਮਾਰ ਬਿਸ਼ਵਾਸ ਜੀ।

ਭਾਈ ਬਾਲਮੁਕੰਦ ਜੀ ਜ਼ਿਲ੍ਹਾ ਜੇਹਲਮ ਦੇ ਪਿੰਡ ਚੱਕਵਾਲ ਦੇ ਨੇੜੇ ਦੇ ਜੰਮਪਲ ਸਨ। ਉਹ ਭਾਈ ਮਤੀ ਦਾਸ ਜੀ, ਜਿਨ੍ਹਾਂ ਨੂੰ ਔਰੰਗਜ਼ੇਬ ਦੀ ਹਕੂਮਤ ਵੇਲੇ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਸੀ, ਦੇ ਵੰਸ਼ ਵਿਚੋਂ ਸਨ। ਆਪ ਨੇ ਡੀ.ਏ.ਵੀ. ਕਾਲਜ ਲਾਹੌਰ ਤੋਂ ਬੀ.ਏ. ਪਾਸ ਕੀਤੀ ਅਤੇ ਵੀਹ ਸਾਲ ਦੀ ਉਮਰ ਤੋਂ ਹੀ ਆਪ ਲਾਲਾ ਹਰਦਿਆਲ ਅਤੇ ਉੱਘੇ ਕ੍ਰਾਂਤੀਕਾਰੀ ਰਾਸ ਬਿਹਾਰੀ ਬੋਸ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਇਨਕਲਾਬੀ ਸਰਗਰਮੀਆਂ ਵਿੱਚ ਜੁਟ ਗਏ। ਗ੍ਰਿਫ਼ਤਾਰੀ ਤੋਂ ਬਾਅਦ ਜੇਲ੍ਹ ਵਿੱਚ ਜਦੋਂ ਆਪ ਦੀ ਪਤਨੀ ਸ੍ਰੀਮਤੀ ਰਾਮ ਰੱਖੀ ਨੂੰ ਆਪ ਦੀ ਜੇਲ੍ਹ ਦੀ ਜ਼ਿੰਦਗੀ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਵੀ ਘਰ ਵਿੱਚ ਜੇਲ੍ਹ ਵਰਗਾ ਜੀਵਨ ਬਿਤਾਉਣਾ ਸ਼ੁਰੂ ਕਰ ਦਿੱਤਾ ਅਤੇ ਭਾਈ ਬਾਲਮੁਕੰਦ ਜੀ ਨੂੰ 8 ਮਈ 1915 ਨੂੰ ਦਿੱਲੀ ਦੀ ਜੇਲ੍ਹ ਵਿੱਚ ਫਾਂਸੀ ਦਾ ਪਤਾ ਲੱਗਣ 'ਤੇ ਪ੍ਰਾਣ ਤਿਆਗ ਕੇ

ਆਪ ਵੀ ਸ਼ਹਾਦਤ ਦਾ ਜਾਮ ਪੀ ਗਏ।

ਮਾਸਟਰ ਅਮੀਰ ਚੰਦ ਜੀ ਦਿੱਲੀ ਦੇ ਇਕ ਮਿਸ਼ਨਰੀ ਸਕੂਲ ਵਿੱਚ ਮਾਸਟਰ ਸਨ। ਆਪ ਵੀ ਲਾਲਾ ਹਰਦਿਆਲ ਦੀ ਪ੍ਰੇਰਣਾ ਨਾਲ ਦੇਸ਼ ਸੇਵਾ ਵਿੱਚ ਜੁੱਟ ਗਏ ਅਤੇ ਅਵੱਧ ਬਿਹਾਰੀ, ਬਾਲ ਮੁਕੰਦ ਅਤੇ ਬਸੰਤ ਬਿਸ਼ਵਾਸ ਦੇ ਸੰਪਰਕ ਵਿੱਚ ਆ ਗਏ। ਹਾਰਡਿੰਗ ਬੰਬ ਕੇਸ ਤੋਂ ਬਾਅਦ ਆਪ ਦੇ ਗੋਦ ਲਏ ਬੇਟੇ ਸੁਲਤਾਨ ਚੰਦ ਨੇ ਹੀ ਵਿਸ਼ਵਾਸਘਾਤ ਕਰਕੇ ਸਰਕਾਰੀ ਗਵਾਹ ਬਣ ਕੇ ਆਪ ਦੇ ਵਿਰੁੱਧ ਗਵਾਹੀ ਦਿੱਤੀ। 8 ਮਈ 1915 ਨੂੰ ਦਿੱਲੀ ਦੀ ਜੇਲ੍ਹ ਵਿੱਚ ਆਪ ਨੇ ਹੱਸ ਕੇ ਫਾਂਸੀ ਦਾ ਰੱਸਾ ਚੁੰਮ ਲਿਆ।

ਸ੍ਰੀ ਅਵੱਧ ਬਿਹਾਰੀ ਜੀ ਨੇ ਲਾਹੌਰ ਦੇ ਸੈਂਟਰਲ ਟਰੇਨਿੰਗ ਕਾਲਜ ਤੋਂ ਬੀ.ਟੀ. ਪਾਸ ਕੀਤੀ। ਆਪ ਬਹੁਤ ਹੀ ਹੁਸ਼ਿਆਰ ਤੇ ਬੁੱਧੀਮਾਨ ਨੌਜਵਾਨ ਸਨ। 25 ਸਾਲ ਦੀ ਉਮਰ ਵਿੱਚ ਹੀ ਆਪ ਇਨਕਲਾਬੀ ਸਰਗਰਮੀਆਂ ਵਿੱਚ ਕੁੱਦ ਗਏ ਅਤੇ ਯੂ.ਪੀ. ਤੇ ਪੰਜਾਬ ਵਿੱਚ ਇਸ ਲਹਿਰ ਦੀ ਅਗਵਾਈ ਕੀਤੀ। ਬੰਬ ਕੇਸ ਤੋਂ ਬਾਅਦ ਆਪ ਮਾਸਟਰ ਅਮੀਰ ਚੰਦ ਜੀ ਦੇ ਘਰੋਂ ਹੀ ਗ੍ਰਿਫ਼ਤਾਰ ਹੋ ਗਏ ਤੇ ਆਪ ਵੀ 8 ਮਈ 1915 ਨੂੰ ਦਿੱਲੀ ਦੀ ਜੇਲ੍ਹ ਵਿੱਚ ਸ਼ਹਾਦਤ ਦਾ ਜਾਮ ਪੀ ਗਏ।

ਬਸੰਤ ਕੁਮਾਰ ਬਿਸ਼ਵਾਸ ਜੀ ਬੰਗਾਲ ਦੇ ਨਦਿਆ ਜ਼ਿਲ੍ਹੇ ਦੇ ਰਹਿਣ ਵਾਲੇ ਸਨ ਪਰ ਰਾਸ ਬਿਹਾਰੀ ਬੋਸ ਦੇ ਸੰਪਰਕ 'ਚ ਆਉਣ ਤੋਂ ਬਾਅਦ ਉਹ ਪੰਜਾਬ ਆਣ ਕੇ ਭਾਹੀ ਬਾਲਮੁਕੰਦ ਜੀ ਨਾਲ ਮਿਲ ਕੇ ਦੇਸ਼ ਸੇਵਾ ਦੇ ਕੰਮਾਂ ਵਿੱਚ ਲੱਗ ਪਏ। ਹਾਰਡਿੰਗ ਬੰਬ ਕੇਸ ਤੋਂ ਬਾਅਦ 1913 ਵਿੱਚ ਮੁੜ ਬੰਗਾਲ ਚਲੇ ਗਏ ਪਰ ਉੱਥੇ 1914 ਵਿੱਚ ਗ੍ਰਿਫਤਾਰ ਕਰਕੇ ਲਾਹੌਰ ਲਿਆਂਦੇ ਗਏ। ਪਹਿਲਾਂ ਆਪ ਨੂੰ ਉਮਰ ਕੈਦ ਤੇ ਕਾਲੇ ਪਾਣੀ ਦੀ ਸਜ਼ਾ ਹੋਈ ਪਰ ਮਾਈਕਲ ਉਡਵਾਇਰ ਦੀ ਅਪੀਲ 'ਤੇ ਇਹ ਸਜ਼ਾ ਫਾਂਸੀ ਵਿੱਚ ਤਬਦੀਲ ਕਰ ਦਿੱਤੀ ਗਈ। 23 ਸਾਲ ਦੀ ਉਮਰ ਵਿੱਚ 9 ਮਈ 1915 ਨੂੰ ਅੰਬਾਲਾ ਛਾਉਣੀ ਦੀ ਜੇਲ੍ਹ ਵਿੱਚ ਹੱਸਦੇ-ਹੱਸਦੇ ਫਾਂਸੀ ਦੇ ਰੱਸੇ 'ਤੇ ਝੂਲ ਗਏ।

ਲਾਰਡ ਹਾਰਡਿੰਗ ਬੰਬ ਕਾਂਡ ਨੇ ਪੰਜਾਬੀਆਂ ਨੂੰ ਏਨਾ ਹੁਲਾਰਾ ਦਿੱਤਾ ਕਿ ਗ਼ਦਰ ਪਾਰਟੀ ਵੱਲੋਂ ਕੱਢੇ ਜਾਂਦੇ ਅਖ਼ਬਾਰ 'ਗ਼ਦਰ' ਦੇ ਅੰਕ ਨੰਬਰ 29 ਦੇ ਪਹਿਲੇ ਪੰਨੇ 'ਤੇ ਇਸ ਘਟਨਾ ਨੂੰ ਅੰਜ਼ਾਮ ਦੇਣ ਵਾਲਿਆਂ ਨੂੰ ਵਧਾਈਆਂ ਦਿੱਤੀਆਂ ਗਈਆਂ। ਅਗਲੇ ਪੰਨੇ 'ਤੇ ਗ਼ਦਰ ਦੇ ਉਸ ਪਹਿਲੇ ਪੰਨੇ ਦਾ ਨਮੂਨਾ ਪੇਸ਼ ਕੀਤਾ ਗਿਆ ਹੈ।

[ਗ਼ਦਰ ਅਖ਼ਬਾਰ ਦੀ ਹਾਰਡਿੰਗ ਬੰਬ ਕੇਸ ਦੇ ਅਮਰ ਸ਼ਹੀਦਾਂ ਨੂੰ ਸ਼ਰਧਾਂਜਲੀ]

ਹਿੰਦੋਸਤਾਨ

ਗ਼ਦਰ

ਜਿਲਦ ਪਹਿਲੀ   ਅਖਬਾਰ ਹਿੰਦੋਸਤਾਨ ਗ਼ਦਰ ਸਾਨਫਰਾਂਸਿਸਕੋ ਅਮਰੀਕਾ 27 ਉਕਤੂਬਰ ਨੰਬਰ ੨੯

ਸੱਜਰਾ ਗੋਰੇ ਸ਼ਾਹੀ ਜ਼ੁਲਮ

ਲਾਹੌਰ, ਦਿੱਲੀ ਦੇ ਬੰਬ ਦੇ ਮੁਕਦਮੇ ਅਤੇ ਅੰਗਰੇਜੀ ਰਾਜ ਨੂੰ ਜੜ੍ਹੋਂ ਪੁੱਟਨ ਵਾਲਾ ਅਨਿਆਈ ਫੈਸਲਾ

ਫਾਂਸੀ ਤੇ ਉਮਰ਼ ਕੈਦ ਦੀਆਂ ਸਜਾਵਾਂ

ਦਿੱਲੀ ਲਾਹੌਰ ਦੇ ਉਗਾ ਪੋਲੀਟੀਕਲ ਮੁਕਦਮੇ (ਬੰਬ ਤੇ ਗ਼ਦਰ) ਜੋ ਪਿਛਲੇ ੬ ਮਹੀਨੇਆ ਤੋਂ ਚਲ ਰਿਹਾ ਸੀ ਅਤੇ ਜਿਸ ਵਿਚ ਪੰਜਾਬ ਦੇ ਉਗੇ ਦੇਸ ਭਗਤ ਅਤੇ ਸਿਰਕੱਢ ਨੌਜਵਾਨ ਫੜੇ ਗਏ ਸੀ ਅਤੇ ਜਿਸ ਕਰਕੇ ਸਾਰੇ ਹਿੰਦੋਸਤਾਨ ਵਿਚ ਰੌਲੀ ਪਈ ਹੋਈ ਸੀ, ੬ ਉਕਤੂਬਰ ਨੂੰ ਉਸ ਦਾ ਅੰਨਿਆਏ ਫੈਸਲਾ ਹੋ ਗਿਆ, ਫਰੰਗੀ ਜੱਜ ਨੇ ਪੋਲੀਟੀਕਲ ਕਤਲ ਅਤੇ ਅਖਬਾਰ ਲਿਬਰਟੀ ਦੇ ਛਾਪਣ ਦੇ ਬੇਗੁਨਾਹ ਵਿਚ

ਮਾਸਟਰ ਅਮੀਰ ਚੰਦ ਜੀ	
ਹੈਡ ਮਾਸਟਰ ਹਿੰਦੂ ਹਾਈ ਸਕੂਲ,	**ਨੂੰ ਫਾਂਸੀ**
ਲਾਲਾ ਅਵਧ ਬਿਹਾਰੀ ਲਾਲ	**ਦੀ ਸਜ਼ਾ**
ਜੀ ਬੀ.ਏ.ਬੀ.ਟੀ ਸੈਕੰਡ ਮਾਸਟਰ ਹਿੰਦੂ ਹਾਈ ਸਕੂਲ,	**ਦਿੱਤੀ।**
ਭਾਈ ਬਾਲਮਕੰਦ ਜੀ	
ਅਧਿਆਪਕ ਪੁਤਰ ਮਹਾਰਾਜਾ ਪਰਤਾਪ ਸਿੰਘ ਬੇਦਰ	

ਲਾਲਾ ਬਲਰਾਜ ਜੀ	
ਬੀ.ਏ ਪੁਤਰ ਲਾਲ ਹੰਸ ਰਾਜ ਪਰਿੰਨਸੀਪਲ,	**ਨੂੰ ਸਾਰੀ ਉਮਰ**
ਪਰੇਜੀਡੈਂਟ ਡੀ.ਏ.ਵੀ. ਕਾਲਜ ਅਤੇ ਆਰੀਆ ਸਮਾਜ ਲਾਹੌਰ,	**ਲਈ ਕਾਲੇ**
ਲਾਲਾ ਰਵਨੰਤ ਸਹਾਏ ਜੀ	**ਪਾਨੀ ਦੀ**
ਰਈਸ ਦਿੱਲੀ ਮਾਲਕ ਕਾਰਖਾਨਾ ਬਦੇਸ਼ੀ ਕਪੜੇ,	**ਸਜ਼ਾ ਦਿਤੀ ਗਈ**
ਬਾਬੂ ਬਸੰਤ ਕੁਮਾਰ ਜੀ	
ਬੰਗਾਲੀ ਡਾਕਟਰ	

ਮਾਸਟਰ ਅਮੀਰ ਚੰਦ ਅਤੇ ਅਵਧ ਬਿਹਾਰੀ ਲਾਲ ਨੂੰ ਸਜਾਏ ਫਾਂਸੀ ਬੰਬ ਬਨਾਉਨ ਦੀ ਗੁਨਾਹ ਵਿਚ ੨੦ ਸਾਲ ਦੀ ਸਜ਼ਾ ਕਾਲੇ ਪਾਨੀ ਦੀ ਦਿਤੀ ਗਈ ਹੈ। ਏਸ ਸਾਰੀ ਦੇਸ ਭਗਤ ਮੰਡਲੀ ਦਾ ਚਲਾਉਨ ਵਾਲਾ ਅੰਗਰੇਜ਼ੀ ਗਵਰਮਿੰਟ ਦਾ ਪੱਕਾ ਵੈਰੀ ਬਾਬੂ ਰਾਸ ਬਿਹਾਰੀ ਜਦ ਤਕ ਨਹੀ ਫੜਆ ਗਿਆ ਅਤੇ ਆਸ ਹੈ ਕਿ ਉਹ ਫੜਆ ਹੀ ਨਹੀ ਜਾਵੇਗਾ, ਜਿਸ ਦੇ ਫੜਨ

ਨੂੰ ਅੰਗਰੇਜ਼ਾ ਨੇ ਹਜਾਰਾਂ ਰੁਪਿਆਂ ਦਾ ਅਨਾਮ ਮੁਕੱਰ ਕਰ ਰਖਿਆ ਹੈ।

ਇਸ ਮੁਕਦਮੇ ਵਿਚ ਸਰਕਾਰ ਦੀ ਤਰਫੋ ਗਵਾਹੀ ਦੇਣ ਵਾਲੇ ਪਰਵਾਰ ਦੇਸ ਘਾਤੀ, ਦੀਨਾ ਨਾਥ ਤੇ ਸੁਲਤਾਨ ਚੰਦ ਛੱਡ ਦਿਤੇ ਹਨ। ਏਸੇ ਪੋਲੀਟੀਕਲ ਮੁਕਦਮੇ ਦੇ ਗੇੜ ਵਿਚ ਬਸੰਤੀ ਰਾਸ ਬਿਹਾਰ ਵਿਚ ਜੋ ਦੂਸਰਾ ਮੁਕਦਮਾ ਚਲ ਰਿਹਾ ਸੀ, ਉਸ ਵਿਚ ਪੋਲੀਟੀਕਲ ਡਾਕੇਆ ਅਤੇ ਕਤਲ ਦੇ ਵਕਾਰ ਵਿਚ

ਲਾਲਾ ਮੋਤੀ ਚੰਦ ਨੂੰ ਫਾਂਸੀ ਦੀ ਸਜਾ ਦਿਤੀ ਗਈ,

ਪੰਡਤ ਵਿਸ਼ਨੂੰ ਦਿਤ ਨੂੰ ਦਸ ਸਾਲ ਦੀ ਕੈਦ ਸਖਤ ਸਜ਼ਾ ਮਿਲੀ।

ਏਸੇ ਮਸਹੂਰ ਪੋਲੀਟੀਕਲ ਮੁਕਦਮੇ ਦੇ ਰਾਜ ਵਿਚ ਹੀ ਸੇਹਰ ਕੱਤਾ ਰਾਜਪੂਤਾਨਾ ਰਿਆਸਤ ਵਿਚ ਜੋ ਤੀਸਰਾ ਮੁਕਦਮਾ ਚਲ ਰਿਹਾ ਸੀ, ਉਸ ਵਿਚ ਪੋਲੀਟੀਕਲ ਡਾਕੇ ਅਤੇ ਕਤਲ ਦੇ ਗੁਨਾਹ ਵਿਚ ਦੋ ਹਿੰਦੀ ਭਾਈਆਂ ਨੂੰ ਉਮਰ ਕੈਦ ਕਰਕੇ ਕਾਲੇ ਪਾਨੀ ਦੀ ਸਜ਼ਾ ਦਿਤੀ ਗਈ ਅਤੇ ਇਕ ਹੋਰ ਹਿੰਦੀ ਨੂੰ 10 ਸਾਲ ਦੀ ਕੈਦ ਹੋਈ। ਏਹਨਾ ਦੇ ਨਾਮ ਦਾ ਹੁਨ ਤਕ ਪਤਾ ਨਹੀ ਲਗਿਆ ਹੈ।

ਵਧਾਈਆਂ- ਵਧਾਈਆਂ- ਵਧਾਈਆਂ !!!

ਪੰਜਾਬ ਨਵਾਸੀਆ ਨੂੰ ਏਹ ਫਾਂਸੀਆਂ ਅਤੇ ਉਮਰ ਕੈਦ ਦੀਆ ਅਨਿਆਈ ਸਜ਼ਾਵਾਂ ਮੁਬਾਰਕ! ਹਿੰਦੋਸਤਾਨ ਦੇ ਦਿਲ ਦੱਲੀ ਨੂੰ ਏਹ ਸ਼ਹੀਦੀਆਂ ਮੁਬਾਰਕ!

ਭਾਰਤ ਮਾਤਾ ਨੂੰ ਆਪਨੇ ਪੁਤਰਾਂ ਦਾ ਜਾਨ ਤੇ ਖੇਲਨਾ ਅਤੇ ਸਰ ਤੱਲੀ ਤੇ ਧਰਨਾ ਮੁਬਾਰਕ!

ਪਵਿਤਰ ਹਨ ਉਹ ਪੁਰਸ਼ ਜੇਹੜੇ ਜ਼ਾਲਮ ਦੀ ਤਲਵਾਰ ਨਾਲ ਭੇਟਾ ਹੁੰਦੇ ਹੋਏ, ਦੇਸ ਵਿਚ ਆਜਾਦੀ ਅਤੇ ਸ਼ਹੀਦੀ ਦਾ ਬੀਜ ਬੀਜਨ, ਕੌਮ ਦੀ ਖਾਤਰ ਫਾਂਸੀਆ ਕੈਦ ਹਰ ਇਕ ਨੂੰ ਨਹੀ ਹੁੰਦੀ, ਐਸਾ ਮਰਨਾ ਕਿਸੇ ਪਵਿਤਰ ਪੁਰਸ਼ ਦੇ ਭਾਗਾ ਵਿਚ ਹੀ ਹੁੰਦਾ ਹੇ ਅਤੇ ਸਜਵਾਂ ਏਹ ਹੈ ਕਿ ਏਹਨਾਂ ਸ਼ਹੀਦਾਂ ਨੇ ਪੰਜਾਬ ਦੀ ਜਮੀਨ ਤੇ ਆਜਾਦੀ ਅਤੇ ਸ਼ਹੀਦੀ ਦਾ ਬੀਜ ਬੋ ਦਿਤਾ ਅਤੇ ਪੰਜਾਬ ਦਾ ਨਾਓ ਰੱਖ ਲਿਆ ਅਤੇ ਇਟਲੀ ਦੇ ਦੱਸ ਭਗਤ 'ਮੇਜ਼ਨੀ' ਦਾ ਕਥਨ... ਹੈ ਕਿ ਸ਼ਹੀਦਾਂ ਦਾ ਖ਼ੂਨ ਅਨਾਰਥ ਨਹੀ ਜਾਂਦਾ, ਏਸ ਪੰਜਾਬ ਵਿਚ ਆਜ਼ਾਦੀ ਦੀ ਲੇਹਰ ਦਿਨ ਦੂਨੀ ਰਾਤ ਚੌਗਨੀ ਉਨਤੀ ਕਰੂਗੀ ਅਤੇ ਗ਼ਦਰ ਦੀ ਜਵਾਲਾ ਬੜੀ ਤੇਜੀ ਲਾਲ ਚਮਕੂਗੀ, ਜੇਹੜੀ ਜ਼ਾਲਮ ਡਾਕੂਆਂ ਦੇ ਜ਼ੁਲਮ ਨਾਲ ਕਦਾਚਿਤ ਨਹੀ ਬੁਜ਼ੂਗੀ, ਬੰਗਾਲ ਅਤੇ ਮਹਾਰਾਸਟਰ ਨੇ ਪੋਲੀਟੀਕਲ ਉਨਤੀ ਏਸੇ ਤਰਾ ਫਾਂਸੀਆ ਅਤੇ ਉਮਰ ਕੈਦ ਦੀ ਸਜਾਵਾਂ ਨਾਲ ਹੀ ਪਰਾਪਤ ਕੀਤੀ ਸੀ, ਜਿਸ ਦੀ ਨੀਹ ਹੁਨ ਪੰਜਾਬ ਵਿਚ ਰਖ ਦਿਤੀ ਗਈ .... ਅਸਲ ਤਾ ਏਹ ਹੈ ਕਿ ਪੰਜਾਬ ਦੀ ਸਾਰਾ ਹੀ ਗ਼ਦਰ ਵਿਚ ਜਾਲਮਾ ਦਾ ਨਾਸ਼ ਕਰੂਗੀ, ਬਸ ਐ ਪੰਜਾਬ! ਅਪਨੀ ਤਲਵਾਰ ਨਿਕਾਲਾ।

ਐ ਹਿੰਦੋਸਤਾਨ ਹੁਨ ਘਬਰਾ ਨਾ ਆਜਾਦੀ ਦਾ ਦਿਨ ਆ ਗਿਆ ਗ਼ਦਰ ਦਾ ਬੀਜ ਬੀਜੇਆ ਗਿਆ ਹੈ ਸ਼ਹੀਦਾਂ ਦਾ ਖ਼ੂਨ ਰੰਗ ਲਾਏ ਬਿਨਾ ਨਈ ਰਹੂਗਾ।

(ਗ਼ਦਰ ਦਾ ਪਹਿਲਾ ਪੰਨਾ)

ਪੂਰਬੀ ਅਫਰੀਕਾ 'ਚ ਗ਼ਦਰ ਲਹਿਰ ਉਪਰ ਜ਼ੁਲਮ ਤੇ ਸਜ਼ਾਵਾਂ

-ਸੀਤਾ ਰਾਮ ਬਾਂਸਲ

ਗ਼ਦਰੀਆਂ ਬਾਰੇ ਜਰਮਨੀ ਦੀ ਰਾਜਧਾਨੀ ਬਰਲਿਨ ਦੀ ਆਰਕਾਈਵਜ਼ ਵਿਚ ਪਏ ਦਸਤਾਵੇਜ਼ਾਂ ਬਾਰੇ ਅਲੀ ਰਾਜਾ ਤੋਂ ਖਬਰ ਮਿਲਣ 'ਤੇ ਅਮਰਜੀਤ ਚੰਦਨ ਨੇ ਲੰਡਨ ਤੋਂ ਬਰਲਿਨ ਜਾ ਕੇ ਦਸਤਾਵੇਜ਼ ਲਿਆਂਦੇ ਅਤੇ ਉਥੇ ਖੋਜ ਕਰਨ ਆਏ ਪ੍ਰੈਜ਼ੀਡੈਂਸੀ ਕਾਲਜ ਕੋਲਕਾਤਾ ਦੇ ਪ੍ਰੋ. ਬੈਂਜਾਮਿਨ ਜਕਾਰੀਆ ਨੇ ਅਮਰਜੀਤ ਚੰਦਨ ਨੂੰ ਪੱਛਮੀ ਬੰਗਾਲ ਸਟੇਟ ਆਰਕਾਈਵਜ਼ ਦੀ ਫਾਈਲ ਨੰਬਰ 712/15 ਦਿੱਤੀ, ਜੋ ਕਿ 1916 ਦਾ ਸਰਕੂਲਰ ਨੰ. 2 (ਪੁਲੀਟੀਕਲ) ਹੈ, ਜਿਹੜਾ 15 ਮਈ, 1916 ਨੂੰ ਭਾਰਤ ਸਰਕਾਰ ਦੇ ਕਰਿਮੀਨਲ ਇੰਟੈਲੀਜੈਂਸ ਦਫ਼ਤਰ ਨੇ ਜਾਰੀ ਕੀਤਾ ਸੀ। ਇਹ ਦਸਤਾਵੇਜ਼ ਬ੍ਰਿਟਿਸ਼ ਪੂਰਬੀ ਅਫਰੀਕਾ 'ਚ ਗ਼ਦਰ ਪਾਰਟੀ ਦੀਆਂ ਗਤੀਵਿਧੀਆਂ ਬਾਰੇ ਹੈ। ਲਗਪਗ ਇਕ ਸਦੀ ਬਾਅਦ ਲੱਭੇ ਇਹ ਦਸਤਾਵੇਜ ਚੰਦਨ ਦੀ ਬਹੁਤ ਵੱਡੀ ਪ੍ਰਾਪਤੀ ਵੀ ਹੈ ਅਤੇ ਉਸਦੇ ਗਦਰੀ ਕ੍ਰਾਂਤੀਕਾਰੀਆਂ ਪ੍ਰਤੀ ਅਥਾਹ ਦਿਲੀ ਸ਼ਰਧਾ ਦੀ ਨਿਸ਼ਾਨੀ ਵੀ। ਅਜਿਹੇ ਕਈ ਹਜ਼ਾਰ ਦਸਤਾਵੇਜ ਗਦਰੀਆਂ ਦੇ ਅੰਤਰ-ਰਾਸ਼ਟਰੀ ਨੈੱਟਵਰਕ ਵਾਲੇ ਦੇਸ਼ਾਂ 'ਚੋ ਲੱਭਣ ਲਈ ਇਮਾਨਦਾਰ ਕੋਸ਼ਿਸ਼ਾਂ ਕਰਨ ਦੀ ਫੌਰੀ ਤੇ ਵੱਡੀ ਲੋੜ ਹੈ।

4 ਮਈ 1916 ਨੂੰ ਡਾਇਰੈਕਟਰ ਕਰਿਮੀਨਲ ਇੰਟੈਲੀਜੈਂਸ ਦੇ ਨਿੱਜੀ ਸਹਾਇਕ ਜੇ.ਡਬਲਿਊ. ਨੈਲਸਨ ਨੇ ਸ਼ਿਮਲਾ ਤੋਂ ਜਾਰੀ ਕੀਤੀ 'ਪੂਰਬੀ ਅਫਰੀਕਾ ਦੇ ਭਾਰਤੀਆਂ 'ਚ ਬਗ਼ਾਵਤ' ਨਾਂ ਦੀ ਛੇ ਸਫ਼ਿਆਂ ਦੀ ਰਿਪੋਰਟ ਵਿਚ ਮੰਨਿਆ ਹੈ ਕਿ ਪਿਛਲੇ ਸਾਲ ਗ਼ਦਰ ਡਾਇਰੈਕਟਰੀ ਨਾਲ ਵੰਡੇ ਗਏ ਦੁਨੀਆਂ ਦੇ ਨਕਸ਼ੇ ਨੂੰ ਦੇਖਣ 'ਤੇ ਪਤਾ ਲੱਗਦਾ ਹੈ ਕਿ ਗ਼ਦਰ ਲਹਿਰ ਕਿੰਨੀ ਵਿਸ਼ਾਲ ਸੀ। ਨਕਸ਼ੇ 'ਤੇ ਲਾਲ ਕੋਨ ਨਾਲ ਦਰਸਾਏ ਇੰਗਲੈਂਡ, ਫਰਾਂਸ, ਜਰਮਨੀ, ਆਸਟਰੀਆ, ਟਰਕੀ, ਕਨੇਡਾ, ਅਮਰੀਕਾ, ਕਿਊਬਾ, ਪਨਾਮਾ, ਐਕਵਾਡੋਰ, ਬ੍ਰਿਟਿਸ਼ ਗੁਆਨਾ, ਬਰਾਜ਼ੀਲ, ਅਰਜਨਟਾਈਨਾ, ਮਿਸਰ, ਬ੍ਰਿਟਿਸ਼ ਈਸਟ ਅਫਰੀਕਾ, ਸਾਊਥ ਅਫਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਡੱਚ ਇੰਡੀਜ਼, ਫਿਲਪਾਈਨਜ਼, ਜਪਾਨ ਅਤੇ ਚੀਨ ਵਿਚਲੇ ਹਿੰਦੋਸਤਾਨੀ ਇਨਕਲਾਬੀਆਂ ਦੇ ਆਪਸੀ ਸੰਬੰਧਾਂ ਅਤੇ ਇਨਕਲਾਬੀਆਂ ਦੇ ਪ੍ਰਾਪੇਗੰਡੇ ਦੀ ਕਰਿਮੀਨਲ ਇਨਟੈਲੀਜੈਂਸ ਦਫ਼ਤਰ 'ਚ ਪਲ-ਪਲ ਦੀ ਖ਼ਬਰ ਸੀ। ਜਰਮਨ ਵਿਦੇਸ਼ ਦਫ਼ਤਰ ਦੇ ਪ੍ਰਭਾਵ ਹੇਠ ਆਏ ਪੜ੍ਹੇ-ਲਿਖੇ ਭਾਰਤੀਆਂ ਨੇ ਗ਼ਦਰ ਪਾਰਟੀ ਦਾ ਸੰਬੰਧ ਜਰਮਨ ਦੀ ਰਾਜਧਾਨੀ ਬਰਲਿਨ ਨਾਲ ਜੋੜ ਦਿੱਤਾ ਸੀ। ਬ੍ਰਿਟਿਸ਼ ਪੂਰਬੀ ਅਫ਼ਰੀਕਾ 'ਚ ਗਏ ਭਾਰਤੀ ਕੇਵਲ ਮਜ਼ਦੂਰ ਹੀ ਨਹੀਂ ਸਨ ਸਗੋਂ ਵੱਡੇ-ਵੱਡੇ ਠੇਕੇਦਾਰ ਸਨ, ਜਿਹਨਾਂ ਨੇ ਉਥੇ ਆਪਣੀ ਪੱਕੀ ਰਿਹਾਇਸ਼ ਬਣਾ ਲਈ ਸੀ। ਉਹ ਬਹੁਤ ਵੱਡੇ ਪੱਧਰ 'ਤੇ ਰਾਜਨੀਤਕ ਤੌਰ ਚੇਤੰਨ ਹੋ ਗਏ ਸਨ ਤੇ ਉਹਨਾਂ ਦੀਆਂ ਗਤੀਵਿਧੀਆਂ ਉੱਥੋਂ ਦੀ ਸਰਕਾਰ ਦੇ ਖਿਲਾਫ਼ ਸਨ। ਹਿੰਦੋਸਤਾਨੀ ਸਰਕਾਰ ਕੋਲ ਬ੍ਰਿਟਿਸ਼

ਪੂਰਬੀ ਅਫ਼ਰੀਕਾ ਦੇ ਹਿੰਦੋਸਤਾਨੀਆਂ ਦੀਆਂ ਰਾਜਨੀਤਕ ਗਤੀਵਿਧੀਆਂ ਦੀ ਬਹੁਤੀ ਵਿਸਥਾਰ ਰਿਪੋਰਟ ਨਹੀਂ ਸੀ ਜਿਵੇਂ ਕਿ ਪੰਜਾਬ ਸਰਕਾਰ ਕੋਲ ਅਮਰੀਕਾ ਦੀ ਪੈਸੀਫਿਕ ਕੋਸਟ ਨੇੜੇ ਵੱਸਦੇ ਹਿੰਦੋਸਤਾਨੀ ਗ਼ਦਰੀਆਂ ਬਾਰੇ ਸੀ। ਪਹਿਲੀ ਸੰਸਾਰ ਜੰਗ ਦੇ ਪਹਿਲੇ ਵਰ੍ਹੇ ਬ੍ਰਿਟਿਸ਼ ਪੂਰਬੀ ਅਫ਼ਰੀਕਾ ਤੋਂ ਹਿੰਦੋਸਤਾਨੀ ਗ਼ਦਰ ਪਾਰਟੀ ਦੇ ਉਦੇਸ਼ ਨੂੰ ਪੂਰਾ ਕਰਨ ਲਈ ਹਿੰਦੋਸਤਾਨ ਨਹੀਂ ਆਏ ਸਨ, ਇਸ ਕਰਕੇ ਵੀ ਖੁਫ਼ੀਆ ਵਿਭਾਗ ਨੇ ਉਹਨਾਂ ਦੀ ਬਹੁਤੀ ਪਰਵਾਹ ਨਹੀਂ ਕੀਤੀ ਸੀ।

ਸੈਂਡਰਸਨ ਕਮੇਟੀ ਦੀ ਰਿਪੋਰਟ ਦੱਸਦੀ ਹੈ ਕਿ ਹਿੰਦੋਸਤਾਨ ਅਤੇ ਅਰਬ ਦੇਸ਼ਾਂ ਤੋਂ ਲੋਕ ਬ੍ਰਿਟਿਸ਼ ਈਸਟ ਅਫ਼ਰੀਕਾ 'ਚ ਕਈ ਸਦੀਆਂ ਤੋਂ ਜਾ ਰਹੇ ਸਨ। ਸੰਨ 1895 ਵਿਚ ਔਸਤ ਬਾਰਾਂ ਤੋਂ ਪੰਦਰਾਂ ਹਜ਼ਾਰ ਮਜ਼ਦੂਰ ਸਮੁੰਦਰੀ ਕੰਢੇ ਤੋਂ ਲੇਕ ਵਿਕਟੋਰੀਆ ਨਿਆਂਜਾ ਤੱਕ ਰੇਲਵੇ ਲਾਈਨ ਵਿਛਾਉਣ ਲਈ ਕੰਮ 'ਤੇ ਰੱਖੇ ਗਏ ਸਨ। ਰਿਪੋਰਟ ਲਿਖੇ ਜਾਣ ਤੱਕ ਦੋ ਹਜ਼ਾਰ ਭਾਰਤੀ ਰੇਲਵੇ 'ਚ ਕੰਮ ਕਰਦੇ ਸਨ। ਠੇਕੇ ਦੇ ਕੰਮ ਦਾ ਇਕਰਾਰ ਪੂਰਾ ਹੋਣ 'ਤੇ ਕੁਝ ਹਿੰਦੋਸਤਾਨੀ ਉਥੇ ਵੱਸ ਗਏ। 1911 ਦੀ ਜਨਗਣਨਾ ਮੁਤਾਬਕ ਉਥੇ ਬਾਰਾਂ ਹਜ਼ਾਰ ਏਸ਼ੀਆਈ ਲੋਕ ਸਨ ਪਰ ਇਸ ਵਿਚ ਭਾਰਤੀ, ਧਰਮ ਜਾਂ ਖਿੱਤੇ ਦਾ ਜ਼ਿਕਰ ਨਹੀਂ ਹੈ ਪਰ ਬਹੁ ਗਿਣਤੀ ਬੰਬੇ ਪ੍ਰੈਜੀਡੈਂਸੀ ਦੇ ਗੁਜਰਾਤੀਆਂ ਦੀ ਸੀ।

15 ਦਸੰਬਰ 1914 ਦੇ ਨਿਊ ਇੰਡੀਆ ਦੇ ਅੰਕ ਤੋਂ ਪਤਾ ਲੱਗਦਾ ਹੈ ਕਿ ਨੈਰੋਬੀ 'ਚ ਵੱਖ-ਵੱਖ ਧਰਮਾਂ ਅਤੇ ਖਿੱਤਿਆਂ ਦੇ 18 ਤੋਂ 30 ਸਾਲ ਦੇ ਨੌਜਵਾਨ ਹਿੰਦੋਸਤਾਨੀਆਂ ਨੂੰ ਇਕ ਜੁੱਟ ਕਰਨ ਲਈ 'ਯੰਗ ਮੈਨਜ਼ ਇੰਡੀਅਨ ਐਸੋਸੀਏਸ਼ਨ' ਬਣਾਈ ਗਈ ਸੀ ਜੋ ਰਾਜਨੀਤਕ ਅਤੇ ਸਮਾਜਿਕ ਦੋ ਭਾਗਾਂ 'ਚ ਵੰਡੀ ਹੋਈ ਸੀ। ਕੋਈ ਵੀ ਸਰਕਾਰੀ ਕਰਮਚਾਰੀ ਇਸ ਦਾ ਮੈਂਬਰ ਨਹੀਂ ਸੀ। ਰਾਜਨੀਤਕ ਸੈਕਸ਼ਨ ਦੇ ਮੁੱਖ ਕਰਤੱਵ ਸਨ-ਬਰਤਾਨਵੀ ਸਰਕਾਰ ਦੇ ਕਾਨੂੰਨ ਦੇ ਦਾਇਰੇ 'ਚ ਰਹਿ ਕੇ ਨੌਜਵਾਨ ਹਿੰਦੋਸਤਾਨੀਆਂ 'ਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨਾ, ਹਿੰਦੋਸਤਾਨੀਆਂ ਦੇ ਸਾਰੇ ਦੁੱਖੜਿਆਂ ਵਿਰੁੱਧ ਆਵਾਜ਼ ਉਠਾਉਣਾ, ਹਿੰਦੋਸਤਾਨ ਦੀ ਬਿਹਤਰੀ ਲਈ ਹੋਣ ਵਾਲੇ ਸੰਵਿਧਾਨਿਕ ਅੰਦੋਲਨ ਪ੍ਰਤੀ ਹਮਦਰਦੀ ਜ਼ਾਹਿਰ ਕਰਨਾ।

1 ਨਵੰਬਰ 1913 ਨੂੰ ਸਾਨਫ੍ਰਾਂਸਿਸਕੋ ਤੋਂ ਗ਼ਦਰ ਅਖ਼ਬਾਰ ਛਾਪ ਕੇ ਦੁਨੀਆਂ ਦੇ ਕਈ ਦੇਸ਼ਾਂ 'ਚ ਗਏ ਭਾਰਤੀਆਂ ਨੂੰ ਮੁਫ਼ਤ ਭੇਜੀ ਜਾਣ ਲੱਗੀ। ਮਾਰਚ 1914 ਵਿਚ 'ਚ ਪਹਿਲੀ ਵਾਰ 'ਗ਼ਦਰ' ਅਖ਼ਬਾਰ ਦੇ ਯੂਰਪ ਤੋਂ ਨੈਰੋਬੀ ਆਏ ਸੱਤ ਬੰਡਲ ਫੜੇ ਗਏ, ਪੰਜ ਆਰੀਆ ਸਮਾਜ ਮੰਦਰ ਅਤੇ ਦੋ ਨੈਰੋਬੀ ਦੇ ਗੁਰੂਦੁਆਰੇ ਦੇ ਪਤੇ 'ਤੇ ਭੇਜੇ ਗਏ ਸਨ। ਮਈ 1914 'ਚ 'ਗ਼ਦਰ' ਅਖ਼ਬਾਰ ਬ੍ਰਿਟਿਸ਼ ਪੂਰਬੀ ਅਫ਼ਰੀਕਾ ਤੋਂ ਡਾਕ ਰਾਹੀਂ ਭੇਜੀ ਹਿੰਦੋਸਤਾਨ 'ਚ ਫੜੀ ਗਈ ਸੀ। ਪੁਲਿਸ ਨੇ ਭੇਜਣ ਵਾਲਿਆਂ ਨੂੰ ਫੜਣ ਦੀ ਅਸਫ਼ਲ ਕੋਸ਼ਿਸ਼ ਕੀਤੀ ਸੀ। 1914 'ਚ ਇਹ ਸਾਬਿਤ ਹੋ ਗਿਆ ਸੀ ਕਿ ਬ੍ਰਿਟਿਸ਼ ਪੂਰਬੀ ਅਫ਼ਰੀਕਾ ਦੇ ਕੁਝ ਬੰਦੇ ਯੂਰਪ ਦੇ ਹਿੰਦੋਸਤਾਨੀ ਕ੍ਰਾਂਤੀਕਾਰੀਆਂ ਦੇ ਸੰਪਰਕ ਵਿਚ ਸਨ ਅਤੇ ਕਿਸੇ ਨੇ ਜੁਲਾਈ 1914 'ਚ ਨੈਰੋਬੀ ਤੋਂ ਸ਼ਿਆਮ ਜੀ ਕ੍ਰਿਸ਼ਨ ਵਰਮਾ ਨੂੰ 'ਇੰਡੀਅਨ ਸੋਸ਼ਿਓਲੋਜਿਸਟ' ਬ੍ਰਿਟਿਸ਼ ਈਸਟ ਅਫ਼ਰੀਕਾ ਦੇ 10 ਬੰਦਿਆਂ ਨੂੰ ਭੇਜਣ ਲਈ ਗੁਪਤ ਖ਼ਤ ਲਿਖਿਆ ਸੀ।

ਇਸੇ ਮਹੀਨੇ ਸੀਤਾ ਰਾਮ ਆਚਾਰੀਆ ਦਾ ਮਮਬਾਸਾ ਤੋਂ ਸ਼ਿਆਮ ਜੀ ਕ੍ਰਿਸ਼ਨ ਵਰਮਾ ਨੂੰ ਲਿਖਿਆ ਖ਼ਤ ਫੜਿਆ ਗਿਆ। ਸੀਤਾ ਰਾਮ ਆਚਾਰੀਆ ਦਾ ਇਥੋਂ ਦੇ ਬਾਗ਼ੀ

ਹਿੰਦੋਸਤਾਨੀਆਂ 'ਤੇ ਚੰਗਾ ਪ੍ਰਭਾਵ ਸੀ। ਉਹ ਯੁਗਾਂਡਾ ਰੇਲਵੇ 'ਚ ਦੋ ਸਾਲ ਕੰਮ ਕਰਨ ਮਗਰੋਂ ਮਿਲਟਰੀ 'ਚ ਭਰਤੀ ਹੋ ਗਿਆ ਸੀ। ਬਿਸ਼ਨ ਦਾਸ ਆਰੀਆ ਸਮਾਜ, ਮਮਬਾਸਾ ਦਾ ਸਕੱਤਰ ਸੀ।

ਸੰਸਾਰ ਜੰਗ ਦੇ ਪਹਿਲੇ ਕੁਝ ਮਹੀਨਿਆਂ 'ਚ ਡਾਕ ਮਹਿਕਮੇ ਤੋਂ ਸੈਂਸਰ ਹੋ ਕੇ ਖੁਫ਼ੀਆ ਮਹਿਕਮੇ ਤੱਕ ਪੁੱਜੀਆਂ 8-10 ਚਿੱਠੀਆਂ 'ਚ ਬ੍ਰਿਟਿਸ਼ ਪੂਰਬੀ ਅਫ਼ਰੀਕਾ ਦੇ ਗ਼ਦਰੀਆਂ ਨੇ ਅੰਗਰੇਜ਼ਾਂ ਪ੍ਰਤੀ ਆਪਣਾ ਵਿਰੋਧ ਪ੍ਰਗਟ ਕੀਤਾ ਹੋਇਆ ਸੀ। ਇਕ ਗ਼ਦਰੀ ਨੇ ਲਿਖਿਆ, "ਹਰ ਦੂਜੇ ਜਾਂ ਤੀਜੇ ਦਿਨ (ਫੌਜੀ) ਜ਼ਖ਼ਮੀਆਂ ਨੂੰ ਰੇਲ 'ਚ ਨੈਰੋਬੀ ਹਸਪਤਾਲ ਲਿਜਾਂਦੇ ਹਨ। ਇਹ ਦੇਖ ਕੇ ਮੈਂ ਧਰਤੀ ਤੋਂ ਬੋਝ ਨੂੰ ਘੱਟ ਕਰਨ ਦੇ ਪ੍ਰਮਾਤਮਾ ਦੇ ਅਦਭੁੱਤ ਤਰੀਕਿਆਂ ਬਾਰੇ ਸੋਚਦਾ ਹਾਂ"। ਇਕ ਮੁਸਲਮਾਨ ਨੇ ਉਥੇ ਅੰਗਰੇਜ਼ ਅਧਿਕਾਰੀਆਂ ਦੇ ਜ਼ਾਲਮਾਨਾ ਵਤੀਰੇ ਬਾਰੇ ਲਿਖਿਆ ਹੈ ਕਿ, 'ਜੇ ਇਹਨਾਂ ਨੇ ਉਸਨੂੰ ਡਿਸਮਿਸ ਕਰ ਦਿੱਤਾ ਤਾਂ ਉਹ ਹਿੰਦੋਸਤਾਨ (ਕਾਫ਼ਿਰਸਤਾਨ, ਅੰਗਰੇਜ਼ੀ ਰਾਜ ਹੋਣ ਕਰਕੇ) ਜਾਣ ਦੀ ਬਜਾਏ ਟਰਕੀ ਚਲਾ ਜਾਵੇਗਾ'। ਇਹਨਾਂ ਚਿੱਠੀਆਂ ਵਿਚ ਹਿੰਦੋਸਤਾਨੀਆਂ ਵਲੋਂ ਪਹਿਲੇ ਸਮਿਆਂ 'ਚ ਕੀਤੀ ਮਦਦ ਦੇ ਬਦਲੇ ਅੰਗਰੇਜ਼ਾਂ ਵਲੋਂ ਹਮੇਸ਼ਾ ਲੱਤ ਮਾਰਨ ਦਾ ਜ਼ਿਕਰ ਕਰਕੇ ਬਗ਼ਾਵਤ ਰਾਹੀਂ ਹਿੰਦੋਸਤਾਨ ਦੀ ਸੱਤਾ ਆਪਣੇ ਹੱਥ ਲੈਣ ਦਾ ਹੋਕਾ ਸੀ। ਦਸੰਬਰ 1914 'ਚ ਨੈਰੋਬੀ ਤੋਂ ਭੇਜੇ ਅੱਠ ਉਰਦੂ ਲੀਫ਼ਲੈੱਟ ਬੰਬਈ (ਹੁਣ ਮੁੰਬਈ) ਵਿਚ ਫੜੇ ਗਏ। ਸੈਂਸਰਸ਼ਿੱਪ ਬਾਰੇ ਪਤਾ ਲੱਗ ਗਿਆ ਤੇ 1914 ਦੇ ਅੰਤ ਤੋਂ ਮਗਰੋਂ ਫਿਰ ਬ੍ਰਿਟਿਸ਼ ਪੂਰਬੀ ਅਫ਼ਰੀਕਾ ਤੋਂ ਕੁਝ ਵੀ ਡਾਕ ਰਾਹੀਂ ਭੇਜਣਾ ਬੰਦ ਕਰ ਦਿੱਤਾ।

ਐਲ. ਡਬਲਿਊ. ਰਿੱਚ ਨੂੰ ਬ੍ਰਿਟਿਸ਼ ਪੂਰਬੀ ਅਫ਼ਰੀਕਾ ਤੋਂ ਦੇਸ਼ ਨਿਕਾਲਾ ਦੇ ਦਿੱਤਾ ਕਿਉਂਕਿ ਉਹ ਉਥੇ ਹਿੰਦੋਸਤਾਨੀ ਬਾਗ਼ੀਆਂ ਦਾ ਹਮਾਇਤੀ ਸੀ, ਯੁਗਾਂਡਾ ਰੇਲਵੇ ਕਰਮਚਾਰੀਆਂ ਦੀ ਹੜਤਾਲ ਦਾ ਕਰਤਾ-ਧਰਤਾ ਸੀ। ਮਮਬਾਸਾ ਇਲਾਕੇ ਦੇ ਜਨਰਲ ਅਫ਼ਿਸਰ ਕਮਾਂਡਿੰਗ ਨੇ ਉਥੋਂ ਦੀ ਆਮ ਹਾਲਤ ਬਾਰੇ ਆਪਣੀ 9 ਅਕਤੂਬਰ 1915 ਦੀ ਰਿਪੋਰਟ 'ਚ ਲਿਖਿਆ ਜਿਸਦਾ ਤੱਤਸਾਰ ਹੈ - ਬ੍ਰਿਟਿਸ਼ ਪੂਰਬੀ ਅਫ਼ਰੀਕਾ 'ਚ ਜਸੂਸਾਂ ਦੁਆਰਾ ਕੀਤੀ ਲੋੜੋਂ ਵੱਧ ਭੰਨ ਤੋੜ ਪ੍ਰਗਟ ਹੋ ਗਈ ਸੀ ਅਤੇ ਸ਼ੱਕ ਕਈ ਹਿੰਦੋਸਤਾਨੀਆਂ ਦੇ ਇਸ ਵਿਚ ਸ਼ਾਮਿਲ ਹੋਣ ਵੱਲ ਇਸ਼ਾਰਾ ਕਰਦੇ ਸਨ। ਸਥਾਨਕ ਹਿੰਦੋਸਤਾਨੀਆਂ 'ਚ ਬਹੁਤ ਵੱਡੀ ਪੱਧਰ 'ਤੇ ਬਗ਼ਾਵਤ ਫੈਲੀ ਹੋਈ ਸੀ।

ਇਸ ਰਿਪੋਰਟ ਨਾਲ ਸੀਤਾ ਰਾਮ ਦੀ ਜੁਲਾਈ 1915 ਦੀ ਚਿੱਠੀ ਨੱਥੀ ਸੀ ਜੋ ਕਿ ਮਮਬਾਸਾ ਦੇ ਇਕ ਪ੍ਰਸਿੱਧ ਹਿੰਦੋਸਤਾਨੀ ਦੇ ਘਰੋਂ ਲੱਭੀ ਸੀ। ਸੀਤਾ ਰਾਮ (ਅਚਾਰੀਆ ਨਹੀਂ) ਸਾਊਥ ਪੂਰਬੀ ਅਫ਼ਰੀਕਾ 'ਚ ਟੈਲੀਗ੍ਰਾਫ਼ ਸਿਗਨੈਲਰ ਸੀ, ਦੇਸ਼ ਨਿਕਾਲੇ ਤੋਂ ਬਾਅਦ ਉਸਨੂੰ ਉਸਦੇ ਜ਼ਿਲ੍ਹੇ ਗੁਰਦਾਸਪੁਰ ਵਿਚ ਜੂਹਬੰਦ ਕਰ ਦਿੱਤਾ ਸੀ। ਇਹ ਚਿੱਠੀ ਗ਼ਦਰ ਪਾਰਟੀ ਦੇ ਉਦੇਸ਼ਾਂ ਦਾ ਪ੍ਰਗਟਾਵਾ ਹੈ। ਹਿੰਦੋਸਤਾਨੀਆਂ ਨੂੰ ਸੰਵਿਧਾਨਕ ਤੌਰ ਤਰੀਕੇ ਛੱਡ ਕੇ ਸਿੱਧੀ ਤਰ੍ਹਾਂ ਅੰਗਰੇਜ਼ਾਂ ਨਾਲ ਟੱਕਰਨ ਦੀ ਗੱਲ ਕੀਤੀ ਹੈ। ਬ੍ਰਿਟਿਸ਼ ਪੂਰਬੀ ਅਫ਼ਰੀਕਾ 'ਚ ਤਾਇਨਾਤ ਹਿੰਦੋਸਤਾਨੀ ਫੌਜੀਆਂ ਨੂੰ ਜਰਮਨਾਂ ਨਾਲ ਲੜਾਈ ਨਾ ਕਰਨ ਤੇ ਅੰਗਰੇਜ਼ਾਂ ਨੂੰ ਮਾਰ ਦੇਣ ਲਈ ਪ੍ਰੇਰਿਤ ਕੀਤਾ। ਫੌਜ ਦੀਆਂ ਟੈਲੀਗ੍ਰਾਮਾਂ ਦੇ ਕੋਡ ਲੈਣ ਲਈ ਕਿਹਾ ਤਾਂ ਕਿ ਫੌਜ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾ ਸਕੇ।

15 ਜਨਵਰੀ 1916 ਦੇ ਲੰਡਨ ਡੇਲੀ ਐਕਸਪ੍ਰੈਸ 'ਚ ਰਿਪੋਰਟ ਛਪੀ - ਯੁਗਾਂਡਾ

ਰੇਲਵੇ ਦੇ ਵੋਈ ਸਟੇਸ਼ਨ ਦੇ ਦੋ ਹਿੰਦੋਸਤਾਨੀ ਠੇਕੇਦਾਰਾਂ 'ਤੇ ਦੁਸ਼ਮਣ ਦੀ ਮਦਦ ਕਰਨ ਦੇ ਦੋਸ਼ ਆਇਦ ਕੀਤੇ ਜਿਹਨਾਂ ਨੇ ਸਤੰਬਰ 'ਚ ਇਕ ਰੇਲ ਗੱਡੀ ਬਰੂਦੀ ਧਮਾਕਿਆਂ ਨਾਲ ਉਡਾ ਦਿੱਤੀ ਸੀ। ਕੈਦੀ ਦੋਸ਼ੀ ਪਾਏ ਗਏ, ਉਹਨਾਂ ਨੂੰ ਮੌਤ ਦੀ ਸਜ਼ਾ ਦਿੱਤੀ ਅਤੇ ਅਗਲੇ ਦਿਨ ਸਜ਼ਾ 'ਤੇ ਅਮਲ ਕੀਤਾ। ਹੋਰ ਹਿੰਦੋਸਤਾਨੀ ਠੇਕੇਦਾਰਾਂ 'ਤੇ ਉਹੀ ਦੋਸ਼ ਆਇਦ ਕੀਤੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਬ੍ਰਿਟਿਸ਼ ਪੂਰਬੀ ਅਫ਼ਰੀਕਾ 'ਚ ਜਰਮਨ ਏਜੰਟਾਂ ਨੇ ਹਿੰਦੋਸਤਾਨੀਆਂ ਨੂੰ ਬਗ਼ਾਵਤ ਲਈ ਪ੍ਰੇਰਿਆ। ਇਸ ਬਾਰੇ ਖੁਫ਼ੀਆ ਵਿਭਾਗ ਕੋਲ ਵੱਡਾ ਸਬੂਤ ਸੀ ਜਿਊਰਿਖ, ਜਰਮਨ ਤੋਂ ਸੀਤਾ ਰਾਮ ਅਚਾਰੀਆ ਨੂੰ ਪਾਲ ਕੈਸਲਰਿੰਗ ਦੀ ਚਿੱਠੀ ਜਿਸ ਵਿਚ ਸ਼ਿਆਮ ਜੀ ਕ੍ਰਿਸ਼ਨ ਵਰਮਾ ਦੇ ਚਿੱਠੀ-ਪੱਤਰ ਦਾ ਹਵਾਲਾ ਦੇ ਕੇ ਸੀਤਾ ਰਾਮ ਅਚਾਰੀਆ ਨੂੰ ਇੰਡੀਅਨ ਨੈਸ਼ਨਲ ਪਾਰਟੀ 'ਚ ਸ਼ਾਮਲ ਹੋ ਕੇ ਜਰਮਨੀ ਵਾਸਤੇ ਕੰਮ ਕਰਨ ਲਈ ਲਿਖਿਆ ਸੀ।

ਬੰਬਈ ਪੁਲਿਸ ਬ੍ਰਿਟਿਸ਼ ਪੂਰਬੀ ਅਫ਼ਰੀਕਾ ਤੋਂ ਆਉਣ ਵਾਲੇ ਹਿੰਦੋਸਤਾਨੀ 'ਤੇ ਬਾਜ਼ ਅੱਖ ਰੱਖੀ ਬੈਠੀ ਸੀ। 24 ਮੲੀ 1915 ਨੂੰ ਰਾਵਲਪਿੰਡੀ ਦਾ ਦੇਵੀ ਲਾਲ ਮਹਿਜ਼ ਇਕੋ ਸ਼ਖਸ ਸੀ ਜੋ ਬੰਬਈ ਪਹੁੰਚਾ ਅਤੇ ਉਸ ਨੇ ਹੀਰਾ ਲਾਲ ਨੈਰੋਬੀ ਨੂੰ 'ਗ਼ਦਰ ਅਖ਼ਬਾਰ' ਦਾ ਜ਼ਿਕਰ ਕੀਤੇ ਬਗੈਰ ਚਿੱਠੀ ਲਿਖੀ- "ਇਹ ਇਕ ਅਜਿਹਾ ਅਖ਼ਬਾਰ ਹੈ ਜਿਸਦੇ ਸਾਰੇ ਵਿਚਾਰ ਹਿੰਦੋਸਤਾਨੀਆਂ ਨੂੰ ਅਮਲ 'ਚ ਲਿਆਉਣੇ ਚਾਹੀਦੇ ਹਨ। ਜਦੋਂ ਮੈਂ ਇਹਨੂੰ ਪੜ੍ਹਿਆ ਮੈਂ ਆਪਣੇ ਆਪ ਨੂੰ ਨਵੇਂ ਸੰਸਾਰ 'ਚ ਮਹਿਸੂਸ ਕੀਤਾ। ਮੈਂ ਦਿਨ ਰਾਤ ਇਹਨਾਂ ਵਿਚਾਰਾਂ 'ਚ ਰਹਿੰਦਾ ਹਾਂ ਕਿ ਪ੍ਰਮਾਤਮਾ ਸਾਨੂੰ ਸਾਡੀ ਆਜ਼ਾਦੀ ਦਾ ਦਿਨ ਕਦ ਦਿਖਾਊਗਾ। ਮੈਂ ਇਸ ਵਿਸ਼ੇ 'ਤੇ ਹਮੇਸ਼ਾ ਬੋਲਣ ਦਾ ਵਿਚਾਰ ਆਪਣੇ ਮਨ ਵਿਚ ਪੱਕਾ ਕਰ ਲਿਆ ਹੈ। ਇਹੀ ਨਹੀਂ, ਮੈਂ ਆਪਣੇ ਪਿਆਰੇ ਦੇਸ਼ ਤੋਂ ਆਪਣਾ ਜੀਵਨ ਕੁਰਬਾਨ ਕਰ ਦਿਆਂਗਾ ਜਿਹਦੇ 'ਤੇ ਰਾਖਸ਼ (ਅੰਗਰੇਜ਼) ਬੇਰਹਿਮੀ ਨਾਲ ਰਾਜ ਕਰ ਰਹੇ ਹਨ ਅਤੇ ਹਮੇਸ਼ਾ ਸਾਡਾ ਖ਼ੂਨ ਚੂਸਣ ਬਾਰੇ ਸੋਚਣ 'ਚ ਸਮਾਂ ਬਤੀਤ ਕਰਦੇ ਹਨ।" ਇਹ ਚਿੱਠੀ ਫੜੀ ਗਈ ਅਤੇ ਦੇਵੀ ਲਾਲ ਨੂੰ ਪੰਜਾਬ ਸਰਕਾਰ ਨੇ ਅਗਸਤ 1915 'ਚ ਜੂਹਬੰਦ ਕਰ ਦਿੱਤਾ। ਕਰੀਬ ਵੀਹ ਭਾਰਤੀਆਂ ਨੂੰ ਬ੍ਰਿਟਿਸ਼ ਪੂਰਬੀ ਅਫ਼ਰੀਕਾ ਸਰਕਾਰ ਨੇ ਦੇਸ਼ ਨਿਕਾਲਾ ਦੇ ਕੇ ਹਿੰਦੋਸਤਾਨ ਭੇਜ ਦਿੱਤਾ ਸੀ।

ਬ੍ਰਿਟਿਸ਼ ਈਸਟ ਅਫ਼ਰੀਕਾ ਦੇ ਇਕ ਫੌਜੀ ਅਫ਼ਸਰ ਦਾ ਲਿਖਿਆ ਨੋਟ ਉਥੇ ਗ਼ਦਰ ਪਾਰਟੀ ਦੀਆਂ ਗਤੀਵਿਧੀਆਂ ਦਾ ਖੁਲਾਸਾ ਕਰਦਾ ਹੈ- 'ਮੈਂ ਈਸਟ ਅਫ਼ਰੀਕਾ 'ਚ ਹਿੰਦੋਸਤਾਨੀਆਂ ਦੇ ਵੱਖਰੇ ਧੜੇ ਦੇਖੇ। ਉਥੇ ਵੋਹਰਾ ਅਤੇ ਖੋਜਾ ਬਰਾਦਰੀ ਦੇ ਲੋਕ ਜਿਹੜੇ ਕੁਝ ਪੀੜ੍ਹੀਆਂ ਤੋਂ ਵਸ ਗਏ ਸਨ ਅਤੇ ਇਸ ਦੇਸ਼ ਦੇ ਜੰਮਪਲ ਹਨ। ਇਹ ਬੰਦੇ ਜਰਮਨੀ ਦੇ ਉੱਘੇ ਸਮਰਥਕ ਹਨ ਅਤੇ ਇਸ ਕਰਕੇ ਖ਼ਤਰਾ ਸਨ।

ਦੂਸਰੇ ਵਰਗ 'ਚ ਠੇਕੇਦਾਰ, ਤਰਖਾਣ, ਕਲਰਕ, ਕੁਲੀ ਮਜ਼ਦੂਰ ਆਦਿ ਹਨ ਜਿਹਨਾਂ ਨੇ ਹਿੰਦੋਸਤਾਨ ਤੋਂ ਆਰਜੀ ਪ੍ਰਵਾਸ ਕੀਤਾ ਹੈ, ਜਿਹਨਾਂ ਦੀ ਇਸ ਦੇਸ਼ 'ਚ ਵਸਣ ਦੀ ਕੋਈ ਇੱਛਾ ਨਹੀਂ ਹੈ। ਇਹਨਾਂ ਵਿਚੋਂ ਬਹੁਗਿਣਤੀ ਬੰਦੇ ਗ਼ਦਰ ਪਾਰਟੀ ਨਾਲ ਸੰਬੰਧ ਰੱਖਦੇ ਹਨ ਅਤੇ ਅਮਰੀਕਾ ਤੇ ਸਵਿਟਰਜ਼ਲੈਂਡ ਦੇ ਇਨਕਲਾਬੀਆਂ ਨਾਲ ਸੰਪਰਕ 'ਚ ਹਨ ਅਤੇ ਪਾਗਲਪਨ ਦੀ ਹੱਦ ਤੱਕ ਬਰਤਾਨੀਆਂ ਵਿਰੋਧੀ ਹਨ।

ਮਗਰੋਂ ਇਹਨਾਂ ਦੋਹਾਂ ਧੜਿਆਂ ਦੇ ਇਕ ਦੂਜੇ ਦੇ ਨੇੜੇ ਆਉਣ ਅਤੇ ਇਕੱਠੇ ਹੋ ਕੇ

ਮੁਸ਼ਕਿਲ ਖੜੀ ਕਰਨ ਦੇ ਸੰਕੇਤ ਮਿਲੇ। ਲੋੜੀਂਦੀ ਸਖ਼ਤ ਕਾਰਵਾਈ ਨੇ ਉਹਨਾਂ ਦੇ ਪਰਾਂ ਨੂੰ ਨੂੜਣ ਦਾ ਖੁਸ਼ੀ ਭਰਿਆ ਨਤੀਜਾ ਦਿੱਤਾ ਅਤੇ ਕਹਿ ਸਕਦੇ ਹਾਂ ਕਿ ਉਹ ਮੌਜੂਦਾ ਸਮੇਂ ਵਿਚ ਬੁਰੀ ਤਰ੍ਹਾਂ ਭੈਭੀਤ ਹਨ।

ਮਮਬਾਸਾ ਵਿਚ ਆਰੀਆ ਸਮਾਜ ਦੀ ਇਕ ਸ਼ਾਖਾ ਸੀ ਜਿਸ ਨੇ (ਸਾਡੇ ਲਈ) ਬਹੁਤ ਮੁਸ਼ਕਿਲ ਖੜੀ ਕੀਤੀ ਅਤੇ ਜਿਸ ਨੂੰ ਕਠੋਰ ਸਲੂਕ ਚਾਹੀਦਾ ਸੀ ਪਰ (ਆਰੀਆ) ਸਮਾਜ ਦੀ ਨੈਰੋਬੀ ਸ਼ਾਖਾ ਨੇ ਸਾਡੀ ਕਾਫ਼ੀ ਸਹਾਇਤਾ ਕੀਤੀ। ਨੈਰੋਬੀ ਦੇ ਸਿੱਖ ਗੁਰੂਦੁਆਰੇ ਨੇ ਵੀ ਸਾਨੂੰ ਬਹੁਤ ਸਾਰੀ ਸਹਾਇਤਾ ਦਿੱਤੀ।

(ਗ਼ਦਰੀਆਂ ਦੇ) ਦੂਤ ਵਜੋਂ ਪੂਰੇ ਦੇਸ਼ ਵਿਚ ਘੁੰਮਣ ਵਾਲਿਆਂ ਵਿਚ ਮੁੱਖ ਤੌਰ 'ਤੇ ਟੈਲੀਗ੍ਰਾਫ ਕਲਰਕ ਅਤੇ ਰੇਲਵੇ ਕਰਮਚਾਰੀ ਸਨ ਅਤੇ ਮੇਰੀ ਰਾਇ ਹੈ ਕਿ ਈਸਟ ਅਫ਼ਰੀਕਾ ਦੀ ਬਰਤਾਨੀਆਂ ਵਿਰੋਧੀ ਲਹਿਰ ਦੀ ਸੋਚ ਸ਼ਕਤੀ ਅਤੇ ਰੂਹੇ-ਰਵਾਂ ਸੀਤਾ ਰਾਮ (ਗੁਰਦਾਸਪੁਰ, ਪੰਜਾਬ) ਸੀ।"

ਜਨਰਲ ਸਮੱਟਸ ਜਿਹੜਾ ਆਪਣੀ ਮਿਲਟਰੀ ਡਿਊਟੀ ਵਜੋਂ ਜੇਲ੍ਹਾਂ ਦਾ ਇੰਸਪੈਕਟਰ ਵੀ ਸੀ, ਨੇ ਸੀਤਾ ਰਾਮ ਨੂੰ ਅਜਿਹੇ ਕੈਦੀ ਵਜੋਂ ਚੁਣਿਆ, ਜਿਸ ਨੂੰ ਬਿਨਾਂ ਕਿਸੇ ਕਾਰਣ ਕੈਦ ਕੀਤਾ ਹੋਇਆ ਸੀ। ਸੀਤਾ ਰਾਮ ਨੇ ਜੇਲ੍ਹ 'ਚ ਦੌਰੇ 'ਤੇ ਆਏ ਮਿ. ਸਮੱਟਸ ਨੂੰ ਦੱਸਿਆ ਕਿ ਇਹ ਮੁਕੱਦਮਾ ਅਸ਼ਾਂਤ ਸੋਚ ਵਾਲੇ ਬਿਹਬਲ ਲੋਕਾਂ ਦਾ ਵਹਿਮ ਹੀ ਸੀ। ਮਿ. ਸਮੱਟਸ ਨੇ ਇਹਨਾਂ ਗ਼ਦਰੀਆਂ ਨਾਲ ਵਾਅਦਾ ਕੀਤਾ ਸੀ ਕਿ ਉਹ ਸੰਸਾਰ ਜੰਗ ਖ਼ਤਮ ਹੁੰਦਿਆਂ ਹੀ ਸਾਰੇ ਮਾਮਲੇ ਦੀ ਨਜ਼ਰਸਾਨੀ ਕਰੇਗਾ। ਇਕ ਮੈਂਬਰੀ ਇਨਕੁਆਰੀ ਕਮਿਸ਼ਨ ਵਜੋਂ ਜੱਜ ਸ਼ੈਰੀਡਨ ਨੂੰ ਆਇਦ ਜੁਰਮ ਆਧਾਰਹੀਣ ਤੇ ਅਦਾਲਤ ਦੇ ਗੈਰ ਕਾਨੂੰਨੀ ਹੋਣ ਦਾ ਪਤਾ ਲੱਗਣ 'ਤੇ ਕਿ ਸਭ ਕੁਝ ਅਸਲੀਅਤ ਤੋਂ ਕੋਹਾਂ ਦੂਰ ਸੀ, ਸਾਰੇ ਗ਼ਦਰੀ ਕੈਦੀਆਂ ਨੂੰ ਆਜ਼ਾਦ ਕਰ ਦਿੱਤਾ ਸੀ।

ਸੀਤਾ ਰਾਮ ਨੂੰ ਦੇਸ਼ ਨਿਕਾਲਾ ਦੇ ਦਿੱਤਾ। ਇਹਨਾਂ ਫਾਂਸੀਆਂ ਅਤੇ ਸਜ਼ਾਵਾਂ ਦਾ ਹਿੰਦੋਸਤਾਨ ਦੀ ਸਰਕਾਰ ਨੇ ਚਲਾਵਾਂ ਜਿਹਾ ਵਿਰੋਧ ਕੀਤਾ ਸੀ।

ਈਸਟ ਅਫ਼ਰੀਕਨ ਸਟੈਂਡਰਡ ਅਖ਼ਬਾਰ ਵਿਚ ਪੰਜ ਗ਼ਦਰੀ ਸ਼ਹੀਦਾਂ ਬਾਰੇ ਖ਼ਬਰ ਛਪੀ ਹੈ, ਪਰ ਉਸ ਵਿਚ ਸ਼ਹੀਦਾਂ ਦਾ ਨਾਂ ਨਹੀਂ ਲਿਖਿਆ।

ਗ਼ਦਰੀਆਂ ਨੂੰ ਹੋਈਆਂ ਸਜ਼ਾਵਾਂ ਦਾ ਵੇਰਵਾ:

1. ਜ਼ਫਰ ਥੇਵਰ ਧਰਮ ਪੱਖੋਂ ਇਸਮਾਈਲ ਖੋਜਾ ਪਿੰਡ ਕੈਰੋਂ ਬਰਾਦਿਕ, ਰਿਆਸਤ ਕੱਛ, ਬੰਬੇ ਪ੍ਰੈਜੀਡੈਂਸੀ – 23 ਸਤੰਬਰ 1915 ਨੂੰ ਸਜ਼ਾ, ਗੋਲੀ ਮਾਰਕੇ ਸ਼ਹੀਦ।
2. ਅਲੀਦੀਨ ਢਾਲਾ ਧਰਮ ਪੱਖੋਂ ਇਥਾਨਾਸਥਾਰੀ ਖੋਜਾ– ਪੁੱਤਰ ਢਾਲਾ ਮੂਰਜੀ ਫਕੀਰ ਮੁਹੰਮਦ ਜ਼ੰਜੀਬਾਰ ਵਿਚ ਜਨਮਿਆ, ਮੂਲ ਰੂਪ ਵਿਚ ਬੰਬੇ ਪ੍ਰੈਜੀਡੈਂਸੀ ਦੀ ਕੱਛ ਰਿਆਸਤ ਦੀ ਰਾਜਧਾਨੀ ਭੁਜ ਤੋਂ ਆਏ, ਜ਼ੰਜੀਬਾਰ – ਵਪਾਰੀ – 6 ਨਵੰਬਰ 1915 ਨੂੰ ਫਾਂਸੀ ਦੀ ਸਜ਼ਾ ਹੋਈ।
3. ਗਣੇਸ਼ ਦਾਸ ਬਾਲੀ ਪੁੱਤਰ ਰਤਨ ਦਾਸ ਮੁਹੱਲਾ ਸਹਿਗਲਾਂ ਰਾਵਲਪਿੰਡੀ (ਗਣਪੱਤ ਰਾਏ ਦਾ ਭਰਾ), ਠੇਕੇਦਾਰ – ਵੋਈ 'ਚ 26 ਨਵੰਬਰ 1915 ਨੂੰ ਸਜ਼ਾ, ਗੋਲੀ ਮਾਰ ਕੇ ਸ਼ਹੀਦ ਕੀਤਾ। ਗਣੇਸ਼ ਦਾਸ ਦੇ ਭਰਾ ਤੀਰਥ ਰਾਮ ਬਾਲੀ ਨੂੰ 1915 'ਚ ਉਥੋਂ ਦੇਸ਼

ਨਿਕਾਲਾ ਦੇ ਕੇ ਹਿੰਦੁਸਤਾਨ ਭੇਜ ਦਿੱਤਾ ਸੀ। ਉਹ ਯੁਗਾਂਡਾ ਰੇਲਵੇ ਵਿਚ ਕੰਮ ਕਰਦਾ ਸੀ। ਉਹ ਇੰਡੀਅਨ ਸੋਸ਼ਿਆਲੋਜਿਸਟ ਅਤੇ ਗ਼ਦਰ ਅਖ਼ਬਾਰ ਵੰਡਣ 'ਚ ਪ੍ਰਮੁੱਖ ਹਿੱਸਾ ਲੈਂਦਾ ਸੀ। ਉਸਨੇ ਕਾਂਗਰਸ ਅਤੇ ਨੌਜਵਾਨ ਭਾਰਤ ਸਭਾ ਵਿਚ ਵੀ ਕੰਮ ਕੀਤਾ।

4. ਜੋਗਰਾਜ ਮਾਰਫ਼ਤ ਗਣਪੱਤ ਰਾਏ ਬਾਲੀ ਮੁਹੱਲਾ ਸਹਿਗਲਾਂ ਰਾਵਲਪਿੰਡੀ, ਠੇਕੇਦਾਰ – ਵੋਈ 'ਚ 26 ਨਵੰਬਰ 1915 ਨੂੰ ਸਜ਼ਾ, ਗੋਲੀ ਮਾਰ ਕੇ ਸ਼ਹੀਦ ਕੀਤਾ।
5. ਬਿਸ਼ਨ ਸਿੰਘ ਪੁੱਤਰ ਗੁਲਾਬ ਸਿੰਘ, ਪਿੰਡ ਗਾਖਲ ਜ਼ਿਲਾ ਜਲੰਧਰ – ਵੋਈ – ਠੇਕੇਦਾਰ, 3 ਦਸਬੰਰ 1915 ਨੂੰ ਸ਼ਰੇਆਮ ਫਾਂਸੀ ਦੀ ਸਜ਼ਾ।
6. ਬਿਸ਼ਨ ਦਾਸ ਆਰ. ਸ਼ਰਮਾ ਪੁੱਤਰ ਸ਼੍ਰੀ ਰਲਾ ਰਾਮ ਅਤੇ ਹੁਕਮ ਦਈ, ਮਾਰਫ਼ਤ ਪੰਡਿਤ ਰਲੰਾ ਰਾਮ ਸਰਹਾਲਾ ਕਲਾਂ ਜ਼ਿਲਾ ਹੁਸ਼ਿਆਰਪੁਰ– ਮਮਬਾਸਾ 'ਚ 24 ਦਸੰਬਰ 1915 ਨੂੰ 14 ਸਾਲ ਬਾਮੁਸ਼ੱਕਤ ਕੈਦ।
7. ਇਬਰਾਹਿਮ ਪੁੱਤਰ ਕਾਸਿਮ ਸਮੀਰ, ਕੱਛ ਡਰਬ, ਡਾਕਖਾਨਾ ਮੁੰਡਰਾ – ਵਪਾਰੀ, ਕਮਪਾਲਾ (ਯੁਗਾਂਡਾ) ਦੋ ਸਾਲ ਸਖ਼ਤ ਕੈਦ ਅਤੇ ਇਕ ਹਜ਼ਾਰ ਰੁਪਏ ਜੁਰਮਾਨਾ (ਜੁਰਮਾਨਾ ਮਾਫ਼ ਕਰ ਦਿੱਤਾ)।
8. ਬੋਧਰਾਜ – ਪਿੰਡ ਸੱਯਦ ਕਾਸਮ, ਡਾਕ: ਸੱਯਦ ਜ਼ਿਲਾ ਰਾਵਲਪਿੰਡੀ– ਤਸਾਵੇ– ਠੇਕੇਦਾਰ – ਇਕ ਸਾਲ ਸਖ਼ਤ ਕੈਦ ਅਤੇ ਤਿੰਨ ਸੌ ਰੁਪਏ ਜੁਰਮਾਨਾ (ਸਜ਼ਾ ਮੁਆਫ਼ ਹੋ ਗਈ ਪਰ ਜੁਰਮਾਨਾ ਬਰਕਰਾਰ ਰਿਹਾ)
9. ਬਾਲਾ ਸ਼ੰਕਰ ਕਰਸੋਨਜੀ ਭੱਟ– ਪੁੱਤਰ ਕਰਸੋਨਜੀ ਜੀਵਨ ਭੱਟ ਅਤੇ ਸ਼੍ਰੀਮਤੀ ਪਾਨਬਾਈ – ਨੇੜੇ ਸਾਵਜੀ ਵਾਲਜੀ ਗਲੀ ਰਾਜਕੋਟ, ਕਾਠੀਆਵਾੜ (ਗੁਜਰਾਤ) – ਮਮਬਾਸਾ – ਹਿੰਦੀ ਪ੍ਰਕਾਸ਼ ਪ੍ਰੈਸ ਦਾ ਮਾਲਕ – 5 ਜੁਲਾਈ 1915 ਨੂੰ ਸੱਤ ਸਾਲ ਸਖ਼ਤ ਸਜ਼ਾ।
10. ਖਿਮਜੀ ਹੀਰਾ – ਸਜ਼ਾ ਭੁਗਤਣ ਉਪਰੰਤ ਹਿੰਦੋਸਤਾਨ ਵਾਪਸ ਆ ਗਿਆ ਅਤੇ ਬਹੁਤੀ ਜਾਣਕਾਰੀ ਨਹੀਂ ਪਤਾ – ਜੂਨਾਗੜ੍ਹ ਕਾਠੀਆਵਾੜ੍ਹ (ਗੁਜਰਾਤ) – ਮਮਬਾਸਾ– ਤਰਖਾਣ– 5 ਜੁਲਾਈ 1915 ਨੂੰ 6 ਮਹੀਨੇ ਸਖ਼ਤ ਕੈਦ। (ਕੈਦ ਦੀ ਸਜ਼ਾ 3 ਮਹੀਨੇ ਕਰ ਦਿੱਤੀ ਗਈ)।
11. ਸਾਵਲੇ ਪੁੱਤਰ ਸ਼੍ਰੀ ਮਹਾਵ ਰਾਓ ਅਤੇ ਸ਼੍ਰੀਮਤੀ ਰਾਮਾ ਬਾਈ, ਰਿਚੇ ਰੋਡ, ਨੇੜੇ ਬਾਲਾ ਹਨੂਮਾਨ, ਅਹਿਮਦਾਬਾਦ – ਮਮਬਾਸਾ, 4 ਦਸੰਬਰ 1915 ਨੂੰ ਫਾਂਸੀ ਦੀ ਸਜ਼ਾ ਹੋਈ ਜੋ 14 ਸਾਲ ਸਖ਼ਤ ਕੈਦ ਵਿਚ ਬਦਲ ਦਿੱਤੀ।
12. ਲਾਲ ਚੰਦ ਪੁੱਤਰ ਸ਼੍ਰੀ ਜਵਾਹਰ ਰਾਮ, ਜਿਮੀਂਦਾਰ, ਗੋਂਦਪੁਰ ਜ਼ਿਲਾ ਹੁਸ਼ਿਆਰਪੁਰ, ਵੋਈ – 3 ਦਸੰਬਰ 1915 ਨੂੰ ਫਾਂਸੀ ਦੀ ਸਜ਼ਾ ਜੋ 10 ਸਾਲ ਸਖ਼ਤ ਕੈਦ 'ਚ ਬਦਲ ਦਿੱਤੀ। ਲਾਲ ਚੰਦ ਦਾ ਫਾਂਸੀ ਤੋਂ ਬਚਣਾ ਵੀ ਇਕ ਇਤਫ਼ਾਕ ਹੀ ਸੀ। ਉਹਦੇ ਮੱਧਰੇ ਕੱਦ ਅਤੇ ਆਪਣੀ ਉਮਰ ਤੋਂ ਛੋਟੀ ਲੱਗਦਾ ਹੋਣ ਕਰਕੇ ਡਾਕਟਰ ਸੌਡਨ ਸਕਾਚ ਨੂੰ ਉਹਦੀ ਉਮਰ ਬਾਰੇ ਰਾਏ ਦੇਣ ਲਈ ਕਿਹਾ ਗਿਆ। ਸਿਰ ਨੂੰ ਸਰੋਂ ਦੇ ਤੇਲ ਨਾਲ ਚੋਪੜਿਆ ਹੋਣ ਕਰਕੇ ਲਾਲ ਚੰਦ ਦੇ ਵਾਲ ਹੇਠਾਂ ਨੂੰ ਬੈਠੇ ਹੋਏ ਸਨ। ਡਾਕਟਰ ਨੇ ਕਿਹਾ ਕਿ ਇਹ 18 ਨਹੀਂ 17 ਸਾਲ ਦਾ ਲੱਗਦਾ ਹੈ।
13. ਉਮਾ ਸ਼ੰਕਰ ਗੇਲਾਭਾਈ ਪੁੱਤਰ ਸ਼੍ਰੀ ਗੇਲਾਭਾਈ ਬੇਚਰ ਅਤੇ ਸ਼੍ਰੀਮਤੀ ਪਾਰਬਤੀ ਬਾਈ

ਗੋਲਾਭਾਈ – ਬਖਸ਼ੀ ਸਟਰੀਟ, ਮੌਰਵੀ ਜ਼ਿਲਾ ਕਾਠੀਆਵਾੜ (ਗੁਜਰਾਤ) – ਮੋਮਬਾਸਾ– ਕਲਰਕ– 25 ਜੁਲਾਈ 1915 ਨੂੰ ਇਕ ਸਾਲ ਸਖ਼ਤ ਸਜ਼ਾ।

14. ਕੇਸ਼ਵ ਲਾਲ ਵੀ. ਦਵੇਦੀ ਪੁੱਤਰ ਸ੍ਰੀ ਵਜਰਾਮ ਵਿਸ਼ਵਰਥ ਅਤੇ ਮਾਤਾ ਪਾਰਬਤੀ ਬਾਈ ਵਜਰਾਮ, ਪਤਾ: ਵਬੇਰਾਏ ਚਕਲੋ, ਉਮਰੇਥ, ਬੀ.ਬੀ. ਅਤੇ ਸੀ. ਆਈ ਰੇਲਵੇ ਲਾਈਨ ਕੈਰਾ ਜ਼ਿਲਾ ਬੰਬੇ ਪ੍ਰੈਜੀਡੈਂਸੀ – ਮਮਬਾਸਾ ਹਾਈਕੋਰਟ 'ਚ ਚੀਫ਼ ਕਲਰਕ – 4 ਦਸੰਬਰ 1915 ਨੂੰ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਘਟਾ ਕੇ 14 ਸਾਲ ਸਖ਼ਤ ਸਜ਼ਾ ਵਿਚ ਬਦਲ ਦਿੱਤੀ।

15. ਮੇਹਰ ਚੰਦ ਪੁਰੀ ਪੁੱਤਰ ਗੋਬਿੰਦ ਸਹਾਏ ਪੁਰੀ, ਹਵੇਲੀ ਪੁਰੀਆਂ, ਮੁਹੱਲਾ ਧਾਰੀਵਾਲ, ਸਿਆਲਕੋਟ ਨੂੰ ਬ੍ਰਿਟਿਸ਼ ਈਸਟ ਅਫਰੀਕਾ 'ਚ ਹੜਤਾਲ 'ਚ ਹਿੱਸਾ ਲੈਣ ਕਰਕੇ ਦੇਸ਼ ਨਿਕਾਲਾ ਦੇ ਕੇ ਹਿੰਦੋਸਤਾਨ ਭੇਜ ਦਿੱਤਾ ਸੀ।

ਲਾਲ ਚੰਦ ਦੇ ਮਿਸ਼ੀਗਨ (ਅਮਰੀਕਾ) ਚ ਰਹਿੰਦੇ ਪੁੱਤਰ ਰਿਟਾਇਰਡ ਪ੍ਰੋਫੈਸਰ ਵਿਸ਼ਵ ਸ਼ਰਮਾ ਵਲੋਂ ਈਮੇਲ ਰਾਹੀ ਭੇਜੀ ਜਾਣਕਾਰੀ, ਜੋ ਕਿ ਲਾਲ ਚੰਦ ਦੀਆਂ ਲਿਖੀਆਂ ਯਾਦਾਂ ਹਨ, ਅਨੁਸਾਰ– 'ਉਸ ਦਿਨ ਸੰਬੰਧਤ ਗਤੀਵਿਧੀਆਂ ਲਈ ਕੇਸ ਉਸੇ ਮਿਲਟਰੀ ਟ੍ਰਿਬਿਊਨਲ ਨੇ ਸੁਣਿਆ। ਦੋ ਜਾਂ ਤਿੰਨ ਦਿਨਾਂ ਬਾਅਦ ਸਾਨੂੰ ਇਕ ਕਮਰੇ ਵਿਚ ਅਦਾਲਤ ਦਾ ਫੈਸਲਾ ਸੁਣਨ ਲਈ ਬੁਲਾਇਆ। ਕੇਸ਼ਵ ਲਾਲ, ਸਾਵਲੇ, ਬਿਸ਼ਨ ਸਿੰਘ ਅਤੇ ਮੈਨੂੰ ਧੌਣ ਤੋਂ ਲਟਕਾ ਕੇ ਮਰਨ ਤੱਕ ਫਾਂਸੀ 'ਤੇ ਲਟਕਾਇਆ ਜਾਣਾ ਸੀ, ਮੇਰੀ ਗਵਾਹੀ 'ਤੇ ਰਾਮਾਨੰਦ ਨਿਰਦੋਸ਼ ਸਾਬਤ ਹੋਇਆ। ਸਜ਼ਾ 'ਤੇ ਅਮਲ ਕਿਉਂ ਨਾ ਕੀਤਾ ਜਾਵੇ, ਇਸ ਲਈ ਸਾਨੂੰ ਕੁਝ ਕਹਿਣ ਲਈ ਚੌਵੀ ਘੰਟਿਆਂ ਦਾ ਸਮਾਂ ਦਿੱਤਾ ਗਿਆ। ਅਗਲੇ ਦਿਨ ਮੈਂ ਕਿਹਾ ਕਿ ਮੈਂ ਸਚਾਈ ਦੱਸ ਚੁੱਕਾ ਹਾਂ ਕਿ ਮੈਂ ਨਿਰਦੋਸ਼ ਹਾਂ ਅਤੇ ਹੋਰ ਕੁਝ ਵੀ ਨਹੀਂ ਕਹਿਣਾ ਹੈ। ਅਗਲੀ ਸਵੇਰ ਚਾਰ ਵਜੇ ਸਵੇਰੇ ਭਰਤਪੁਰ ਰੈਜ਼ੀਮੈਂਟ ਵਾਲੇ ਸਾਨੂੰ ਰੇਲ ਗੱਡੀ 'ਚ ਮਮਬਾਸਾ ਲੈ ਗਏ। ਸਿਪਾਹੀਆਂ ਨੇ ਮੇਰੇ ਸੁਲਤਾਨੀ ਗਵਾਹ ਨਾ ਬਣਨ ਦੇ ਹੌਸਲੇ ਦੀ ਦਾਦ ਦਿੱਤੀ (ਜਿਵੇਂ ਮੁਲਤਾਨੀ ਲਾਲ ਵਰਮਾ ਬਣ ਗਿਆ ਸੀ)। ਹਰ ਸਟੇਸ਼ਨ 'ਤੇ ਸਾਨੂੰ ਸਥਾਨਕ ਹਿੰਦੋਸਤਾਨੀ ਮਿਲੇ, ਸਾਨੂੰ ਭੋਜਨ ਖਾਣ ਲਈ ਦਿੱਤਾ ਅਤੇ ਸਾਡੇ ਭਿਆਨਕ ਅੰਤ 'ਤੇ ਹਮਦਰਦੀ ਜ਼ਾਹਰ ਕੀਤੀ। ਸਾਡੇ ਆਖਰੀ ਮੁਕਾਮ ਮਮਬਾਸਾ 'ਚ ਹਿੰਦੋਸਤਾਨੀ ਭਰਾਵਾਂ ਨੇ ਸਾਡਾ ਸੁਆਗਤ ਕੀਤਾ ਅਤੇ ਮਿਲਟਰੀ ਐਸਕਾਰਟ ਨੇ ਵੀ।

ਮੇਰੇ ਸਾਥੀ ਬਿਸ਼ਨ ਸਿੰਘ ਨੂੰ ਫੋਰਟ ਜੀਸਸ ਜੇਲ੍ਹ ਦੇ ਕਮਾਂਡੈਂਟ ਨੇ ਦੱਸਿਆ ਕਿ ਉਸਨੂੰ ਅਗ਼ਲੇ ਦਿਨ ਸਵੇਰ ਨੂੰ ਫਾਂਸੀ ਲਾਇਆ ਜਾਣਾ ਹੈ। ਅਗਲੇ ਦਿਨ ਸੁਵੱਖਤੇ ਅੱਠ ਅੰਗਰੇਜ਼ ਸਿਪਾਹੀ ਸਾਡੀਆਂ ਕੋਠੜੀਆਂ 'ਚ ਆਏ ਅਤੇ ਸਰਦਾਰ ਬਿਸ਼ਨ ਸਿੰਘ ਨੂੰ ਆਪਣੇ ਨਾਲ ਲੈ ਗਏ। ਬਿਸ਼ਨ ਸਿੰਘ ਨੂੰ ਮਮਬਾਸਾ ਕਿਲ੍ਹੇ ਲਾਗਲੀ ਪੁਰਾਣੀ ਮਕਾਦਰਾ ਮਾਰਕਿਟ 'ਚ ਸ਼ਰੇਆਮ ਲੋਕਾਂ ਸਾਹਮਣੇ ਫਾਂਸੀ 'ਤੇ ਲਟਕਾ ਦਿੱਤਾ। ਉਹ ਮੈਸਰਜ਼ ਰਾਮਾਨੰਦ/ਬੋਧਰਾਜ ਐਂਡ ਕੰਪਨੀ 'ਚ ਪੱਚੀ ਪ੍ਰਤੀਸ਼ਤ ਦਾ ਹਿੱਸੇਦਾਰ ਸੀ। ਬਾਲੀ ਭਰਾਵਾਂ ਦੀ ਫਾਂਸੀ ਤੋਂ ਪਹਿਲਾ ਉਹਨਾਂ ਦੇ ਸਾਥੀਆਂ ਨੇ ਹਵਨ ਕੀਤਾ ਅਤੇ ਉਹਨਾਂ ਦੇ ਮੱਥੇ 'ਤੇ ਟਿੱਕੇ ਲਗਾਏ। ਸ਼ਹੀਦ ਹੋਣ ਵਾਲੇ ਗ਼ਦਰੀ ਫਾਂਸੀ ਚੜ੍ਹਣ ਤੱਕ ਚੜ੍ਹਦੀ ਕਲਾ 'ਚ ਰਹੇ।'

ਇਥੇ ਵਰਨਣਯੋਗ ਹੈ ਕਿ ਸੀ.ਪੀ.ਆਈ ਦੀ ਪ੍ਰਸਿੱਧ ਲੀਡਰ ਰਹੀ ਸ਼ੀਲਾ ਦੀਦੀ ਲਾਲ ਚੰਦ ਦੀ ਸਪੁੱਤਰੀ ਸੀ।

ਹੁਣ ਤੱਕ ਪੂਰਬੀ ਅਫਰੀਕਾ ਦੀ ਗਦਰ ਲਹਿਰ ਦੇ ਆਰੰਭਿਕ ਦੌਰ ਬਾਰੇ ਇਕ ਇਤਿਹਾਸਕਾਰ ਦੇ ਲਿਖੇ ਲੇਖ 'ਚ ਕੁਝ ਭੁਲੇਖੇ ਹਨ ਜਿਨ੍ਹਾਂ ਨੂੰ ਦੂਰ ਕਰਨਾ ਜਰੂਰੀ ਹੈ। ਈਸਟ ਅਫ਼ਰੀਕਾ 'ਚ ਗ਼ਦਰ ਲਹਿਰ ਦੇ ਬੀਜ ਸੀਤਾ ਰਾਮ (ਗੁਰਦਾਸਪੁਰ) ਨੇ ਬੀਜੇ ਸਨ। ਸ਼ਹੀਦ ਬਿਸ਼ਨ ਸਿੰਘ ਬਸਤੀ ਗੁਜਾਂ ਦਾ ਵਸਨੀਕ ਨਹੀਂ ਬਲਕਿ ਪਿੰਡ ਗਾਖਲ ਜ਼ਿਲਾ ਜਲੰਧਰ ਦਾ ਗਾਖਲ ਜੱਟ ਸੀ, ਜਿਹਨਾਂ ਦੀ ਅੱਲ ਸ਼ੀਂਹਮੱਲ ਹੈ।

ਗਾਖਲ ਪਿੰਡ ਜਾ ਕੇ ਪਤਾ ਕਰਨ 'ਤੇ ਬਹੁਤ ਹੈਰਾਨੀ ਹੋਈ ਕਿ ਪਰਿਵਾਰ ਅਤੇ ਪਿੰਡ ਵਾਲਿਆਂ ਨੂੰ ਬਿਸ਼ਨ ਸਿੰਘ ਦੀ ਸ਼ਹੀਦੀ ਬਾਰੇ ਪਤਾ ਹੀ ਨਹੀਂ ਸੀ। ਜਸਵੀਰ ਸਿੰਘ ਸ਼ੀਰਾ, ਸਾਹਬੀ ਅਤੇ ਤੇਜਾ ਸਿੰਘ ਗਾਖਲ ਦੇ ਸਹਿਯੋਗ ਨਾਲ ਸ਼ਹੀਦ ਬਿਸ਼ਨ ਸਿੰਘ ਦੇ ਵਾਰਸਾਂ ਦਾ ਪਤਾ ਲੱਗਾ। ਰਾਜਪਾਲ ਚੰਦੜ ਰਾਹੀਂ ਗਾਖਲ ਸਰਕਲ ਦੇ ਪਟਵਾਰੀ ਗੋਪਾਲ ਕ੍ਰਿਸ਼ਨ ਨੇ ਸ਼ਹੀਦ ਦੇ ਪਰਿਵਾਰ ਦਾ ਸ਼ਜਰਾ ਤੇ ਹੋਰ ਦਸਤਾਵੇਜ਼ ਖੁਸ਼ੀ-ਖੁਸ਼ੀ ਉਪਲੱਬਧ ਕਰਾਏ। ਸ਼ਹੀਦ ਬਿਸ਼ਨ ਸਿੰਘ ਦੇ ਪੜਪੋਤਰੇ ਤਜਿੰਦਰ ਸਿੰਘ ਗਾਖਲ ਨਾਲ ਜਦੋਂ ਰਾਬਤਾ ਹੋਇਆ ਤਾਂ ਪਤਾ ਲੱਗਾ ਕਿ ਸ਼ਹੀਦ ਬਿਸ਼ਨ ਸਿੰਘ ਦੇ ਪੁੱਤਰ ਸ.ਬਸੰਤ ਸਿੰਘ ਨੂੰ ਆਜ਼ਾਦ ਹਿੰਦ ਫੌਜ ਚ ਆਪਣੀ ਸਰਗਰਮ ਭੂਮਕਿਾ ਬਦਲੇ ਸਰਕਾਰ ਨੇ ਦੋ ਤਾਮਰ ਪੱਤਰ ਦੇ ਕੇ ਸਨਮਾਨਤ ਕੀਤਾ ਸੀ। ਇਸ ਲੇਖਕ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਛਾਪੀ ਕਿਤਾਬ 'ਪੰਜਾਬ ਫਰੀਡਮ ਫਾਈਟਰਜ਼-ਹੂਜ਼ ਹੂ' ਭਾਗ ਪਹਿਲਾ ਦੇ ਪੰਨਾ 151 ਤੋਂ ਸ. ਬਸੰਤ ਸਿੰਘ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਕਿ ਬਸੰਤ ਸਿੰਘ ਦਾ ਜਨਮ 1906 ਚ ਹੋਇਆ ਸੀ। ਸਿੰਘਾਪੁਰ ਚ ਡਰਾਈਵਰ ਸੀ ਅਤੇ ਇੱਥੇ ਹੀ ਉਹ ਆਜ਼ਾਦ ਹਿੰਦ ਫੌਜ ਦੀ ਚਾਰ ਨੰਬਰ ਕੰਪਨੀ ਚ ਸਿਪਾਹੀ ਨੰਬਰ 59773 ਭਰਤੀ ਹੋ ਕੇ ਦੇਸ਼ ਦੀ ਆਜ਼ਾਦੀ ਲਈ ਲੜੀ ਜਾ ਰਹੀ ਸਭ ਤੋਂ ਵੱਡੀ ਹਥਿਆਰਬੰਦ ਲੜਾਈ ਚ ਸ਼ਾਮਲ ਹੋ ਗਿਆ। ਬਰਮਾ ਦੇ ਮੋਰਚੇ 'ਤੇ ਲੜਨ ਲਈ ਭੇਜਿਆ ਜਿੱਥੇ ਉਸਨੂੰ ਬਾਕੀ ਸਾਥੀਆਂ ਸਮੇਤ ਅੰਗਰੇਜਾਂ ਨੇ ਯੁੱਧਬੰਦੀ ਬਣਾ ਲਿਆ। ਇਕ ਸਾਲ ਰੰਗੂਨ ਜੇਲ੍ਹ ਚ ਕੈਦ ਰੱਖਣ ਤੋਂ ਮਗਰੋਂ 1946 ਚ ਕਲਕੱਤੇ ਲਿਆ ਕੇ ਰਿਹਾ ਕਰ ਦਿੱਤਾ। ਬਸੰਤ ਸਿੰਘ ਦੀ ਬੇਟੀ ਜਸਪਾਲ ਕੌਰ (ਪਤਨੀ ਸ.ਬਲਜਿੰਦਰ ਸਿੰਘ ਪਿੰਡ ਬੋਪਾਰਾਏ, ਜਿਲ੍ਹਾ ਜਲੰਧਰ) ਨੇ ਦੱਸਿਆ ਕਿ ਸ. ਬਸੰਤ ਸਿੰਘ ਦਾ ਜਨਮ ਸ.ਬਿਸ਼ਨ ਸਿੰਘ ਦੇ ਕੀਨੀਆ ਜਾਣ ਤੋਂ ਤਿੰਨ ਮਹੀਨੇ ਬਾਅਦ ਚ ਹੋਇਆ ਸੀ ਅਤੇ ਪਰਿਵਾਰ ਨੇ ਬਹੁਤ ਤੰਗੀਆਂ ਤਰੁਸ਼ੀਆਂ ਤੇ ਮੁਸੀਬਤਾਂ ਦਾ ਸਾਹਮਣਾ ਕੀਤਾ ਪਰ ਹਮੇਸ਼ਾਂ ਅਡੋਲ ਰਹੇ।

***

ਕੈਨੇਡਾ ਦਾ ਗ਼ਦਰੀ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ
ਪਿੰਡ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਦੇ ਜੰਮਪਲ ਸਨ ਜਿਸ ਨੂੰ ਕੈਨੇਡਾ ਵਿਚ 11 ਜਨਵਰੀ 1915 ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਮੇਵਾ ਸਿੰਘ ਨੇ ਵਿਲੀਅਮ ਹਾਪਕਿਨਸਨ ਨੂੰ ਕਿਉਂ ਮਾਰਿਆ?

-ਗੁਰਪ੍ਰੀਤ ਸਿੰਘ

ਇਹ ਲੇਖ ਇਕ ਈਸਟ ਇੰਡੀਅਨ ਸਿਆਸੀ ਕਾਰਕੁਨ ਮੇਵਾ ਸਿੰਘ ਵਲੋਂ ਅਕਤੂਬਰ 1914 'ਚ ਵੈਨਕੂਵਰ ਵਿਚ ਇਕ ਇਮੀਗ੍ਰੇਸ਼ਨ ਅਧਿਕਾਰੀ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਕਤਲ ਕੀਤੇ ਜਾਣ ਦੀ ਪੁਣਛਾਣ ਹੈ ਅਤੇ ਇਸ ਕਾਂਡ ਨੂੰ ਬਸਤੀਵਾਦ, ਇਮੀਗਰੇਸ਼ਨ ਅਤੇ ਨਸਲਵਾਦ ਦੇ ਚੁੜੇਰੇ ਪ੍ਰਸੰਗ ਵਿਚ ਰੱਖਕੇ ਦੇਖਣ ਦਾ ਇਕ ਯਤਨ ਹੈ।

ਇਹ ਕਤਲ ਕਾਮਾਗਾਟਾ ਮਾਰੂ ਕਾਂਡ ਤੋਂ ਬਾਦ ਵਾਪਰਿਆ ਜਦੋਂ 300 ਤੋਂ ਉਪਰ ਈਸਟ ਇੰਡੀਅਨ ਮੁਸਾਫ਼ਰਾਂ ਵਾਲੇ ਇਸ ਜਹਾਜ਼ ਨੂੰ "ਸਿੱਧਾ ਸਫ਼ਰ" ਨਾਂ ਦੇ ਪੱਖਪਾਤੀ ਕਾਨੂੰਨ ਤਹਿਤ ਜੁਲਾਈ 1914 'ਚ ਵਾਪਸ ਮੋੜ ਦਿੱਤਾ ਗਿਆ ਸੀ। ਇਸ ਨਾਲ ਮੁਕਾਮੀ ਈਸਟ ਇੰਡੀਅਨ ਭਾਈਚਾਰੇ ਵਿਚ ਟਕਰਾਅ ਦਾ ਮੁੱਢ ਬੱਝਿਆ। ਇਸੇ ਦੇ ਸਿੱਟੇ ਵਜੋਂ ਸਤੰਬਰ 1914 'ਚ ਸਿੱਖ ਗੁਰਦੁਆਰਾ ਵੈਨਕੂਵਰ ਵਿਚ ਹਾਪਕਿਨਸਨ ਦੇ ਇਕ ਦੱਲੇ ਬੇਲਾ ਸਿੰਘ ਨੇ ਗੋਲੀ ਚਲਾਈ ਜਿਸ ਨਾਲ ਦੋ ਵਿਅਕਤੀ ਮਾਰੇ ਗਏ। ਉਨ੍ਹਾਂ ਵਿੱਚੋਂ ਇਕ ਕੱਦਾਵਰ ਸਿੱਖ ਆਗੂ ਭਾਗ ਸਿੰਘ ਸਨ ਜੋ ਬਰਤਾਨਵੀ ਸਾਮਰਾਜਵਾਦ, ਨਸਲੀ ਵਿਤਕਰੇ ਅਤੇ ਆਵਾਸੀਆਂ ਵਿਰੋਧੀ ਨੀਤੀਆਂ ਵਿਰੁੱਧ ਮੁਹਿਮ ਦੇ ਮੋਹਰੀ ਸਨ, ਅਤੇ ਜਿਨ੍ਹਾਂ ਦੇ ਕਤਲ ਦੇ ਸਿੱਟੇ ਵਜੋਂ ਹਾਪਕਿਨਸਨ ਦਾ ਕਤਲ ਹੋਇਆ।

ਭਾਗ ਸਿੰਘ ਅਤੇ ਮੇਵਾ ਸਿੰਘ ਦੋਵੇਂ ਅੰਗਰੇਜ਼ ਰਾਜ ਦੀ ਪਰਜਾ ਵਜੋਂ ਕੈਨੇਡਾ ਆਏ ਹਿੰਦੁਸਤਾਨੀ ਸਨ। ਉਨ੍ਹਾਂ ਦਾ ਮੁਲਕ ਅੰਗਰੇਜ਼ਾਂ ਦੇ ਕਬਜ਼ੇ ਹੇਠ ਸੀ। ਇਹ ਆਵਾਸੀ ਅੰਗਰੇਜ਼ ਸਲਤਨਤ ਦੇ ਆਪਣੀ ਪਰਜਾ ਦੇ ਖ਼ੈਰਖ਼ੁਆਹ ਹੋਣ ਦੇ ਦਾਅਵਿਆਂ ਦੇ ਪ੍ਰਭਾਵ ਹੇਠ ਬਿਹਤਰ ਰੋਜ਼ਗਾਰ ਦੀ ਤਲਾਸ਼ ਵਿਚ ਕੈਨੇਡਾ ਆਏ ਸਨ ਜੋ ਬਰਤਾਨੀਆ ਦਾ ਡੁਮੀਨੀਅਨ ਰਾਜ ਸੀ। ਕੈਨੇਡਾ ਵਿਚ ਨਸਲਵਾਦ ਦੀ ਭਰਮਾਰ ਅਤੇ ਆਵਾਸੀਆਂ ਵਿਰੋਧੀ ਨੀਤੀਆਂ ਦੇਖਕੇ ਇਨ੍ਹਾਂ ਲੋਕਾਂ ਨੂੰ ਕੋਈ ਭਰਮ ਨਾ ਰਿਹਾ ਅਤੇ ਬਹੁਤ ਸਾਰੇ ਦ੍ਰਿੜ ਸਿਆਸੀ ਕਾਰਕੁਨ ਬਣ ਗਏ ਜਿਨ੍ਹਾਂ ਨੇ ਫਿਰ ਆਪਣੇ ਵਤਨ ਦੀ ਗ਼ੁਲਾਮੀ ਅਤੇ ਪਰਦੇਸਾਂ ਵਿਚ ਵਿਤਕਰੇ ਦੇ ਖ਼ਿਲਾਫ਼ ਲੜਾਈ ਲੜੀ। ਅੰਗਰੇਜ਼ ਹਕੂਮਤ ਦੇ ਦੋਹਰੇ ਮਿਆਰ ਦਾ ਪਾਜ ਖੁੱਲ੍ਹ ਗਿਆ, ਕਿਉਂਕਿ ਜਦੋਂ ਉਨ੍ਹਾਂ ਨੂੰ ਬੇਦਖ਼ਲ ਕੀਤਾ ਗਿਆ ਜਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਕੈਨੇਡਾ ਨਹੀਂ ਆਉਣ ਦਿੱਤਾ ਗਿਆ ਤਾਂ ਹਕੂਮਤ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ। ਇਸ ਨਾਲ ਇਨ੍ਹਾਂ ਆਵਾਸੀਆਂ ਨੂੰ ਇਹ ਅਹਿਸਾਸ ਹੋ ਗਿਆ ਕਿ ਅੰਗਰੇਜ਼ ਹਕੂਮਤ ਉਨ੍ਹਾਂ ਨਾਲ ਵਿਤਕਰਾ ਕਰਕੇ ਗੋਰੇ ਕੈਨੇਡੀਅਨਾਂ ਦੇ ਹਿੱਤ ਪੂਰ ਰਹੀ ਸੀ। ਇਸ

ਮਸ਼ਹੂਰ ਪੱਤਰਕਾਰ ਗੁਰਪ੍ਰੀਤ ਸਿੰਘ ਬੀ.ਸੀ. (ਕੈਨੇਡਾ) ਤੋਂ ਮਾਸਿਕ ਅੰਗਰੇਜ਼ੀ *ਰੈਡੀਕਲ ਦੇਸੀ* ਰਸਾਲੇ ਦੇ ਸੰਪਾਦਕ ਅਤੇ ਸਪਾਈਸ ਰੇਡੀਓ ਦੇ ਹੋਸਟ ਹਨ।

ਸੂਝ ਦੀ ਬਦੌਲਤ ਅੰਗਰੇਜ਼ ਹੁਕਮਰਾਨਾਂ ਨੂੰ ਆਪਣੇ ਮੁਲਕ ਵਿੱਚੋਂ ਕੱਢਣਾ ਉਨ੍ਹਾਂ ਦੀ ਜ਼ਿੰਦਗੀ ਦਾ ਅਹਿਮ ਮਨੋਰਥ ਬਣ ਗਿਆ। ਭਾਗ ਸਿੰਘ ਇਸ ਸਿਆਸੀ ਲਹਿਰ ਦੀ ਇਕ ਸਿਰਕੱਢ ਸ਼ਖ਼ਸੀਅਤ ਸਨ, ਜਦੋਂਕਿ ਮੇਵਾ ਸਿੰਘ ਉਨ੍ਹਾਂ ਦਾ ਪੈਰੋਕਾਰ ਸੀ ਜਿਸ ਨੇ ਆਪਣੇ ਆਗੂ ਦੀ ਮੌਤ ਦਾ ਬਦਲਾ ਲੈਣ ਦੇ ਮਨੋਰਥ ਨਾਲ ਹਾਪਕਿਨਸਨ ਨੂੰ ਮਾਰਕੇ ਨਾਮਣਾ ਖੱਟਿਆ। ਲਿਹਾਜ਼ਾ ਉਸਦੇ 'ਜੁਰਮ' ਨੂੰ ਬਗ਼ਾਵਤ ਦੇ ਇਤਿਹਾਸ ਦੇ ਚੁੜੇਰੇ ਪ੍ਰਸੰਗ ਵਿਚ ਰੱਖਕੇ ਦੇਖਣਾ ਹੋਵੇਗਾ ਜੋ ਸਿਲਸਿਲੇਵਾਰ ਨਸਲਵਾਦ ਦੀ ਪੈਦਾਵਾਰ ਸੀ।

ਜਦੋਂ ਤੋਂ ਕੈਨੇਡਾ ਦੀ ਸਥਾਪਤੀ ਨੇ ਕਾਮਾਗਾਟਾ ਮਾਰੂ ਕਾਂਡ ਨੂੰ ਨਸਲੀ ਵਿਤਕਰੇ ਵਾਲੀ ਕਾਰਵਾਈ ਸਵੀਕਾਰ ਕਰ ਲਿਆ ਹੈ ਅਤੇ ਇਹ ਸਮਾਜੀ ਇਤਿਹਾਸ ਦਾ ਇਕ ਅਹਿਮ ਹਿੱਸਾ ਬਣ ਚੁੱਕਾ ਹੈ ਮੇਵਾ ਸਿੰਘ ਦੀ ਗਾਥਾ ਨੂੰ ਸਹੀ ਪ੍ਰਸੰਗ ਵਿਚ ਰੱਖਕੇ ਦੇਖਣਾ ਜ਼ਰੂਰੀ ਹੈ।

ਇਸ ਅਧਿਐਨ ਲਈ ਕਈ ਤਰ੍ਹਾਂ ਦੇ ਵਸੀਲੇ ਇਸਤੇਮਾਲ ਕੀਤੇ ਗਏ। ਪੁਰਾਣੀਆਂ ਖ਼ਬਰਾਂ ਦੀਆਂ ਕਾਤਰਾਂ, ਵਿਆਖਿਆਵਾਂ, ਕਾਨਫੀਡੈਂਸ਼ੀਅਲ ਸਰਕਾਰੀ ਖ਼ਤੋ-ਕਿਤਾਬਤ ਅਤੇ ਕਹਾਣੀ ਦੇ ਮੁੱਖ ਪਾਤਰਾਂ ਦੀਆਂ ਤਸਵੀਰਾਂ ਅਤੇ ਅਹਿਮ ਥਾਂਵਾਂ ਦੇ ਨਾਲ-ਨਾਲ ਬੁਨਿਆਦੀ ਹਵਾਲਾ ਮੇਵਾ ਸਿੰਘ ਦਾ ਅਦਾਲਤ ਵਿਚ ਦਿੱਤਾ ਬਿਆਨ ਹੈ। ਇਹ ਦਸਤਾਵੇਜ਼ ਜਾਂ ਤਾਂ ਯੂ.ਬੀ.ਸੀ. ਲਾਇਬ੍ਰੇਰੀ ਤੋਂ ਲਏ ਗਏ ਜਾਂ ਵੈਨਕੂਵਰ ਸਿਟੀ ਆਰਕਾਈਵ ਤੋਂ। ਜਦੋਂਕਿ ਤਸਵੀਰਾਂ ਜਾਂ ਤਾਂ ਇਸ ਲੇਖਕ ਵਲੋਂ ਖ਼ੁਦ ਲਈਆਂ ਗਈਆਂ ਜਾਂ ਵੱਖੋ-ਵੱਖਰੇ ਵਸੀਲਿਆਂ ਤੋਂ ਜੁਟਾਈਆਂ ਗਈਆਂ, ਜਿਨ੍ਹਾਂ ਵਿਚ ਵੈਨਕੂਵਰ ਦੀ ਸਭ ਤੋਂ ਪੁਰਾਣੀ ਸਿੱਖ ਸੰਸਥਾ ਖ਼ਾਲਸਾ ਦੀਵਾਨ ਸੁਸਾਇਟੀ ਸ਼ਾਮਲ ਹੈ।

ਇਸ ਲਿਖਤ ਲਈ ਇਸਤੇਮਾਲ ਕੀਤੇ ਗੌਣ ਵਸੀਲਿਆਂ ਵਿਚ ਇਤਿਹਾਸਕਾਰਾਂ ਤੇ ਖੋਜਕਾਰਾਂ ਵਲੋਂ ਅੰਗਰੇਜ਼ੀ ਤੇ ਪੰਜਾਬੀ ਜ਼ਬਾਨਾਂ ਵਿਚ ਲਿਖੀਆਂ ਕਿਤਾਬਾਂ ਦੇ ਨਾਲ-ਨਾਲ ਬਰਤਾਨਵੀ ਹਿੰਦੁਸਤਾਨ ਵਿਚ ਕ੍ਰਿਮੀਨਲ ਇੰਟੈਲੀਜੈਂਸ ਦੇ ਨਿਰਦੇਸ਼ਕ ਦੇ ਸਾਬਕਾ ਨਿੱਜੀ ਸਹਾਇਕ ਜੇਮਜ਼ ਕੈਂਪਬੈੱਲ ਵਲੋਂ ਲਿਖੀਆਂ ਕਿਤਾਬਾਂ ਅਤੇ ਪੰਜਾਬੀ ਲੇਖਕ ਕੇਸਰ ਸਿੰਘ ਵਲੋਂ ਸੰਗ੍ਰਹਿ ਕੀਤੀਆਂ ਤੇ ਲਿਖਤੀ ਰੂਪ ਦਿੱਤੀਆਂ ਮੌਖਿਕ ਸਾਹਿਤ-ਪਰੰਪਰਾਵਾਂ ਸ਼ਾਮਲ ਹਨ ਜਿਸ ਨੂੰ ਮੇਵਾ ਸਿੰਘ ਤੇ ਉਸਦੇ ਕਾਜ ਨਾਲ ਹਮਦਰਦੀ ਸੀ।

ਕੈਨੇਡਾ ਵਿਚ ਈਸਟ ਇੰਡੀਅਨਾਂ ਦੀ ਆਮਦ ਅਤੇ ਮੁੱਢਲੀਆਂ ਚੁਣੌਤੀਆਂ

ਈਸਟ ਇੰਡੀਅਨ ਉਤਰੀ ਅਮਰੀਕਾ ਵਿਚ ਵੀਹਵੀਂ ਸਦੀ ਵਿਚ ਆਉਣੇ ਸ਼ੁਰੂ ਹੋਏ। ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਅੰਗਰੇਜ਼ ਫ਼ੌਜ ਵਿਚ ਨੌਕਰੀ ਕੀਤੀ ਸੀ ਅਤੇ ਅਮਰੀਕਾ ਤੇ ਕੈਨੇਡਾ ਵਿਚ ਗੋਰਿਆਂ ਦੀ ਪਰਜਾ ਵਜੋਂ ਉਥੇ ਆਏ ਸਨ। ਉਨ੍ਹਾਂ ਵਿੱਚੋਂ ਪਝੰਤਰ ਫ਼ੀਸਦੀ ਸਿੱਖ ਸਨ, ਅਤੇ ਤਕਰੀਬਨ ਪੰਜਾਹ ਫ਼ੀਸਦੀ ਅੰਗਰੇਜ਼ ਫ਼ੌਜ ਦੇ ਸਾਬਕਾ ਸਿਪਾਹੀ ਸਨ।[1] ਪ੍ਰਮੁੱਖ ਤੌਰ 'ਤੇ ਉਹ ਪੇਂਡੂ ਪੰਜਾਬ ਦੇ ਕਿਸਾਨ ਸਨ, ਜਿਸ ਨੂੰ ਅੰਗਰੇਜ਼ਾਂ ਨੇ 1849 ਵਿਚ ਆਪਣੇ ਰਾਜ ਵਿਚ ਮਿਲਾ ਲਿਆ ਸੀ।

ਉਨ੍ਹਾਂ ਵਿੱਚੋਂ ਜ਼ਿਆਦਾਤਰ ਆਵਾਸੀ ਆਰਥਕ ਕਾਰਨਾਂ ਕਰਕੇ ਬ੍ਰਿਟਿਸ਼ ਕੋਲੰਬੀਆ ਆਏ ਅਤੇ ਉਨ੍ਹਾਂ ਨੂੰ ਲੱਕੜ ਮਿੱਲਾਂ, ਰੇਲਵੇ ਨਿਰਮਾਣ ਅਤੇ ਖਾਣ ਪਦਾਰਥ ਪੈਕਿੰਗ ਦੀਆਂ ਫੈਕਟਰੀਆਂ ਵਿਚ ਕੰਮ ਮਿਲਿਆ। ਅਮਰੀਕਾ ਵਿਚ ਉਨ੍ਹਾਂ ਨੂੰ ਫਾਰਮਾਂ ਦਾ ਕੰਮ ਮਿਲਿਆ। ਗੋਰੇ ਕਾਮੇ ਉਨ੍ਹਾਂ ਨੂੰ ਆਪਣੇ ਦੁਸ਼ਮਣ ਸਮਝਦੇ ਸਨ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਸੌਦੇਬਾਜ਼ੀ ਦੀ ਤਾਕਤ ਨੂੰ

ਕਮਜ਼ੋਰ ਕਰਨ ਲਈ ਲਿਆਂਦਾ ਗਿਆ ਸੀ।[2] ਜੇ ਬਹੁਤ ਸਾਰੇ ਮਾਲਕ ਇਨ੍ਹਾਂ ਆਵਾਸੀਆਂ ਦਾ ਇਸਤੇਮਾਲ ਉਜਰਤਾਂ ਘੱਟ ਰੱਖਣ ਅਤੇ ਮਜ਼ਦੂਰ ਯੂਨੀਅਨਾਂ ਨੂੰ ਕਮਜ਼ੋਰ ਕਰਨ ਲਈ ਕਰਦੇ ਸਨ ਤਾਂ ਦੂਜੇ ਪਾਸੇ ਕਾਮਿਆਂ ਦੇ ਗਰੁੱਪਾਂ ਦਾ ਵੀ ਭਾਰੀ ਦਬਾਓ ਸੀ ਜੋ ਅੱਜ ਵਾਂਗ ਅਗਾਂਹਵਧੂ ਨਹੀਂ ਸਨ ਅਤੇ ਹਿੰਦੂਆਂ ਨੂੰ ਉੱਥੋਂ ਕੱਢਣਾ ਚਾਹੁੰਦੇ ਸਨ।[3]

ਇਹ ਵੈਰ-ਭਾਵਨਾ ਮੁੱਖਧਾਰਾ ਪ੍ਰੈੱਸ ਵਿਚ ਵੀ ਜੱਗ-ਜ਼ਾਹਰ ਸੀ ਕਿਉਂਕਿ ਅਖ਼ਬਾਰਾਂ ਦੇ ਕਾਰਟੂਨਾਂ ਵਿਚ ਅਕਸਰ ਹੀ ਈਸਟ ਇੰਡੀਅਨ ਆਵਾਸੀਆਂ ਦਾ ਮਖੌਲ ਉਡਾਇਆ ਜਾਂਦਾ ਸੀ।

ਆਖ਼ਿਰਕਾਰ, ਪਹਿਲੇ ਪ੍ਰਧਾਨ ਮੰਤਰੀ ਜੌਹਨ ਏ. ਮੈਕਡਾਨਲਡ ਨੇ 1967 'ਚ ਸੰਸਦ ਵਿਚ ਜੋ ਤਕਰੀਰ ਕੀਤੀ ਸੀ ਉਸ ਵਿਚ ਕੈਨੇਡਾ ਨੂੰ 'ਗੋਰਿਆਂ ਦਾ ਮੁਲਕ' ਐਲਾਨਿਆ ਗਿਆ ਸੀ, ਜਿਸ ਨਾਲ ਇਸ ਮੁਲਕ ਵਿਚ ਸੰਸਥਾਗਤ ਨਸਲਵਾਦ ਦੀ ਨੀਂਹ ਰੱਖ ਦਿੱਤੀ ਸੀ।[4] ਇਨ੍ਹਾਂ ਦਬਾਵਾਂ ਅੱਗੇ ਝੁਕਕੇ, ਬੀ.ਸੀ. ਹਕੂਮਤ ਨੇ 26 ਮਾਰਚ 1907 ਨੂੰ ਈਸਟ ਇੰਡੀਅਨ ਵੋਟਰਾਂ ਤੋਂ ਵੋਟ ਦਾ ਹੱਕ ਖੋਹ ਲਿਆ।[5] ਏਸ਼ੀਅਨਾਂ ਵਿਰੋਧੀ ਭਾਵਨਾਵਾਂ ਨਾਲ ਗੜੁੱਚ ਮਾਹੌਲ ਵਿਚ 4 ਸਤੰਬਰ 1907 ਨੂੰ ਅਮਰੀਕਾ ਵਿਚ ਨਸਲੀ ਫ਼ਸਾਦ ਭੜਕ ਉੱਠੇ। ਗੋਰੇ ਕਾਮਿਆਂ ਦੇ ਇਕ ਹਜੂਮ ਨੇ ਹਮਲਾ ਕਰਕੇ ਢਾਈ ਸੌ ਤੋਂ ਉਪਰ ਦੱਖਣੀ ਏਸ਼ੀਆਈ ਕਾਮਿਆਂ ਨੂੰ ਬਲਿੰਘਮ (ਵਾਸ਼ਿੰਗਟਨ) ਦੀਆਂ ਲੱਕੜ ਮਿੱਲਾਂ ਵਿੱਚੋਂ ਦਬੱਲ ਦਿੱਤਾ। ਉਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਵੈਨਕੂਵਰ ਵਿਚ ਪਨਾਹ ਲੈਣੀ ਪਈ। ਮਿਉਂਸਪਲ ਸਿਆਸਤਦਾਨਾਂ ਨੇ ਇਸ ਘਟਨਾ ਨੂੰ ਇਹ ਦਲੀਲ ਦੇਣ ਲਈ ਇਸਤੇਮਾਲ ਕੀਤਾ ਕਿ ਦੱਖਣੀ ਏਸ਼ੀਆਈ ਆਵਾਸ ਨੂੰ ਲਾਜ਼ਮੀ ਰੋਕਿਆ ਜਾਣਾ ਚਾਹੀਦਾ ਹੈ।[6]

ਉੱਤਰੀ ਅਮਰੀਕਾ ਆਉਣ ਵੇਲੇ ਇਨ੍ਹਾਂ ਆਵਾਸੀਆਂ ਵਿਚ ਇਸ ਤਰ੍ਹਾਂ ਦੀ ਕੋਈ ਸਮਝ ਨਹੀਂ ਸੀ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਬਰਤਾਨੀਆ ਦੀਆਂ ਨੀਤੀਆਂ ਅਤੇ ਸਾਮਰਾਜੀ ਹਿੱਤਾਂ ਨਾਲ ਕੀ ਰਿਸ਼ਤਾ ਹੈ।[7] ਉਨ੍ਹਾਂ ਦੇ ਸਿਆਸੀ ਖ਼ਿਆਲਾਂ ਨੇ ਨਸਲਵਾਦ ਅਤੇ ਵਿਤਕਰੇ ਦੇ ਤਲਖ਼ ਤਜ਼ਰਬਿਆਂ 'ਚੋਂ ਸ਼ਕਲ ਅਖ਼ਤਿਆਰ ਕੀਤੀ। ਇਨ੍ਹਾਂ ਵੈਰ-ਭਾਵਾਂ ਦੇ ਮੱਦੇਨਜ਼ਰ, 1906 'ਚ ਵੈਨਕੂਵਰ ਵਿਚ ਖ਼ਾਲਸਾ ਦੀਵਾਨ ਸੋਸਾਇਟੀ ਬਣਾਈ ਗਈ। ਈਸਟ ਇੰਡੀਅਨ ਆਵਾਸੀਆਂ ਵਿਚ ਸਿੱਖ ਭਾਰੂ ਗਿਣਤੀ 'ਚ ਹੋਣ ਕਾਰਨ ਸੁਸਾਇਟੀ ਸਿੱਖ ਗੁਰਦੁਆਰੇ ਦਾ ਸੰਚਾਲਨ ਕਰਨ ਲਈ ਬਣਾਈ ਗਈ ਜੋ ਹਕੀਕਤ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਧਰਮਨਿਰਪੱਖ ਸਿਆਸੀ ਸਰਗਰਮੀਆਂ ਦਾ ਕੇਂਦਰ ਵੀ ਬਣ ਗਿਆ। ਇਸ ਇਮਾਰਤ ਦਾ ਉਪਰਲਾ ਹਿੱਸਾ ਧਾਰਮਿਕ ਇਕੱਠਾਂ ਲਈ ਜਦੋਂਕਿ ਹੇਠਲਾ ਹਿੱਸਾ ਉਨ੍ਹਾਂ ਸਿਆਸੀ ਮਸਲਿਆਂ ਨੂੰ ਵਿਚਾਰਨ ਲਈ ਇਸਤੇਮਾਲ ਕੀਤਾ ਜਾਂਦਾ ਜੋ ਇਨ੍ਹਾਂ ਭਾਈਚਾਰਿਆਂ ਦੇ ਸਾਂਝੇ ਸਨ।[8] ਧਾਰਮਿਕ ਦੀਵਾਨ ਤੋਂ ਬਾਦ ਹਰ ਐਤਵਾਰ ਇਨ੍ਹਾਂ ਮਸਲਿਆਂ ਨੂੰ ਵਿਚਾਰਨ ਲਈ ਜਨਤਕ ਇਕੱਠ ਜੁੜਦਾ। ਇਕ ਭਖਦਾ ਮੁੱਦਾ ਇਹ ਹੁੰਦਾ ਕਿ ਆਪਣੇ ਟੱਬਰ ਕੈਨੇਡਾ ਕਿਵੇਂ ਲਿਆਂਦੇ ਜਾਣ। ਇਹ ਹੈਰਾਨੀਜਨਕ ਨਹੀਂ ਕਿ ਏਸ਼ੀਅਨਾਂ ਦੇ ਸਥਾਈ ਵਸੇਬੇ ਨੂੰ ਰੋਕਣ ਲਈ ਕੈਨੇਡਾ ਵਿਚ ਈਸਟ ਇੰਡੀਅਨ ਆਵਾਸੀਆਂ ਨੂੰ ਆਪਣੇ ਟੱਬਰ ਲਿਆਉਣ ਦੀ ਇਜਾਜ਼ਤ ਨਹੀਂ ਸੀ।[9]

ਇਸ ਨੂੰ ਕਾਫ਼ੀ ਨਾ ਸਮਝਕੇ ਕੈਨੇਡਾ ਹਕੂਮਤ ਨੇ 8 ਜਨਵਰੀ 1908 ਨੂੰ ਇਕ ਵਿਵਾਦਪੂਰਨ ਆਰਡਰ-ਇਨ-ਕੌਂਸਲ ਜਾਂ ਸਿੱਧਾ ਸਫ਼ਰ ਕਾਨੂੰਨ ਪਾਸ ਕੀਤਾ। ਇਸ ਵਿਚ

ਕਿਹਾ ਗਿਆ: " ਕੈਨੇਡਾ ਆਉਣ ਵਾਲੇ ਸਾਰੇ ਆਵਾਸੀਆਂ ਨੂੰ ਧੁਰੋਂ ਟਿਕਟ ਲੈ ਕੇ ਅਤੇ ਆਪਣੇ ਜਨਮ ਜਾਂ ਨਾਗਰਿਕਤਾ ਵਾਲੇ ਮੁਲਕ ਤੋਂ ਸਿੱਧਾ ਸਫ਼ਰ ਕਰਕੇ ਆਉਣਾ ਪਵੇਗਾ"।[10] ਇੰਞ ਇਸ ਜ਼ਰੀਏ ਕਾਮਾਗਾਟਾ ਮਾਰੂ ਜਮੂਦ ਦੀ ਸੁਰ ਰਸਮੀ ਤੌਰ 'ਤੇ ਤੈਅ ਕਰ ਦਿੱਤੀ ਗਈ ਸੀ, ਕਿਉਂਕਿ ਹਕੀਕਤ ਵਿਚ ਈਸਟ ਇੰਡੀਅਨਾਂ ਲਈ ਆਪਣੇ ਮੁਲਕ ਤੋਂ ਸਿੱਧਾ ਸਮੁੰਦਰੀ ਸਫ਼ਰ ਕਰਕੇ ਆਉਣਾ ਅਸੰਭਵ ਸੀ। ਹਾਲਾਂਕਿ, ਸਿੱਧਾ ਸਫ਼ਰ ਕਾਨੂੰਨ ਹੀ ਈਸਟ ਇੰਡੀਅਨ ਭਾਈਚਾਰੇ ਦੇ ਫ਼ਿਕਰ ਦੀ ਇੱਕੋ-ਇਕ ਵਜ੍ਹਾ ਨਹੀਂ ਸੀ। ਇਨ੍ਹਾਂ ਆਵਾਸੀਆਂ ਨੂੰ ਬਰਤਾਨਵੀ ਕਬਜ਼ੇ ਵਾਲੇ ਹਾਂਡੂਰਸ ਭੇਜਣ ਦੇ ਯਤਨ ਵੀ ਕੀਤੇ ਜਾ ਰਹੇ ਸਨ। ਸਰਕਾਰੀ ਦਲੀਲ ਇਹ ਸੀ ਕਿ ਹਿੰਦੂ ਕੈਨੇਡਾ ਦੇ ਮਾਹੌਲ ਦੇ ਮੁਆਫ਼ਕ ਨਹੀਂ।[11] ਭਾਈਚਾਰੇ ਦੇ ਆਗੂਆਂ ਨੇ ਅੰਗਰੇਜ਼ ਸਲਤਨਤ ਦੇ ਮਨਸੂਬਿਆਂ ਨੂੰ ਦ੍ਰਿੜਤਾ ਨਾਲ ਚੁਣੌਤੀ ਦਿੱਤੀ, ਅਤੇ ਇਨ੍ਹਾਂ ਨੂੰ ਨਾਕਾਮ ਬਣਾ ਦਿੱਤਾ। 6 ਅਕਤੂਬਰ 1908 ਨੂੰ ਗੁਰਦੁਆਰੇ ਵਿਚ ਜਨਤਕ ਇਕੱਠ ਹੋਇਆ, ਜਿਥੇ ਈਸਟ ਇੰਡੀਅਨਾਂ ਨੂੰ ਬੇਦਖ਼ਲ ਕਰਨ ਦੇ ਯਤਨਾਂ ਨੂੰ ਚੁਣੌਤੀ ਦੇਣ ਲਈ ਸਰਕਾਰ ਦੇ ਵੱਖੋ-ਵੱਖਰੇ ਪੱਧਰਾਂ 'ਤੇ ਦਰਖ਼ਾਸਤਾਂ ਦੇਣ ਦਾ ਮਤਾ ਪਾਸ ਕੀਤਾ ਗਿਆ।[12] ਮਤੇ ਉਪਰ ਸਹੀ ਪਾਉਣ ਵਾਲਿਆਂ ਵਿਚ ਭਾਗ ਸਿੰਘ ਜੀ ਵੀ ਸਨ, ਜੋ ਓਦੋਂ ਗੁਰਦੁਆਰੇ ਦੇ ਸਕੱਤਰ ਸਨ।

ਭਾਗ ਸਿੰਘ ਵੱਖੋ-ਵੱਖਰੀ ਹੈਸੀਅਤ ਵਿਚ ਖ਼ਾਲਸਾ ਦੀਵਾਨ ਸੋਸਾਇਟੀ ਲਈ ਕੰਮ ਕਰਦੇ ਰਹੇ ਸਨ ਅਤੇ 1910 'ਚ ਇਸਦੇ ਪ੍ਰਧਾਨ ਬਣੇ।[13] ਉਹ 1906 'ਚ ਕੈਨੇਡਾ ਆਏ ਸਨ। ਪਹਿਲਾਂ ਉਨ੍ਹਾਂ ਨੇ ਅੰਗਰੇਜ਼ੀ ਫ਼ੌਜ ਦੇ ਰਿਸਾਲੇ ਵਿਚ ਨੌਕਰੀ ਕੀਤੀ ਸੀ। ਉਨ੍ਹਾਂ ਨੂੰ ਸਿਆਸੀ ਪਹੁਲ ਛਕਾਉਣ ਵਾਲੇ ਤਾਰਕਨਾਥ ਦਾਸ ਅਤੇ ਜੀ.ਡੀ. ਕੁਮਾਰ ਸਨ ਜੋ ਹਿੰਦੁਸਤਾਨ ਦੇ ਆਜ਼ਾਦੀ ਸੰਗਰਾਮ ਦੇ ਘੱਟੋਘੱਟ ਦੋ ਸਿਰਕੱਢ ਅਤੇ ਜਾਣੇ-ਪਛਾਣੇ ਇਨਕਲਾਬੀ ਆਗੂ ਸਨ। ਦਾਸ ਨੇ ਵੈਨਕੂਵਰ ਤੋਂ ਪਹਿਲਾ ਈਸਟ ਇੰਡੀਅਨ ਅਖ਼ਬਾਰ *ਫਰੀ ਹਿੰਦੁਸਤਾਨ* ਕੱਢਿਆ ਸੀ, ਜਦੋਂਕਿ ਕੈਨੇਡਾ ਦਾ ਪਹਿਲਾ ਪੰਜਾਬੀ ਅਖ਼ਬਾਰ *ਸਵਦੇਸ਼ ਸੇਵਕ* ਕੱਢਣ ਵਿਚ ਕੁਮਾਰ ਦਾ ਹੱਥ ਸੀ। ਸਰਕਾਰੀ ਅਥਾਰਟੀ ਦੀਆਂ ਨਜ਼ਰਾਂ 'ਚ ਦੋਵਾਂ ਅਖ਼ਬਾਰ ਬਾਗ਼ੀ ਖ਼ਿਆਲਾਂ ਦੇ ਸਨ।[14] ਇਹ ਸਾਰੇ ਇਸ ਦੇ ਕਾਇਲ ਸਨ ਕਿ ਹਿੰਦੁਸਤਾਨ ਨੂੰ ਸਿਆਸੀ ਆਜ਼ਾਦੀ ਮਿਲੇ ਬਗ਼ੈਰ ਉਨ੍ਹਾਂ ਨੂੰ ਕੈਨੇਡਾ ਵਿਚ ਨਿਆਂ ਨਹੀਂ ਮਿਲੇਗਾ। ਭਾਗ ਸਿੰਘ ਜੀ.ਡੀ.ਕੁਮਾਰ ਦੀ ਹਿੰਦੁਸਤਾਨ ਐਸੋਸੀਏਸ਼ਨ ਅਤੇ ਹੁਸੈਨ ਰਹੀਮ ਵਲੋਂ ਬਣਾਈ ਯੂਨਾਈਟਿਡ ਇੰਡੀਆ ਲੀਗ ਦੇ ਮੈਂਬਰ ਵੀ ਬਣ ਗਏ।[15] ਰਹੀਮ ਨੇ ਆਵਾਸੀਆਂ ਵਿਰੋਧੀ ਕਾਨੂੰਨ ਦਾ ਡੱਟਕੇ ਵਿਰੋਧ ਕੀਤਾ ਅਤੇ ਮਾਰਚ 1912 ਦੀਆਂ ਸੂਬਾਈ ਚੋਣਾਂ ਵਿਚ ਉਸ ਨੂੰ ਈਸਟ ਇੰਡੀਅਨਾਂ ਉਪਰ ਵੋਟ ਪਾਉਣ 'ਤੇ ਲਗਾਈ ਪਾਬੰਦੀ ਨਾ ਮੰਨਣ ਕਾਰਨ ਗ੍ਰਿਫ਼ਤਾਰ ਕੀਤਾ ਗਿਆ ਸੀ।[16]

3 ਅਕਤੂਬਰ ਨੂੰ ਸਾਬਕਾ ਫ਼ੌਜੀਆਂ ਨੂੰ ਆਪਣੇ ਤਮਗੇ ਤੇ ਫ਼ੌਜੀ ਵਰਦੀਆਂ ਸਾੜਨ ਅਤੇ ਅੰਗਰੇਜ਼ ਸਲਤਨਤ ਨਾਲੋਂ ਸਾਰੇ ਸੰਬੰਧ ਤੋੜਨ ਲਈ ਉਤਸ਼ਾਹਤ ਕਰਨ 'ਚ ਭਾਗ ਸਿੰਘ ਦਾ ਹੱਥ ਸੀ। ਉਨ੍ਹਾਂ ਨੇ ਆਪਣੀ ਵਰਦੀ ਅਤੇ ਨੌਕਰੀ ਛੱਡਣ ਸਮੇਂ ਮਿਲੇ ਸਨਮਾਨ-ਪੱਤਰ ਅੱਗ ਦੀ ਭੇਟ ਕਰ ਦਿੱਤੇ ਸਨ।[17] ਇਹ ਉਨ੍ਹਾਂ ਦੀ ਬਹੁਤ ਹੀ ਰੈਡੀਕਲ ਕਾਰਵਾਈ ਸੀ, ਕਿਉਂਕਿ ਸਿੱਖ ਜ਼ਿਆਦਾਤਰ ਬਰਤਾਨਵੀ ਹਿਤੈਸ਼ੀ ਵਜੋਂ ਜਾਣੇ ਜਾਂਦੇ ਸਨ। ਪਹਿਲੇ *ਗ਼ਦਰ* ਜਾਂ ਅੰਗਰੇਜ਼ਾਂ ਵਿਰੁੱਧ 1857 ਦੀ ਪਹਿਲੀ ਫ਼ੌਜੀ ਬਗ਼ਾਵਤ ਨੂੰ ਕੁਚਲਣ ਲਈ ਉਨ੍ਹਾਂ ਨੂੰ ਇਸਤੇਮਾਲ ਕੀਤਾ ਗਿਆ ਸੀ। ਅੰਗਰੇਜ਼ ਹਕੂਮਤ ਨੇ ਸਿੱਖ ਸਰਦਾਰਾਂ ਨੂੰ ਸਲਤਨਤ ਦੀਆਂ ਸੇਵਾਵਾਂ ਬਦਲੇ ਢੁੱਕਵੇਂ ਇਨਾਮਾਂ-ਸਨਮਾਨਾਂ

ਨਾਲ ਨਿਵਾਜਿਆ ਸੀ।[18]

ਸਰਹੱਦ ਦੇ ਪਾਰ ਵੀ ਬਗ਼ਾਵਤ ਦੀ ਅੱਗ ਤੇਜ਼ ਹੋ ਰਹੀ ਸੀ। ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ ਆਫ ਅਮੈਰਿਕਾ ਨਾਂ ਦਾ ਇਕ ਇੰਤਹਾਪਸੰਦ ਗਰੁੱਪ ਬਣਾ ਲਿਆ ਗਿਆ ਸੀ ਜੋ ਅੰਗਰੇਜ਼ ਸਲਤਨਤ ਵਿਰੁੱਧ ਹਥਿਆਰਬੰਦ ਸੰਘਰਸ਼ ਵਿਚ ਵਿਸ਼ਵਾਸ ਰੱਖਦਾ ਸੀ।[19] ਛੇਤੀ ਹੀ ਇਹ ਸਭਾ ਆਪਣੇ ਅਖ਼ਬਾਰ *ਗ਼ਦਰ* ਦੇ ਨਾਂ ਨਾਲ ਮਸ਼ਹੂਰ ਹੋ ਗਈ ਜੋ ਪਹਿਲੀ ਨਵੰਬਰ 1913 ਨੂੰ ਸਾਨ ਫਰਾਂਸਿਸਕੋ ਤੋਂ ਕੱਢਣਾ ਸ਼ੁਰੂ ਕੀਤਾ ਗਿਆ ਸੀ।[20] ਇਸ ਅਖ਼ਬਾਰ, ਜਿਸਨੇ ਆਪਣਾ ਨਾਂ ਅੰਗਰੇਜ਼ ਸਲਤਨਤ ਵਿਰੁੱਧ ਪਹਿਲੇ ਗ਼ਦਰ ਤੋਂ ਪ੍ਰੇਰਣਾ ਲੈ ਕੇ ਰੱਖਿਆ ਸੀ, ਵਲੋਂ ਬਹੁਤ ਹੀ ਜੋਸ਼ੀਲੀਆਂ ਕਵਿਤਾਵਾਂ ਤੇ ਲੇਖ ਛਾਪੇ ਜਾਂਦੇ ਸਨ। ਗ਼ਦਰ ਸਾਹਿਤ ਸਾਫ਼ ਦਰਸਾਉਂਦਾ ਹੈ ਕਿ ਇਹ ਨਿਰੀ ਸਾਮਰਾਜਵਾਦ ਵਿਰੁੱਧ ਜੰਗ ਨਹੀਂ ਸੀ ਸਗੋਂ ਨਸਲੀ ਵਿਤਕਰੇ ਵਿਰੁੱਧ ਟਾਕਰਾ ਵੀ ਸੀ। ਦਸੰਬਰ 1913 ਅੰਕ ਵਿਚ ਛਪੀ ਇਕ ਪੰਜਾਬੀ ਕਵਿਤਾ ਬਿਆਨ ਕਰਦੀ ਹੈ ਕਿਵੇਂ ਗੋਰੇ ਲੋਕਾਂ ਵਲੋਂ ਅਕਸਰ ਹੀ ਈਸਟ ਇੰਡੀਅਨਾਂ ਨੂੰ ਜ਼ਲੀਲ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਨੂੰ "ਕੁਲੀ" ਕਹਿਕੇ ਬੁਲਾਇਆ ਜਾਂਦਾ ਸੀ।[21] ਭਾਵੇਂਕਿ ਗ਼ਦਰ ਪਾਰਟੀ ਦੇ ਮੈਂਬਰ ਪ੍ਰਮੁੱਖ ਤੌਰ 'ਤੇ ਸਿੱਖ ਸਨ, ਪਾਰਟੀ ਆਪਣੇ ਆਦੇਸ਼ਾਂ ਵਿਚ ਧਰਮ-ਨਿਰਪੱਖ ਬਣੀ ਰਹੀ ਅਤੇ ਇਸ ਨੇ ਆਪਣੇ ਮੈਂਬਰਾਂ ਨੂੰ ਧਾਰਮਿਕ ਅਕੀਦਿਆਂ ਨੂੰ ਪਾਰਟੀ ਮਾਮਲਿਆਂ ਤੋਂ ਬਾਹਰ ਰੱਖਣ ਲਈ ਕਿਹਾ।[22]

ਭਾਗ ਸਿੰਘ ਸਿਰਫ਼ ਗ਼ਦਰ ਪਾਰਟੀ ਦੇ ਮੈਂਬਰ ਹੀ ਨਹੀਂ ਬਣੇ ਸਗੋਂ ਉਨ੍ਹਾਂ ਨੇ ਫੰਡ ਇਕੱਠੇ ਕਰਨ ਲਈ ਖੁੱਲ੍ਹਕੇ ਕੰਮ ਕੀਤਾ ਅਤੇ ਕਈਆਂ ਨੂੰ ਲਹਿਰ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ।[23] ਛੇਤੀਂ ਹੀ ਗ਼ਦਰੀ ਸਰਗਰਮੀਆਂ ਸਰਕਾਰੀ ਅਧਿਕਾਰੀਆਂ ਦੇ ਨਜ਼ਰੀਂ ਚੜ੍ਹ ਗਈਆਂ।[24] ਗ਼ਦਰ ਆਗੂਆਂ ਦੀਆਂ ਸਰਗਰਮੀਆਂ ਨੂੰ ਲੈ ਕੇ ਮੁਕਾਮੀ ਇਮੀਗਰੇਸ਼ਨ ਅਧਿਕਾਰੀਆਂ ਅਤੇ ਫੈੱਡਰਲ ਸਰਕਾਰ ਦਰਮਿਆਨ ਵਾਹਵਾ ਖ਼ਤੋ-ਕਿਤਾਬਤ ਹੁੰਦੀ ਸੀ। 30 ਦਸੰਬਰ 1913 ਨੂੰ ਬ੍ਰਿਟਿਸ਼ ਕੋਲੰਬੀਆ ਲਈ ਡੁਮੀਨੀਅਨ ਇਮੀਗਰੇਸ਼ਨ ਇੰਸਪੈਕਟਰ ਮੈਲਕਮ ਰਾਬਰਟ ਜੇਮਜ਼ ਰੀਡ ਨੇ ਵੈਨਕੂਵਰ ਤੋਂ ਸੰਸਦ ਮੈਂਬਰ ਐੱਚ.ਐੱਚ. ਸਟੀਵਨਜ਼ ਨੂੰ ਇਕ ਗੁਪਤ ਖ਼ਤ ਲਿਖਕੇ ਗ਼ਦਰ ਅਖ਼ਬਾਰ ਦੀਆਂ ਲਿਖਤਾਂ ਦਾ ਅਨੁਵਾਦ ਮੁਹੱਈਆ ਕੀਤਾ।[25] ਰੀਡ ਸਟੀਵਨਜ਼ ਦਾ ਦਿੱਤਾ ਖਾਂਦਾ ਸੀ ਅਤੇ ਉਸਦਾ ਆਪਣਾ ਇਮੀਗਰੇਸ਼ਨ ਕੰਮ ਦਾ ਕੋਈ ਤਜ਼ਰਬਾ ਨਹੀਂ ਸੀ। ਉਸਦੀ ਨਿਯੁਕਤੀ ਸਿਆਸੀ ਪੁਸ਼ਤ-ਪਨਾਹੀ ਤਹਿਤ ਕੀਤੀ ਗਈ ਸੀ ਅਤੇ ਇਸ ਦੇ ਪਿੱਛੇ ਸਟੀਵਨਜ਼ ਦਾ ਹੱਥ ਸੀ ਜੋ ਏਸ਼ੀਆਈ ਆਵਾਸੀਆਂ ਵਿਰੁੱਧ ਮੁਹਿੰਮ ਚਲਾ ਰਿਹਾ ਸੀ।[26]

ਵਿਲੀਅਮ ਚਾਰਲਸ ਹਾਪਕਿਨਸਨ ਇਕ ਹੋਰ ਇਮੀਗਰੇਸ਼ਨ ਇੰਸਪੈਕਟਰ ਸੀ ਜਿਸ ਦੀ ਇਨ੍ਹਾਂ ਮਾਮਲਿਆਂ ਵਿਚ ਮੁਹਾਰਤ ਸੀ ਅਤੇ ਉਹ ਗ਼ਦਰ ਸਰਗਰਮੀਆਂ ਉਪਰ ਘੋਖਵੀਂ ਨਜ਼ਰ ਰੱਖਦਾ ਸੀ। ਦਿੱਲੀ ਵਿਚ ਜੰਮਿਆ ਇਹ ਬੰਦਾ ਹਿੰਦੁਸਤਾਨ ਦੀਆਂ ਮੁਕਾਮੀ ਬੋਲੀਆਂ ਜਾਣਦਾ ਸੀ। 1907 ਜਾਂ 1908 'ਚ ਕੈਨੇਡਾ ਆਉਣ ਤੋਂ ਪਹਿਲਾਂ ਉਹ ਕਲਕੱਤਾ ਵਿਚ ਪੁਲਿਸ ਇੰਸਪੈਕਟਰ ਰਹਿ ਚੁੱਕਾ ਸੀ। 1909 'ਚ ਕੈਨੇਡਾ ਸਰਕਾਰ ਨੇ ਉਸ ਨੂੰ ਇਮੀਗਰੇਸ਼ਨ ਇੰਸਪੈਕਟਰ ਤੇ ਦੁਭਾਸ਼ੀਏ ਦੀ ਨੌਕਰੀ 'ਤੇ ਰੱਖ ਲਿਆ ਸੀ, ਪਰ ਉਹ ਹਿੰਦੁਸਤਾਨੀ ਪੁਲਿਸ ਲਈ ਵੀ ਕੰਮ ਕਰਦਾ ਸੀ। ਉਹ ਔਟਵਾ ਦੇ ਗ੍ਰਹਿ ਮਾਮਲਿਆਂ ਦੇ ਡਿਪਟੀ ਮੰਤਰੀ ਅਤੇ ਲੰਦਨ ਵਿਚ ਹਿੰਦ ਹਕੂਮਤ ਦੇ ਏਜੰਟ ਨੂੰ ਵੀ ਰਿਪੋਰਟਾਂ ਭੇਜਦਾ ਸੀ ਅਤੇ ਅਮਰੀਕਨ ਇਮੀਗਰੇਸ਼ਨ ਸਰਵਿਸ ਨਾਲ

ਵੀ ਖੁਫ਼ੀਆ ਜਾਣਕਾਰੀ ਸਾਂਝੀ ਕਰਦਾ ਸੀ।[27]

ਹਾਪਕਿਨਸਨ ਨੇ 50-60 ਈਸਟ ਇੰਡੀਅਨ ਹਮਾਇਤੀ ਗੰਢੇ ਹੋਏ ਸਨ ਜੋ ਜਾਣਕਾਰੀ ਇਕੱਠੀ ਕਰਨ 'ਚ ਉਸਦਾ ਹੱਥ ਵਟਾਉਂਦੇ ਸਨ। ਇਹ ਟੋਲਾ ਅੰਗਰੇਜ਼-ਪੱਖੀ "ਇਮੀਗਰੇਸ਼ਨ ਜੁੰਡਲੀ' ਵਜੋਂ ਮਸ਼ਹੂਰ ਸੀ। ਬੇਲਾ ਸਿੰਘ ਇਸ ਟੋਲੇ ਦਾ ਮੁੱਖ ਆਗੂ ਸੀ। ਹਾਪਕਿਨਸਨ ਦੇ ਇਸ ਮੁਖ਼ਬਰ ਨੂੰ ਸਾਢੇ 62.50 ਡਾਲਰ ਤਨਖ਼ਾਹ ਮਿਲਦੀ ਸੀ।[28] ਉਹ ਗ਼ਦਰੀ ਸਰਗਰਮੀਆਂ ਦਾ ਪਤਾ ਲਾਉਣ 'ਚ ਹਾਪਕਿਨਸਨ ਦੀ ਮਦਦ ਕਰਦਾ ਸੀ ਜਿਨ੍ਹਾਂ ਦੇ ਨਾਂ ਹਿੰਦੁਸਤਾਨ ਵਿਚ ਗ਼ਦਰ ਨੂੰ ਰੋਕਣ ਲਈ ਅੰਗਰੇਜ਼ ਅਧਿਕਾਰੀਆਂ ਨੂੰ ਭੇਜੇ ਜਾਂਦੇ ਸਨ।[29]

ਭਾਵੇਂ ਹਿੰਸਕ ਗ਼ਦਰ ਦੀ ਸੰਭਾਵਨਾ ਨੂੰ ਲੈ ਕੇ ਕੈਨੇਡਾ ਦੇ ਅਧਿਕਾਰੀਆਂ ਦਾ ਫ਼ਿਕਰ ਸਮਝ ਆਉਂਦਾ ਸੀ, ਫਿਰ ਵੀ ਇਹ ਮੰਨਣਾ ਗ਼ਲਤ ਹੋਵੇਗਾ ਕਿ ਇਨ੍ਹਾਂ ਕਾਰਕੁਨਾਂ ਨੇ ਆਪਣੀ ਸ਼ਿਕਾਇਤ ਨਵਿਰਤੀ ਲਈ ਹੋਰ ਸ਼ਾਂਤਮਈ ਢੰਗ ਅਜ਼ਮਾਕੇ ਨਹੀਂ ਸਨ। 14 ਮਾਰਚ 1913 ਨੂੰ ਤਿੰਨ ਮੈਂਬਰੀ ਵਫ਼ਦ ਆਪਣੇ ਪਰਿਵਾਰਾਂ ਨੂੰ ਕੈਨੇਡਾ ਮੰਗਵਾਉਣ ਦੀ ਮੰਗ ਨੂੰ ਲੈ ਕੇ ਇੰਗਲੈਂਡ ਗਿਆ ਸੀ ਪਰ ਬਰਤਾਨਵੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਜ਼ਲੀਲ ਕਰਕੇ ਮੋੜ ਦਿੱਤਾ ਸੀ।[30]

ਇਕ ਹੋਰ ਵਫ਼ਦ ਜੋ ਔਟਵਾ ਭੇਜਿਆ ਗਿਆ ਸੀ ਨੇ ਬਰਤਾਨਵੀ ਹਕੂਮਤ ਪ੍ਰਤੀ ਆਪਣੀ ਵਫ਼ਾਦਾਰੀ ਦੇ ਵਾਸਤੇ ਪਾਏ। ਇਸ ਵਫ਼ਦ ਨੇ ਲਿਖਤੀ ਯਾਦਪੱਤਰ ਦਿੱਤਾ, "ਸਿੱਖ ਨਾਂ ਨਾਲ ਬੇਵਫ਼ਾਈ ਅਤੇ ਸਲਤਨਤ ਨਾਲ ਬੀਰਤਾਪੂਰਨ ਵਫ਼ਾਦਾਰੀ ਜੁੜੀ ਹੋਈ ਹੈ। ਹਿੰਦੁਸਤਾਨੀ ਸਿਪਾਹੀ ਬਗ਼ਾਵਤ, ਅਫ਼ਰੀਕਾ, ਅਫ਼ਗਾਨਿਸਤਾਨ, ਸੋਮਾਲੀਲੈਂਡ ਸਾਡੀ ਵਫ਼ਾਦਾਰੀ ਦੀਆਂ ਮਿਸਾਲਾਂ ਹਨ; ਦੂਜੇ ਸ਼ਬਦਾਂ ਵਿਚ, ਜਦੋਂ ਵੀ ਬੀਤੇ 'ਚ ਸਲਤਨਤ 'ਤੇ ਭੀੜ ਬਣੀ ਜਾਂ ਭਵਿੱਖ ਵਿਚ ਬਣੇਗੀ ਵਫ਼ਾਦਾਰ ਦਿਲ ਉਸਦੇ ਮਾਣ-ਸਨਮਾਨ ਦੀ ਰਾਖੀ ਜਾਂ ਸਲਾਮਤੀ ਲਈ ਹਾਜ਼ਰ ਰਹੇ ਹਨ ਅਤੇ ਰਹਿਣਗੇ।"[31] ਜਦੋਂ ਇਹ ਕਸ਼ਮਕਸ਼ ਚਲ ਰਹੀ ਸੀ, ਆਵਾਸੀਆਂ ਦੇ ਹੱਕਾਂ ਲਈ ਇਕ ਵਡੇਰੀ ਲੜਾਈ ਸ਼ੁਰੂ ਹੋਣ ਜਾ ਰਹੀ ਸੀ। ਜੋ ਨਾ ਸਿਰਫ਼ ਕੈਨੇਡੀਅਨ ਇਤਿਹਾਸ ਦਾ ਰੁਖ਼ ਬਦਲ ਦੇਵੇਗੀ ਸਗੋਂ ਗ਼ਦਰ ਲਹਿਰ ਨੂੰ ਵੀ ਹੁਲਾਰਾ ਦੇਵੇਗੀ।

ਕਾਮਾਗਾਟਾ ਮਾਰੂ ਕਾਂਡ

ਗੁਰਦਿੱਤ ਸਿੰਘ, ਜੋ ਜਪਾਨੀ ਜਹਾਜ਼ ਕਾਮਾਗਾਟਾ ਜਹਾਜ਼ ਉਪਰ 376 ਈਸਟ ਇੰਡੀਅਨ ਮੁਸਾਫ਼ਰਾਂ ਨੂੰ ਲੈ ਕੇ 23 ਮਈ 1914 ਨੂੰ ਲੈ ਕੇ ਵੈਨਕੂਵਰ ਦੇ ਸਫ਼ਰ 'ਤੇ ਨਿਕਲੇ, ਦੀ ਭੂਮਿਕਾ ਬਹਿਸ ਦਾ ਮੁੱਦਾ ਹੈ। ਕੁਛ ਇਤਿਹਾਸਕਾਰ ਉਨ੍ਹਾਂ ਨੂੰ ਦੇਸ਼ਭਗਤ ਕਹਿੰਦੇ ਹਨ ਜਿਸਨੇ ਕੈਨੇਡਾ ਦੇ ਵਿਵਾਦਪੂਰਨ ਸਿੱਧਾ ਸਫ਼ਰ ਕਾਨੂੰਨ ਨੂੰ ਵੰਗਾਰਿਆ, ਦੂਜਿਆਂ ਦਾ ਖ਼ਿਆਲ ਹੈ ਕਿ ਇਹ ਨਿਰੋਲ ਵਪਾਰਕ ਉੱਦਮ ਸੀ ਜੋ ਆਖ਼ਿਰਕਾਰ ਉਸ ਬਦਸਲੂਕੀ ਕਾਰਨ ਬਸਤੀਵਾਦ ਅਤੇ ਨਸਲਵਾਦ ਵਿਰੁੱਧ ਸੰਘਰਸ਼ ਦੇ ਇਤਿਹਾਸ ਦਾ ਅਹਿਮ ਕਾਂਡ ਬਣਿਆ ਜੋ ਜਹਾਜ਼ ਦੇ ਮੁਸਾਫ਼ਰਾਂ ਨਾਲ ਕੀਤਾ ਗਿਆ। ਕੁਛ ਵੀ ਹੋਵੇ, ਇਹ ਲੋਕ ਬਾਕੀ ਈਸਟ ਇੰਡੀਅਨ ਆਵਾਸੀਆਂ ਦੀ ਤਰ੍ਹਾਂ ਅੰਗਰੇਜ਼ ਸਲਤਨਤ ਦੀ ਪਰਜਾ ਵਜੋਂ ਕੈਨੇਡਾ ਆਏ ਸਨ।

ਗੁਰਦਿੱਤ ਸਿੰਘ ਨੂੰ ਭਰੋਸਾ ਸੀ ਕਿ ਜੇ ਹਕੂਮਤ ਨੇ ਉਨ੍ਹਾਂ ਨੂੰ ਕੈਨੇਡਾ ਵਿਚ ਪੈਰ ਧਰਨ ਤੋਂ ਰੋਕਿਆ ਤਾਂ ਉਹ ਹਕੂਮਤ ਨੂੰ ਕੈਨੇਡਾ ਦੀ ਅਦਾਲਤ ਵਿਚ ਲਿਜਾ ਖੜਾਏਗਾ।[32] ਉਸਨੇ ਕੈਨੇਡਾ ਦੀ ਪ੍ਰੈੱਸ ਨੂੰ ਦੱਸਿਆ, "ਅਸੀਂ ਬਰਤਾਨੀਆ ਦੇ ਨਾਗਰਿਕ ਹਾਂ ਅਤੇ ਅਸੀਂ ਸਮਝਦੇ ਹਾਂ ਕਿ ਸਾਨੂੰ ਸਲਤਨਤ ਦੇ ਕਿਸੇ ਵੀ ਹਿੱਸੇ ਵਿਚ ਜਾਣ ਦਾ ਹੱਕ ਹੈ।"[33]

ਵੈਨਕੂਵਰ ਤਕ ਆਉਂਦਿਆਂ ਜਹਾਜ਼ ਉਪਰ ਵੱਖੋ-ਵੱਖਰੇ ਮੁਲਕਾਂ ਤੋਂ ਮੁਸਾਫ਼ਰ ਚੜ੍ਹਾਏ ਗਏ। ਇਹ ਹੈਰਾਨੀਜਨਕ ਨਹੀਂ ਕਿ ਜਹਾਜ਼ ਦੇ ਆਉਣ 'ਤੇ ਬ੍ਰਿਟਿਸ਼ ਕੋਲੰਬੀਆ ਵਿਚ ਖਲਬਲੀ ਮੱਚ ਗਈ। ਪ੍ਰਧਾਨ ਮੰਤਰੀ ਰਿਚਰਡ ਮੈਕਬਰਾਈਡ ਨੇ ਕਿਹਾ, "ਵੱਡੀ ਤਾਦਾਦ 'ਚ ਪੂਰਬੀਆਂ ਨੂੰ ਲੈਣ ਦਾ ਮਤਲਬ ਹੋਵੇਗਾ ਆਖ਼ਿਰਕਾਰ ਗੋਰੇ ਲੋਕਾਂ ਦਾ ਵਿਨਾਸ਼ ਅਤੇ ਸਾਡੇ ਮਨਾਂ ਵਿਚ ਇਸ ਨੂੰ ਹਮੇਸ਼ਾ ਲਈ ਗੋਰਿਆਂ ਦਾ ਮੁਲਕ ਬਣਾਈ ਰੱਖਣ ਦੀ ਜ਼ਰੂਰਤ ਨੇ ਘਰ ਕੀਤਾ ਹੋਇਆ ਹੈ।"[34]

ਖ਼ਾਲਸਾ ਦੀਵਾਨ ਸੁਸਾਇਟੀ ਮੁਸਾਫ਼ਰਾਂ ਦੀ ਮਦਦ 'ਤੇ ਆਈ ਜਿਨ੍ਹਾਂ ਨੂੰ ਜਹਾਜ਼ ਤੋਂ ਉਤਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਇਸਨੇ ਹਕੂਮਤ ਨੂੰ ਅਦਾਲਤ ਵਿਚ ਚੁਣੌਤੀ ਦੇਣ ਲਈ ਐਡਵਰਡ ਬਰਡ ਨਾਂ ਦਾ ਗੋਰਾ ਵਕੀਲ ਕੀਤਾ ਜੋ ਕੈਨੇਡਾ ਦੀ ਸੋਸ਼ਲਿਸਟ ਪਾਰਟੀ ਨਾਲ ਜੁੜਿਆ ਹੋਇਆ ਸੀ।[35] ਬਰਡ ਨੂੰ ਗੋਰੇ ਸ਼੍ਰੇਸ਼ਟਵਾਦੀਆਂ ਨੇ ਡਰਾਇਆ ਤੇ ਧਮਕਾਇਆ।[36] ਬ੍ਰਿਟਿਸ਼ ਕੋਲੰਬੀਆ ਵਿਚ ਓਦੋਂ ਏਸ਼ੀਅਨਾਂ ਦੇ ਖ਼ਿਲਾਫ਼ ਕਿਸ ਤਰ੍ਹਾਂ ਦਾ ਮਾਹੌਲ ਭਾਰੂ ਸੀ, ਇਹ ਉਸ ਜਨਤਕ ਇਕੱਠ ਦੀ ਕਾਰਵਾਈ ਤੋਂ ਸਪਸ਼ਟ ਹੋ ਜਾਂਦਾ ਹੈ ਜੋ 23 ਜੂਨ 1914 ਨੂੰ ਵੈਨਕੂਵਰ ਦੇ ਡੁਮੀਨੀਅਨ ਹਾਲ ਵਿਚ ਹੋਈ ਸੀ। ਐੱਚ.ਐੱਚ. ਸਟੀਵਨਜ਼ ਨੇ ਪੂਰਬੀ ਲੋਕਾਂ ਨੂੰ ਨਿਸ਼ਾਨਾ ਬਣਾਉਣ 'ਚ ਕੋਈ ਕਸਰ ਨਾ ਛੱਡੀ: "ਮੇਰੀ ਰਾਇ ਹੈ, ਅਤੇ ਮੈਂ ਸਮਝਦਾ ਹਾਂ ਬ੍ਰਿਟਿਸ਼ ਕੋਲੰਬੀਆ ਦੇ ਹਰ ਮੈਂਬਰ ਦਾ ਇਹੀ ਰਾਇ ਹੈ, ਕਿ ਕੈਨੇਡਾ ਦੀ ਹਕੂਮਤ – ਕੈਨੇਡਾ ਦੀ ਸੰਸਦ – ਨੂੰ ਪੂਰਬੀਆਂ ਨੂੰ ਬਾਹਰ ਰੱਖਣ ਲਈ ਨਿਵੇਕਲਾ ਅਤੇ ਖ਼ਾਸ ਤਰ੍ਹਾਂ ਦਾ ਕਾਨੂੰਨ ਲਾਜ਼ਮੀ ਬਣਾਉਣਾ ਚਾਹੀਦਾ ਹੈ (ਜ਼ੋਰਦਾਰ ਤਾੜੀਆਂ)।"[37]

ਕਾਮਾਗਾਟਾ ਮਾਰੂ ਘਿਰਿਆ ਹੋਇਆ ਹੋਣ ਕਰਕੇ, ਜਹਾਜ਼ ਉਪਰ ਹਾਲਤ ਬਹੁਤ ਭੈੜੀ ਹੋ ਗਈ ਸੀ। 3 ਜੁਲਾਈ 1914 ਨੂੰ ਰੀਡ ਦੇ ਨਾਂ ਹਾਪਕਿਨਸਨ ਦਾ ਖ਼ਤ ਖ਼ੁਲਾਸਾ ਕਰਦਾ ਹੈ ਕਿ ਉਨ੍ਹਾਂ ਦਾ ਰਾਸ਼ਨ ਖ਼ਤਮ ਮੁੱਕ ਗਿਆ ਸੀ ਅਤੇ ਜਹਾਜ਼ ਦੀ ਹਾਲਤ ਬਹੁਤ ਭੈੜੀ ਸੀ।[38]

ਆਖ਼ਿਰਕਾਰ, ਈਸਟ ਇੰਡੀਅਨ ਮੋਹਤਬਰ ਹਕੂਮਤ ਨਾਲ ਲੜਾਈ ਹਾਰ ਗਏ ਅਤੇ 23 ਜੁਲਾਈ 1914 ਨੂੰ ਕਾਮਾਗਾਟਾ ਮਾਰੂ ਨੂੰ ਜ਼ਬਰੀ ਮੋੜ ਦਿੱਤਾ ਗਿਆ। ਪਰ ਇਹ ਬਿਨਾ ਵਿਰੋਧ ਨਹੀਂ ਹੋਇਆ। 19 ਜੁਲਾਈ 1914 ਨੂੰ ਪੁਲਿਸ ਅਤੇ ਇਮੀਗਰੇਸ਼ਨ ਅਧਿਕਾਰੀਆਂ ਨੇ "ਸੀ ਲਾਇਨ" ਨਾਂ ਦੀ ਸਮੁੰਦਰੀ ਕਿਸ਼ਤੀ ਦੀ ਮਦਦ ਨਾਲ ਜਹਾਜ਼ ਨੂੰ ਘੇਰਨ ਦਾ ਯਤਨ ਕੀਤਾ। ਜੰਮਕੇ ਲੜਾਈ ਹੋਈ। ਕਹਾਣੀ ਦੀ ਸਰਕਾਰੀ ਪੇਸ਼ਕਾਰੀ ਅਨੁਸਾਰ 20 ਲੋਕ ਜ਼ਖ਼ਮੀ ਹੋਏ।[39] ਰੋਹ 'ਚ ਆਏ ਮੁਸਾਫ਼ਰਾਂ ਵਲੋਂ ਚਲਾਈਆਂ ਇੱਟਾਂ ਵਿੱਚੋਂ ਇਕ ਅਜੇ ਵੀ ਵੈਨਕੂਵਰ ਮਿਊਜ਼ੀਅਮ ਵਿਚ ਸਾਂਭੀ ਹੋਈ ਹੈ।

ਇਸ ਦੌਰਾਨ, ਭਾਗ ਸਿੰਘ ਨੂੰ ਦੋ ਹੋਰ ਸਾਥੀਆਂ ਨਾਲ ਅਮਰੀਕਾ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ, ਜਿਥੇ ਉਹ ਜਹਾਜ਼ ਦੇ ਮੁਸਾਫ਼ਰਾਂ ਲਈ ਹਥਿਆਰ ਖ਼ਰੀਦਣ ਗਏ ਸਨ ਜਿਸ ਉਪਰ ਵਾਪਸ ਮੋੜੇ ਜਾਣ ਦਾ ਖ਼ਤਰਾ ਮੰਡਰਾ ਰਿਹਾ ਸੀ। ਇਨ੍ਹਾਂ ਆਗੂਆਂ ਦੀ ਸੋਚ ਇਹ ਸੀ ਕਿ ਹਿੰਦੁਸਤਾਨ ਵਿਚ ਗ਼ਦਰ ਲਈ ਹਥਿਆਰ ਭੇਜੇ ਜਾਣ। ਮੇਵਾ ਸਿੰਘ ਵੀ ਇਨ੍ਹਾਂ ਨਾਲ ਸੁਮਾਸ ਗਏ ਸਨ।[40] ਉਨ੍ਹਾਂ ਨੂੰ ਹਥਿਆਰ ਲਿਜਾਂਦੇ ਹੋਏ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਪਿੱਛੋਂ ਉਨ੍ਹਾਂ ਨੇ ਕੈਨੇਡੀਅਨ ਅਧਿਕਾਰੀਆਂ ਦਿੱਤੇ ਬਿਆਨ ਵਿਚ ਮੰਨਿਆ ਕਿ ਉਹ 16 ਜੁਲਾਈ 1914 ਨੂੰ ਸੁਮਾਸ ਗਏ ਸਨ ਅਤੇ ਅਗਲੀ ਸਵੇਰ ਚਾਰ ਰਿਵਾਲਵਰ ਖ਼ਰੀਦੇ ਸਨ। ਕੈਨੇਡਾ ਵਾਪਸ ਆਉਂਦੇ ਵਕਤ ਉਸ ਨੂੰ ਇਕ ਰਿਵਾਲਵਰ ਅਤੇ ਗੋਲੀ-ਸਿੱਕੇ ਦੇ ਤਿੰਨ ਬਕਸਿਆਂ ਸਮੇਤ

ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਨੇ ਕਿਹਾ, "...ਮੈਂ ਸਮਝਦਾ ਹਾਂ ਇਨ੍ਹਾਂ ਲੋਕਾਂ ਦੀ ਕੋਸ਼ਿਸ਼ ਸੀ ਇਹ ਹਥਿਆਰ ਕਾਮਾਗਾਟਾ ਮਾਰੂ 'ਤੇ ਪਹੁੰਚਾਏ ਜਾਣ।"[41]

ਕਾਮਾਗਾਟਾ ਮਾਰੂ ਨੂੰ ਵਾਪਸ ਮੋੜ ਦਿੱਤੇ 'ਤੇ ਇਕ ਹਫ਼ਤਾ ਬਾਦ ਭਾਗ ਸਿੰਘ ਨੂੰ ਰਿਹਾਅ ਕਰ ਦਿੱਤਾ ਗਿਆ।[42] ਜਦੋਂ ਸਤੰਬਰ 1914 'ਚ ਜਹਾਜ਼ ਵਾਪਸ ਪਹੁੰਚਿਆ ਤਾਂ ਕਲਕੱਤਾ ਨੇੜੇ ਬਜ ਬਜ ਘਾਟ ਉਪਰ ਹੋਏ ਗੋਲੀ ਕਾਂਡ ਨੇ ਬਲਦੀ ਉਪਰ ਤੇਲ ਪਾਉਣ ਦਾ ਕੰਮ ਕੀਤਾ ਜਿਸ ਨਾਲ ਇਕ ਬਰਤਾਨਵੀ ਪੁਲਿਸ ਅਧਿਕਾਰੀ ਸਮੇਤ 22 ਬੰਦੇ ਮਾਰੇ ਗਏ।[43] ਗੜਬੜ ਉਦੋਂ ਹੋਈ ਜਦੋਂ ਪੁਲਿਸ ਨੇ ਇਨ੍ਹਾਂ ਮੁਸਾਫ਼ਰਾਂ ਨੂੰ ਇਕ ਖ਼ਾਸ ਰੇਲ ਗੱਡੀ ਰਾਹੀਂ ਪੰਜਾਬ ਭੇਜਣ ਦਾ ਯਤਨ ਕੀਤਾ ਜੋ ਬਜ ਬਜ ਰੇਲਵੇ ਸਟੇਸ਼ਨ ਉਪਰ ਉਨ੍ਹਾਂ ਦੀ ਇੰਤਜ਼ਾਰ 'ਚ ਖੜ੍ਹੀ ਸੀ। ਅਧਿਕਾਰੀਆਂ ਨੂੰ ਸ਼ੱਕ ਸੀ ਇਹ ਬੰਦੇ ਗ਼ਦਰੀ ਕਾਰਕੁਨ ਹਨ।[44] ਸਬੱਬ ਨਾਲ ਇਹ ਕਾਂਡ ਪਹਿਲੀ ਆਲਮੀ ਜੰਗ ਛਿੜਨ 'ਤੇ ਵਾਪਰਿਆ। ਇਹ ਅੰਗਰੇਜ਼ ਸਲਤਨਤ ਉਪਰ ਵਾਰ ਕਰਨ ਦਾ ਸਹੀ ਵਕਤ ਸੀ ਜੋ ਹੁਣ ਜਰਮਨੀ ਨਾਲ ਲੜਾਈ ਵਿਚ ਉਲਝੀ ਹੋਈ ਸੀ, ਇਹ ਸੋਚਕੇ ਗ਼ਦਰ ਪਾਰਟੀ ਦੇ ਆਗੂਆਂ ਨੇ ਗ਼ਦਰ ਸ਼ੁਰੂ ਕਰਨ ਦਾ ਹੋਕਾ ਦਿੱਤਾ ਜਿਸ ਨੇ ਬਹੁਤ ਸਾਰੇ ਆਵਾਸੀਆਂ ਨੂੰ ਹਿੰਦੁਸਤਾਨ ਵਾਪਸ ਜਾਣ ਲਈ ਪ੍ਰੇਰਿਆ।[45] ਆਪਣੇ ਵਤਨ ਜਾ ਕੇ ਗ਼ਦਰ ਕਰਨ ਦਾ ਯਤਨ ਕਰਦਿਆਂ ਸਿਰਫ਼ ਕੈਨੇਡਾ ਦੇ ਹੀ 14 ਗ਼ਦਰੀ ਕਾਰਕੁਨ ਮਾਰੇ ਗਏ।[46]

ਕਤਲ ਅਤੇ ਹਿੰਸਾ

ਕਾਮਾਗਾਟਾ ਮਾਰੂ ਨੂੰ ਵਾਪਸ ਮੋੜ ਦਿੱਤੇ ਜਾਣ ਨਾਲ ਵੈਨਕੂਵਰ ਦਾ ਮਾਹੌਲ ਤਣਾਓਪੂਰਨ ਹੋ ਗਿਆ। ਸਰਕਾਰੀ ਅਧਿਕਾਰੀ ਵੀ ਗੜਬੜ ਦੇ ਖ਼ਦਸ਼ੇ ਬਾਰੇ ਚੁਕੰਨੇ ਸਨ। ਇਕ ਖ਼ੁਫ਼ੀਆ ਰਿਪੋਰਟ ਖ਼ੁਲਾਸਾ ਕਰਦੀ ਹੈ ਕਿ ਗ਼ਦਰੀ ਕਾਰਕੁਨ ਕਾਮਾਗਾਟਾ ਮਾਰੂ ਨੂੰ ਮੋੜੇ ਜਾਣ ਤੋਂ ਬਹੁਤ ਪਹਿਲਾਂ ਹੀ ਰੀਡ ਅਤੇ ਹਾਪਕਿਨਸਨ ਤੋਂ ਬਦਲਾ ਲੈਣ ਦੀ ਤਾਕ ਸਨ। 8 ਜੁਲਾਈ 1914 ਦੇ ਇਕ ਦਸਤਾਵੇਜ਼ ਵਿਚ ਹੁਸੈਨ ਰਹੀਮ ਅਤੇ ਦੋ ਹੋਰ ਬੰਦਿਆਂ, ਸੋਹਣ ਲਾਲ ਅਤੇ ਮੁਹੰਮਦ ਅਕਬਰ, ਦਰਮਿਆਨ ਹੋਈ ਵਿਵਾਦਪੂਰਨ ਗੱਲਬਾਤ ਦੀ ਰਿਪੋਰਟ ਦਿੱਤੀ ਗਈ ਹੈ ਜਿਸ ਵਿਚ ਰੀਡ ਅਤੇ ਹਾਪਕਿਨਸਨ ਨੂੰ ਨੁਕਸਾਨ ਪਹੁੰਚਾਏ ਜਾਣ ਦੀ ਸੰਭਾਵਨਾ ਦੀ ਚਰਚਾ ਕੀਤੀ ਗਈ ਸੀ।[47]

ਕਾਮਾਗਾਟਾ ਮਾਰੂ ਨੂੰ ਵਾਪਸ ਮੋੜੇ ਜਾਣ ਤੋਂ ਮਹਿਜ਼ ਪੰਜ ਦਿਨ ਪਹਿਲਾਂ, ਬੇਲਾ ਸਿੰਘ ਦੇ ਇਕ ਹਮਾਇਤੀ ਨੇ ਰਹੀਮ ਉਪਰ ਤਲਵਾਰ ਨਾਲ ਹਮਲਾ ਕੀਤਾ। ਭਾਵੇਂ ਰਹੀਮ ਦਾ ਬਚਾ ਹੋ ਗਿਆ ਪਰ ਇਸ ਨਾਲ ਕਤਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਬੇਲਾ ਸਿੰਘ ਦੇ ਦੋ ਹਮਾਇਤੀ, ਹਰਨਾਮ ਸਿੰਘ ਅਤੇ ਅਰਜਣ ਸਿੰਘ, ਕਤਲ ਕਰ ਦਿੱਤੇ ਗਏ। 31 ਅਗਸਤ ਨੂੰ ਹਰਨਾਮ ਸਿੰਘ ਦੀ ਲਾਸ਼ ਮਿਲੀ ਉਸ ਦੀ ਗਰਦਣ ਵੱਢੀ ਹੋਈ ਸੀ। ਜਦੋਂਕਿ 3 ਸਤੰਬਰ ਨੂੰ ਅਰਜਨ ਸਿੰਘ ਨੂੰ ਗੋਲੀ ਮਾਰਕੇ ਮਾਰ ਦਿੱਤਾ ਗਿਆ।[48] 5 ਸਤੰਬਰ ਨੂੰ ਬੇਲਾ ਸਿੰਘ ਵੈਨਕੂਵਰ ਗੁਰਦੁਆਰੇ ਗਿਆ ਅਤੇ ਭਾਗ ਸਿੰਘ ਤੇ ਬਦਨ ਸਿੰਘ ਉਪਰ ਗੋਲੀਆਂ ਦੀਆ ਬੌਛਾੜ ਕਰ ਦਿੱਤੀ।[49] ਬਦਨ ਸਿੰਘ, ਜੋ ਭਾਗ ਸਿੰਘ ਦੀ ਅਗਵਾਈ ਵਿਚ ਕਈ ਮੁਹਿੰਮਾਂ ਵਿਚ ਸ਼ਾਮਲ ਰਿਹਾ ਸੀ, ਨੇ ਜਦੋਂ ਵਿਰੋਧ ਕਰਨਾ ਚਾਹਿਆ ਤਾਂ ਉਸ ਨੂੰ ਗੋਲੀ ਮਾਰ ਦਿੱਤੀ ਗਈ।[50] ਅਗਲੇ ਦਿਨ ਦੋਵੇਂ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਦਮ ਤੋੜ ਗਏ। ਭਾਗ ਸਿੰਘ ਅਤੇ ਬਦਨ ਸਿੰਘ ਨੇ ਆਖ਼ਰੀ ਸਾਹ ਲੈਣ ਵਕਤ ਦਿੱਤੇ ਬਿਆਨਾਂ ਵਿਚ ਸਾਫ਼ ਕਿਹਾ ਕਿ ਗੋਲੀਆਂ ਬੇਲਾ ਸਿੰਘ ਨੇ ਚਲਾਈਆਂ ਸਨ। ਜ਼ਖ਼ਮੀਆਂ ਨੇ ਵੀ

ਉਨ੍ਹਾਂ ਦੇ ਇਲਜ਼ਾਮ ਦੀ ਤਈਦ ਕੀਤੀ।[51]

ਇਨ੍ਹਾਂ ਖ਼ੂਨੀ ਘਟਨਾਵਾਂ ਨੇ ਓਦੋਂ ਹੋਰ ਵੀ ਭਿਆਨਕ ਰੂਪ ਅਖ਼ਤਿਆਰ ਕਰ ਲਿਆ ਜਦੋਂ 21 ਅਕਤੂਬਰ ਨੂੰ ਮੇਵਾ ਸਿੰਘ ਵਲੋਂ ਪ੍ਰਾਵਿੰਸ਼ੀਅਲ ਅਦਾਲਤ ਵਿਚ ਹਾਪਕਿਨਸਨ ਨੂੰ ਗੋਲੀ ਮਾਰਕੇ ਮਾਰ ਦਿੱਤਾ ਗਿਆ।[52] *ਦ ਸਨ* ਦੀ ਸੁਰਖ਼ੀ ਸੀ, "ਇੰਸਪੈਕਟਰ ਹਾਪਕਿਨਸਨ ਕਾਮਾਗਾਟਾ ਦੀ ਭੇਟ ਚੜ੍ਹਿਆ ਪੰਜਵਾਂ ਬੰਦਾ"। ਇਕ ਚਸ਼ਮਦੀਦ ਗਵਾਹ ਅਨੁਸਾਰ, ਮੇਵਾ ਸਿੰਘ ਅਡੋਲ ਸੀ ਉਹ ਉੱਚੀ ਆਵਾਜ਼ 'ਚ ਗਰਜ਼ਿਆ, "ਇਸ ਨੂੰ ਮੈਂ ਮਾਰਿਆ, ਮੈਨੂੰ ਕੋਈ ਪ੍ਰਵਾਹ ਨਹੀਂ।"[53] ਪੁਲਿਸ ਦਾ ਵਿਸ਼ਵਾਸ ਸੀ ਕਿ ਮੇਵਾ ਸਿੰਘ ਨੇ ਇਹ ਆਪਣੇ ਤੌਰ 'ਤੇ ਨਹੀਂ ਕੀਤਾ ਅਤੇ ਪੁਲਿਸ ਨੂੰ ਸ਼ੱਕ ਸੀ ਕਿ ਇਸ ਦੇ ਪਿੱਛੇ ਕੋਈ ਵੱਡੀ ਸਾਜ਼ਿਸ਼ ਕੰਮ ਕਰਦੀ ਸੀ।[54] ਰਹੀਮ ਨੂੰ ਮੇਵਾ ਸਿੰਘ ਨੂੰ ਹਾਪਕਿਨਸਨ ਦੇ ਕਤਲ ਲਈ ਉਕਸਾਉਣ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਕੋਈ ਸਬੂਤ ਨਾ ਹੋਣ ਕਾਰਨ ਬਾਦ ਵਿਚ ਉਹ ਬਰੀ ਹੋ ਗਿਆ।[55] ਹਾਪਕਿਨਸਨ ਦੇ ਕਤਲ ਪਿੱਛੋਂ ਰੀਡ ਦਾ ਤਬਾਦਲਾ ਪੂਰਬ ਵਿਚ ਕਰ ਦਿੱਤਾ ਗਿਆ ਕਿਉਂਕਿ ਫੈਡਰਲ ਸਰਕਾਰ ਅਨੁਸਾਰ ਉਸਦੀ ਜਾਨ ਨੂੰ ਖ਼ਤਰਾ ਸੀ।[56]

ਉਧਰ ਮੇਵਾ ਸਿੰਘ ਨੂੰ ਇਸ ਦਾ ਕੋਈ ਅਫ਼ਸੋਸ ਨਹੀਂ ਸੀ। 30 ਅਕਤੂਬਰ 1914 ਨੂੰ ਉਸਦਾ ਜੋ ਬਿਆਨ ਮੁਕੱਦਮੇ ਵਿਚ ਪੜ੍ਹਿਆ ਗਿਆ ਉਸ ਤੋਂ ਪਤਾ ਚਲਦਾ ਹੈ ਕਿ ਉਸਨੇ ਹਾਪਕਿਨਸਨ ਨੂੰ ਕਿਉਂ ਮਾਰਿਆ। ਉਹ ਅੰਗਰੇਜ਼ੀ ਨਹੀਂ ਸੀ ਸਮਝ ਸਕਦਾ ਇਸ ਲਈ ਉਸ ਦੇ ਵੱਲੋਂ ਇਹ ਬਿਆਨ ਪੜ੍ਹਕੇ ਸੁਣਾਇਆ ਗਿਆ। ਉਸਨੇ ਬੇਝਿਜਕ ਆਪਣਾ ਜੁਰਮ ਕਬੂਲ ਕੀਤਾ। ਉਸ ਨੇ ਖ਼ੁਲਾਸਾ ਕੀਤਾ ਕਿ ਉਹ ਭਾਗ ਸਿੰਘ ਦੇ ਦੋ ਨਿੱਕੇ-ਨਿੱਕੇ ਬੱਚਿਆਂ ਦਾ ਦੁੱਖ ਸਹਿਣ ਨਹੀਂ ਕਰ ਸਕਿਆ ਜੋ ਉਸਦੀ ਮੌਤ ਨਾਲ ਯਤੀਮ ਹੋ ਗਏ ਸਨ। ਭਾਗ ਸਿੰਘ ਦੀ ਪਤਨੀ ਉਸੇ ਸਾਲ ਚਲਾਣਾ ਕਰ ਗਈ ਸੀ। ਉਸ ਨੇ ਆਪਣੇ ਬਿਆਨ ਵਿਚ ਰੀਡ ਅਤੇ ਹਾਪਕਿਨਸਨ ਨੂੰ ਇਨ੍ਹਾਂ ਘਟਨਾਵਾਂ ਲਈ ਸਿੱਧਾ ਕਸੂਰਵਾਰ ਠਹਿਰਾਇਆ ਅਤੇ ਦਾਅਵੇ ਨਾਲ ਕਿਹਾ ਕਿ ਬੇਲਾ ਸਿੰਘ ਤੇ ਹਾਪਕਿਨਸਨ ਉਸ ਨੂੰ ਤੰਗ ਕਰ ਰਹੇ ਸਨ ਅਤੇ ਜਦੋਂ ਉਹ ਅਮਰੀਕਾ ਤੋਂ ਹਥਿਆਰ ਲਿਆਉਂਦੇ ਵਕਤ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਉਸ ਨੂੰ ਭਾਗ ਸਿੰਘ ਤੇ ਹੋਰਾਂ ਨੂੰ ਇਸ ਮਾਮਲੇ ਵਿਚ ਫਸਾਉਣ ਲਈ ਮਜਬੂਰ ਕਰਦੇ ਰਹੇ ਸਨ। ਉਸਦੇ ਬਿਆਨ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਉਸਨੂੰ ਕੈਨੇਡਾ ਵਿਚ ਨਸਲਵਾਦ ਝੱਲਣਾ ਪਿਆ ਸੀ। "...ਬਹੁਤ ਥੋੜ੍ਹੇ ਈਸਾਈ ਹਨ ਜੋ ਸਾਡੇ ਨਾਲ ਸਹੀ ਸਲੂਕ ਕਰਦੇ ਹਨ, ਬਾਕੀ ਸਾਡੇ ਨਾਲ ਕੁੱਤਿਆਂ ਵਾਲਾ ਵਰਤਾਓ ਕਰਦੇ ਹਨ।"[57]

ਜਦੋਂ ਮੇਵਾ ਸਿੰਘ ਮੌਤ ਦੀ ਸਜ਼ਾ ਦੀ ਇੰਤਜ਼ਾਰ ਕਰ ਰਿਹਾ ਸੀ, 18 ਨਵੰਬਰ 1914 ਨੂੰ ਜਿਊਰੀ ਨੇ ਬੇਲਾ ਸਿੰਘ ਨੂੰ ਬਰੀ ਕਰ ਦਿੱਤਾ। ਜਿਊਰੀ ਅਨੁਸਾਰ ਉਹ ਕਤਲ ਦੇ ਇਲਜ਼ਾਮਾਂ ਵਿਚ "ਕਸੂਰਵਾਰ ਨਹੀਂ" ਪਾਇਆ ਗਿਆ। ਬੇਲਾ ਸਿੰਘ ਨੇ ਦਾਅਵਾ ਕੀਤਾ ਕਿ ਉਸਨੇ ਤਾਂ ਆਪਣੀ ਰਾਖੀ ਲਈ ਗੋਲੀ ਚਲਾਈ ਸੀ। ਕਈ ਗਵਾਹ ਭੁਗਤੇ ਕਿ ਦੂਜੇ ਧੜੇ ਵਾਲੇ ਗੁਰਦੁਆਰੇ ਦੇ ਅੰਦਰ ਮੀਟਿੰਗ ਕਰ ਰਹੇ ਸਨ ਜਿਥੇ ਰੀਡ ਅਤੇ ਹਾਪਕਿਨਸਨ ਦੇ ਕਤਲਾਂ ਦੀ ਵਕਾਲਤ ਕੀਤੀ ਗਈ। ਜੱਜ ਨੇ ਜਿਊਰੀ ਨੂੰ ਜ਼ੋਰ ਦੇ ਕੇ ਕਿਹਾ ਕਿ ਬੇਲਾ ਸਿੰਘ ਅਮਨ-ਕਾਨੂੰਨਪਸੰਦ ਬੰਦਾ ਹੈ।[58]

11 ਜਨਵਰੀ 1915 ਨੂੰ ਮੇਵਾ ਸਿੰਘ ਨੂੰ ਫਾਂਸੀ ਦਿੱਤੀ ਗਈ। ਜਦੋਂ ਉਨ੍ਹਾਂ ਨੂੰ ਨਿਊ ਵੈਸਟਮਿੰਸਟਰ ਜੇਲ੍ਹ ਦੇ ਅੰਦਰ ਫਾਂਸੀ ਦੇ ਤਖ਼ਤੇ ਵੱਲ ਲਿਜਾਇਆ ਗਿਆ, ਉਹ ਪੂਰੀ ਚੜ੍ਹਦੀ

ਕਲਾ ਵਿਚ ਸੀ। ਉਹ ਗੁਰਬਾਣੀ ਦੇ ਸ਼ਬਦ ਗਾ ਰਿਹਾ ਸੀ। ਜੇਲ੍ਹ ਦੇ ਬਾਹਰ ਭਾਈਚਾਰੇ ਦੇ ਥੋੜ੍ਹੇ ਜਿਹੇ ਲੋਕ ਹੀ ਮੌਜੂਦ ਸਨ, ਪਰ ਗੁਰਦੁਆਰੇ ਵਿਚ ਚਾਰ ਸੌ ਤੋਂ ਉਪਰ ਲੋਕ ਪਹੁੰਚੇ। ਉਸਦੀ ਮ੍ਰਿਤਕ ਦੇਹ ਦਾਹ-ਸਸਕਾਰ ਲਈ ਸਿੱਖ ਭਾਈਚਾਰੇ ਨੂੰ ਸੌਂਪ ਦਿੱਤੀ ਗਈ।[59] 500 ਤੋਂ ਉਪਰ ਲੋਕ ਉਸਦੀ ਅੰਤਮ ਯਾਤਰਾ ਵਿਚ ਸ਼ਾਮਲ ਹੋਏ।

ਨਿਚੋੜ

ਮੇਵਾ ਸਿੰਘ ਨੇ ਹਾਪਕਿਨਸਨ ਨੂੰ ਨਿਰੋਲ ਭਾਵੁਕ ਕਾਰਨਾਂ ਕਰਕੇ ਮਾਰਿਆ ਇਸ ਨਤੀਜੇ 'ਤੇ ਨਹੀਂ ਪਹੁੰਚਿਆ ਜਾ ਸਕਦਾ ਕਿਉਂਕਿ ਉਨ੍ਹਾਂ ਨੇ ਆਪਣੇ ਇਕਬਾਲੀਆ-ਬਿਆਨ ਵਿਚ ਕੋਈ ਸਪਸ਼ਟ ਸਿਆਸੀ ਬਿਆਨ ਨਹੀਂ ਦਿੱਤਾ, ਪਰ ਉਨ੍ਹਾਂ ਦੀ ਕਾਰਵਾਈ ਨੂੰ ਇਤਿਹਾਸ ਦੇ ਚੁੜੇਰੇ ਪ੍ਰਸੰਗ ਵਿਚ ਦੇਖਿਆ ਜਾਣਾ ਚਾਹੀਦਾ ਹੈ। ਭਾਵੇਂ ਅਸੀਂ ਇਹ ਕਦੇ ਨਹੀਂ ਜਾਣ ਸਕਾਂਗੇ ਕਿ ਹਾਪਕਿਨਸਨ ਦਾ ਕਤਲ ਗ਼ਦਰੀ ਆਗੂਆਂ ਦੀ ਚੁੱਕ 'ਚ ਆਕੇ ਕੀਤਾ ਗਿਆ, ਫਿਰ ਵੀ ਅਸੀਂ ਟੁਕੜਿਆਂ 'ਚ ਜਾਣਕਾਰੀ ਨੂੰ ਜੋੜਕੇ ਉਨ੍ਹਾਂ ਹਾਲਾਤ ਨੂੰ ਸਮਝ ਸਕਦੇ ਹਾਂ ਜਿਨ੍ਹਾਂ ਦੇ ਸਿੱਟੇ ਵਜੋਂ ਇਹ ਕਤਲ ਹੋਇਆ। ਹਾਪਕਿਨਸਨ ਅਤੇ ਉਸਦਾ ਕਾਤਲ ਹਾਲਾਤ ਅਤੇ ਸਿਆਸੀ ਘਟਨਾਵਾਂ ਦੇ ਸ਼ਿਕਾਰ ਹੋਏ ਜੋ ਉਨ੍ਹਾਂ ਦੇ ਵੱਸ 'ਚ ਨਹੀਂ ਸਨ। ਹਾਪਕਿਨਸਨ ਅੰਗਰੇਜ਼ ਸਲਤਨਤ ਦੀਆਂ ਨੀਤੀਆਂ ਨੂੰ ਲਾਗੂ ਕਰਦਿਆਂ ਹਿੰਸਾ ਦਾ ਸ਼ਿਕਾਰ ਹੋਇਆ, ਦੂਜੇ ਪਾਸੇ ਮੇਵਾ ਸਿੰਘ ਦੀ ਕਾਰਵਾਈ ਉਨ੍ਹਾਂ ਕਤਲਾਂ ਅਤੇ ਹਿੰਸਾ ਦਾ ਸਿੱਟਾ ਸੀ ਜਿਨ੍ਹਾਂ ਨੇ ਨਸਲਵਾਦ ਅਤੇ ਵਿਤਕਰੇਬਾਜ਼ ਇਮੀਗਰੇਸ਼ਨ ਨੀਤੀਆਂ ਦੇ ਕਾਰਨ ਵੈਨਕੂਵਰ ਦੇ ਈਸਟ ਇੰਡੀਅਨ ਭਾਈਚਾਰੇ ਵਿਚ ਤਬਾਹੀ ਮਚਾ ਦਿੱਤੀ ਸੀ। ਕੋਈ ਮੇਵਾ ਸਿੰਘ ਨੂੰ ਇਸ ਕਰਕੇ ਸਿਆਸੀ ਲਹਿਰ ਵਿਚ ਹਿੱਸਾ ਲੈਣ ਵਾਲੇ ਸਧਾਰਨ ਬੰਦੇ ਵਜੋਂ ਲੈ ਸਕਦਾ ਹੈ ਕਿ ਭਾਗ ਸਿੰਘ, ਦਾਸ, ਕੁਮਾਰ ਜਾਂ ਰਹੀਮ ਦੇ ਮੁਕਾਬਲੇ ਵੱਡੇ ਸਿਆਸੀ ਮੁੱਦਿਆਂ ਬਾਰੇ ਉਨ੍ਹਾਂ ਦੀ ਸੂਝ ਸੀਮਤ ਸੀ। ਪਰ ਨਸਲਵਾਦ ਦੇ ਅਨੁਭਵ ਅਤੇ ਇਮੀਗਰੇਸ਼ਨ ਅਧਿਕਾਰੀਆਂ ਦੀ ਬੇਰਹਿਮੀ ਨਾਲ ਸਿੱਧੇ ਵਾਹ ਨੇ ਉਨ੍ਹਾਂ ਨੂੰ ਗ਼ਦਰ ਲਹਿਰ ਦੇ ਉਨ੍ਹਾਂ ਸਰਗਰਮ ਕਾਰਕੁਨਾਂ ਨਾਲ ਜੋੜ ਦਿੱਤਾ ਜਿਨ੍ਹਾਂ ਦੀ ਵਿਚਾਰਧਾਰਾ ਉਨ੍ਹਾਂ ਦੇ ਖ਼ੁਦ ਦੇ ਅਜਿਹੇ ਅਨੁਭਵਾਂ ਵਿੱਚੋਂ ਉਭਰੀ ਸੀ। ਲਿਹਾਜ਼ਾ ਮੇਵਾ ਸਿੰਘ ਦੇ 'ਜੁਰਮ' ਨੂੰ ਸਿਆਸੀ ਕਾਰਵਾਈ ਵਜੋਂ ਦੇਖਿਆ ਜਾਣਾ ਚਾਹੀਦਾ ਹੈ ਕਿਉਂਕਿ ਇਸ ਨੂੰ ਬਸਤੀਵਾਦ ਅਤੇ ਨਸਲਵਾਦ ਦੇ ਵਡੇਰੇ ਮਨੋਰਥਾਂ ਤੋਂ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ।

ਹਵਾਲੇ:

1. Puri Harish K, Ghadar Movement; Page 18
2. Ibid., 27
3. Kazimi Ali, Undesirables: White Canada and the Komagata 1 Maru; Page 53
4. Dua Enakshi, Exclusion through Inclusion: Female Asian Migration in the Making of Canada as a White Settler Nation, Rethinking Canada: The Promises of Women's History; Page 177
5. Hundal Sukhwant and Binning Sadhu, Bhartian ne kaneda

vich vot da hak kis tranh liaa : panjahvin vreh gandh te vishesh; Page 43
6. Kazimi Ali, Undesirables; Page 56
7. Puri Harish K. Ghadar Movement; 19
8. Singh Kesar, Canadian Sikhs and Komagata Maru Massacre; Page 22.
9. Dua Enakshi. Exclusion Through Inclusion: Page 180
10. Kazimi Ali, 66
11. Ibid., 73
12. Singh Puran, Bhai Arjan Singh Chand Di Itihasik Diary; Page 41
13. Pooni Sohan Singh, Canada De Gadri Yodhe; Page 26
14. Ker James Campbell, Political Trouble in India 1907-1917; Page 232
15. Pooni Sohan Singh; Page 26
16. Ibid., 60
17. Ibid, 29
18. Josh Sohan Singh, Hindustan Ghadar Party: A Short History; Page 17
19. Ibid., Page, 109
20. Ibid., 110.
21. Singh Kesar; Ghadar Lehar Di Kavita, Page 93
22. Josh Sohan Singh; Page 109
23. Pooni Sohan Singh: Page 33
24 Ker James Campbell: Page 236
25. Malcom J Reid to H.H. Stevens; City of Vancouver Archives
36. Johnston Hugh. Biographies, www.Komagatamarujourney.ca
27. Johnston Hugh, The Voyage of the Komagata Maru: The Sikh Challenge to Canada's Colour Bar: Page I.
28. Ibid., 125
29. Pooni Sohan Singh; Page 76
30. Ibid. 108
31. Kesar Singh, Canadian Sikhs; Page 67
32. Josh Sohan Singh; Page 89
33. Johnston Hugh; Page 37

34. Muthanna I. M., People of India in North America; Page 242
35. Pooni; Page 35
36. Ibid., 66
37. Minutes of a public meeting Held in Dominion Hall, Vancouver on Tuesday evening, June 23, 1914, Archives; City of Vancouver Archives.
38. Hopkinson to Reid; City of Vancouver Archives.
39. Josh Sohan Singh; Page 99
40. Pooni Sohan Singh, 35
41. Statement of Mewa Singh, City of Vancouver Archives
42. Pooni, page 36
43. Kazimi Ali, Page 138
44. Ibid, 137
45. Pooni Sohan Singh; Page 37
46. Ibid, 17
47. City of Vancouver Archives
48. The Sun, October 22. 1914
49. Pooni; Page 68
50. Ibid. 40
51. The Sun. September 7. 1914
52. The Sun, October 22, 1914
53. The Province, October 21, 1914
54. The Sun. October 24, 1914
55. Pooni,: Page 69
56. The Sun, October 29, 1914
57. Statement read for Mewa Singh at his trial: National Library and Archives Canada.
58. The Province, November 18, 1914
59. The Daily Colonist, Victoria, January 11, 1915

ਭਾਈ ਮੇਵਾ ਸਿੰਘ ਦਾ ਨਿਧੜਕ ਬਿਆਨ

[ਭਾਈ ਮੇਵਾ ਸਿੰਘ ਨੇ 29 ਅਕਤੂਬਰ 1914 ਨੂੰ ਹਾਪਕਿਨਸਨ ਨੂੰ ਗੋਲੀ ਮਾਰਨ ਦਾ ਇਕਬਾਲ ਕਰਦਿਆਂ ਜੋ ਬਿਆਨ ਦਿੱਤਾ ਉਹ ਭਾਰਤ ਦੀ ਆਜ਼ਾਦੀ ਅਤੇ ਸੰਸਾਰ ਭਰ ਦੀ ਦੁਖੀ ਜਨਤਾ ਲਈ ਮਰ ਮਿਟਣ ਦੀ ਤੜਪ ਨਾਲ ਸਰਸ਼ਾਰ ਹੈ – ਸੰਪਾਦਕ]

"ਮੇਰਾ ਨਾਮ ਮੇਵਾ ਸਿੰਘ ਹੈ। ਮੈਂ ਹਾਪਕਿਨਸਨ ਨੂੰ ਮਾਰਿਆ ਹੈ। ਮੈਂ ਇਹ ਇਕ ਸ਼ੁਭ ਕਾਰਜ ਲਈ ਕੀਤਾ ਹੈ। ਮੈਂ ਅੱਜ ਤੱਕ ਰੱਬ ਤੋਂ ਡਰਨ ਵਾਲਾ, ਉਸ ਦੀ ਬੰਦਗੀ ਵਿਚ ਲੀਨ ਰਹਿਣ ਵਾਲਾ ਬੰਦਾ ਹਾਂ। ਵੈਨਕੂਵਰ ਅੰਦਰ ਮੇਰੇ ਨਾਲ ਜੋ ਧੱਕੇ ਤੇ ਅਪਮਾਨ ਜਨਕ ਗੱਲਾਂ ਹੋਈਆਂ ਹਨ, ਉਸ ਦੀ ਪੀੜਾ ਨੂੰ ਬਿਆਨ ਕਰਨ ਲਈ ਮੇਰੇ ਕੋਲ ਸ਼ਬਦ ਨਹੀਂ। ਅਸੀਂ ਸਿੱਖ ਲੋਕ ਜਦੋਂ ਗੁਰਦਵਾਰੇ ਜਾਂਦੇ ਹਾਂ ਸਾਡਾ ਮਕਸਦ ਕੇਵਲ ਭਜਨ ਬੰਦਗੀ ਕਰਨਾ ਹੁੰਦਾ ਹੈ। ਪਰ ਉਹ ਕਪਟੀ ਲੋਕ ਗੁਰਦਵਾਰੇ ਸਾਡੀਆਂ ਜੜ੍ਹਾਂ ਵਢਣ ਦੇ ਇਰਾਦੇ ਨਾਲ ਆਉਂਦੇ ਹਨ। ਉਨ੍ਹਾਂ ਗੁਰਦਵਾਰੇ ਦੀ ਪਵਿਤਰਤਾ ਨੂੰ ਭੰਗ ਕੀਤਾ ਹੈ।

ਕੁਝ ਦਿਨ ਹੋਏ ਬੇਲਾ ਸਿੰਘ ਨੇ ਗੁਰਦੁਆਰੇ ਅੰਦਰ ਗੋਲੀ ਚਲਾਈ ਸੀ। ਪੁਲਿਸ ਨੇ ਮੈਨੂੰ ਫੜ ਲਿਆ ਤੇ ਕਿਹਾ ਕਿ ਤੈਂ ਵੀ ਗੋਲੀ ਚਲਾਈ ਹੈ। ਜਦੋਂ ਪੁਲਿਸ ਵਾਲਿਆਂ ਬੇਲਾ ਸਿੰਘ ਨੂੰ ਫੜਿਆ ਤਾਂ ਉਸ ਦਾ ਜਵਾਬ ਸੀ "ਮੈਂ ਕਿਸ ਵਾਸਤੇ ਗੁਰਦਵਾਰੇ ਅੰਦਰ ਗੋਲੀ ਚਲਾਉਣੀ ਸੀ"। ਮਿਸਟਰ ਰੇਅਡ ਤੇ ਹਾਪਕਿਨਸਨ ਨੂੰ ਚੰਗੀ ਤਰਾਂ ਪਤਾ ਹੈ ਕਿ ਗੋਲੀ ਮੈਂ ਗੋਲੀ ਨਹੀਂ ਚਲਾਈ।

ਜਦੋਂ ਬੇਲਾ ਸਿੰਘ ਨੇ ਗੋਲੀ ਚਲਾਈ ਸੀ ਅਸੀਂ ਸ਼ਬਦ ਕੀਰਤਨ ਕਰ ਰਹੇ ਸਾਂ। ਗੋਲੀ ਦਾ ਨਿਸ਼ਾਨਾ ਬਣੇ ਭਾਈ ਭਾਗ ਸਿੰਘ ਦੀ ਪਤਨੀ ਮਰ ਚੁਕੀ ਹੈ। ਉਸ ਦੇ ਕੇਵਲ ਦੋ ਛੋਟੇ ਛੋਟੇ ਬੱਚੇ ਹਨ। ਉਨ੍ਹਾਂ ਮਾਸੂਮਾਂ ਨੂੰ ਦੇਖ ਕੇ ਮੇਰਾ ਕਾਲਜਾ ਫਟ ਗਿਆ।

ਜਦ ਮੈਨੂੰ ਪਿਸਤੌਲ ਰੱਖਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਤਾਂ ਮੈਨੂੰ ਰੇਅਡ, ਹਾਪਕਿਨਸਨ ਤੇ ਬੇਲਾ ਸਿੰਘ ਨੇ ਆਖਿਆ ਕਿ ਤੈਨੂੰ ਬਰੀ ਕਰਵਾ ਦਿਆਂਗੇ, ਜੇ ਤੂੰ ਇਹ ਬਿਆਨ ਦੇ ਦੇਵੇਂ ਕਿ ਉਹ ਪਿਸਤੌਲ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਤੇ ਹਰਨਾਮ ਸਿੰਘ ਦੀ ਵਰਤੋਂ ਵਾਸਤੇ ਸਨ ਤੇ ਉਨ੍ਹਾਂ ਇਹ ਹਸਨ ਰਹੀਮ ਪਾਸ ਰਖਣ ਵਾਸਤੇ ਆਖਿਆ ਹੋਇਆ ਸੀ।

ਮੈਂ ਉਨ੍ਹਾਂ ਨੂੰ ਦੱਸ ਦਿੱਤਾ ਸੀ ਕਿ ਮੈਂ ਇਹ ਕੰਮ ਨਹੀਂ ਕਰਨਾ ਕਿਉਂਕਿ ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ। ਬੇਲਾ ਸਿੰਘ ਨੇ ਆਖਿਆ ਕਿ ਹਾਪਕਿਨਸਨ ਨੂੰ ਕੁਝ ਡਾਲਰ ਦੇ ਦੇਹ ਤੇ ਉਹ ਸਭ ਕੁਝ ਠੀਕ ਕਰ ਦੇਵੇਗਾ। ਮੈਂ ਕਿਹਾ "ਤੁਸੀਂ ਡਾਲਰ ਲੈਣੇ ਹਨ ਤਾਂ ਲੈ ਲਓ ਪਰ ਮੈਂ ਇਹ ਕਦਾਚਿਤ ਝੂਠ ਨਹੀਂ ਬੋਲਣਾ"। ਜਦ ਮੈਂ ਇਹ ਉੱਤਰ ਦਿੱਤਾ ਤਾਂ ਹਾਪਕਿਨਸਨ ਵੀ ਉਥੇ ਹੀ ਸੀ।

ਮੇਰਾ ਧਰਮ ਕਿਸੇ ਨਾਲ ਵੈਰ ਕਰਨਾ ਨਹੀਂ ਸਿਖਾਉਂਦਾ, ਨਾ ਹੀ ਮੇਰੀ ਹਾਪਕਿਨਸਨ

ਨਾਲ ਕੋਈ ਦੁਸ਼ਮਣੀ ਹੈ। ਉਹ ਗਰੀਬ ਲੋਕਾਂ ਨੂੰ ਬਹੁਤ ਦਬਾਉਂਦਾ ਲਤਾੜਦਾ ਸੀ। ਮੈਂ ਇਕ ਸੱਚੇ ਸਿੱਖ ਹੋਣ ਦੇ ਨਾਤੇ ਹੁਣ ਬਰਦਾਸ਼ਤ ਨਹੀਂ ਸੀ ਕਰ ਸਕਦਾ ਕਿ ਮੇਰੇ ਦੇਸ਼ ਵਾਸੀਆਂ ਅਥਵਾ ਕੈਨਡਾ ਦੀ ਡੁਮੀਨੀਅਨ ਨਾਲ ਇਹ ਭੈੜਾ ਵਰਤਾਰਾ ਹੋਵੇ। ਇਸ ਸੋਚ ਅਧੀਨ ਮੈਂ ਹਾਪਕਿਨਸਨ ਦੀ ਜਾਨ ਲਈ ਹੈ ਅਤੇ ਨਾਲ ਹੀ ਅਪਣੀ ਜਾਨ ਦੀ ਬਾਜ਼ੀ ਲਾਈ ਹੈ ਅਤੇ ਮੈਂ ਇਕ ਸੱਚੇ ਸਿੱਖ ਦੇ ਫਰਜ਼ ਨਿਭਾਉਂਦਾ ਹੋਇਆ ਵਾਹਿਗੁਰੂ ਦਾ ਨਾਮ ਜਪਦਾ ਫਾਂਸੀ ਦੇ ਤਖਤੇ ਵਲ ਉਸੀ ਖਿਚ ਤੇ ਚਾਉ ਨਾਲ ਜਾਵਾਂਗਾ ਜਿਵੇਂ ਇਕ ਭੁੱਖਾ ਬਾਲਕ ਅਪਣੀ ਮਾਂ ਵਲ ਨੂੰ ਜਾਂਦਾ ਹੈ। ਮੈਨੂੰ ਵਿਸ਼ਵਾਸ ਹੈ ਕਿ ਵਾਹਿਗੁਰੂ ਮੈਨੂੰ ਅਪਣੇ ਚਰਨ ਕੰਵਲਾਂ ਵਿਚ ਨਿਵਾਸ ਦੇਵੇਗਾ।

ਪੁਲਿਸ ਹਰ ਵੇਲੇ ਸਾਡੇ ਨਾਲ ਧੱਕਾ ਕਰਨ ਦਾ ਮੌਕਾ ਭਾਲਦੀ ਰਹਿੰਦੀ ਹੈ ਅਤੇ ਜਦੋਂ ਸਾਡੇ ਮੁਕੱਦਮੇ ਕਚਿਹਿਰੀ ਵਿਚ ਜਾਂਦੇ ਹਨ ਤਾਂ ਜੱਜਾਂ ਨੇ ਪਹਿਲਾਂ ਹੀ ਸਾਡੇ ਵਿਰੁੱਧ ਫੈਸਲਾ ਤਿਆਰ ਕੀਤਾ ਹੁੰਦਾ ਹੈ। ਇਹ ਕਿੱਧਰ ਦਾ ਇਨਸਾਫ਼ ਹੈ ਕਿ ਜੱਜ ਹਮੇਸ਼ਾਂ ਪੁਲਿਸ ਦਾ ਹੀ ਪੱਖ ਪੂਰਨ। ਸਾਡੇ ਵਿਰੁੱਧ ਤੁਅਸਬਾਂ ਨਾਲ ਭਰੇ ਮਨਾਂ ਤੋਂ ਕਿਸੇ ਇਨਸਾਫ ਦੀ ਆਸ ਨਹੀਂ ਹੋ ਸਕਦੀ।

ਜਦੋਂ ਪੁਲਿਸ ਤੇ ਪ੍ਰਸ਼ਾਸਨ ਸਾਡੇ ਨਾਲ ਬੇਇਨਸਾਫੀਆਂ ਤੇ ਧੱਕਾ ਕਰਨ ਲਈ ਇੱਕ ਜੁੱਟ ਹੋ ਜਾਣ ਤਾਂ ਕਿਸੇ ਨਾ ਕਿਸੇ ਨੂੰ ਇਸ ਵਿਰੁੱਧ ਖ਼ਮ ਠੋਕ ਖੜੇ ਹੋਣਾ ਚਾਹੀਦਾ ਹੈ। ਸੋ ਮੈਂ ਥਾਪੀ ਮਾਰ ਕੇ ਉਠ ਖੜੋਇਆ ਹਾਂ। ਇਸ ਬੇਇਨਸਾਫੀ ਦੀ ਕੰਧ ਉਤੇ ਕਰਾਰੀ ਸੱਟ ਮਾਰਨ ਲਈ ਮੈਂ ਬਲ ਧਾਰਿਆ ਹੈ।

ਅਸੀਂ ਜਿਹੜੇ ਏਥੇ ਅਜਨਬੀ ਹਾਂ, ਅਸੀਂ ਜਿਹੜੇ ਅਪਣੇ ਘਰ ਦੇ ਮਾਲਕ ਨਹੀਂ ਹਾਂ, ਸਮਾਂ ਸਾਥੋਂ ਬਲੀਦਾਨ ਦੀ ਮੰਗ ਕਰਦਾ ਹੈ।

"ਸੂਰਾ ਸੋ ਪਹਿਚਾਨੀਏ ਜੋ ਲੜੇ ਦੀਨ ਕੇ ਹੇਤ
ਪੁਰਜ਼ਾ ਪੁਰਜ਼ਾ ਕਟ ਮਰੇ ਕਬੂੰ ਨਾ ਛਾਡੈ ਖੇਤ"

ਸਤਿਗੁਰੂ ਨੇ ਕਿਹਾ ਸੀ "ਜਿਥੇ ਵੀ ਹੋਵੇ ਰੱਬੀ ਕਾਨੂੰਨਾਂ ਦੀ ਪਾਲਣਾ ਤੇ ਪਸਾਰ ਕਰੋ, ਅਤਿਆਚਾਰ ਅਤੇ ਅਤਿਆਚਾਰੀਆਂ ਦਾ ਖ਼ਤਮਾ ਕਰੋ।"

ਹਾਪਕਿਨਸਨ ਬੇਲੇ, ਬਾਬੂ ਤੇ ਗੰਗਾ ਰਾਮ ਰਾਹੀਂ ਰਿਸ਼ਵਤਾਂ ਬਟੋਰਦਾ ਹੈ ਅਤੇ ਜਿਹੜਾ ਪੈਸਾ ਨਾ ਦੇਵੇ ਉਹ ਹਾਪਕਿਨਸਨ ਦੇ ਗੁੱਸੇ ਦਾ ਨਿਸ਼ਾਨਾ ਬਣਦਾ ਹੈ। ਬੇਲਾ ਉਨ੍ਹਾ ਸਾਰਿਆਂ ਵਿਚੋਂ ਨੀਚ ਬੰਦਾ ਹੈ।

ਜਿਹੜਾ ਆਦਮੀ ਅਤਿਆਚਾਰ ਵਿਰੁੱਧ ਲੜਨ ਦਾ ਹੌਸਲਾ ਨਹੀਂ ਕਰਦਾ, ਉਹ ਜੀਉਂਦਾ ਹੀ ਮਰਿਆ ਹੁੰਦਾ ਹੈ।

(ਜਦੋਂ ਜੱਜ ਨੇ ਭਾਈ ਮੇਵਾ ਸਿੰਘ ਨੂੰ ਮੁਜਰਮ ਕਰਾਰ ਦੇ ਕੇ ਮੌਤ ਦੀ ਸਜ਼ਾ ਸੁਣਾਈ ਤਾਂ ਭਾਈ ਮੇਵਾ ਸਿੰਘ ਨੇ ਉੱਚੀ ਆਵਾਜ਼ ਵਿਚ ਆਖਿਆ)

ਸ਼ੁਕਰ ਹੈ ਵਾਹਿਗੁਰੂ! ਤੈਂ ਮੇਰੀ ਸੰਸਾਰ ਦੇ ਨਤਾਣੇ ਲੋਕਾਂ ਖਾਤਰ ਕੀਤੀ ਕੁਰਬਾਨੀ ਨੂੰ ਕਬੂਲ ਕੀਤਾ ਹੈ।

[ਸਰੋਤ: ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ ਸਬ-ਕਮੇਟੀ ਦਾ ਬੁਲੇਟਿਨ,
ਨੰਬਰ 1, ਪਹਿਲੀ ਨਵੰਬਰ 1995]

ਸੂਫ਼ੀ ਅੰਬਾ ਪਰਸ਼ਾਦ

-ਸ਼ਹੀਦ ਭਗਤ ਸਿੰਘ

ਅੱਜ ਹਿੰਦੁਸਤਾਨ ਵਿਚ ਕਿੰਨੇ ਲੋਕ ਉਨ੍ਹਾਂ ਦਾ ਨਾਂ ਜਾਣਦੇ ਹਨ? ਕਿੰਨੇ ਉਨ੍ਹਾਂ ਦੀ ਯਾਦ ਵਿਚ ਦੁਖੀ ਹੋ ਕੇ ਹੰਝੂ ਕੇਰਦੇ ਹਨ। ਅਕ੍ਰਿਤਘਣ ਲੋਕਾਂ ਨੇ ਕਿੰਨੇ ਹੀ ਅਜਿਹੇ ਹੀਰਿਆਂ ਤੋਂ ਹੱਥ ਧੋ ਲਿਆ ਅਤੇ ਪਲ ਭਰ ਲਈ ਵੀ ਦੁੱਖ ਮਹਿਸੂਸ ਨਾ ਕੀਤਾ।

ਉਹ ਸੱਚੇ ਦੇਸ਼ ਭਗਤ ਸਨ। ਉਨ੍ਹਾਂ ਦੇ ਦਿਲ ਵਿਚ ਦੇਸ਼ ਲਈ ਪੀੜ ਸੀ। ਉਹ ਭਾਰਤ ਦਾ ਆਦਰ ਚਾਹੁੰਦੇ ਸਨ। ਭਾਰਤ ਨੂੰ ਉੱਨਤੀ ਦੀ ਸਿਖ਼ਰ 'ਤੇ ਲਿਜਾਣਾ ਚਾਹੁੰਦੇ ਸਨ ਤਾਂ ਵੀ ਭਾਰਤ ਦੇ ਬਹੁਤ ਘੱਟ ਲੋਕ ਉਨ੍ਹਾਂ ਦੇ ਨਾਂ ਜਾਣਦੇ ਹਨ। ਜੇ ਉਨ੍ਹਾਂ ਦੀ ਕਦਰ ਕੀਤੀ ਵੀ ਤਾਂ ਇਰਾਨ ਨੇ, ਜਿੱਥੇ ਅੱਜ ਆਕਾ ਸੂਫ਼ੀ ਦਾ ਨਾਂ ਹਰਮਨ-ਪਿਆਰਾ ਹੋ ਰਿਹਾ ਹੈ।

ਸੂਫ਼ੀ ਜੀ ਦਾ ਜਨਮ 1858 ਵਿਚ ਮੁਰਾਦਾਬਾਦ ਵਿਚ ਹੋਇਆ ਸੀ। ਬਚਪਨ ਤੋਂ ਹੀ ਉਨ੍ਹਾਂ ਦਾ ਸੱਜਾ ਹੱਥ ਕੱਟਿਆ ਹੋਇਆ ਸੀ। ਉਹ ਹਾਸੇ ਨਾਲ ਕਿਹਾ ਕਰਦੇ ਸਨ-ਅਸੀਂ ਤਾਂ ਸੰਨ 57 ਵਿਚ ਅੰਗਰੇਜ਼ਾਂ ਵਿਰੁੱਧ ਜੰਗ ਕੀਤੀ, ਹੱਥ ਕੱਟਿਆ ਗਿਆ, ਮੌਤ ਹੋ ਗਈ। ਪੁਨਰ ਜਨਮ ਹੋਇਆ, ਹੱਥ ਕੱਟੇ ਦਾ ਕੱਟਿਆ ਹੀ ਆ ਗਿਆ। ਆਪ ਨੇ ਮੁਰਾਦਾਬਾਦ, ਬਰੇਲੀ ਅਤੇ ਜਲੰਧਰ ਆਦਿ ਕਈ ਸ਼ਹਿਰਾਂ ਵਿਚ ਵਿਦਿਆ ਹਾਸਲ ਕੀਤੀ। ਐਫ.ਏ. ਪਾਸ ਕਰਨ ਪਿੱਛੋਂ ਵਕਾਲਤ ਪੜ੍ਹੀ, ਪਰ ਕੀਤੀ ਨਹੀਂ। ਆਪ ਉਰਦੂ ਦੇ ਪ੍ਰਭਾਵਸ਼ਾਲੀ ਲੇਖਕ ਸਨ। ਇਹੋ ਹੀ ਕੰਮ ਸੰਭਾਲ ਲਿਆ।

ਸੰਨ 1890 ਵਿਚ ਮੁਰਾਦਾਬਾਦ ਵਿਚ ਜਾਮਉਲ ਇਲੂਕ ਨਾਮਕ ਉਰਦੂ ਦਾ ਸਪਤਾਹਿਕ ਰਸਾਲਾ ਕੱਢਿਆ। ਇਸ ਦਾ ਇਕ-ਇਕ ਲਫਜ਼ ਉਨ੍ਹਾਂ ਦੇ ਦਿਲ ਦੀ ਦਸ਼ਾ ਦਰਸਾਉਂਦਾ ਸੀ। ਉਹ ਹਾਸਰਸ ਦੇ ਉੱਘੇ ਲੇਖਕ ਸਨ। ਪਰ ਗੰਭੀਰਤਾ ਦੀ ਵੀ ਉਨ੍ਹਾਂ ਵਿਚ ਘਾਟ ਨਹੀਂ ਸੀ। ਹਿੰਦੂ-ਸਿੱਖ ਏਕਤਾ ਦੇ ਉਹ ਪੱਕੇ ਹਮਾਇਤੀ ਸਨ ਤੇ ਹਾਕਮਾਂ ਦੀ ਸਖ਼ਤ ਆਲੋਚਨਾ ਕਰਦੇ ਸਨ।

ਸੰਨ 1897 ਵਿਚ ਆਪ ਨੂੰ ਸਰਕਾਰ ਵਿਰੁੱਧ ਬਗਾਵਤ ਕਰਨ ਦੇ ਦੋਸ਼ ਵਿਚ ਡੇਢ ਸਾਲ ਦੀ ਕੈਦ ਦੀ ਸਜ਼ਾ ਮਿਲੀ। ਜਦੋਂ 1899 ਵਿਚ ਛੁੱਟ ਕੇ ਆਏ ਤਾਂ ਯੂ.ਪੀ. ਦੀਆਂ ਕੁਝ ਛੋਟੀਆਂ-ਛੋਟੀਆਂ ਰਿਆਸਤਾਂ ਵਿਚ ਅੰਗਰੇਜ਼ ਲੋਕ ਦਖ਼ਲ ਦੇ ਰਹੇ ਸਨ। ਸੂਫ਼ੀ ਜੀ ਨੇ ਉਥੋਂ ਦੇ ਅੰਗਰੇਜ਼ਾਂ ਤੇ ਰੈਜ਼ੀਡੈਂਟਾਂ ਦਾ ਖ਼ੂਬ ਭਾਂਡਾ ਭੰਨਿਆ। ਆਪ 'ਤੇ ਝੂਠੇ ਇਲਜ਼ਾਮ ਲਾਉਣ ਦਾ ਮੁਕੱਦਮਾ ਚਲਾਇਆ ਗਿਆ ਤੇ ਸਾਰੀ ਜਾਇਦਾਦ ਜਬਤ ਕਰ ਕੇ ਛੇ ਸਾਲ ਦੀ ਸਜ਼ਾ ਦਿੱਤੀ। ਜੇਲ੍ਹ ਵਿਚ ਉਨ੍ਹਾਂ ਨੂੰ ਅਕਹਿ ਕਸ਼ਟ ਝੱਲਣੇ ਪਏ ਪਰ ਉਹ ਕਦੀ ਵੀ ਨਾ ਡੋਲੇ।

ਸੂਫ਼ੀ ਜੀ ਜੇਲ੍ਹ ਵਿਚ ਬਿਮਾਰ ਹੋ ਗਏ। ਇਕ ਗੰਦੀ ਕੋਠੜੀ ਵਿਚ ਬੰਦ ਸਨ। ਦਵਾਈ ਉਨ੍ਹਾਂ ਨੂੰ ਨਹੀਂ ਸੀ ਦਿੱਤੀ ਜਾਂਦੀ। ਇਥੋਂ ਤੱਕ ਕਿ ਪਾਣੀ ਵਗੈਰਾ ਦਾ ਵੀ ਠੀਕ ਬੰਦੋਬਸਤ ਨਹੀਂ

ਸੀ। ਜੇਲਰ ਆਉਂਦਾ ਅਤੇ ਹੱਸਦਾ ਹੋਇਆ ਸਵਾਲ ਕਰਦਾ-ਸੂਫ਼ੀ, ਅਜੇ ਤੱਕ ਤੁਸੀਂ ਜਿੰਦਾ ਹੋ? ਖੈਰ! ਜਿਵੇਂ ਕਿਵੇਂ ਕਰਕੇ ਜੇਲ੍ਹ ਕੱਟੀ ਤੇ 1906 ਦੇ ਅਖੀਰ ਵਿਚ ਆਪ ਬਾਹਰ ਆਏ।

ਸੂਫ਼ੀ ਜੀ ਦਾ ਨਿਜ਼ਾਮ ਹੈਦਰਾਬਾਦ ਨਾਲ ਨਜ਼ਦੀਕੀ ਸੰਬੰਧ ਸੀ। ਨਿਜ਼ਾਮ ਨੇ ਉਨ੍ਹਾਂ ਲਈ ਇਕ ਚੰਗਾ ਜਿਹਾ ਮਕਾਨ ਬਣਵਾਇਆ। ਮਕਾਨ ਬਣ ਜਾਣ ਤੇ ਉਨ੍ਹਾਂ ਸੂਫ਼ੀ ਜੀ ਨੂੰ ਕਿਹਾ- ਤੁਹਾਡੇ ਲਈ ਮਕਾਨ ਤਿਆਰ ਹੋ ਗਿਆ ਹੈ। ਆਪ ਨੇ ਜਵਾਬ ਦਿੱਤਾ-ਅਸੀਂ ਵੀ ਤਿਆਰ ਹੋ ਗਏ ਹਾਂ। ਕੱਪੜੇ ਵਗੈਰਾ ਚੁੱਕੇ ਅਤੇ ਪੰਜਾਬ ਵੱਲ ਤੁਰ ਪਏ। ਉਥੇ ਜਾ ਕੇ ਆਪ 'ਹਿੰਦੁਸਤਾਨ' ਅਖ਼ਬਾਰ ਵਿਚ ਕੰਮ ਕਰਨ ਲੱਗੇ। ਸੁਣਦੇ ਹਾਂ ਕਿ ਆਪ ਦੀ ਹੁਸ਼ਿਆਰੀ, ਹਾਜ਼ਰ ਜੁਆਬੀ ਤੇ ਸਮਝਦਾਰੀ ਵੇਖ ਕੇ ਸਰਕਾਰ ਵੱਲੋਂ ਇਕ ਹਜ਼ਾਰ ਰੁਪੈ ਮਾਹਵਾਰ ਜਸੂਸੀ ਵਿਭਾਗ ਰਾਹੀਂ ਪੇਸ਼ ਕੀਤੇ ਗਏ। ਪਰ ਆਪ ਨੇ ਉਸਦੀ ਬਜਾਏ ਜੇਲ੍ਹ ਅਤੇ ਗਰੀਬੀ ਨੂੰ ਹੀ ਬਿਹਤਰ ਸਮਝਿਆ। ਪਿਛੋਂ 'ਹਿੰਦੁਸਤਾਨ' ਦੇ ਸੰਪਾਦਕ ਨਾਲ ਵੀ ਨਾ ਬਣੀ ਅਤੇ ਆਪ ਨੇ ਉਥੋਂ ਵੀ ਅਸਤੀਫਾ ਦੇ ਦਿੱਤਾ।

ਉਨ੍ਹੀਂ ਦਿਨੀਂ ਸਰਦਾਰ ਅਜੀਤ ਸਿੰਘ ਨੇ ਭਾਰਤ ਮਾਤਾ ਸੁਸਾਇਟੀ ਦੀ ਨੀਂਹ ਰੱਖੀ ਤੇ ਪੰਜਾਬ ਦੇ ਨਿਊ ਕਲੋਨੀ ਬਿੱਲ ਵਿਰੁੱਧ ਅੰਦੋਲਨ ਸ਼ੁਰੂ ਕਰ ਦਿੱਤਾ। ਸੂਫ਼ੀ ਜੀ ਦਾ ਸੰਬੰਧ ਵੀ ਉਨ੍ਹਾਂ ਨਾਲ ਬਣਨ ਲੱਗਾ। ਉਧਰੋਂ ਉਹ ਵੀ ਇਨ੍ਹਾਂ ਵੱਲ ਖਿੱਚੇ ਗਏ। ਜਦੋਂ ਪੰਜਾਬ ਵਿਚ ਫੜੋ-ਫੜੀ ਸ਼ੁਰੂ ਹੋਈ ਤਾਂ ਸਰਦਾਰ ਅਜੀਤ ਸਿੰਘ ਦੇ ਭਰਾ ਸਰਦਾਰ ਕਿਸ਼ਨ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ ਅਤੇ ਪਿਤਾ-ਸੰਪਾਦਕ) ਤੇ ਭਾਰਤ ਮਾਤਾ ਸੁਸਾਇਟੀ ਦੇ ਮੰਤਰੀ ਮਹਿਤਾ ਨੰਦ ਕਿਸ਼ੋਰ ਨਾਲ ਨਿਪਾਲ ਵੱਲ ਤੁਰ ਪਏ। ਉਥੇ ਨਿਪਾਲ ਰਾਜ ਦੇ ਗਵਰਨਰ ਸ੍ਰੀ ਜੰਗ ਬਹਾਦਰ ਜੀ ਨਾਲ ਆਪ ਦੀ ਜਾਣ-ਪਛਾਣ ਹੋਈ। ਉਹ ਇਨ੍ਹਾਂ ਨਾਲ ਬਹੁਤ ਚੰਗੀ ਤਰ੍ਹਾਂ ਪੇਸ਼ ਆਏ। ਬਾਹਰ ਵਿਚ ਸ੍ਰੀ ਜੰਗ ਬਹਾਦਰ ਜੀ ਨੂੰ ਸੂਫ਼ੀ ਨੂੰ ਸ਼ਰਨ ਦੇਣ ਕਾਰਨ ਹੀ ਉਨ੍ਹਾਂ ਨੂੰ ਬਰਖ਼ਾਸਤ ਕਰ ਦਿੱਤਾ ਗਿਆ। ਉਨ੍ਹਾਂ ਦੀ ਜਾਇਦਾਦ ਵੀ ਜ਼ਬਤ ਕਰ ਲਈ ਗਈ। ਖ਼ੈਰ ਸੂਫ਼ੀ ਜੀ ਉਥੇ ਫੜੇ ਗਏ ਤੇ ਲਾਹੌਰ ਲਿਆਂਦੇ ਗਏ। ਲਾਲਾ ਪਿੰਡੀ ਦਾਸ ਦੀ ਅਖ਼ਬਾਰ 'ਇੰਡੀਆ' ਵਿਚ ਪਰਕਾਸ਼ਤ ਹੋਏ ਆਪ ਦੇ ਲੇਖਕਾਂ ਦੇ ਸੰਬੰਧ ਵਿਚ ਆਪ 'ਤੇ ਮੁਕੱਦਮਾ ਚਲਾਇਆ ਗਿਆ। ਪਰ ਬਾਅਦ ਵਿਚ ਨਿਰਦੋਸ਼ ਸਾਬਤ ਹੋਣ ਤੇ ਆਪ ਨੂੰ ਛੱਡ ਦਿੱਤਾ ਗਿਆ।

ਉਸ ਪਿੱਛੋਂ ਸਰਦਾਰ ਅਜੀਤ ਸਿੰਘ ਵੀ ਛੁੱਟ ਕੇ ਆ ਗਏ ਅਤੇ ਸੰਨ 1908 ਵਿਚ ਭਾਰਤ ਮਾਤਾ ਬੁੱਕ ਸੁਸਾਇਟੀ ਦੀ ਨੀਂਹ ਰੱਖੀ ਗਈ। ਇਸ ਦਾ ਬਹੁਤਾ ਕੰਮ ਸੂਫ਼ੀ ਜੀ ਹੀ ਕਰਦੇ ਸਨ। ਆਪ ਨੇ 'ਬਾਗ਼ੀ ਮਸੀਹ' ਜਾਂ 'ਵਿਦਰੋਹੀ ਮਸੀਹ' ਨਾਮਕ ਕਿਤਾਬ ਛਪਵਾਈ ਜੋ ਪਿਛੋਂ ਜ਼ਬਤ ਕਰ ਲਈ ਗਈ। ਇਸੇ ਸਾਲ ਲੋਕ-ਮਾਨਯ ਤਿਲਕ 'ਤੇ ਵੀ ਮੁਕੱਦਮਾ ਚਲਾਇਆ ਗਿਆ। ਅੰਤ ਛੇ ਸਾਲ ਦੀ ਕੈਦ ਦੀ ਸਜ਼ਾ ਮਿਲੀ। ਤਦ ਦੇਸ਼-ਭਗਤ ਮੰਡਲ ਦੇ ਸਾਰੇ ਮੈਂਬਰ ਸਾਧੂ ਬਣ ਕੇ ਪਹਾੜਾਂ ਵੱਲ ਯਾਤਰਾ ਕਰਨ ਨਿਕਲ ਪਏ। ਪਰਬਤਾਂ ਦੇ ਉੱਪਰ ਜਾ ਰਹੇ ਸਨ। ਇਕ ਭਗਤ ਵੀ ਨਾਲ ਆਇਆ। ਸਾਧੂ ਬੈਠ ਗਏ ਤਾਂ ਉਸ ਭਗਤ ਨੇ ਸੂਫ਼ੀ ਜੀ ਦੇ ਚਰਨਾਂ ਤੇ ਸੀਸ ਨਿਵਾ ਕੇ ਨਮਸਕਾਰ ਕੀਤਾ! ਬੜਾ ਜੈਂਟਲਮੈਨ ਸੀ। ਵਾਹਵਾ ਸੂਟ ਬੂਟ ਪਾਇਆ ਹੋਇਆ ਸੀ। ਸੂਫ਼ੀ ਜੀ ਦੇ ਚਰਨਾਂ 'ਤੇ ਸਿਰ ਰੱਖਿਆ ਅਤੇ ਪੁੱਛਣ ਲੱਗਾ-ਬਾਬਾ ਜੀ ਤੁਸੀਂ ਕਿੱਥੇ-ਕਿੱਥੇ ਰਹਿੰਦੇ ਹੋ?

ਸੂਫ਼ੀ ਜੀ ਨੇ ਕਠੋਰ ਸ਼ਬਦਾਂ ਵਿਚ ਜਵਾਬ ਦਿੱਤਾ-ਰਹਿੰਦੇ ਹਾਂ ਤੇਰੇ ਸਿਰ ਵਿੱਚ।

-ਸਾਧੂ ਜੀ ਤੁਸੀਂ ਨਰਾਜ਼ ਕਿਉਂ ਹੋ ਗਏ?

-ਉਏ ਬੇਵਕੂਫ! ਤੂੰ ਮੈਨੂੰ ਨਮਸਕਾਰ ਕਿਉਂ ਕੀਤਾ, ਇੰਨੇ ਸਾਧੂ ਹੋਰ ਵੀ ਸਨ। ਇਨ੍ਹਾਂ ਨੂੰ ਪਰਣਾਮ ਕਿਉਂ ਨਾ ਕੀਤਾ?

-ਮੈਂ ਤੁਹਾਨੂੰ ਸਾਧੂ ਸਮਝਿਆ ਸੀ।

-ਅੱਛਾ, ਖ਼ੈਰ ਜਾਓ ਖਾਣ ਪੀਣ ਦੀਆਂ ਚੀਜ਼ਾਂ ਲਿਆਉ।

ਉਹ ਕੁਝ ਦੇਰ ਪਿਛੋਂ ਚੰਗੇ-ਚੰਗੇ ਪਦਾਰਥ ਲੈ ਕੇ ਆਇਆ। ਖਾ ਪੀ ਕੇ ਸੂਫ਼ੀ ਜੀ ਨੇ ਫਿਰ ਉਸ ਨੂੰ ਬੁਲਾਇਆ ਅਤੇ ਕਹਿਣ ਲੱਗੇ-ਕਿਉਂ ਉਇ ਸਾਡਾ ਪਿੱਛਾ ਛੱਡੇਂਗਾ ਕਿ ਨਹੀਂ?

-ਭਲਾ ਮੈਂ ਤੁਹਾਨੂੰ ਕੀ ਕਹਿੰਦਾ ਹਾਂ ਜੀ?

-ਚਲਾਕੀ ਨੂੰ ਛੱਡ! ਆਇਆ ਹੈਂ ਜਾਸੂਸੀ ਕਰਨ। ਜਾਹ, ਜਾਹ ਆਪਣੇ ਪਿਓ ਨੂੰ ਕਹਿ ਦੇਈਂ ਕਿ ਸੂਫੀ ਪਹਾੜ ਵਿਚ ਗ਼ਦਰ ਕਰਨ ਜਾ ਰਹੇ ਹਨ।

ਉਹ ਪੈਰਾਂ ਤੇ ਡਿੱਗ ਪਿਆ-ਹਜ਼ੂਰ ਪੇਟ ਦੀ ਖਾਤਰ ਸਭ ਕੁਝ ਕਰਨਾ ਪੈਂਦਾ ਹੈ।

ਆਪ ਨੇ ਸੰਨ 1909 ਵਿਚ 'ਪੇਸ਼ਵਾ' ਅਖ਼ਬਾਰ ਕੱਢਿਆ। ਉਨ੍ਹੀਂ ਦਿਨੀਂ ਬੰਗਾਲ ਵਿਚ ਕਰਾਂਤੀਕਾਰੀ ਅੰਦੋਲਨ ਨੇ ਜ਼ੋਰ ਫੜਿਆ। ਸਰਕਾਰ ਨੂੰ ਡਕ ਪੈ ਗਿਆ ਕਿ ਕਿਤੇ ਇਹ ਪੰਜਾਬ ਨੂੰ ਵੀ ਨਾ ਲਪੇਟ ਲਵੇ। ਇਸ ਲਈ ਦਮਨ ਚੱਕਰ ਸ਼ੁਰੂ ਹੋਇਆ। ਤਦ ਸੂਫ਼ੀ ਜੀ, ਸਰਦਾਰ ਅਜੀਤ ਸਿੰਘ ਅਤੇ ਜਿਆ-ਉਲ-ਹੱਕ ਇਰਾਨ ਚਲੇ ਗਏ। ਉਥੇ ਜਾ ਕੇ ਜਿਆ-ਉਲ-ਹੱਕ ਦੀ ਨੀਅਤ ਬਦਲ ਗਈ। ਉਸ ਨੇ ਚਾਹਿਆ ਕਿ ਇਨ੍ਹਾਂ ਨੂੰ ਫੜਵਾ ਦਿਆਂ। ਇਨਾਮ ਵੀ ਮਿਲੇਗਾ ਅਤੇ ਸਜ਼ਾ ਵੀ ਨਹੀਂ ਹੋਵੇਗੀ। ਉਨ੍ਹਾਂ ਨੇ ਉਸ ਨੂੰ ਅੱਗੇ ਭੇਜ ਦਿੱਤਾ। ਆਪ ਹੀ ਫੜਿਆ ਗਿਆ ਅਤੇ ਇਹ ਦੋਵੇਂ ਬਚ ਨਿਕਲੇ।

ਇਰਾਨ ਵਿਚ ਉਹ ਕਿਵੇਂ ਰਹੇ? ਕੀ ਹੋਇਆ? ਇਹ ਗੱਲਾਂ ਤਾਂ ਕਿਸੇ ਮੌਕੇ 'ਤੇ ਹੀ ਖੁੱਲ੍ਹਣਗੀਆਂ। ਪਰ ਜੋ ਕੁੱਝ ਸੁਨਣ ਵਿਚ ਆਇਆ, ਉਸੇ ਦਾ ਵਰਨਣ ਇਸ ਥਾਂ ਕੀਤਾ ਜਾਂਦਾ ਹੈ। ਇਰਾਨ ਵਿਚ ਅੰਗਰੇਜਾਂ ਨੇ ਉਨ੍ਹਾਂ ਦੀ ਬੜੀ ਖੋਜ ਕੀਤੀ ਤੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਕਸ਼ਟ ਝੱਲਣੇ ਪਏ। ਕਿਹਾ ਜਾਂਦਾ ਹੈ ਕਿ ਉਹ ਇਕ ਥਾਂ 'ਤੇ ਘੇਰ ਲਏ ਗਏ। ਉਥੋਂ ਨਿਕਲਣਾ ਅਸੰਭਵ ਜਿਹਾ ਹੋ ਗਿਆ। ਉੱਥੇ ਵਪਾਰੀਆਂ ਦਾ ਇਕ ਕਾਫ਼ਲਾ ਠਹਿਰਿਆ ਹੋਇਆ ਸੀ। ਊਠਾਂ 'ਤੇ ਬਹੁਤ ਸਾਰੇ ਸੰਦੂਕ ਲੱਦੇ ਹੋਏ ਸਨ। ਉਨ੍ਹਾਂ ਵਿੱਚ ਕੱਪੜੇ ਵਗੈਰਾ ਭਰੇ ਹੋਏ ਸਨ। ਇਕ ਊਠ ਤੇ ਦੋਹਾਂ ਸੰਦੂਕਾਂ ਵਿਚ ਸੂਫੀ ਜੀ ਅਤੇ ਅਜੀਤ ਨੂੰ ਬੰਦ ਕਰ ਦਿੱਤਾ ਗਿਆ ਅਤੇ ਉਥੋਂ ਬਚਾ ਕੇ ਭੇਜ ਦਿੱਤਾ ਗਿਆ। ਫਿਰ ਕਿਸੇ ਅਮੀਰ ਦੇ ਘਰ ਠਹਿਰੇ। ਪਤਾ ਲੱਗ ਗਿਆ ਅਤੇ ਉਹ ਘੇਰ ਲਏ ਗਏ। ਉਸੇ ਵੇਲੇ ਦੋਹਾਂ ਨੇ ਬੁਰਕਾ ਪਾ ਲਿਆ ਅਤੇ ਜ਼ਨਾਨੇ ਵਿਚ ਬਿਠਾ ਦਿੱਤੇ ਗਏ। ਸਾਰੀ ਤਲਾਸ਼ੀ ਲਈ ਗਈ ਅਤੇ ਅਖੀਰ ਵਿਚ ਔਰਤਾਂ ਦੀ ਵੀ ਤਲਾਸ਼ੀ ਲਈ ਜਾਣ ਲੱਗੀ। ਇਕ ਦੋ ਔਰਤਾਂ ਦੇ ਬੁਰਕੇ ਉਲਟਾਏ ਵੀ ਗਏ, ਪਰ ਮੁਸਲਮਾਨ ਲੋਕ ਲੜਨ-ਮਰਨ ਲਈ ਤਿਆਰ ਹੋ ਗਏ ਅਤੇ ਫਿਰ ਕਿਸੇ ਵੀ ਇਸਤਰੀ ਦਾ ਬੁਰਕਾ ਨਾ ਉਤਾਰਨ ਦਿੱਤਾ ਗਿਆ। ਇਸ ਤਰ੍ਹਾਂ ਉਹ ਇਥੋਂ ਵੀ ਬਚ ਨਿਕਲੇ।

ਪਿੱਛੋਂ ਉਨ੍ਹਾਂ ਨੇ 'ਆਬੇ ਹਾਯਾਤ' ਨਾਮਕ ਅਖ਼ਬਾਰ ਕੱਢਿਆ ਤੇ ਰਾਸ਼ਟਰੀ ਅੰਦੋਲਨ ਵਿਚ ਹਿੱਸਾ ਲੈਣ ਲੱਗੇ। ਸਰਦਾਰ ਸਾਹਿਬ ਦੇ ਟਰਕੀ ਚਲੇ ਜਾਣ ਮਗਰੋਂ ਉਥੋਂ ਦਾ ਸਾਰਾ ਕੰਮ ਇਨ੍ਹਾਂ ਦੇ ਸਿਰ 'ਤੇ ਆ ਪਿਆ ਅਤੇ ਫਿਰ ਇਹ ਉੱਥੇ ਆ ਕੇ ਸੂਫੀ ਦੇ ਨਾਂ ਨਾਲ ਪ੍ਰਸਿੱਧ ਹੋਏ। ਸੰਨ 1915 ਵਿਚ ਜਿਸ ਸਮੇਂ ਇਰਾਨ ਵਿਚ ਅੰਗਰੇਜ਼ਾਂ ਨੇ ਪੂਰੀ ਹਕੂਮਤ ਜਮਾਣੀ ਚਾਹੀ ਤਾਂ ਫਿਰ ਉੱਝ ਉੱਥਲ ਪੁੱਥਲ ਮੱਚੀ। ਸਿਰਾਜ਼ ਨੂੰ ਘੇਰ ਲਿਆ ਗਿਆ। ਉਸ ਵੇਲੇ ਸੂਫੀ ਜੀ ਨੇ ਖੱਬੇ

ਹੱਥ ਨਾਲ ਰਿਵਾਲਵਰ ਚਲਾ ਕੇ ਮੁਕਾਬਲਾ ਕੀਤਾ ਸੀ। ਪਰ ਅਖੀਰ ਆਪ ਅੰਗਰੇਜ਼ਾਂ ਦੇ ਹੱਥ ਆ ਗਏ। ਉਨ੍ਹਾਂ ਦਾ ਕੋਰਟ ਮਾਰਸ਼ਲ ਕੀਤਾ ਗਿਆ। ਫੈਸਲਾ ਹੋਇਆ ਕਿ ਕੱਲ੍ਹ ਗੋਲੀ ਨਾਲ ਉਡਾ ਦਿੱਤਾ ਜਾਵੇਗਾ। ਸੂਫੀ ਕੋਠੜੀ ਵਿਚ ਬੰਦ ਸਨ। ਸਵੇਰ ਵੇਲੇ ਵੇਖਿਆ ਉਹ ਸਮਾਧੀ ਦੀ ਹਾਲਤ ਵਿਚ ਸਨ। ਉਨ੍ਹਾਂ ਦੇ ਪ੍ਰਾਣ ਪੰਖੇਰੂ ਉੱਡ ਚੁੱਕੇ ਸਨ। ਉਨ੍ਹਾਂ ਦੇ ਜਨਾਜ਼ੇ ਨਾਲ ਅਣਗਿਣਤ ਇਰਾਨੀ ਗਏ ਤੇ ਉਨ੍ਹਾਂ ਬਹੁਤ ਸੋਗ ਮਨਾਇਆ। ਕਈ ਦਿਨ ਤੱਕ ਨਗਰ ਤੇ ਉਦਾਸੀ ਛਾਈ ਰਹੀ। ਸੂਫ਼ੀ ਦੀ ਕਬਰ ਬਣਾਈ ਗਈ ਅਜੇ ਤੱਕ ਹਰ ਸਾਲ ਉਨ੍ਹਾਂ ਦੀ ਕਬਰ ਤੇ ਉਤਸਵ ਮਨਾਇਆ ਜਾਂਦਾ ਹੈ। ਲੋਕ ਉਨ੍ਹਾਂ ਦਾ ਨਾਂ ਸੁਣਦਿਆਂ ਹੀ ਸ਼ਰਧਾ ਨਾਲ ਸਿਰ ਝੁਕਾ ਲੈਂਦੇ ਹਨ। ਉਹ ਪੈਰ ਨਾਲ ਕਲਮ ਫੜ੍ਹ ਵੀ ਚੰਗੀ ਤਰ੍ਹਾਂ ਲਿਖ ਸਕਦੇ ਸਨ। ਇਕ ਦਿਨ ਇਕ ਸਾਹਿਬ ਕਹਿ ਰਹੇ ਸਨ ਕਿ ਮੈਨੂੰ ਉਨ੍ਹਾਂ ਨੇ ਪੈਰ ਨਾਲ ਹੀ ਲਿਖ ਕੇ ਇਕ ਨੁਸਖਾ ਦਿੱਤਾ ਸੀ।

ਇਕ ਹੋਰ ਕਹਾਣੀ ਮਿੱਤਰਾਂ ਨੇ ਸੁਣਾਈ ਸੀ, ਪਰ ਨਹੀਂ ਕਿੱਥੋਂ ਤੱਕ ਸੱਚ ਹੈ, ਪਰ ਬਹੁਤ ਸੰਭਵ ਹੈ ਕਿ ਇਹ ਸੱਚ ਹੋਵੇ! ਕਹਿੰਦੇ ਹਨ ਕਿ ਜਦੋਂ ਭੁਪਾਲ ਜਾਂ ਕਿਸੇ ਹੋਰ ਸਟੇਟ ਵਿਚ ਰੈਜ਼ੀਡੈਂਟ ਕੋਈ ਖਰਾਬੀ ਕਰ ਰਹੇ ਸਨ ਅਤੇ ਉਸ ਨੂੰ ਹੜੱਪਣ ਦੀ ਚਿੰਤਾ ਵਿਚ ਸਨ ਤਾਂ ਉਥੋਂ ਦਾ ਭੇਤ ਖੋਲ੍ਹਣ ਲਈ ਅੰਮ੍ਰਿਤ ਬਜ਼ਾਰ ਪੱਤਰਕਾ ਵਲੋਂ ਸੂਫ਼ੀ ਜੀ ਉਥੇ ਭੇਜੇ ਗਏ। ਇਹ ਗੱਲ 1890 ਦੀ ਹੈ। ਇਕ ਪਾਲਗ ਜੇਹਾ ਮਨੁੱਖ ਰੈਜ਼ੀਡੈਂਟ ਦੇ ਬਹਿਰੇ ਨਾਲ ਨੌਕਰੀ ਦੀ ਖੋਜ ਵਿਚ ਆਇਆ ਅਤੇ ਅਖੀਰ ਉਸ ਨੂੰ ਸਿਰਫ਼ ਰੋਟੀ ਤੇ ਹੀ ਰੱਖ ਲਿਆ ਗਿਆ। ਉਹ ਪਾਗਲ ਭਾਂਡੇ ਸਾਫ ਕਰਦਾ ਤਾਂ ਮਿੱਟੀ ਵਿਚ ਲੱਥ ਪੱਥ ਹੋ ਜਾਂਦਾ। ਮੂੰਹ ਤੇ ਮਿੱਟੀ ਪੋਚ ਲੈਂਦਾ। ਉਹ ਸੌਦਾ ਖਰੀਦਣ ਵਿਚ ਬੜਾ ਹੁਸ਼ਿਆਰ ਸੀ ਇਸ ਲਈ ਚੀਜ਼ਾਂ ਖਰੀਦਣ ਉਹੋ ਭੇਜਿਆ ਜਾਂਦਾ ਸੀ।

ਉਧਰ ਅੰਮ੍ਰਿਤ ਬਜ਼ਾਰ ਪੱਤਰਕਾ ਵਿਚ ਰੈਜ਼ੀਡੈਂਟ ਵਿਰੁੱਧ ਲੇਖ ਨਿਕਲਣ ਲੱਗੇ! ਅਖੀਰ ਉਹ ਇੰਨਾ ਬਦਨਾਮ ਹੋਇਆ ਕਿ ਨੌਕਰੀ ਤੋਂ ਵੱਖ ਕਰ ਦਿੱਤਾ ਗਿਆ। ਜਿਸ ਸਮੇਂ ਉਹ ਸਟੇਟ ਤੋਂ ਬਾਹਰ ਪਹੁੰਚ ਗਿਆ ਤਾਂ ਇਕ ਜੰਕਸ਼ਨ ਤੇ ਇਕ ਕਾਲਾ ਜਿਹਾ ਆਦਮੀ ਹੈਟ ਲਾਈਂ, ਪਤਲੂਨ ਬੂਟ ਪਾਈ ਉਸ ਵੱਲ ਆਇਆ। ਉਸ ਨੂੰ ਵੇਖ ਕੇ ਰੈਜ਼ੀਡੈਂਟ ਹੈਰਾਨ ਜਿਹਾ ਰਹਿ ਗਿਆ। ਇਹ ਤਾਂ ਉਹੀ ਹੈ, ਜੋ ਮੇਰੇ ਬਤਨ ਸਾਫ਼ ਕਰਦਾ ਹੁੰਦਾ ਸੀ। ਅੱਜ ਪਾਗਲ ਨਹੀਂ ਹੈ। ਉਸ ਨੇ ਆਉਂਦਿਆਂ ਹੀ ਅੰਗਰੇਜ਼ੀ ਵਿਚ ਗੱਲਬਾਤ ਸ਼ੁਰੂ ਕਰ ਦਿੱਤੀ। ਉਸ ਨੂੰ ਵੇਖ ਕੇ ਉਹ ਕੰਬਣ ਲੱਗਾ। ਅਖੀਰ ਉਸ ਨੇ ਕਿਹਾ ਤੁਹਾਨੂੰ ਇਨਾਮ ਤਾਂ ਦਿੱਤਾ ਜਾ ਚੁੱਕਾ ਹੈ। ਹੁਣ ਤੁਸੀਂ ਮੇਰੇ ਕੋਲ ਕਿਉਂ ਆਏ!

ਆਪ ਨੇ ਕਿਹਾ–ਜੋ ਮਨੁੱਖ ਉਸ ਸੂਹੀਏ ਨੂੰ ਫੜਵਾਏ ਜਿਸ ਨੇ ਤੁਹਾਡਾ ਰਾਜ ਖੋਹਲਿਆ ਸੀ ਤਾਂ ਕੀ ਤੁਸੀਂ ਉਸ ਨੂੰ ਕੁਝ ਇਨਾਮ ਦੇਵੋਗੇ?

ਕਿਹਾ ਤਾਂ ਸੀ। ਕੀ ਤੂੰ ਉਸ ਨੂੰ ਫੜਿਆ ਹੈ?

ਹਾਂ, ਹਾਂ ਇਨਾਮ ਦਿਉ ਉਹ ਮੈਂ ਆਪ ਹੀ ਹਾਂ।

ਉਹ ਥਰ ਥਰਾ ਕੇ ਬੋਲਿਆ–ਜੇ ਰਾਜ ਦੇ ਅੰਦਰ ਹੀ ਤੇਰਾ ਪਤਾ ਲੱਗ ਜਾਂਦਾ ਤਾਂ ਬੋਟੀ-ਬੋਟੀ ਉਡਵਾ ਦੇਂਦਾ! ਖ਼ੈਰ ਉਸਨੇ ਉਹਨਾਂ ਨੂੰ ਇਕ ਸੋਨੇ ਦੀ ਘੜੀ ਦਿੱਤੀ ਅਤੇ ਕਿਹਾ–ਜੇ ਤੁਸੀਂ ਮਨਜ਼ੂਰ ਕਰੋ ਤਾਂ ਜਾਸੂਸੀ ਵਿਭਾਗ ਤੋਂ 1000 ਰੁਪਏ ਮਾਹਵਾਰੀ ਤਨਖਾਹ ਦਿਵਾ ਸਕਦਾ ਹਾਂ। ਪਰ ਸੂਫ਼ੀ ਜੀ ਨੇ ਕਿਹਾ ਜੇ ਤਨਖਾਹ ਹੀ ਲੈਣੀ ਹੁੰਦੀ ਤਾਂ ਤੁਹਾਡੇ ਭਾਂਡੇ ਕਿਉਂ ਸਾਫ਼ ਕਰਦਾ?

ਅੱਜ ਸੂਫ਼ੀ ਜੀ ਇਸ ਦੇਸ਼ ਵਿਚ ਨਹੀਂ ਹਨ। ਪਰ ਐਸੇ ਦੇਸ਼ ਭਗਤ ਦੀ ਯਾਦ ਹੀ ਰੂਹ ਫੂਕ ਦੇਂਦੀ ਹੈ। ਭਗਵਾਨ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਹੋਵੇ।

ਪ੍ਰਚਾਰ ਕਰਕੇ ਉਨ੍ਹਾਂ ਨੂੰ ਮੁਲਕ ਦੀ ਆਜ਼ਾਦੀ ਲਈ ਲੜਨ ਵਾਸਤੇ ਪ੍ਰੇਰਤ ਕੀਤਾ ਗਿਆ ਜੋ ਅੰਗਰੇਜ਼ ਹਕੂਮਤ ਨੇ ਇਥੇ ਲੜਨ ਲਈ ਭੇਜੇ ਹੋਏ ਸਨ। ਜਰਮਨਾਂ ਦੀ ਸਹਾਇਤਾ ਨਾਲ ਮੁੱਢਲੀ ਫ਼ੌਜ ਬਣਾਈ ਗਈ ਜਿਸ ਦੀ ਯੋਜਨਾ ਅੰਗਰੇਜ਼ੀ ਫ਼ੌਜ ਨਾਲ ਲੜਾਈਆਂ ਲੜਦੇ ਹੋਏ ਇਰਾਨ ਵਿੱਚੋਂ ਦੀ ਹੋਕੇ ਬਲੋਚਿਸਤਾਨ ਅਤੇ ਅੱਗੇ ਹਿੰਦੁਸਤਾਨ ਦੀ ਪੱਛਮੀ ਸਰਹੱਦ ਪਾਰ ਕਰਕੇ ਪੰਜਾਬ ਵਿਚ ਦਾਖ਼ਲ ਹੋਣ ਦੀ ਸੀ। ਇਸਦੀ ਅਗਵਾਈ ਗ਼ਦਰੀ ਆਗੂ ਪਾਂਡੂਰੰਗ ਖ਼ਾਨਖੋਜੇ ਕਰ ਰਹੇ ਸਨ। ਜਰਮਨ ਅਧਿਕਾਰੀ ਵਾਸਮੁਸ ਦੇ ਨਾਂ 'ਤੇ ਇਹ ਮੁਹਿੰਮ ਵਾਸਮੁਸ ਮੁਹਿੰਮ ਵਜੋਂ ਮਸ਼ਹੂਰ ਹੈ। ਸ਼ਿਰਾਜ਼ ਵਿਚ ਅੰਬਾ ਪਰਸ਼ਾਦ ਇਸ ਫ਼ੌਜੀ ਟੁਕੜੀ ਵਿਚ ਸ਼ਾਮਲ ਹੋ ਗਏ। ਇਸ ਟੁਕੜੀ ਨੇ ਸਰਹੱਦੀ ਸ਼ਹਿਰ ਕਰਮਾਨ ਉਪਰ ਕਬਜ਼ਾ ਕਰਕੇ ਅੰਗਰੇਜ਼ ਕੌਂਸਲ ਨੂੰ ਬੰਦੀ ਬਣਾ ਲੈਣ ਅਤੇ ਇਥੇ ਤਾਇਨਾਤ ਅੰਗਰੇਜ਼ ਜਨਰਲ ਪਰਸੀ ਸਾਈਕਸ ਦੀ ਅਗਵਾਈ ਵਾਲੀ ਅੰਗਰੇਜ਼ ਫ਼ੌਜ ਉਪਰ ਹਮਲਿਆਂ ਅਤੇ ਹੋਰ ਕਈ ਮੁਹਿੰਮਾਂ ਵਿਚ ਹਿੱਸਾ ਲਿਆ। ਗ਼ਦਰੀ ਫ਼ੌਜ ਨੇ ਇਸ ਖੇਤਰ ਵਿਚ ਕਾਫ਼ੀ ਲੜਾਈਆਂ ਲੜੀਆਂ ਅਤੇ ਜਿੱਤਾਂ ਵੀ ਹਾਸਲ ਕੀਤੀਆਂ। ਉਨ੍ਹਾਂ ਨੇ ਬਮ ਕਰਮਸ਼ੀਰ ਇਲਾਕੇ ਜਿੱਤਕੇ ਕਰਾਚੀ ਵੱਲ ਵਧਕੇ ਗਵਾਦੋਰ ਅਤੇ ਦਾਵਰ ਦੇ ਸਮੁੰਦਰੀ ਘਾਟ ਤੇ ਸ਼ਹਿਰਾਂ ਉਪਰ ਵੀ ਕਬਜ਼ਾ ਕਰ ਲਿਆ ਸੀ। ਪਰ ਯੂਰਪ ਵਿਚ ਤੁਰਕੀ ਦੀ ਹਾਰ ਅਤੇ ਬਗ਼ਦਾਦ ਉਪਰ ਅੰਗਰੇਜ਼ਾਂ ਦਾ ਕਬਜ਼ਾ ਹੋਣ ਨਾਲ ਪਾਸਾ ਪਲਟ ਗਿਆ। ਜੇਤੂ ਮੋਰਚਿਆਂ ਤੋਂ ਅੰਗਰੇਜ਼ ਅਫ਼ਸਰ ਇਥੇ ਗ਼ਦਰੀਆਂ ਨਾਲ ਲੜਨ ਲਈ ਪਹੁੰਚ ਗਏ। ਉਨ੍ਹਾਂ ਨੇ ਈਰਾਨ ਦੀ ਫ਼ੌਜ ਨੂੰ ਲਾਮਬੰਦ ਕਰ ਲਿਆ। ਬਲੋਚੀ ਸਰਦਾਰ ਗ਼ਦਰੀਆਂ ਦਾ ਸਾਥ ਛੱਡਕੇ ਅੰਗਰੇਜ਼ਾਂ ਨਾਲ ਮਿਲ ਗਏ। ਸ਼ਿਰਾਜ਼ ਦੀ ਘਮਸਾਣ ਦੀ ਲੜਾਈ ਵਿਚ ਗ਼ਦਰੀ ਫ਼ੌਜ ਹਾਰ ਗਈ ਅਤੇ ਖਿੰਡ ਗਈ। ਖ਼ਾਨ ਖੋਜੇ ਜੰਗੀ ਕੈਦੀ ਬਣਾ ਲਏ ਗਏ ਪਰ ਉਹ ਈਰਾਨੀ ਫ਼ੌਜ ਦੇ ਅੱਖੀਂ ਘੱਟਾ ਪਾਕੇ ਬਚ ਨਿਕਲੇ। ਜੰਗੀ ਕੈਦੀ ਗ਼ਦਰੀਆਂ ਕੇਦਾਰ ਨਾਥ ਹਰਿਆਣਾ ਅਤੇ ਬਸੰਤ ਸਿੰਘ ਚੌਂਦਾ ਨੂੰ ਅੰਗਰੇਜ਼ ਫ਼ੌਜ ਨੇ ਸ਼ਹੀਦ ਕਰ ਦਿੱਤਾ। ਇਥੇ ਸ਼ੀਰਾਜ਼ ਵਿਚ ਹੀ ਜੰਗੀ ਕੈਦੀ ਬਣਾਏ ਸੂਫ਼ੀ ਅੰਬਾ ਪ੍ਰਸਾਦ ਦੀ 21 ਫਰਵਰੀ 1915 ਨੂੰ ਸ਼ਹਾਦਤ ਹੋਈ। ਇਨ੍ਹਾਂ ਪਛਾੜਾਂ ਤੋਂ ਬਾਦ ਵੀ ਬਚੇ ਹੋਏ ਗ਼ਦਰੀ ਮੌਕੇ ਮਿਲਦੇ ਸਾਰ ਅੰਗਰੇਜ਼ੀ ਫ਼ੌਜੀ ਉਪਰ ਹਮਲੇ ਕਰਦੇ ਰਹੇ। ਅੰਗਰੇਜ਼ ਸਲਤਨਤ ਵਿਰੁੱਧ ਲੜਨ ਵਾਲੀਆਂ ਸਾਰੀਆਂ ਤਾਕਤਾਂ ਵਲੋਂ ਹਥਿਆਰ ਸੁੱਟ ਦੇਣ 'ਤੇ 1919 'ਚ ਗ਼ਦਰੀਆਂ ਨੂੰ ਵੀ ਈਰਾਨ ਛੱਡਣਾ ਪਿਆ। – ਸੰਪਾਦਕ]

ਸੂਫੀ ਅੰਬਾ ਪਰਸ਼ਾਦ

ਭਾਰਤ ਦੇ ਪ੍ਰਸਿੱਧ ਸ਼ਾਇਰ ਅਤੇ ਵਿਦਵਾਨ ਅੰਬਾ ਪਰਸ਼ਾਦ ਦੀਆਂ ਗਤੀਵਿਧੀਆਂ ਸਰਦਾਰ ਅਜੀਤ ਸਿੰਘ, ਬਿਪਨ ਚੰਦਰਪਾਲ, ਲਾਲਾ ਲਾਜਪਤ ਰਾਏ ਦੇ ਨਾਲ ਚੱਲ ਰਹੀਆਂ ਸਨ। ਇਹਨਾਂ ਦੇ ਲੇਖ ਤੇ ਭਾਸ਼ਣ ਬਹੁਤ ਹੀ ਕ੍ਰਾਂਤੀਕਾਰੀ ਭਾਵਨਾਵਾਂ ਤੋਂ ਪ੍ਰੇਰਤ ਹੁੰਦੇ ਸਨ। ਪੰਜਾਬ ਦੇ ਕਿਸਾਨ ਅੰਦੋਲਨ ਦੇ ਸੰਬੰਧ ਵਿੱਚ ਪੁਲਿਸ ਇਨ੍ਹਾਂ ਦੀ ਜ਼ੋਰਦਾਰ ਤਲਾਸ਼ ਕਰ ਰਹੀ ਸੀ। ਇਸੇ ਦੌਰਾਨ ਉਹ ਭਾਰਤ ਤੋਂ ਇਰਾਕ ਚਲੇ ਗਏ। ਇਰਾਨ ਵਿਚ ਕੌਮੀ ਲਹਿਰ ਵਿਚ ਭਾਗ ਲੈਣ ਕਾਰਣ ਇਨ੍ਹਾਂ ਨੂੰ ਮੌਤ ਦੀ ਸਜ਼ਾ ਹੋਈ। 21.2.1915 ਨੂੰ ਇਨ੍ਹਾਂ ਨੂੰ ਫਾਂਸੀ 'ਤੇ ਲਟਕਾਇਆ ਜਾਣਾ ਸੀ ਪਰ ਉਸ ਤੋਂ ਕੁਝ ਸਮਾਂ ਪਹਿਲਾਂ ਹੀ ਉਸੇ ਦਿਨ ਜੇਲ੍ਹ ਬੈਰਕ ਵਿਚ ਸਮਾਧੀ ਲਾ ਕੇ ਪ੍ਰਾਣ ਤਿਆਗ ਦਿੱਤੇ।

ਸਜ਼ਾਵਾਂ ਦਾ ਰਿਕਾਰਡ

ਸਾਲ 1897– ਵਿੱਚ ਭੜਕਾਹਟ ਫੈਲਾਉਣ ਕਰਕੇ 18 ਮਹੀਨੇ ਦੀ ਸਖ਼ਤ ਸਜ਼ਾ

1901– ਮਾਨਹਾਨੀ 3 ਸਾਲ ਦੀ ਸਖ਼ਤ ਸਜ਼ਾ

1901– ਧਮਕੀ ਦੇਣ ਕਰਕੇ 1000 ਰੁਪਏ ਜ਼ੁਰਮਾਨਾ ਤੇ 6 ਮਹੀਨੇ ਦੀ ਸਜ਼ਾ

1901– ਵਿਚ ਜਾਲਸਾਜ਼ੀ 2 ਸਾਲ ਦੀ ਕੈਦ

1907– ਵਿਚ ਬਰੀ ਹੋਏ।

1908 ਵਿਚ ਪੰਜਾਬ ਵਿਚ ਹਿੰਦੋਸਤਾਨ ਅਖ਼ਬਾਰ ਰਾਸ਼ਟਰੀ ਭਾਵਨਾਵਾਂ ਨਾਲ ਭਰਪੂਰ ਹੁੰਦੀ ਸੀ। ਇਸ ਵਿੱਚ ਜ਼ਿਆਦਾਤਰ ਲੇਖ ਸੂਫੀ ਅੰਬਾ ਪਰਸ਼ਾਦ ਅਤੇ ਸ. ਅਜੀਤ ਸਿੰਘ ਦੇ ਹੁੰਦੇ ਸਨ। ਰਿਪੋਰਟ ਦਿੱਤੀ ਗਈ ਕਿ ਜੇਕਰ ਕਿਸੇ ਤਰ੍ਹਾਂ ਸੂਫੀ ਅੰਬਾ ਪਰਸ਼ਾਦ ਅਤੇ ਅਜੀਤ ਸਿੰਘ ਨੂੰ ਇੱਥੋ ਕੱਢ ਦਿੱਤਾ ਜਾਏ ਤਾਂ ਘੱਟੋ ਘੱਟ ਪੰਜ ਸਾਲਾਂ ਲਈ ਵਾਤਾਵਰਣ ਸ਼ਾਂਤ ਹੋ ਜਾਏਗਾ। ਇਨ੍ਹਾਂ ਦੋਹਾਂ ਦਾ ਉੱਠਣਾ-ਬੈਠਣਾ ਸੂਫੀ ਜੀ ਦੇ ਮਕਾਨ 'ਤੇ ਹੁੰਦਾ ਸੀ।

'ਦੇਸੀ ਫੌਜ-ਭਾਰਤੀ ਵਿਜੇਤਾ ਸੈਨਾ' ਇਸਦੇ ਲੇਖਕ ਸੂਫੀ ਅੰਬਾ ਪਰਸ਼ਾਦ ਸਨ ਅਤੇ ਹਿੰਦੋਸਤਾਨ ਅਖ਼ਬਾਰ ਵਿਚ ਲੇਖ ਕ੍ਰਮਵਾਰ ਪ੍ਰਕਾਸ਼ਿਤ ਹੁੰਦੇ ਰਹਿੰਦੇ ਸਨ। ਜਦੋਂ ਹਿੰਦੋਸਤਾਨ ਅਖ਼ਬਾਰ ਦੀ ਨੀਤੀ ਅਤੇ ਪ੍ਰਣਾਲੀ ਨਰਮ ਹੁੰਦੀ ਗਈ ਤਾਂ ਦੋਵਾਂ ਨੇਤਾਵਾਂ ਨੇ ਆਪਣਾ ਸੰਪਰਕ ਇਸ ਨਾਲੋਂ ਤੋੜ ਲਿਆ। ਇਨ੍ਹਾਂ ਦਿਨਾਂ 'ਚ ਜੁਲਾਈ ਦੇ ਮਹੀਨੇ ਵਿਚ ਲੋਕਮਾਨਿਯਾ ਤਿਲਕ ਨੂੰ ਸਜ਼ਾ ਹੋਈ ਸੀ। ਸੂਫੀ ਅੰਬਾ ਪਰਸ਼ਾਦ ਨੇ ਆਪਣਾ ਵੱਖਰਾ ਪਰਚਾ 'ਰੋਜ਼ਾਨਾ' ਸ਼ੁਰੂ ਕਰ ਦਿੱਤਾ। ਲੋਕਮਾਨਿਯਾ ਤਿਲਕ ਦੀ ਇਹ ਸ਼ਜਾ ਸੂਫੀ ਅੰਬਾ ਪਰਸ਼ਾਦ, ਸਰਦਾਰ ਅਜੀਤ ਸਿੰਘ ਅਤੇ ਲਾਲ ਚੰਦ ਫਲਕ ਨੂੰ ਚੇਤਾਵਨੀ ਦੇਣ ਵਾਲੀ ਸੀ। ਸੂਫੀ ਅੰਬਾ ਪਰਸ਼ਾਦ ਨੇ ਆਪਣਾ ਪਹਿਰਾਵਾ ਬਦਲ ਕੇ ਜੋਗੀਆਂ ਵਾਲਾ ਬਾਣਾ ਪਾ ਲਿਆ ਸੀ ਅਤੇ ਜਦ ਤਕ ਲੋਕਮਾਨਿਯਾ ਤਿਲਕ

ਅਦਾਲਤ ਵਿੱਚੋਂ ਬਰੀ ਨਹੀਂ ਹੋਏ ਉਨ੍ਹਾਂ ਦਾ ਪਹਿਰਾਵਾ ਇਹੋ ਰਿਹਾ।

ਅਗਸਤ ਮਹੀਨੇ 'ਚ ਅਜੀਤ ਸਿੰਘ ਨੇ ਇਕ ਅਪੀਲ ਕੱਢੀ ਅਤੇ ਉਹਨਾਂ ਛਪੇ ਹੋਏ ਪਰਚਿਆਂ ਨੂੰ ਸਾਰੇ ਇਲਾਕਿਆਂ 'ਚ ਵੰਡਿਆ। ਇਹ ਤਿਲਕ ਆਸ਼ਰਮ ਦੇ ਲਈ ਧੰਨ ਇਕੱਠਾ ਕਰਦੀ ਅਪੀਲ ਸੀ। ਇਸ ਵਿਚ ਕਿਹਾ ਗਿਆ ਸੀ ਕਿ ਧੰਨ ਤਿਲਕ ਆਸ਼ਰਮ ਦੇ ਮੈਨੇਜਰ ਸੂਫੀ ਅੰਬਾ ਪਰਸ਼ਾਦ ਦੇ ਨਾਂ 'ਤੇ ਲਾਹੌਰ ਭੇਜਿਆ ਜਾਵੇ।

ਅਕਤੂਬਰ ਮਹੀਨੇ 'ਚ ਸੂਫੀ ਅੰਬਾ ਪਰਸ਼ਾਦ ਨੇ 'ਇਨਕਲਾਬ' ਪਰਚੇ ਦਾ ਪ੍ਰਕਾਸ਼ਨ ਸ਼ੁਰੂ ਕੀਤਾ। 'ਇਨਕਲਾਬ' ਦਾ ਸੰਪਾਦਕ ਨੰਦ ਗੁਪਾਲ ਸਿੰਘ ਸੀ ਜੋ ਪਹਿਲਾਂ ਸਵਰਾਜ ਅਖ਼ਬਾਰ ਦਾ ਸੰਪਾਦਕ ਰਹਿ ਚੁੱਕਾ ਸੀ। ਦਸੰਬਰ ਦੇ ਅੰਤ ਵਿਚ ਪੰਜਾਬ ਸਰਕਾਰ ਨੇ 'ਇਨਕਲਾਬ' ਦਾ ਪ੍ਰਕਾਸ਼ਨ ਬੰਦ ਹੋ ਗਿਆ। ਪ੍ਰੈਸ ਜਬਤੀ ਦੇ ਨਾਲ ਨਾਲ ਹੀ ਸਰਕਾਰ ਨੇ ਨਿਊਜ਼ ਪੇਪਰਜ਼ ਇਨਸਾਈਟਮੈਂਟ ਐਕਟ ਲਾਗੂ ਕਰ ਦਿੱਤਾ। ਮਾਰਚ 1909 ਵਿਚ ਸੂਫੀ ਅੰਬਾ ਪਰਸ਼ਾਦ ਨੇ ਗੁਰੂ ਕੁਲ ਹਰਿਦੁਆਰ ਦਾ ਨਿਰੀਖਣ ਕੀਤਾ ਅਤੇ ਗੁਰੂ ਕੁਲ ਦੇ ਆਪਣੇ ਦੌਰੇ 'ਚ ਭੜਕਾਊ ਪ੍ਰਕਾਸ਼ਨਾਵਾਂ ਵੰਡੀਆਂ। ਇਹ ਪ੍ਰਕਾਸ਼ਨਾਵਾਂ ਸਨ-ਕਬੀਲੀਅਨ, ਦੇਸੀ ਫੌਜ ਜਫ਼ਰ ਮੌਜ, ਬਾਗੀ ਮਸੀਹਾ, ਵਿਦਰੋਹੀ ਕਰਾਈਸਟ, ਇਨਕਲਾਬ। ਇਨ੍ਹਾਂ ਤੋਂ ਇਲਾਵਾ ਪੰਜਾਬ ਵਿੱਚ ਹਲਚਲ ਪੈਦਾ ਕਰਨ ਵਾਲੀ ਪ੍ਰਕਾਸ਼ਨਾ ਵਿਚ ਬੰਦਰਬਾਟ ਦੀ ਪ੍ਰਕਾਸ਼ਨਾ ਸੀ। ਇਕ ਏਜੰਸੀ ਭਾਰਤ ਮਾਤਾ ਏਜੰਸੀ ਸੀ ਜਿਸ ਦੇ ਮੈਨੇਜਰ ਸਵਰਨ ਸਿੰਘ ਅਤੇ ਅਜੀਤ ਸਿੰਘ ਦੋਵੇਂ ਭਰਾ ਸਨ ਪਰ ਅਸਲ ਵਿਚ ਇਸ ਦਾ ਪ੍ਰਬੰਧ ਸੂਫੀ ਅੰਬਾ ਪਰਸ਼ਾਦ ਕਰਦੇ ਸਨ।

(ਸਵਤੰਤਰਤਾ ਸੈਨਾਨੀ ਗ੍ਰੰਥ ਮਾਲਾ)

-ਅਨੁਵਾਦ ਤੇ ਪੇਸ਼ਕਸ਼ਃ ਬਲਵਿੰਦਰ ਕੌਰ ਬਾਂਸਲ

ਸ਼ਤਾਬਦੀ ਵਰ੍ਹਾ: 1915

11 ਜਨਵਰੀ 1915:

ਭਾਈ ਮੇਵਾ ਸਿੰਘ ਲੋਪੋਕੇ ਨੂੰ ਵੈਨਕੂਵਰ ਜੇਲ੍ਹ 'ਚ ਫਾਂਸੀ।

13 ਫਰਵਰੀ 1915:

ਫੇਰੂ ਸ਼ਹਿਰ ਵਾਲੇ ਕੇਸ ਦਾ ਫੈਸਲਾ।

15 ਫਰਵਰੀ 1915

ਸਿੰਘਾਪੁਰ ਵਿੱਚ ਫੌਜੀ ਬਗ਼ਾਵਤ: ਪੰਜਵੀਂ ਲਾਈਟ ਪਲਟਨ ਵਲੋਂ ਗ਼ਦਰ ਲਹਿਰ ਦੀ ਪ੍ਰੇਰਨਾ ਅਧੀਨ ਬਗ਼ਾਵਤ ਕਰਨ 'ਤੇ 41 ਫੌਜੀਆਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ, 3 ਨੂੰ ਫਾਂਸੀ ਦਿੱਤੀ ਗਈ ਅਤੇ ਅਨੇਕਾਂ ਫੌਜੀਆਂ ਨੂੰ ਉਮਰ ਕੈਦ ਤੇ ਹੋਰ ਸਖਤ ਸਜ਼ਾਵਾਂ ਦਿੱਤੀ ਗਈਆਂ।

21 ਫਰਵਰੀ 1915

ਸੂਫੀ ਅੰਬਾ ਪਰਸ਼ਾਦ ਦਾ ਸਦੀਵੀ ਵਿਛੋੜਾ।

3 ਮਾਰਚ 1915

ਗ੍ਰਿਫ਼ਤਾਰੀ ਕਰਤਾਰ ਸਿੰਘ (ਸਰਾਭਾ), ਜਗਤ ਸਿੰਘ (ਸੁਰਸਿੰਘ) ਅਤੇ ਹਰਨਾਮ ਸਿੰਘ ਟੁੰਡੀਲਾਟ।

8 ਮਾਰਚ 1915

ਸਿੰਘਾਪੁਰ ਵਿੱਚ ਰਸੂਲ, ਇਮਤਿਆਜ ਅਲੀ ਤੇ ਰੁਕਨਦੀਨ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ।

23 ਮਾਰਚ 1915

ਸੂਬੇਦਾਰ ਝੰਡੇਖਾਨ, ਚਿਸ਼ਤੀ ਖਾਨ, ਹਵਾਲਦਾਰ ਅਬਦੁਲ ਗਨੀ, ਹਵਾਲਦਾਰ ਰਹਿਮਤ ਅਲੀ ਅਤੇ ਹਾਕਮ ਅਲੀ ਨੂੰ ਸਿੰਘਾਪੁਰ ਵਿੱਚ ਫਾਂਸੀ।

25 ਮਾਰਚ 1915

ਫੇਰੂ ਸ਼ਹਿਰ ਸਾਕਾ: ਰਹਿਮਤ ਅਲੀ (ਵਜੀਦਕੇ) ਲਾਲ ਸਿੰਘ (ਸਾਹਿਬਆਣਾ) ਜੀਵਨ ਸਿੰਘ (ਦੌਲੇਸਿੰਘ ਵਾਲਾ) ਜਗਤ ਸਿੰਘ (ਬਿੰਝਲ) ਨੂੰ ਮਿੰਟਗੁਮਰੀ ਜੇਲ੍ਹ ਵਿੱਚ ਫਾਂਸੀ

27 ਮਾਰਚ 1915

ਫੇਰੂ ਸ਼ਹਿਰ ਸਾਕਾ: ਪੰਡਿਤ ਕਾਂਸ਼ੀ ਰਾਮ (ਮੜੌਲੀ), ਬਖਸ਼ੀਸ਼ ਸਿੰਘ (ਖਾਨਪੁਰ), ਧਿਆਨ ਸਿੰਘ (ਉਮਰਪੁਰਾ) ਨੂੰ ਲਾਹੌਰ ਜੇਲ੍ਹ ਵਿੱਚ ਫਾਂਸੀ।

20 ਅਪ੍ਰੈਲ 1915

ਸ਼ਹੀਦੀ ਅਰਜਨ ਸਿੰਘ ਖੁਖਰਾਣਾ ਨੂੰ ਲਾਹੌਰ ਜੇਲ੍ਹ ਵਿੱਚ ਫਾਂਸੀ।

24 ਅਪ੍ਰੈਲ 1915

12 ਨੰਬਰ ਰਸਾਲੇ ਦੇ ਫੌਜੀ : ਈਸ਼ਰ ਸਿੰਘ (ਚਕਲਾ, ਲੁਧਿਆਣਾ), ਜੋਗਿੰਦਰ ਸਿੰਘ, ਭਗਵਾਨ ਸਿੰਘ ਨੂੰ ਮੇਰਠ ਜੇਲ੍ਹ ਵਿੱਚ ਫਾਂਸੀ।

26 ਅਪ੍ਰੈਲ 1915

ਪਹਿਲਾ ਲਾਹੌਰ ਸਾਜਿਸ਼ ਕੇਸ ਸ਼ੁਰੂ ਹੋਇਆ।

26 ਅਪ੍ਰੈਲ 1915

ਕੁਆਟਰ ਮਾਸਟਰ ਬੀਬਾ ਸਿੰਘ, ਹਜ਼ਾਰਾ ਸਿੰਘ ਅਤੇ ਸਿਪਾਹੀ ਫੂਲਾ ਸਿੰਘ ਦਾ ਕੋਰਟ ਮਾਰਸ਼ਲ ਕਰਕੇ ਮੇਰਠ ਛਾਉਣੀ 'ਚ ਫਾਂਸੀ।

30 ਅਪ੍ਰੈਲ 1915

ਬੰਗਾਲੀ ਕ੍ਰਾਂਤੀਕਾਰੀ ਸੁਸ਼ੀਲ ਸੇਨ ਪੁਲਿਸ ਮੁਕਾਬਲੇ 'ਚ ਸ਼ਹੀਦ।

3 ਮਈ 1915

ਕਾਸਮ ਇਸਮਾਈਲ ਮਨਸੂਰ ਨੂੰ ਸਿੰਘਾਪੁਰ ਵਿੱਚ ਗੋਲੀ ਮਾਰੀ।

8 ਮਈ 1915

ਮਾਸਟਰ ਅਮੀਰ ਚੰਦ, ਭਾਈ ਬਾਲ ਮੁਕੰਦ ਅਤੇ ਅਵਧ ਬਿਹਾਰੀ (ਲਾਰਡ ਹਾਰਡਿੰਗ ਬੰਬ ਕੇਸ ਵਿੱਚ) ਨੂੰ ਫਾਂਸੀ।

10 ਮਈ 1915

ਲਾਡਰ ਹਾਰਡਿੰਗ ਬੰਬ ਕੇਸ ਵਿੱਚ ਬਸੰਤ ਕੁਮਾਰ ਨੂੰ ਫਾਂਸੀ।

12 ਜੂਨ 1915

ਸਾਕਾ ਵੱਲਾ ਪੁਲ (ਅੰਮ੍ਰਿਤਸਰ)।

9 ਅਗਸਤ 1915

ਆਤਮਾ ਸਿੰਘ (ਠੱਠੀਖਾਰਾ, ਅੰਮ੍ਰਿਤਸਰ), ਕਾਲਾ ਸਿੰਘ (ਜਗਤਪੁਰ, ਅੰਮ੍ਰਿਤਸਰ), ਚੰਨਣ ਸਿੰਘ (ਬੂੜ ਚੰਦ, ਅੰਮ੍ਰਿਤਸਰ), ਹਰਨਾਮ ਸਿੰਘ (ਠੱਠੀਖਾਰਾ, ਅੰਮ੍ਰਿਤਸਰ) ਨੂੰ ਵੱਲਾ ਪੁੱਲ ਕੇਸ ਵਿਚ ਫਾਂਸੀ।

12 ਅਗਸਤ 1915

ਬੰਤਾ ਸਿੰਘ ਸੰਘਵਾਲ ਅਤੇ ਬੂਟਾ ਸਿੰਘ ਅਕਾਲਗੜ੍ਹ ਦੀ ਸ਼ਹੀਦੀ।

3 ਸਤੰਬਰ 1915

23 ਨੰਬਰ ਰਸਾਲੇ ਦੇ 12 ਗ਼ਦਰੀ ਫੌਜੀ 1. ਸ਼ਹੀਦ ਲਛਮਣ ਸਿੰਘ ਦਫੇਦਾਰ (ਚੂਸਲੇਵੜ) 2. ਸ਼ਹੀਦ ਵਧਾਵਾ ਸਿੰਘ ਦਫੇਦਾਰ (ਰੂੜੀਵਾਲ) 3. ਸ਼ਹੀਦ ਭਾਗ ਸਿੰਘ (ਰੂੜੀਵਾਲ) 4. ਸ਼ਹੀਦ ਤਾਰਾ ਸਿੰਘ (ਰੂੜੀਵਾਲ), 5. ਸ਼ਹੀਦ ਇੰਦਰ ਸਿੰਘ (ਜੀਊਬਾਲਾ), 6. ਸ਼ਹੀਦ ਇੰਦਰ ਸਿੰਘ (ਸ਼ਾਹਬਾਜਪੁਰ), 7. ਸ਼ਹੀਦ ਬੂਟਾ ਸਿੰਘ (ਕਸੇਲ), 8. ਸ਼ਹੀਦ ਗੁਜਰ ਸਿੰਘ (ਲਹੁਕੇ), 9. ਸ਼ਹੀਦ ਜੇਠਾ ਸਿੰਘ (ਲਹੁਕੇ), 10. ਸ਼ਹੀਦ ਬੁੱਧ ਸਿੰਘ (ਢੋਟੀਆਂ), 11. ਸ਼ਹੀਦ ਅਬਦੁੱਲਾ (ਢੋਟੀਆਂ), 12. ਸ਼ਹੀਦ ਮੋਤਾ ਸਿੰਘ (ਰੂੜੀਵਾਲ) ਦਾ ਡਿਗਸ਼ਈ (ਹਿਮਾਚਲ ਪ੍ਰਦੇਸ਼) ਵਿੱਚ ਕੋਰਟ ਮਾਰਸ਼ਲ

ਸਿੰਘਾਪੁਰ ਬਗ਼ਾਵਤ ਦੇ ਬਾਗ਼ੀ




ਇੰਦਰ ਸਿੰਘ ਜੀਉਵਾਲਾ


ਅਬਦੁੱਲਾ ਟਪਰਾਲ


ਬੂਟਾ ਸਿੰਘ ਕਸੇਲ


ਇੰਦਰ ਸਿੰਘ ਸਵਾਰ


ਭਗਤ ਸਿੰਘ ਰੂੜੀਵਾਲ


ਬੁੱਧ ਸਿੰਘ ਢੋਟੀਆਂ


ਚਿਤਪ੍ਰੀਆ ਰਾਏ ਚੌਧਰੀ


ਨਰਿੰਦਰ ਦਾਸ ਗੁਪਤਾ


ਸੁਸ਼ੀਲ ਸੈਨ


ਮਨੋਰੰਜਨ ਸੈਨ ਗੁਪਤਾ


ਬਖਸ਼ੀਸ਼ ਸਿੰਘ ਗਿੱਲਵਾਲੀ


ਹਰਨਾਮ ਸਿੰਘ ਸਿਆਲਕੋਟ


ਜਗਤ ਸਿੰਘ ਸੁਰਸਿੰਘ


ਸੁਰੈਣ ਸਿੰਘ ਛੋਟਾ


ਸੁਰੈਣ ਸਿੰਘ ਵੱਡਾ


ਮਾ. ਅਮੀਰ ਚੰਦ


ਅਵਧ ਬਿਹਾਰੀ


ਬਾਲ ਮੁਕੰਦ


ਬਸੰਤ ਕੁਮਾਰ


ਬਖਸ਼ੀਸ਼ ਸਿੰਘ ਖਾਨਪੁਰ


ਧਿਆਨ ਸਿੰਘ ਬੰਗਸੀਪੁਰਾ


ਜਗਤ ਸਿੰਘ ਬਿਝਲ


ਜੀਵਨ ਸਿੰਘ ਦੌਲੇਸਿੰਘ ਵਾਲਾ


ਲਾਲ ਸਿੰਘ ਸਾਹਿਬਆਣਾ


ਆਤਮਾ ਸਿੰਘ ਠੱਠੀਖਾਰਾ


ਹਰਨਾਮ ਸਿੰਘ ਠੀਕਰੀਵਾਲਾ


ਕਾਲਾ ਸਿੰਘ ਜਗਤਪੁਰ

5 ਆਬ
Parkashan, Jalandhar

1-2 Desh Bhagat Yadgar Building
G.T. Road, Jalandhar, Punjab, India
Phone : 98140-87063
5aabparkashan@gmail.com
www.5aabparkashan.com

ISBN : 978-93-84306-70-0

₹ 130